ਮੈਂ ਹਿੰਦੂ ਨਹੀਂ ਮਰੂੰਗਾ



ਗੁਰਨਾਮ ਸਿੰਘ ਮੁਕਤਸਰ

ਇਸੇ ਕਲਮ ਤੋਂ ;

1. ਭਾਰਤੀ ਲੋਕ ਨੀਚ ਕਿਵੇਂ ਬਣੇ
2. ਕਹਿ ਰਵਿਦਾਸ-ਚਮਾਰਾ
3. ਬਨਾਰਸ ਕੇ ਠੱਗ
4. ਵਿਹੜਿਆਂ ਦੀ ਦਾਸਤਾਂ (ਕਵਿਤਾ ਸੰਗ੍ਰਹਿ)
5. ਧਰਮਯੁੱਧ (ਕਹਾਣੀ ਸੰਗ੍ਰਹਿ)
6. ਗੁਲਾਮਗਿਰੀ
7. ਸੰਘਰਸ਼ ਜਾਰੀ ਹੈ
8. ਕਾਂਸ਼ੀ ਰਾਮ ਦਾ ਚਿਹਰਾ ਮੋਹਰਾ

ਮੈਂ ਹਿੰਦੂ ਨਹੀਂ ਮਰੂੰਗਾ

ਗੁਰਨਾਮ ਸਿੰਘ ਮੁਕਤਸਰ

ਬਹੁਜਨ ਸਮਾਜ ਪ੍ਰਕਾਸ਼ਨ

Main Hindu Nahin Marunga
by
Gurnam Singh Maktsar
Ambedkar Home, 2 Bhagat Singh Nagar
Abohar Road, Muktsar.
Ph: 01633-261399

ਪਹਿਲੀ ਵਾਰ : 6 ਜੁਲਾਈ 2003

ਮੁੱਲ : 120 ਰੁਪਏ

ਸਰਵਰਕ : ਕੰਵਲਪ੍ਰੀਤ ਸਿੰਘ
ਅੱਖਰੀ ਚਿਣਾਈ : ਦਲਜੀਤ ਸਿੰਘ ਰਤਨ

ਪ੍ਰਕਾਸ਼ਕ : ਬਹੁਜਨ ਸਮਾਜ ਪ੍ਰਕਾਸ਼ਨ
ਛਾਪਕ : ਹਾਂਡਾ ਪ੍ਰਿੰਟਿੰਗ ਪ੍ਰੈਸ, ਜਲੰਧਰ

1.

ਸਮਝਾਂ ਦੀ ਸਮੱਸਿਆ

ਬਾਕੀ ਭਾਰਤ ਵਿਚ ਵਸਦੇ ਬੋਧੀ ਲੋਕ ਜਾਂ ਭੰਤੇ ਵਿਦਵਾਨ ਸਿੱਖ ਧਰਮ ਤੋਂ ਬਹੁਤ ਅਣਜਾਣ ਹਨ। ਉਹ ਸਿੱਖ ਧਰਮ ਨੂੰ ਪੜ੍ਹਨ ਤੋਂ ਦੂਰ ਹੀ ਰਹੇ ਹਨ। ਉਹ ਨਹੀਂ ਸਮਝ ਸਕੇ ਕਿ ਸਿੱਖ ਧਰਮ ਭਾਰਤ ਦੇ ਦਲਿਤ ਬਹੁਜਨਾਂ ਦਾ ਧਰਮ ਹੈ, ਜੋ ਉਨ੍ਹਾਂ ਦੀ ਧਰਤੀ ਉੱਤੇ ਜਿਉਂਦੇ ਜੀਅ ਮੁਕਤੀ ਵਾਸਤੇ ਅਛੂਤ ਸੰਤਾਂ ਅਤੇ ਖੱਤਰੀ ਗੁਰੂਆਂ ਵਲੋਂ ਸਿਰਜਿਆ ਗਿਆ। ਉਹ ਅਤੇ ਹੋਰ ਲੋਕ ਇਹ ਵੀ ਨਹੀਂ ਸਮਝ ਸਕੇ ਕਿ ਜਾਤੀਵਾਦੀ ਲੋਕਾਂ ਦਾ ਇਸ ਧਰਮ ਨਾਲ ਕੋਈ ਲੈਣਾ-ਦੇਣਾ ਨਹੀਂ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਨੇ ਛਲ-ਕਪਟ ਤੇ ਜੋਰ ਨਾਲ ਇਸ ਧਰਮ 'ਤੇ ਕਬਜ਼ਾ ਕਰ ਲਿਆ ਹੈ।

ਪੰਜਾਬ ਦੇ ਬੋਧੀਆਂ ਨੇ ਵੀ ਸਿੱਖ ਧਰਮ ਨੂੰ, ਇਕ ਬਣੀ ਬਣਾਈ ਸੋਚ ਅਧੀਨ, ਕਦੀ ਪੜ੍ਹਨ ਤੇ ਸਮਝਣ ਦਾ ਯਤਨ ਨਹੀਂ ਕੀਤਾ। ਹਾਲਾਂਕਿ ਉਨ੍ਹਾਂ ਦੇ ਸਮਾਜ ਦਾ ਸਾਰਾ ਮਾਹੌਲ ਸਿੱਖ ਧਰਮੀ ਹੈ। ਮੈਂ ਜਦੋਂ ਵੀ ਬੁੱਧ ਦੇ ਧਰਮ ਅਤੇ ਸਿੱਖ ਧਰਮ ਨੂੰ ਬਰਾਬਰ ਖੜ੍ਹਾ ਕਰਨ ਦਾ ਯਤਨ ਕੀਤਾ ਤੇ ਲਿਖਿਆ ਤਾਂ ਸਿੱਖਾਂ ਵਾਂਗ ਵਿਰੋਧੀ ਪ੍ਰਤੀਕਰਮ ਦਲਿਤ ਬੋਧੀ ਲੋਕਾਂ ਨੇ ਵੀ ਕੀਤਾ। ਕਈਆਂ ਨੇ ਤਾਂ ਬੇਸਮਝੀ ਵਿਚ ਬਹੁਤ ਜ਼ਹਿਰ ਉਗਲੀ। ਅਕਸਰ ਗੁਰ ਬਾਣੀ ਸਬੰਧੀ ਬੁੱਧ ਧਰਮ ਤੋਂ ਦੂਰੀ ਦੀਆਂ ਗੱਲਾਂ ਵਿਦਵਾਨ ਲੋਕ ਲਿਖਦੇ ਰਹਿੰਦੇ ਹਨ ਅਤੇ ਛਪਦੇ ਰਹਿੰਦੇ ਹਨ। ਇਸ ਦਾ ਇਕ ਖਾਸ ਕਾਰਨ ਜੋ ਸਾਡੀ ਸਮਝ ਪਿਆ ਹੈ ਕਿ ਇਨ੍ਹਾਂ ਵਿਦਵਾਨਾਂ ਜਾਂ ਸੂਝਵਾਨ ਸੱਜਣਾਂ ਨੇ, ਜੋ ਮੂਲ ਰੂਪ ਵਿਚ ਦਲਿਤ ਹੀ ਹਨ, ਕਦੀ ਬਾਣੀ ਨੂੰ ਪੜ੍ਹਨ ਤੇ ਸਮਝਣ ਦਾ ਕੋਈ ਯਤਨ ਨਹੀਂ ਕੀਤਾ ਤੇ ਉਹ ਓਹੀ ਕੁਝ ਸੁਣਦੇ ਕਹਿੰਦੇ ਰਹੇ ਜੋ ਸਿੱਖ ਸਾਧ ਤੇ ਰਾਗੀ-ਭਾਈ ਬੋਲਦੇ ਆ ਰਹੇ ਹਨ। ਉਨ੍ਹਾਂ ਨੇ ਖੁਦ ਬਾਣੀ ਦਾ ਅਧਿਐਨ ਨਹੀਂ ਕੀਤਾ। ਮੈਨੂੰ ਬਾਣੀ ਦਾ ਮਨੋਰਥ ਸਮਝਣ ਲਈ ਵਾਰ-ਵਾਰ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨਾ ਪੈਂਦਾ ਹੈ। ਮੇਰੇ 'ਤੇ ਅਕਸਰ ਇਹ ਦੋਸ਼ ਲਾਇਆ ਜਾਂਦਾ ਹੈ ਕਿ ਮੈਂ ਸਿੱਖ ਧਰਮ ਦਾ ਪ੍ਰਚਾਰ ਜ਼ਿਆਦਾ ਕਰਦਾ ਹਾਂ, ਜਦੋਂ ਕਿ ਅਜਿਹਾ ਸੋਚਣਾ ਵੀ ਗਲਤ ਹੈ। ਕਿਉਂਕਿ ਮੈਂ ਉਸ ਧਰਮ ਨੂੰ ਇਸ ਦੇ ਅਸਲੀ ਅਰਥਾਂ ਵਿਚ ਸਮਝਣ ਤੇ ਸਮਝਾਉਣ ਦਾ ਯਤਨ ਕਰਦਾ ਹਾਂ, ਜਿਸ ਦਾ ਚਿੰਤਨ ਅਛੂਤ ਸੰਤ ਸਤਿਗੁਰਾਂ ਨੇ ਕੀਤਾ ਹੈ। ਇਹ ਗੱਲ ਮੈਂ ਨਹੀਂ ਕਹਿੰਦਾ ਸਗੋਂ ਸਾਰੇ ਗੁਰੂ ਕਹਿੰਦੇ ਹਨ। ਮੈਂ ਕਿਸੇ ਸਿੱਖ ਸੰਸਥਾ ਦਾ ਮੈਂਬਰ ਵੀ ਨਹੀਂ ਹਾਂ। ਸਿੱਖ ਹੋਣ ਤੋਂ ਵੱਧ ਮੈਂ ਇਕ ਅੰਬੇਡਕਰੀ ਵੀ ਹਾਂ ਤੇ ਬੋਧੀ ਵੀ। ਪ੍ਰੰਤੂ ਮੈਂ ਇਹ ਸਭ ਕੰਮ ਨਾ ਕਿਸੇ ਰੱਬ ਨੂੰ ਪ੍ਰਾਪਤ ਕਰਨ ਲਈ ਕਰਦਾ ਹਾਂ, ਨਾ ਕਿਸੇ ਭਵਸਾਗਰ ਜਾਂ ਜਮਦੂਤਾਂ ਦੇ ਡਰ ਕਾਰਨ, ਨਾ ਕਿਸੇ ਸੁਰਗ ਲਈ। ਮੇਰਾ ਮੁੱਦਾ ਤਾਂ ਬਹੁਜਨ ਸਮਾਜ ਦੇ ਮਨੂੰਵਾਦੀ ਢਾਂਚੇ ਤੋਂ ਮੁਕਤ ਹੋਣ ਦਾ ਹੈ। ਜਿਉਂਦੇ ਜੀਅ। ਮੈਂ ਸਮਾਜ ਨੂੰ ਇਹ ਹਕੀਕਤ ਸਮਝਾਉਣ ਲਈ ਲੱਗਾ ਹੋਇਆ ਹਾਂ ਕਿ ਸਿੱਖ ਧਰਮ ਅਸਲ ਵਿਚ ਬੁੱਧ ਧਰਮ ਦੀ ਪੁਨਰ ਸੁਰਜੀਤੀ ਹੈ। ਬੁੱਧ ਦਾ

ਇਨਕਲਾਬ ਦੂਜੀ ਵਾਰ ਸਿੱਖ ਲਹਿਰ ਦੇ ਰੂਪ ਵਿਚ ਮੁੜ ਵਰਤਿਆ ਜਿਸ ਦਾ ਚਿੰਤਨ ਮੁੱਖ ਰੂਪ ਵਿਚ ਅਛੂਤ ਸੰਤ ਸਤਿਗੁਰਾਂ ਨੇ ਕੀਤਾ ਤੇ ਜਿਸ ਦਾ ਅਮਲ ਅਤੇ ਭਰਪੂਰ ਵਿਆਖਿਆ ਖੱਤਰੀ ਗੁਰੂਆਂ ਨੇ ਕੀਤੀ ਜੋ ਹਿੰਦੂ ਸਮਾਜ ਦੇ ਦੂਜੇ ਦਰਜੇ ਵਿਚ ਉੱਚੇ ਪੈਦਾ ਹੋਏ ਸਨ ਪ੍ਰੰਤੂ ਹਿੰਦੂ ਧਰਮ ਤਿਆਗ ਕੇ ਉਹ ਪੂਰੀ ਉਮਰ ਦਲਿਤ ਅਛੂਤ ਸਮਾਜ ਖਾਤਰ ਲੜਦੇ ਮਰੇ ਤੇ ਕੁਰਬਾਨ ਹੋਏ, ਪਰਿਵਾਰਾਂ ਸਮੇਤ। ਉਨ੍ਹਾਂ ਸਮਾਜਕ ਇਨਕਲਾਬ ਦੀ ਜੋਰਦਾਰ ਜੰਗ ਲੜੀ।

ਇਕ ਦਿਨ ਇਹ ਜ਼ਰੂਰ ਮੰਨ ਲਿਆ ਜਾਵੇਗਾ ਕਿ ਸਾਡਾ ਨਿਰਨਾ ਸਹੀ ਹੈ। ਦਲਿਤ ਬੋਧੀ ਲੋਕ ਸਿੱਖ ਇਨਕਲਾਬ ਨੂੰ ਆਪਣੀ ਮੁਕਤੀ ਦਾ ਸੰਘਰਸ਼ ਨਹੀਂ ਮੰਨਦੇ। ਉਹ ਗਲਤੀ 'ਤੇ ਹਨ। ਬਹੁਤੇ ਬੋਧੀ ਹਿੰਦੂਵਾਦ ਨੂੰ ਤਾਂ ਆਪਣੇ ਘਰੋਂ ਜਾਣ ਨਹੀਂ ਦਿੰਦੇ ਪ੍ਰੰਤੂ ਇਨ੍ਹਾਂ ਨੂੰ ਸਿੱਖ ਇਨਕਲਾਬ ਤੋਂ ਜੋ ਚਿੜ੍ਹ ਹੈ, ਜੋ ਮੈਂ ਪੜ੍ਹਦਾ-ਸੁਣਦਾ ਹਾਂ, ਉਨ੍ਹਾਂ ਦੀ ਇਸ ਨੂੰ ਨਾ-ਸਮਝੀ ਹੀ ਕਿਹਾ ਜਾ ਸਕਦਾ ਹੈ। ਉਹ ਕਦੀ ਬਾਣੀ ਦੇ ਰੱਬ ਨੂੰ ਸਮਝਣ ਦਾ ਕੋਈ ਜਤਨ ਨਹੀਂ ਕਰਦੇ। ਉਹ ਰੱਬ ਨੂੰ ਲੈ ਕੇ ਸਿੱਖ ਧਰਮ ਤੋਂ ਦੂਰ ਭੱਜ ਜਾਂਦੇ ਹਨ, ਜਦੋਂ ਕਿ ਬਾਣੀ ਦਾ ਰੱਬ ਉਸੇ ਤਰ੍ਹਾਂ ਦਾ ਹੈ, ਜਿਹੋ ਜਿਹਾ ਬੁੱਧ ਦੇ ਸਿਧਾਂਤ ਵਿਚ ਬ੍ਰਹਿਮੰਡ ਅਤੇ ਤੱਤ ਵਿਧਾਨ। ਉਹ ਇਹ ਭੁੱਲ ਜਾਂਦੇ ਹਨ ਜਾਂ ਨਹੀਂ ਜਾਣਦੇ ਕਿ ਮਹਾਨ ਬੋਧੀ ਬਾਬਾ ਸਾਹਿਬ ਅੰਬੇਡਕਰ ਨੇ ਵੀ ਲਿਖਿਆ ਹੈ ਕਿ ਅਸੀਂ ਨਿਰੰਕਾਰ ਦੀ ਅਸਲੀ ਸਪਿਰਟ ਨੂੰ ਸਮਝਣ ਦਾ ਜਤਨ ਨਹੀਂ ਕਰਦੇ। ਖੈਰ ਇਹ ਬਹੁਜਨਾਂ ਲਈ ਮੰਦਭਾਗੀ ਗੱਲ ਹੈ ਕਿ ਉਹ ਮਨੂੰਵਾਦੀ ਧਾਰਨਾਵਾਂ ਨੂੰ ਤਾਂ ਹਿੱਕ ਨਾਲ ਲਾ ਕੇ ਜਿਉਂਦੇ ਹਨ ਪ੍ਰੰਤੂ ਮਨੂੰਵਾਦ ਵਿਰੁੱਧ ਉੱਠੇ ਸਿੱਖ ਸਮਾਜਕ ਇਨਕਲਾਬ ਨੂੰ ਦੂਰੋਂ ਸਲਾਮ ਕਰਨਾ ਬੇਹਤਰ ਸਮਝਦੇ ਹਨ। ਮੈਂ ਅਜਿਹੇ ਰੁਝਾਣ ਨੂੰ ਬਹੁਜਨਾਂ ਦੇ ਹਿਤਾਂ ਦੇ ਵਿਰੋਧ ਵਿਚ ਖੜ੍ਹਾ ਮੰਨਦਾ ਹਾਂ, ਜਿਸ ਨੇ ਦਲਿਤ ਸਮੂਹਾਂ ਵਿਚ ਇਕਸੁਰਤਾ ਦੀ ਥਾਂ ਨਵਾਂ ਬਖੇੜਾ ਪੈਦਾ ਕਰ ਦਿੱਤਾ ਹੈ। ਮੈਨੂੰ ਖੁਸ਼ੀ ਹੈ ਕਿ ਮੈਂ ਇਸ ਪਾੜੇ ਨੂੰ ਕਾਫ਼ੀ ਹੱਦ ਤਕ ਦੂਰ ਕੀਤਾ ਹੈ।

ਦੂਜਾ ਪਾਸਾ ਹੈ ਸਿੱਖਾਂ ਦਾ, ਸਿੱਖ ਧਰਮੀਆਂ ਦਾ ਤੇ ਸਿੱਖ ਸਕਾਲਰਾਂ ਦਾ ਜਾਂ ਸਿੱਖ ਸਾਧੂ-ਸੰਤਾਂ ਦਾ, ਜੋ ਬਹੁਤੇ ਉਤਲੀਆਂ ਸਵਰਨ ਜਾਂ ਸ਼ੂਦਰ ਜਾਤੀਆਂ ਵਿਚੋਂ ਹਨ ਅਤੇ ਧਰਮ 'ਤੇ ਕਾਬਜ਼ ਹਨ। ਇਹ ਸਭ ਦੇ ਸਭ ਦਿਨ-ਰਾਤ ਹਿੰਦੂ ਗ੍ਰੰਥਾਂ ਦੀਆਂ ਕਹਾਣੀਆਂ ਪੂਰੀ ਸ਼ਰਧਾ ਨਾਲ ਲੋਕਾਂ ਨੂੰ ਸੁਣਾ-ਸੁਣਾ ਕੇ ਬਹੁਤ ਨਿਹਾਲ ਕਰਦੇ ਹਨ। ਬ੍ਰਹਮਾ, ਵਿਸ਼ਨੂੰ, ਮਹੇਸ਼, ਸ਼ਿਵਜੀ, ਇੰਦਰ, ਗਜਿੰਦਰ, ਰਿਸ਼ੀਆਂ-ਮੁਨੀਆਂ, ਦੇਵੀ-ਦੇਵਤਿਆਂ, ਭਗਵਾਨਾਂ ਤੋਂ ਇਹ ਦੋ ਕਦਮ ਵੀ ਦੂਰ ਨਹੀਂ ਜਾਂਦੇ। ਇਨ੍ਹਾਂ ਦੀ ਕੋਈ ਕਥਾ-ਵਾਰਤਾ ਜਾਂ ਪ੍ਰਵਚਨ ਰਾਮ ਕ੍ਰਿਸ਼ਨ ਨੂੰ ਭਗਵਾਨ ਕਹਿਣ ਤੋਂ ਬਿਨਾਂ ਪੂਰੀ ਨਹੀਂ ਹੁੰਦੀ। ਜਦੋਂ ਕਿ ਗੁਰੂ ਨਾਨਕ ਖੁਦ ਹੀ ਇਨ੍ਹਾਂ ਦੇ ਜੀਵਨ 'ਤੇ ਉਲਟੇ ਫਤਵਿਆਂ ਅਧੀਨ ਝਾਤ ਪਾਉਂਦੇ ਹਨ, ਇਨ੍ਹਾਂ ਦੇ ਜੀਵਨ ਚਰਿਤਰ ਨੂੰ ਪ੍ਰਗਟ ਕਰਦਿਆਂ। ਪ੍ਰੰਤੂ ਬੁੱਧ ਦਾ, ਸਿੱਖ ਧਰਮ ਦੇ ਪ੍ਰਸੰਗ ਵਿਚ ਆਇਆ ਕੋਈ ਜ਼ਿਕਰ ਇਨ੍ਹਾਂ ਨੂੰ ਕੋਝੇ ਡੰਗ ਵਾਂਗ ਤਕਲੀਫ ਦੇਂਦਾ ਹੈ। ਬੁੱਧ ਤੇ ਬੁੱਧ ਦੇ ਸਿਧਾਂਤ ਇਨ੍ਹਾਂ ਦੇ ਗਲਿਓਂ ਥੱਲੇ ਨਹੀਂ ਉੱਤਰਦੇ। ਸਾਰਾ ਸਿੱਖ ਸਮਾਜ ਹਿੰਦੂਆਂ ਦੀਆਂ ਰਸਮਾਂ ਜੀਅ ਭਰ ਕੇ ਕਰਦਾ ਹੈ, ਹਿੰਦੂ ਮੰਨਤਾਵਾਂ ਦਾ ਸਾਰਾ ਵਰਤ-ਵਿਹਾਰ ਸਿੱਖਾਂ ਵਿਚ ਹੈ ਪ੍ਰੰਤੂ ਇਸ ਦੀ ਜ਼ਰਾ ਵੀ ਤਕਲੀਫ ਇਨ੍ਹਾਂ ਦੇ ਮੋਹਰੀ ਲੋਕਾਂ ਨੂੰ ਨਹੀਂ ਹੁੰਦੀ, ਜਦੋਂ ਕਿ ਬਾਣੀ ਹਿੰਦੂ ਵਰਤਾਰੇ ਵਿਰੁੱਧ ਦਿੱਤੇ ਫਤਵਿਆਂ ਨਾਲ ਭਰੀ ਪਈ ਹੈ। ਪਰ ਕੌਣ ਪ੍ਰਵਾਹ ਕਰਦਾ ਹੈ ਕਿ ਗੁਰੂ ਕੀ ਆਖਦਾ ਹੈ। ਹਾਂ ਜਦੋਂ ਕਦੀ ਪੰਜਾਬ ਦੇ ਦਲਿਤ ਲੋਕ ਬੋਧੀ ਬਣਨ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਹਨ ਤਾਂ ਸਿੱਖਾਂ ਦੇ ਤੇਵਰ ਦੇਖਣ-ਸੁਣਨ ਵਾਲੇ ਹੁੰਦੇ ਹਨ। ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਦਲਿਤਾਂ

ਦ ਧਰਮ ਪ੍ਰਵਰਤਨ 'ਤੇ ਇਹ ਲੋਕ ਬਿਨਾਂ ਸ਼ੱਕ ਜ਼ਬਰ ਢਾਹੁਣ ਤਕ ਜਾਣਗੇ। ਅਸੀਂ ਪਹਿਲਾਂ ਵੀ ਇਨ੍ਹਾਂ ਦੀ ਇਸ ਮਾਨਸਿਕਤਾ ਦਾ ਪ੍ਰਗਟਾਵਾ ਅਸੀਂ ਵੇਖਿਆ ਹੈ। ਜਦੋਂ ਦਿੱਲੀ ਵਿਚ, ਦਲਿਤ ਬੁੱਧ ਧਰਮ ਦੀ ਦੀਖਿਆ ਦੀ ਤਿਆਰੀ ਕਰ ਰਹੇ ਸਨ ਤਾਂ ਸਾਰੇ ਸਿੱਖ ਆਗੂ ਤੇ ਆਮ ਸਿੱਖ, ਇਸ ਗੱਲ 'ਤੇ ਪੂਰੀ ਨਜ਼ਰ ਰੱਖ ਰਹੇ ਸਨ ਕਿ ਕਿਧਰੇ ਦਲਿਤ ਸਿੱਖ ਵੀ ਤਾਂ ਬੋਧੀ ਨਹੀਂ ਬਣ ਰਹੇ। ਉਨ੍ਹਾਂ ਨੇ ਹਰ ਜਗ੍ਹਾ 'ਤੇ ਪੂਰੀ ਨਜ਼ਰ ਰੱਖੀ ਹੋਈ ਸੀ। ਸਿੱਖ ਵਿਦਵਾਨ ਜਾਂ ਕਹੋ ਕਿ ਸਿੱਖ ਧਾਰਮਕ ਆਗੂ ਦਲਿਤ ਸਿੱਖਾਂ ਦੇ ਬੋਧੀ ਹੋ ਜਾਣ ਦੀ ਸੋਚ ਨੂੰ ਵੀ ਬਰਦਾਸ਼ਤ ਨਹੀਂ ਕਰਦੇ। ਮੇਰੀਆਂ ਰਚਨਾਵਾਂ 'ਤੇ ਅਸੀਂ ਇਨ੍ਹਾਂ ਦੀ ਏਸ ਮਾਨਸਿਕਤਾ ਦਾ ਪ੍ਰਤੱਖ ਰੂਪ ਵੇਖਿਆ ਹੈ। ਇਹ ਸਿੱਖ ਜਿਨ੍ਹਾਂ ਦਾ ਸਿੱਖ ਧਰਮ ਉੱਤੇ ਪੂਰਨ ਕਬਜ਼ਾ ਹੈ, ਦਲਿਤ ਗ਼ੁਲਾਮ ਨੂੰ ਆਪਣੀ ਸੇਵਾਦਾਰੀ ਵਿਚੋਂ ਨਹੀਂ ਨਿਕਲਣ ਦੇਣਗੇ। ਜਦੋਂ ਵੰਡ ਹੋਈ ਸੀ ਤਾਂ ਬਹੁਤ ਲੋਕਾਂ ਨੇ ਕਿਹਾ ਸੀ ਕਿ ਲਾਗੀ ਵਗਾਰੀ ਦਲਿਤ ਸਮੂਹਾਂ ਨੂੰ ਅੱਧੋ-ਅੱਧ ਵੰਡ ਕੇ ਪਾਕਿਸਤਾਨ ਅਤੇ ਪੰਜਾਬ ਵਿਚ ਰੱਖਿਆ ਜਾਵੇ। ਭਾਵੇਂ ਉਹ ਅੰਗਰੇਜ਼ਾਂ ਨੂੰ ਸਿੱਖ ਬਣਾਉਣ ਲਈ ਸਾਰੇ ਯੂਰਪ ਵਿਚ ਡੇਰੇ ਬਣਾ ਕੇ ਬੈਠੇ ਹੋਏ ਹਨ ਪ੍ਰੰਤੂ ਉਹ ਕਿਸੇ ਦੂਸਰੇ ਦੇ ਧਰਮ ਬਦਲਣ ਵੇਲੇ ਕਾਫੀ ਮੁਸ਼ਕਲ ਮਹਿਸੂਸ ਕਰਦੇ ਹਨ।

ਸਿੱਖਾਂ ਨੇ ਕਦੀ ਬੁੱਧ ਤੇ ਉਸ ਦੀ ਜ਼ੋਰਦਾਰ ਸਮਾਜਕ ਕ੍ਰਾਂਤੀ ਨੂੰ ਨੱਕ ਥੱਲੇ ਨਹੀਂ ਲਿਆਂਦਾ। ਕਦੀ-ਕਦੀ ਕੋਈ ਸਿਆਣਾ ਸਿੱਖ ਜੇ ਬੁੱਧ ਦੀ ਕ੍ਰਾਂਤੀ ਦਾ ਜ਼ਿਕਰ ਕਰ ਜਾਵੇ ਤਾਂ ਉਸ ਨੂੰ ਅਣਗੌਲਿਆਂ ਕਰ ਦੇਣਾ ਸੁਭਾਵਕ ਹੈ। ਉਨ੍ਹਾਂ ਨੇ ਡਾ: ਅੰਬੇਡਕਰ ਵਰਗੇ ਮਹਾਂਪੁਰਖ ਨਾਲ ਵੀ ਘੱਟ ਨਹੀਂ ਕੀਤੀ। ਉਸ ਨੂੰ ਇਕ ਭੈਅ ਕਾਰਨ ਸਿੱਖ ਬਣਨ ਤੋਂ ਦੂਰੋਂ ਹੀ ਮੋੜ ਦਿੱਤਾ। ਉਹ ਆਪਣੀ ਜਾਤੀ ਭਾਵਨਾ ਦਾ ਭਾਂਡਾ ਹਿੰਦੂ ਲੀਡਰਾਂ ਦੇ ਸਿਰ ਭੰਨਦੇ ਹਨ, ਜਿਨ੍ਹਾਂ ਦੀ ਚਾਕਰੀ ਕਰਦਿਆਂ ਉਨ੍ਹਾਂ ਨੇ ਸਭ ਕੁਝ ਵੇਚ-ਵੱਟ ਖਾਧਾ ਹੈ। ਇਹ ਕਹਿਣ ਦਾ ਭਾਵ ਸਿਰਫ ਇਹ ਹੈ ਕਿ ਇਹ ਸਾਰਾ ਸ਼ੂਦਰ ਲਾਣਾ ਹਿੰਦੂਵਾਦੀ ਨਜ਼ਰੀਏ ਤੋਂ ਹੀ ਸੋਚਣ ਵਾਲਾ ਹੈ। ਮਨੂੰਵਾਦੀ ਸੋਚ ਇਨ੍ਹਾਂ ਦਾ ਮਾਰਗ-ਦਰਸ਼ਨ ਕਰਨ ਤੋਂ ਕਿਤੇ ਨਹੀਂ ਰੁਕਦੀ। ਇਹ ਜਿੰਨਾ ਸ਼ਕਲ ਦੇ ਵਧੇਰੇ ਸਿੱਖ ਦਿਸਦੇ ਹਨ ਉਸ ਤੋਂ ਵੱਧ ਮਨੋਂ ਇਹ ਹਿੰਦੂਵਾਦੀ ਅਕਲ ਦੇ ਧਾਰਨੀ ਹਨ। ਭਾਵ ਜਾਤੀਵਾਦੀ ਭਾਵਨਾ ਨਾਲ ਲੈਸ। ਪ੍ਰੰਤੂ ਪੰਜਾਬ ਦੇ ਸਿਆਣੇ ਅੰਬੇਡਕਰੀਆਂ ਨੇ ਜਿਥੇ ਬੁੱਧ ਦੇ ਧਰਮ ਨੂੰ ਸਮਝਣ ਦੇ ਭਰਪੂਰ ਯਤਨ ਕੀਤੇ ਉਥੇ ਉਨ੍ਹਾਂ ਨੇ ਸਿੱਖ ਕ੍ਰਾਂਤੀ ਦੀ ਅਸਲੀ ਗਾਥਾ ਨੂੰ ਸਮਝਣ, ਕਹਿਣ ਤੇ ਲਿਖਣ ਦਾ ਭਰਵਾਂ ਯਤਨ ਵੀ ਕੀਤਾ ਹੈ। ਪਿਛਲੇ ਵੀਹ ਵਰ੍ਹਿਆਂ ਦਾ ਦੌਰ ਸੱਚ ਨੂੰ ਰਿੜਕਣ ਦਾ ਦੌਰ ਹੈ। ਅਣਗੌਲੀ ਵਿਵਸਥਾ ਵਿਚ ਵੀ ਸੱਚ ਲਗਾਤਾਰ ਉਭਾਰ ਵਿਚ ਹੈ, ਜੋ ਸ਼ਬਦਾਂ ਅਤੇ ਲਿਖਤਾਂ ਰਾਹੀਂ ਪ੍ਰਗਟ ਹੋਣ ਲੱਗਾ ਹੈ।

ਅੱਜ ਅਸੀਂ ਇਸ ਕਾਬਲ ਹੋ ਗਏ ਹਾਂ ਕਿ ਭਾਰਤ ਦੀਆਂ ਤਿੰਨ ਸਮਾਜਕ ਕ੍ਰਾਂਤੀਆਂ ਭਾਵ ਬੁੱਧ ਕ੍ਰਾਂਤੀ, ਸਿੱਖ ਕ੍ਰਾਂਤੀ ਅਤੇ ਫੂਲੇ-ਅੰਬੇਡਕਰ ਕ੍ਰਾਂਤੀ, ਤਿੰਨਾਂ ਨੂੰ ਇਕ ਸੂਤਰ ਵਿਚ ਬੱਝੀਆਂ, ਇਕ ਦ੍ਰਿਸ਼ਟੀਕੋਣ ਤੋਂ ਵਰਤੀਆਂ, ਇਕ ਉਦੇਸ਼ ਵੱਲ ਵਧੀਆਂ, ਇਕ ਕਿਸਮ ਦੀ ਸਮਾਜਕ ਤੇ ਧਾਰਮਕ ਸਥਾਪਤੀ ਨੂੰ ਖਤਮ ਕਰਨ ਲਈ ਜੰਗਜੂ ਹੋਈਆਂ ਸਾਬਤ ਕਰ ਸਕਦੇ ਹਾਂ, ਹਰ ਪ੍ਰਮਾਣ ਪੇਸ਼ ਕਰਕੇ। ਸਾਨੂੰ ਵਿਦਿਆ ਪੜ੍ਹਨ ਤੇ ਸਿੱਖਣ ਤੋਂ ਬਾਅਦ ਇਤਿਹਾਸਕ ਖੋਜ ਕਰਨ ਦਾ ਵੱਲ ਆ ਗਿਆ ਹੈ, ਜਿਸ ਦਾ ਲਗਾਤਾਰ ਵਿਕਾਸ ਹੋ ਰਿਹਾ ਹੈ।

ਇਹ ਹਥਲੀ ਪੁਸਤਕ, ਇਹ ਸਾਰੇ ਪ੍ਰਮਾਣ ਲੈ ਕੇ ਸਮਾਜ ਸਾਹਮਣੇ ਪੇਸ਼ ਕੀਤੀ ਜਾ ਰਹੀ ਹੈ। ਇਹ ਸਿਲਸਿਲਾ ਉਦੋਂ ਤਕ ਜਾਰੀ ਰਹੇਗਾ ਜਦੋਂ ਤਕ ਮਿਸ਼ਨਰੀ ਅਤੇ

ਸਿਆਣੇ ਬੁੱਧੀਮਾਨ ਲੋਕ ਇਸ ਹਕੀਕਤ ਨੂੰ ਜਾਣ ਨਹੀਂ ਲੈਂਦੇ, ਮੰਨ ਨਹੀਂ ਲੈਂਦੇ। ਇਸੇ ਪ੍ਰਸੰਗ ਵਿਚ ਜੋ ਲਿਖਤ ਤਿਆਰ ਹੋ ਰਹੀ ਹੈ, ਉਹ ਹੈ 'ਸਿੱਖ ਧਰਮ ਬੁੱਧ ਧਰਮ ਦੀ ਪੁਨਰ-ਸੁਰਜੀਤੀ'। ਅੰਤ ਅਸੀਂ ਏਥੇ ਪਹੁੰਚਣਾ ਹੈ ਕਿ ਬੁੱਧ ਦਾ ਧਰਮ ਅਤੇ ਸਿੱਖ ਧਰਮ, ਫੂਲੇ, ਸ਼ਾਹੂ ਤੇ ਅੰਬੇਡਕਰ ਸੰਘਰਸ ਵਿਚ ਬੁਨਿਆਦ ਬਣ ਕੇ ਵਿਦਮਾਨ ਹੋਏ। ਮੁਕੰਮਲ ਇਨਕਲਾਬ ਦੇ ਵਾਪਰ ਜਾਣ ਤਕ ਇਹੋ ਸੂਤਰ ਅਮਰ ਰੂਪ ਵਿਚ ਜੀਵਤ ਰਹੇਗਾ ਅਤੇ ਵਰਤਦਾ ਰਹੇਗਾ। ਅਸੀਂ ਇਹ ਨਹੀਂ ਵੇਖਣਾ ਕਿ ਬੋਧੀ ਕੀ ਕਹਿੰਦੇ ਹਨ ਜਾਂ ਸਿੱਖ ਕੀ ਕਹਿੰਦੇ ਹਨ। ਅਸੀਂ ਤਾਂ ਇਹ ਵੇਖਣਾ ਹੈ ਕਿ ਬੁੱਧ, ਸੰਤ-ਗੁਰੂ, ਫੂਲੇ ਅਤੇ ਅੰਬੇਡਕਰ ਕੀ ਕਹਿੰਦੇ ਹਨ। ਉਨ੍ਹਾਂ ਦਾ ਮਾਰਗ ਦਰਸ਼ਨ ਕੀ ਹੈ? ਅਸੀਂ ਓਹੀ ਵੇਖਾਂਗੇ, ਓਹੀ ਮੰਨਾਂਗੇ। ਸਾਡੀ ਸਮਝ ਅਨੁਸਾਰ ਕਿਸੇ ਅੰਬੇਡਕਰੀ ਦਾ ਬੁੱਧ ਹੋ ਜਾਣਾ ਜਾਂ ਸਿੱਖ ਹੋ ਜਾਣਾ ਬਿਲਕੁਲ ਇਕੋ ਗੱਲ ਹੈ ਜੇ ਉਸ ਨੂੰ ਦੋਹਾਂ ਧਾਰਮਕ ਸਮਾਜਕ ਕ੍ਰਾਂਤੀਆਂ ਦੇ ਮੂਲ ਦੀ ਸਮਝ ਹੋਵੇ। ਦੋਹਾਂ ਦਿਸ਼ਾਵਾਂ ਦਾ ਰਿਸ਼ਤਾ ਅਕਲ ਅਤੇ ਵਿਚਾਰ ਨਾਲ ਹੈ। ਦੋਹਾਂ ਦਾ ਨਿਸ਼ਾਨਾ ਇਕੋ ਹੈ, ਜਾਤਪਾਤ ਦਾ ਬੀਜ ਨਾਸ। ਜਾਤ-ਵਰਣ ਤੇ ਕੁਲ ਨੂੰ ਨਾਸ ਕਰਕੇ, ਭਾਈਚਾਰਾ, ਪ੍ਰੇਮ ਅਤੇ ਬਰਾਬਰੀ ਨੂੰ ਸਿਰਜਣਾ। ਦੋਹਾਂ ਸਾਹਮਣੇ ਇਹੋ ਮੁਕਤੀ ਹੈ। ਇਕ ਅੰਬੇਡਕਰੀ ਦਾ ਬੋਧ ਹੋ ਜਾਣਾ ਜਾਂ ਸਿੱਖ ਬਣ ਜਾਣਾ ਕਿਤੇ ਬੇਹਤਰ ਅਤੇ ਸਾਰਥਕ ਪ੍ਰਵਰਤਨ ਹੈ। ਮੁਸਲਮਾਨ ਜਾਂ ਇਸਾਈ ਬਣ ਜਾਣ ਨਾਲ ਬੰਦਾ ਸਮਾਜਕ ਕ੍ਰਾਂਤੀ ਦੀ ਭਾਵਨਾ ਤੋਂ ਦੂਰ ਹੋ ਜਾਂਦਾ ਹੈ। ਪਰ ਜੇ ਅੰਬੇਡਕਰੀ ਬਣ ਕੇ, ਸਿੱਖ ਬਣ ਕੇ ਜਾਂ ਬੋਧੀ ਬਣ ਕੇ ਵੀ ਕੋਈ ਹਿੰਦੂ ਧਰਮ ਦੀਆਂ ਮੰਨਤਾਵਾਂ ਨੂੰ ਪੂਰੀ ਤਰ੍ਹਾਂ ਨਹੀਂ ਤਿਆਗਦਾ ਤਾਂ ਉਸ ਦਾ ਕੁਝ ਵੀ ਹੋਣਾ ਵਿਅਰਥ ਹੈ। ਇਕ ਅੰਬੇਡਕਰੀ ਜੋ ਰਾਧਾ ਸਵਾਮੀ, ਸੱਚੇ ਸੌਦੇ ਵਾਲਾ ਜਾਂ ਨਿਰੰਕਾਰੀ ਬਣ ਜਾਂਦਾ ਹੈ, ਉਹ ਬੁੱਧ ਜਾਂ ਸਿੱਖ ਹੋਣ ਨੂੰ ਤਰਜੀਹ ਨਹੀਂ ਦਿੰਦਾ ਤਾਂ ਉਹ ਹਿੰਦੂ ਧਰਮ ਦੇ ਵਧੇਰੇ ਨੇੜੇ ਚਲਾ ਜਾਂਦਾ ਹੈ। ਹਿੰਦੂ ਜੀਵਨ ਜਾਚ ਅਤੇ ਮੰਨਤਾਵਾਂ ਉਸਦੇ ਜੀਵਨ ਜਾਂ ਧਰਮ ਦਾ ਅੰਗ ਬਣੀਆਂ ਰਹਿਣਗੀਆਂ ਕਿਉਂਕਿ ਇਨ੍ਹਾਂ ਤਿੰਨਾਂ ਭਾਈਚਾਰਿਆਂ ਵਿਚ ਹਿੰਦੂ ਫਲਸਫਾ, ਦੇਵੀ-ਦੇਵਤੇ ਅਤੇ ਹਿੰਦੂ ਭਗਵਾਨ ਓਨੇ ਹੀ ਜਾਇਜ਼ ਹਨ ਜਿੰਨੇ ਹਜ਼ਰਤ ਮੁਹੰਮਦ, ਈਸਾ, ਬੁੱਧ ਜਾਂ ਨਾਨਕ। ਇਹ ਇਕਸੁਰਤਾ ਮਨੁੱਖ ਨੂੰ ਜਾਤ-ਵਰਣ ਤੋਂ ਮੁਕਤੀ ਨਹੀਂ ਦੇਵੇਗੀ। ਸਿੱਖ ਲੋਕ ਤਾਂ ਹਿੰਦੂ ਧਰਮ ਤੋਂ ਉੱਕਾ ਹੀ ਮੁਕਤ ਨਹੀਂ। ਬੋਧੀ ਕੁਝ ਮੁਕਤ ਹਨ, ਜਿਨ੍ਹਾਂ ਵਿਚੋਂ ਅੰਬੇਡਕਰੀ ਵਧੇਰੇ ਮੁਕਤ ਹਨ। ਪ੍ਰੰਤੂ ਉਨ੍ਹਾਂ ਨੇ ਆਪਣੇ ਆਪ ਨੂੰ ਸਹੀ ਪੱਧਰ 'ਤੇ ਸੰਗਠਤ ਨਹੀਂ ਕੀਤਾ ਹੋਇਆ। ਉਹ ਆਪਸ ਵਿਚ ਇਕ-ਦੂਜੇ ਤੋਂ ਦੂਰ ਵੀ ਹਨ ਤੇ ਵਿਰੋਧੀ ਵਾਂਗ ਵੀ। ਇਹ ਨਵਾਂ ਦੁਖਾਂਤ ਹੈ।

ਹੁਣ ਜਦੋਂ ਬੋਧੀਆਂ ਤੇ ਸਿੱਖਾਂ ਵਿਚਕਾਰ ਇਕ ਲਕੀਰ ਜਿਹੀ ਖਿੱਚੀ ਰਹਿੰਦੀ ਹੈ; ਖਾਸ ਕਰਕੇ ਸਿੱਖ ਨਾ ਬੁੱਧ ਧਰਮ ਨੂੰ ਨਾ ਅੰਬੇਡਕਰ ਨੂੰ ਕੋਈ ਵਜ਼ਨਦਾਰ ਮਾਨਤਾ ਦਿੰਦੇ ਹਨ; ਉਸ ਸਮੇਂ ਸਾਡੀ ਸਮੱਸਿਆ ਹੈ ਇਸ ਤਰ੍ਹਾਂ ਦੀ ਗੈਰ-ਧਾਰਨਾ ਨੂੰ ਮਿਟਾਉਣਾ ਤੇ ਵਿੱਥਾਂ ਨੂੰ ਧਰਮਾਂ ਦੇ ਸਹੀ ਦ੍ਰਿਸ਼ਟੀਕੋਣ ਤੋਂ ਭਰਨਾ ਤੇ ਸਾਂਝਾਂ ਪੈਦਾ ਕਰਕੇ, ਮਜ਼ਬੂਤ ਅਧਾਰ ਪੈਦਾ ਕਰਨੇ। ਤਾਕਤਵਰ ਸਮਾਜ ਦੀ ਸਿਰਜਣਾ ਕਰਨਾ। ਜੋ ਮੁਕਤੀ ਦੇ ਸੰਘਰਸ਼ ਨੂੰ ਸਿਰਫ ਲੜੇ ਹੀ ਨਾ, ਸਗੋਂ ਨਿਸਚੇ ਨਾਲ ਜਿੱਤੇ। ਇਸ ਮਨੋਰਥ ਲਈ ਹੀ ਅਸੀਂ ਬੁੱਧ ਧਰਮ, ਸਿੱਖ ਧਰਮ ਅਤੇ ਫੂਲੇ-ਸ਼ਾਹੂ-ਅੰਬੇਡਕਰ ਦੀ ਵਿਚਾਰਧਾਰਾ ਵਿਚਕਾਰ ਸਥਾਪਤ ਪੱਕੀਆਂ ਕੜੀਆਂ ਨੂੰ ਪ੍ਰਗਟ ਕਰਨ ਦਾ ਯਤਨ ਜਾਰੀ ਰੱਖਾਂਗੇ। ਇਹ ਸਾਡੀ ਮੁਕਤੀ ਦੀ ਜ਼ਰੂਰਤ ਹੈ। ਅਸੀਂ ਇਸਲਾਮ ਅਤੇ ਇਸਾਈ ਧਰਮ ਦੇ ਮਾਨਵੀ ਸਿਧਾਂਤਾਂ ਨੂੰ ਵੀ ਉਭਾਰਾਂਗੇ ਅਤੇ ਨੇੜਤਾ ਪੈਦਾ ਕਰਨ ਤੋਂ ਕੰਨੀ ਨਹੀਂ ਕਤਰਾਵਾਂਗੇ ਕਿਉਂਕਿ ਇਨ੍ਹਾਂ ਧਰਮਾਂ ਵਿਚ ਗਏ 90 ਫੀਸਦੀ ਲੋਕ ਦਲਿਤ ਬਹੁਜਨ ਦੇ ਲੋਕ ਹਨ ਜਿਨ੍ਹਾਂ ਨਾਲ ਸਾਡਾ ਖੂਨ ਦਾ ਰਿਸ਼ਤਾ ਹੈ।

ਇਹ ਵੱਖਰੀ ਗੱਲ ਹੈ ਕਿ ਕੋਈ ਵੀ ਧਰਮ ਬਦਲ ਕੇ ਬੰਦਾ ਅਕਲ ਨਹੀਂ ਬਦਲਿਆ ਸਗੋਂ ਨਵਾਂ ਪਾੜਾ ਨਵੀਂ ਦੂਰੀ ਖੜ੍ਹੀ ਕਰ ਲੈਂਦਾ ਹੈ। ਇਕ ਨਵੀਂ ਮੁਸ਼ਕਲ ਖੜ੍ਹੀ ਹੋ ਜਾਂਦੀ ਹੈ।

ਹੁਣ ਜਦੋਂ ਅਸੀਂ ਬਾਬਾ ਸਾਹਿਬ ਅੰਬੇਡਕਰ ਦੇ ਕਥਨਾਂ ਦਾ ਮੁਲਾਂਕਣ ਕਰ ਰਹੇ ਹਾਂ ਤਾਂ ਸਾਨੂੰ ਖਾਸ ਕਰਕੇ ਬੁੱਧ ਧਰਮ ਤੇ ਸਿੱਖ ਧਰਮ ਨੂੰ, ਬ੍ਰਾਹਮਣੀ ਵੈਦਿਕ ਧਰਮ ਦੇ ਸਾਹਮਣੇ ਰੱਖ ਕੇ ਪਰਖ-ਜੋਖ ਕਰਨੀ ਪੈ ਰਹੀ ਹੈ ਜੋ ਦਰੁਸਤ ਹੈ ਤੇ ਜ਼ਰੂਰੀ ਹੈ। ਇਹ ਮੰਦਭਾਗਾ ਹੈ ਕਿ ਮਨੂੰਵਾਦੀ ਮਾਨਸਿਕਤਾ ਅਧੀਨ ਤਿੰਨਾਂ ਸਮਾਜਕ ਕ੍ਰਾਂਤੀਆਂ ਨੂੰ ਬੁਰੀ ਤਰ੍ਹਾਂ ਤੋੜਿਆ ਹੀ ਨਹੀਂ ਗਿਆ, ਇਹਨਾਂ ਵਿਚਕਾਰ ਘਿਰਣਾ ਦੇ ਬੀਜ ਵੀ ਬੀਜ ਦਿੱਤੇ ਗਏ ਹਨ। ਇਨ੍ਹਾਂ ਕੰਡਿਆਂ ਨੂੰ ਚੁਗਣਾ ਤੇ ਸਮਾਨਤਾਵਾਂ ਨੂੰ ਬਰਾਬਰ ਉਭਾਰਨਾ ਸਾਡੀ ਬੁਨਿਆਦੀ ਜ਼ਰੂਰਤ ਹੈ। ਕਿਉਂਕਿ ਦਲਿਤ ਬਹੁਜਨ ਦੀ ਇਹ ਵੱਡੀ ਕਮਜ਼ੋਰੀ ਹੈ ਕਿ ਜਦੋਂ ਵੀ ਕੋਈ ਵੱਡਾ-ਛੋਟਾ ਧਰਮ ਬਦਲਦਾ ਹੈ ਤਾਂ ਮੁਕਤ ਹੋਣ ਦੀ ਥਾਂ ਉਹ ਆਪਣੇ ਹੀ ਲੋਕਾਂ ਦੇ ਦੂਜੇ ਧਰਮ ਨਾਲੋਂ ਪੂਰੀ ਤਰ੍ਹਾਂ ਕੱਟਿਆ ਜਾਂਦਾ ਹੈ। ਧਰਮਾਂ 'ਤੇ ਕਾਬਜ਼ ਸ਼੍ਰੇਣੀਆਂ ਵੀ ਨਹੀਂ ਚਾਹੁੰਦੀਆਂ ਕਿ ਇਕ ਵਾਰ ਆਇਆ ਬੰਦਾ ਮੁੜ ਦੂਜਿਆਂ ਨਾਲ ਪ੍ਰੀਤ ਦਾ ਧਰਮ ਨਿਭਾਵੇ ਕਿਉਂਕਿ ਦੂਰ ਰਹਿਣ ਨਾਲ ਉਨ੍ਹਾਂ ਦੀ ਗਿਣਤੀ ਬਰਕਰਾਰ ਰਹਿੰਦੀ ਹੈ। ਅਸੀਂ ਇਹ ਨਹੀਂ ਵੇਖਣਾ ਕਿ ਸਿੱਖ ਜਾਂ ਬੋਧੀ ਇਸ ਨੂੰ ਮੰਨਦੇ ਹਨ ਜਾਂ ਨਹੀਂ। ਅਸੀਂ ਤਾਂ ਹਕੀਕਤਾਂ ਸਾਹਮਣੇ ਲਿਆਉਣੀਆਂ ਹਨ, ਜਿਨ੍ਹਾਂ ਨੇ ਸੱਚ ਬਣ ਕੇ ਵਾਪਰਨਾ ਹੈ। ਜਦੋਂ ਤਕ ਕਿਸੇ ਨੇ ਪ੍ਰਵਾਹ ਨਹੀਂ ਕੀਤੀ, ਅਸਲੀ ਗੱਲ ਨਹੀਂ ਗੌਲੀ, ਵਿਸ਼ਾਲਤਾ ਨਹੀਂ ਚਿਤਵੀ, ਸਮੱਸਿਆ ਬਣੀ ਰਹੀ, ਖੜ੍ਹੀ ਰਹੀ। ਹੁਣ ਸਾਨੂੰ ਇਸ ਸਮੱਸਿਆ ਦਾ ਹੱਲ ਸਾਫ ਨਜ਼ਰ ਆਉਂਦਾ ਹੈ। ਇਕ ਵਾਰ ਸਿਰਜੇ ਗਏ ਅੱਖਰ ਕਦੀ ਖੁਰਦੇ ਨਹੀਂ। ਲੱਖ ਯਤਨਾਂ ਦੇ ਬਾਵਜੂਦ ਲੁਪਤ ਪਰਤਾਂ ਵਿਚੋਂ ਵੀ ਫੂਲੇ, ਸ਼ਾਹੂ, ਅੰਬੇਡਕਰ ਅਸਮਾਨੀਂ ਤਾਰਿਆਂ ਵਾਂਗ ਪਰਤ ਆਏ ਹਨ। ਇਵੇਂ ਬਾਕੀ ਸੱਚ ਵੀ ਜਗਮਗਾਏਗਾ। ਇਸ ਹਕੀਕਤ ਤੋਂ ਮੁੱਕਰਿਆ ਨਹੀਂ ਜਾ ਸਕਦਾ। ਵਕਤ ਸਦਾ ਬਦਲਦੇ ਰਹਿੰਦੇ ਹਨ। ਬਦਲਦੇ ਵਕਤਾਂ ਦੀਆਂ ਕੰਨੀਆਂ ਨੂੰ ਫੜ ਕੇ, ਕੁਝ ਆਪਣਾ ਲਿਖਣ ਦੇ ਸੰਦੇਸ਼ ਵੀ ਉਡਾਣਾਂ ਭਰਦੇ ਹਨ।

ਅੰਤ ਵਿਚ ਮੈਂ ਇਹ ਜ਼ਰੂਰ ਕਹੂੰਗਾ ਕਿ ਕਿਸੇ ਦਾ ਬੋਧੀ ਹੋ ਜਾਣਾ, ਸਿੱਖ ਹੋ ਜਾਣਾ ਜਾਂ ਅੰਬੇਡਕਰੀ ਹੋ ਜਾਣਾ ਇਕ ਦਿਨ ਇਕੋ ਗੱਲ ਬਣ ਜਾਵੇਗੀ। ਮੇਰਾ ਇਹ ਪੱਕਾ ਭਰੋਸਾ ਹੈ। ਸ਼ਕਲ ਤੋਂ ਨਾ ਸਹੀ, ਅਕਲ ਤੋਂ ਸਮਾਨਤਾਵਾਂ ਪ੍ਰਗਟ ਹੋ ਆਉਣਗੀਆਂ। ਲੋਕ ਵੇਖਣਗੇ। ਕੋਈ ਝੁਠਲਾ ਵੀ ਨਹੀਂ ਸਕੇਗਾ। ਝੂਠ ਤਾਂ ਹੁਣ ਤਕ ਬਹੁਤ ਵਰਤਦਾ ਆਇਆ ਹੈ। ਜਿਸ ਨੂੰ ਬਦਲਣਾ ਹੈ। ਅਜਿਹੀ ਤਮੰਨਾ ਲੈ ਕੇ ਹੀ ਅਸੀ 'ਮੈਂ ਹਿੰਦੂ ਨਹੀਂ ਮਰੂੰਗਾ' ਖਿਆਲ ਅਧੀਨ ਇਹ ਪੁਸਤਕ ਸਮਾਜ ਦੀ ਨਜ਼ਰ ਹਾਜ਼ਰ ਕਰ ਰਹੇ ਹਾਂ।

'ਮੈਂ ਹਿੰਦੂ ਨਹੀਂ ਮਰੂੰਗਾ' ਇਸ ਇਕ ਸਤਰ ਦਾ ਅਰਥ ਹੈ ਭਾਰਤ ਅੰਦਰ ਪੂਰਨ ਸਮਾਜਕ ਕ੍ਰਾਂਤੀ, ਜਿਸ ਕ੍ਰਾਂਤੀ ਦਾ ਜਨਮ ਪਿਤਾਮਾ ਬੁੱਧ ਤੋਂ ਹੋਇਆ। ਜਿਸ ਦਾ ਜਨਮ ਸੰਤ ਸਤਿਗੁਰ ਨਾਮਦੇਵ, ਕਬੀਰ, ਰਵਿਦਾਸ ਤੇ ਸੈਣ ਤੋਂ ਸਿੱਖ ਕ੍ਰਾਂਤੀ ਦੇ ਰੂਪ ਵਿਚ ਹੋਇਆ। ਜਿਸ ਦਾ ਜਨਮ ਗੁਰੂ ਨਾਨਕ, ਗੁਰੂ ਅਰਜਨ ਦੇਵ ਤੇ ਗੁਰੂ ਗੋਬਿੰਦ ਸਿੰਘ ਤੋਂ ਹੋਇਆ। ਜਿਸ ਦਾ ਪੁਨਰ ਜਨਮ ਮਹਾਤਮਾ ਫੂਲੇ ਤੇ ਸ਼ਾਹੂ ਛਤਰਪਤੀ ਤੋਂ ਹੋਇਆ ਤੇ ਇਨ੍ਹਾਂ ਸਾਰੀਆਂ ਕ੍ਰਾਂਤੀਆਂ ਨੂੰ ਬਾਬਾ ਸਾਹਿਬ ਅੰਬੇਡਕਰ ਨੇ ਆਪਣੇ ਇਕੋ ਵਾਕ 'ਮੈਂ ਹਿੰਦੂ ਨਹੀਂ ਮਰੂੰਗਾ' ਵਿਚ ਵਿਦਮਾਨ ਕਰ ਦਿੱਤਾ। ਸਾਡੀ ਸਮੱਸਿਆ ਹੈ ਕਿ ਦਲਿਤ ਬਹੁਜਨ ਨੇ ਕਦੀ ਵੀ ਇਸ ਖਿਆਲ ਪਿੱਛੇ ਲੁਕੀਆਂ ਕ੍ਰਾਂਤੀਆਂ ਦੀ ਰੂਪ-ਰੇਖਾ ਨੂੰ ਸੂਤਰਬੱਧ ਕਰਕੇ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ। ਦਲਿਤ ਬਹੁਜਨ ਨੇ ਬੇਸ਼ੁਮਾਰ ਆਹਲਾ ਹਸਤੀਆਂ

ਪੈਦਾ ਕੀਤੀਆਂ ਪ੍ਰੰਤੂ ਕਦੀ ਵੀ ਅਜਿਹਾ ਹੋਇਆ ਪੜ੍ਹਿਆ-ਸੁਣਿਆ ਨਹੀਂ ਗਿਆ ਕਿ ਪਿਛਲੇ ਦੋ ਦਹਾਕਿਆਂ ਤੋਂ ਪਹਿਲਾਂ ਆਏ ਵਿਦਿਆ ਦੇ ਯੁੱਗ ਵਿਚ ਕਿਸੇ ਭਲੇ ਪੁਰਖ ਨੇ ਤਿੰਨਾਂ ਕ੍ਰਾਂਤੀਆਂ ਨੂੰ ਸੂਤਰਬੱਧ ਕਰਕੇ ਇਨ੍ਹਾਂ ਦਾ ਮੁਲਾਂਕਣ ਕਰਨ ਦੀ ਹਿੰਮਤ ਕੀਤੀ ਹੋਵੇ। ਜੋ ਵੀ ਹੋਇਆ, ਉਹ ਸਿਰਫ ਇਕ ਪਲੇਟਫਾਰਮ 'ਤੇ ਖੜ੍ਹ ਕੇ ਹੋਇਆ। ਜਿਥੇ ਵੀ ਖੜ੍ਹ ਕੇ ਹੋਇਆ, ਉਸੇ ਦੀਆਂ ਸਿਫਤਾਂ ਅਧੀਨ ਹੋਇਆ।

ਪ੍ਰੰਤੂ ਅੰਬੇਡਕਰੀ ਭਲੇ ਲੋਕ ਇਹ ਨਹੀਂ ਜਾਣ ਸਕੇ ਕਿ ਬਾਬਾ ਸਾਹਿਬ ਨੇ ਭਾਰਤ ਦੀ ਧਰਤੀ ਉੱਤੇ ਵਰਤੀਆਂ ਸਾਰੀਆਂ ਸਮਾਜਕ ਕ੍ਰਾਂਤੀਆਂ ਨੂੰ ਆਪਣੀ ਵਿਸ਼ਾਲ ਵਿਚਾਰਧਾਰਾ ਵਿਚ ਪਰੋਇਆ ਅਤੇ ਗੁੰਨ੍ਹਿਆ। ਉਹ ਸਿੱਖ ਵੀ ਬਣੇ, ਬੁੱਧ ਵੀ ਬਣੇ ਤੇ ਹੋਰ ਬਹੁਤ ਕੁਝ। ਪੂਰਾ ਵਿਸ਼ਵ ਉਨ੍ਹਾਂ ਦੇ ਕਲਾਵੇ ਵਿਚ ਸੀ। ਬਾਬਾ ਸਾਹਿਬ ਨੇ ਸਿੱਖ ਧਰਮ ਦਾ ਅਧਿਐਨ ਕੀਤਾ। ਉਸ ਨੂੰ ਸਮਝਿਆ ਤੇ ਕਿਹਾ ਕਿ ਸੰਤ ਕਬੀਰ ਉਸ ਦੇ ਗੁਰੂ ਹਨ ਤੇ ਗੁਰੂ ਨਾਨਕ ਵਾਂਗ ਹੀ, ਉਨ੍ਹਾਂ ਨੂੰ ਜ਼ੋਰਦਾਰ ਹੋ ਕੇ, ਮਨੁੱਖ-ਵਿਰੋਧੀ ਵਿਚਾਰਾਂ ਤੇ ਉਸ ਦੇ ਅਮਲਾਂ ਨੂੰ ਢਾਹੁਣਾ ਹੋਵੇਗਾ। ਹੋਰ ਸਿੱਖ ਹੋਣਾ ਕੀ ਹੈ? ਅਕਲ ਦੀ ਗੱਲ ਸਿੱਖਣ ਨਾਲ ਸਿੱਖ ਬਣ ਜਾਈਦਾ ਹੈ। ਜੋ ਸੰਤ ਕਬੀਰ ਜਾਂ ਗੁਰੂ ਨਾਨਕ ਨੇ ਕਿਹਾ ਉਸ ਨੂੰ ਸਮਝਣ ਨਾਲ ਬੰਦਾ ਸਿੱਖ ਬਣ ਜਾਂਦਾ ਹੈ।'ਬਾਬਾ ਸਾਹਿਬ ਅੰਤ ਬੁੱਧ ਹੋ ਗਏ, ਕਿਵੇਂ? ਉਨ੍ਹਾਂ ਨੇ ਬੁੱਧ ਧਰਮ ਦੀਆਂ, ਸਿੱਖ ਧਰਮ ਦੀਆਂ ਉੱਤਮ ਮਾਨਤਾਵਾਂ ਨੂੰ ਸਿੱਖ ਲਿਆ, ਮੰਨ ਲਿਆ ਤੇ ਐਲਾਨ ਕਰ ਦਿੱਤਾ। ਉਨ੍ਹਾਂ ਨੇ ਮਾਰਕਸ ਤੇ ਵਾਲਟੇਅਰ ਵੀ ਪੜ੍ਹੇ। ਉਨ੍ਹਾਂ ਦੀਆਂ ਖ਼ਾਤਾਂ ਕੀਤੀਆਂ, ਉਨ੍ਹਾਂ ਦੀ ਸਾਰਥਕਤਾ ਪਰਖੀ। ਉਨ੍ਹਾਂ ਨੂੰ ਇਸਲਾਮ ਤੇ ਈਸਾ ਦੇ ਧਰਮ ਦੀ ਵੀ ਜਾਣਕਾਰੀ ਸੀ।

ਕੀ ਬੁੱਧ ਹੋ ਕੇ ਬੰਦੇ ਨੂੰ ਬਾਕੀ ਗਿਆਨ ਹਾਸਲ ਕਰਨ ਦੀ ਮਨਾਹੀ ਹੋ ਜਾਂਦੀ ਹੈ? ਬੁੱਧ ਉਨੱਤੀ ਵਰ੍ਹਿਆਂ ਤਕ, ਜਾਣੇ-ਪਛਾਣੇ ਲੋਕਾਂ ਕੋਲ ਕਿਉਂ ਤੁਰੇ ਰਹੇ। ਕੀ ਸਿੱਖ ਬਣ ਕੇ ਬੰਦਾ ਹੋਰ ਸਭ ਮਹਾਂਪੁਰਖਾਂ ਤੇ ਉਨ੍ਹਾਂ ਦੇ ਗਿਆਨ ਨੂੰ ਪਰ੍ਹੇ ਸੁੱਟ ਦਿੰਦਾ ਹੈ? ਕੀ ਗੁਰੂ ਨਾਨਕ ਨੇ ਬੁੱਧ ਨੂੰ ਨਹੀਂ ਪੜ੍ਹਿਆ? ਕੀ ਉਨ੍ਹਾਂ ਨੇ ਕੁਰਾਨ ਨਹੀਂ ਪੜ੍ਹੀ? ਕੀ ਉਹ ਥਾਂ-ਥਾਂ ਫੈਲੇ ਧਰਮ-ਆਗੂਆਂ ਨਾਲ ਗੋਸ਼ਟੀਆਂ ਕਰਨ ਨਹੀਂ ਗਏ? ਕੀ ਉਨ੍ਹਾਂ ਨੂੰ ਹਿੰਦੂ ਬ੍ਰਾਹਮਣੀ ਧਰਮ ਦੀ ਜਾਣਕਾਰੀ ਨਹੀਂ ਸੀ? ਕੀ ਉਨ੍ਹਾਂ ਨੇ ਬ੍ਰਾਹਮਣ ਪਾਂਧੇ ਦੀ ਥਾਂ ਮੁਸਲਮਾਨ ਕਾਜ਼ੀ ਤੋਂ ਸਿੱਖਿਆ ਨਹੀਂ ਲਈ? ਕੋਈ ਮਹਾਨਤਾ ਤੇ ਵਿਸ਼ਾਲਤਾ ਨੂੰ ਇਕ ਚੌਖਟੇ ਵਿਚ ਬੰਨ੍ਹ ਕੇ ਕਿਵੇਂ ਰੱਖ ਸਕਦਾ ਹੈ? ਜੋ ਰੱਖਦਾ ਹੈ ਉਹ ਸੌ ਫੀਸਦੀ ਗ਼ਲਤ ਹੈ।

ਬੋਧੀਆਂ, ਸਿੱਖਾਂ, ਅੰਬੇਡਕਰੀਆਂ ਸਭ ਨੇ ਇਹੋ ਕੀਤਾ। ਆਪਣੇ ਚੌਖਟਿਆਂ ਵਿਚ ਬੰਦ ਹੋਣ ਨੂੰ ਹੀ ਧਰਮ ਮੰਨ ਲਿਆ। ਪਰੰਤੂ ਉਹਨਾਂ ਦੇ ਧਰਮ-ਦਾਤਾਵਾਂ ਨੇ ਦੁਨੀਆਂ ਗਾਹੀ। ਦੁਨੀਆਂ ਦੇ ਵਿਸ਼ਾਲ ਮਾਨਸਰੋਵਰ 'ਚੋਂ ਗਿਆਨ ਦੇ ਮੋਤੀ ਚੁਗੇ ਤੇ ਵੰਡੇ।

ਬਾਬਾ ਸਾਹਿਬ ਅੰਬੇਡਕਰ ਦਾ ਜੀਵਨ ਫਲਸਫਾ ਬੁੱਧ ਦੇ ਫਲਸਫੇ ਤੱਕ ਸੀਮਤ ਨਹੀਂ। ਸਾਰੀ ਦੁਨੀਆਂ ਦਾ ਗਿਆਨ ਸਮਾਇਆ ਹੋਇਆ ਹੈ, ਉਨ੍ਹਾਂ ਦੀ ਸੋਚ ਵਿਚ। ਜਦ ਉਹ ਕਹਿੰਦੇ ਹਨ ਕਿ ਉਹ ਹਿੰਦੂ ਨਹੀਂ ਮਰਨਗੇ ਤਾਂ ਇਸ ਵੱਡੀ ਕ੍ਰਾਂਤੀ, ਜੋ ਭਾਰਤ ਦੇ ਸੌ ਕਰੋੜ ਲੋਕਾਂ ਨਾਲ ਸਬੰਧਤ ਹੈ, ਨੂੰ ਚੌਖਟਿਆਂ ਵਿਚ ਬੰਦ ਹੋ ਕੇ ਨਹੀਂ ਵੇਖਿਆ ਜਾ ਸਕਦਾ, ਨਹੀਂ ਸਮਝਿਆ ਜਾ ਸਕਦਾ। ਇਸ ਦੇ ਵਿਸ਼ਾਲ ਘੇਰੇ ਨੂੰ ਸਮਝਣ ਲਈ ਹੀ ਸਾਨੂੰ ਇਸ ਨਵੀਂ ਪੁਸਤਕ ਦੀ ਰਚਨਾ ਕਰਨੀ ਪਈ ਹੈ। ਘੱਟੋ-ਘੱਟ ਦਲਿਤ ਬਹੁਜਨ ਨੂੰ ਇਹ ਸਭ ਸਮਝਣ ਦੀ ਸਖਤ ਜ਼ਰੂਰਤ ਹੈ।

2.

ਜਹਾ ਗਿਆਨ ਤਹ ਧਰਮ ਹੈ ਜਹਾ ਝੂਠ ਤਹ ਪਾਪੁ

ਸੰਤ ਕਬੀਰ

ਇਹ ਸਭ ਜਾਣਦੇ ਹਨ ਕਿ ਵਰਨ-ਜਾਤੀ-ਬ੍ਰਾਹਮਣੀ-ਆਰੀਅਨ-ਵਿਚਾਰਧਾਰਾ ਨੇ ਆਮ ਲੋਕਾਂ ਨੂੰ ਸੁਣਨ, ਵੇਖਣ, ਪੜ੍ਹਨ ਅਤੇ ਬੋਲਣ ਉੱਤੇ ਸੈਂਕੜੇ ਸਾਲ ਭਿਆਨਕ ਪਾਬੰਦੀਆਂ ਲਾਈਆਂ, ਜਿਸ ਦੇ ਕਾਰਨ ਭਾਰਤੀ ਮਨੁੱਖ ਦੀ ਬੁੱਧ ਵਿਵੇਕ ਮਲੀਨ ਹੋ ਗਈ ਕਿਉਂਕਿ ਉਨ੍ਹਾਂ ਨੂੰ ਵਿੱਦਿਆ ਤੋਂ ਰੋਕਿਆ ਗਿਆ ਅਤੇ ਕੂੜ ਕਰਮ-ਧਰਮ ਦੀ ਅਵਿੱਦਿਆ ਦਿੱਤੀ ਗਈ। ਇਸ ਦੀ ਭਿਆਨਕ ਦਸ਼ਾ ਜਾਂ ਦੁਰਦਸ਼ਾ ਇਹ ਬਣ ਗਈ ਕਿ ਹਜ਼ਾਰਾਂ ਸਾਲਾਂ ਬਾਅਦ, ਭਾਰਤ ਦਾ ਅਜ਼ਾਦੀ ਤੋਂ ਬਾਅਦ, ਪੜ੍ਹਿਆ-ਲਿਖਿਆ ਬੰਦਾ ਵੀ ਆਪਣੀ ਜੀਵਨ ਜਾਚ ਅਤੇ ਕਬੁੱਧ ਸੋਚ ਨਹੀਂ ਬਦਲ ਸਕਿਆ। ਉਸ ਨੂੰ ਓਹੀ ਕੁਝ ਹਜ਼ਮ ਹੋਇਆ ਜਿਸ ਲਈ ਉਸ ਦਾ ਹਾਜ਼ਮਾ ਸਦੀਆਂ ਵਿਚ ਬ੍ਰਾਹਮਣ ਨੇ ਤਿਆਰ ਕੀਤਾ। ਦੁਨੀਆਂ ਦਾ ਹੋਰ ਕੋਈ ਵੀ ਸੱਚ ਅੱਵਲ ਤਾਂ ਉਸ ਨੂੰ ਚੰਗਾ ਨਹੀ ਲੱਗਾ ਜੇ ਭੁੱਲ-ਭੁਲੇਖੇ ਉਸ ਦੇ ਅੰਦਰ ਕੋਈ ਸੱਚ ਚਲਾ ਵੀ ਗਿਆ ਤਾਂ ਅੰਦਰਲੇ ਬ੍ਰਾਹਮਣੀ ਰੋਗਾਣੂਆਂ ਨੇ ਧੱਕੇ ਮਾਰ-ਮਾਰ ਕੇ ਸੱਚ ਨੂੰ ਉਗਲੱਛ ਦੇਣ ਲਈ ਮਜਬੂਰ ਕਰ ਦਿੱਤਾ। ਵਰਣ ਜਾਤ ਦੇ ਰੋਗਾਣੂਆਂ ਦੇ ਮੁਕਾਬਲੇ ਏਡਜ਼, ਕੈਂਸਰ, ਸਾਰਸ, ਪਲੇਗ ਆਦਿ ਮਾਮੂਲੀ ਬਿਮਾਰੀਆਂ ਹਨ, ਜੋ ਸਮਾਜ ਨੂੰ ਨਹੀਂ ਸਿਰਫ ਬੰਦੇ ਨੂੰ ਲਗਦੀਆਂ ਹਨ। ਵਰਨ ਜਾਤ ਦੇ ਭਿਆਨਕ ਰੋਗ ਵਿਰੁੱਧ ਅਸੀਂ ਭਾਰਤ ਅੰਦਰ ਹੋਈਆਂ ਸਮਾਜਕ ਕ੍ਰਾਂਤੀਆਂ ਦਾ ਜ਼ਿਕਰ ਲਗਾਤਾਰ ਕਰ ਰਹੇ ਹਾਂ। 'ਮੈਂ ਹਿੰਦੂ ਨਹੀਂ ਮਰੂੰਗਾ' ਵੀ ਇਨ੍ਹਾਂ ਮੁਕਤੀ ਕ੍ਰਾਂਤੀਆਂ ਦਾ ਪੁਖਤਾ ਇਤਿਹਾਸ ਹੈ। ਕਿਉਂਕਿ ਸਦਾ ਤੋਂ ਸਾਰੀ ਸਮਾਜਕ, ਧਾਰਮਕ ਤੇ ਵਿੱਦਿਅਕ ਵਿਵਸਥਾ ਕੇਵਲ ਬ੍ਰਾਹਮਣਾਂ ਦੇ ਹੱਥ ਵਿਚ ਰਹੀ। ਅੰਗਰੇਜ਼ੀ ਸਕੂਲ ਦੇ ਮਾਹੌਲ ਤੱਕ ਵੀ। ਇਸ ਕਰਕੇ ਹਰ ਸਮਾਜਕ ਵਰਤਾਰੇ ਨੂੰ ਵੀ ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਆਪਣੇ ਵਰਣਾਂ ਦੇ ਹਿਤ ਵਿਚ ਪੇਸ਼ ਕੀਤਾ ਜਿਸ ਨੂੰ ਉੱਚੀਆਂ ਡਿਗਰੀਆਂ ਵੀ ਨਹੀਂ ਸਮਝ ਸਕੀਆਂ। ਬੇਸ਼ੁਮਾਰ ਡਿਗਰੀ ਹੋਲਡਰਾਂ ਅਤੇ ਵਿਦਵਾਨ ਬੁੱਧੀਜੀਵੀਆਂ, ਤਕਰੀਬਨ ਸਭ ਨੇ, ਹਰੇਕ ਸਮਾਜਕ ਕ੍ਰਾਂਤੀ ਨੂੰ, ਕੁਝ ਨੇ ਪਿਛਲੱਗੂ ਬਣ ਕੇ, ਬਹੁਤਿਆਂ ਨੇ ਜਮਾਤੀ ਹਿਤਾਂ ਲਈ ਆਗੂ ਬਣ ਕੇ ਆਪਣੇ ਧਰਮ ਦੀ ਤਰਜ਼ 'ਤੇ ਹੀ ਉਭਾਰਿਆ। ਪੂਰਾ ਅਨਰਥ ਕੀਤਾ। ਜਿਨ੍ਹਾਂ ਲੋਕਾਂ ਨੂੰ ਅਰਥ ਦੀ ਸਮਝ ਨਹੀਂ ਪਈ ਉਹ ਕੀਤੇ ਗਏ ਅਨਰਥ ਨੂੰ ਕੀ ਜਾਣਨਗੇ। ਇਸ ਲਈ ਬੁੱਧ ਦੀ ਕ੍ਰਾਂਤੀ, ਸਿੱਖ ਇਨਕਲਾਬ, ਫੂਲੇ ਸ਼ਾਹੂ ਸੰਘਰਸ਼ ਸਭ ਧੋਅ ਦਿੱਤੇ ਗਏ। ਅਜਿਹੀ ਪੁੱਠੀ ਪਾਤ੍ਰਤ ਪੜ੍ਹੀ ਕਿ ਸੱਚੀਆਂ ਤੇ ਸਹੀ ਦਿਸ਼ਾਵਾਂ ਦਾ ਭੋਗ ਹੀ ਪੈ ਗਿਆ। ਰਹਿ ਗਿਆ ਪਾਠ, ਭਗਤੀ, ਪੂਜਾ ਤੇ ਮੰਨਤਾਵਾਂ। ਪ੍ਰੰਤੂ ਜਦੋਂ ਹੁਣ ਆਪਣੇ ਬਜ਼ੁਰਗਾਂ ਦੇ ਮੁਕੰਮਲ ਸੰਘਰਸ਼ਮਈ ਜੀਵਨ ਅਤੇ ਉਦੇਸ਼ ਨੂੰ ਪੜ੍ਹਨ ਉਪਰੰਤ ਸਾਨੂੰ ਸਮਝ ਲੱਗਣ ਲੱਗੀ ਹੈ ਤਾਂ ਸਾਨੂੰ ਆਪਣੀ ਬੇ-ਸਿਰੀ ਮੂਰਖਤਾ ਉੱਤੇ ਬਹੁਤ ਘਿਨਾਉਣੀ ਸ਼ਰਮ ਆਉਂਦੀ ਹੈ। ਪ੍ਰੰਤੂ ਇਸ ਸ਼ਰਮ ਨੂੰ ਅਸੀਂ, ਕੁਝ ਸਮਝ ਪਾ ਕੇ, ਇਕ ਊਰਜਾ ਦੀ ਤਰ੍ਹਾਂ ਲੈ ਲਿਆ ਹੈ, ਆਪਣੇ ਮਨ ਵਿਚ। ਇਹ ਕਹਿਣ ਲਈ ਕਿ ਲੋਕੋ ਜਿਸ ਨੂੰ ਬੁੱਧ ਦਾ ਧਰਮ ਜਾਂ ਸਿੱਖ ਧਰਮ ਕਹਿੰਦੇ ਹੋ ਇਹ ਪਾਠ-ਪੂਜਾ ਦੇ ਜਾਂ ਰਾਮ-ਰਾਮ ਕਰਨ ਦੇ ਧਰਮ ਤਾਂ ਉੱਕਾ ਹੀ ਨਹੀਂ ਹਨ। ਇਹ ਬ੍ਰਾਹਮਣਵਾਦ ਵਿਰੁੱਧ ਵਰਨ ਜਾਤ ਦਾ ਬੀਜ ਨਾਸ ਕਰਨ ਲਈ ਉੱਠੀਆਂ ਸਮਾਜਕ ਕ੍ਰਾਂਤੀਆਂ ਹਨ ਜੋ ਧਰਮ ਦੇ ਦ੍ਰਿਸ਼ਟੀਕੋਣ 'ਤੇ ਲੜੀਆਂ ਗਈਆਂ. ਜਿਨ੍ਹਾਂ ਨੂੰ ਬੰਦੇ ਦੀ ਸੋਚ, ਸਮਝ, ਜੀਵਨ, ਵਿਹਾਰ, ਵਿੱਦਿਆ, ਸਕੂਲਾਂ,

ਕਾਲਜਾਂ ਤੇ ਯੂਨੀਵਰਸਟੀਆਂ ਵਿਚੋਂ ਢੁੱਡਦੇ ਹੋਏ ਕਣ ਵਾਂਗ ਕੱਢ ਦਿੱਤਾ ਗਿਆ ਹੈ।

ਮਹਾਤਮਾ ਫੂਲੇ, ਸ਼ਾਹੂ ਛਤਰਪਤੀ ਤੇ ਹੋਰ ਅਨੇਕ ਬਜ਼ੁਰਗਾਂ ਨੇ ਉਨ੍ਹਾਂ ਸਮਾਜਕ ਇਨਕਲਾਬਾਂ ਦੇ ਅਰਥ ਕੀਤੇ ਅਤੇ ਬਦਲ ਨੂੰ ਅਮਲ ਵਿਚ ਲਿਆਂਦਾ। ਉਨ੍ਹਾਂ ਨੂੰ ਵੀ ਭਾਰਤੀ ਵਿੱਦਿਆ ਵਿਚੋਂ ਧੋਅ ਦਿੱਤਾ ਗਿਆ। ਪਹਿਲਾਂ ਲੋਕਾਂ ਨੂੰ ਪੜ੍ਹਨ ਨਹੀਂ ਦਿੱਤਾ ਗਿਆ ਤੇ ਹੁਣ ਜਦੋਂ ਉਹ ਪੜ੍ਹਨ ਲੱਗੇ ਹਨ ਤਾਂ ਬ੍ਰਾਹਮਣੀ ਸ਼ਕਤੀਆਂ ਨੇ, ਪੰਡਤ ਨਹਿਰੂ ਵਰਗੇ ਦਿਮਾਗਾਂ ਦੀ ਕਮਾਂਡ ਹੇਠ, ਇਨ੍ਹਾਂ ਸਮਾਜਕ ਇਨਕਲਾਬਾਂ ਨੂੰ ਵਿੱਦਿਆ ਭਾਵ ਪਾਠ ਪੁਸਤਕਾਂ ਵਿਚੋਂ ਬੁਰੀ ਤਰ੍ਹਾਂ ਬਾਹਰ ਕੱਢ ਮਾਰਿਆ ਤੇ ਜਦੋਂ ਸਮਾਜਕ ਪੱਧਰ 'ਤੇ, ਭਾਰਤ ਅੰਦਰ ਕੁਝ 'ਜਾਗੇ' ਹੋਏ ਚੇਤਨ ਮਨੁੱਖਾਂ ਨੇ ਇਨ੍ਹਾਂ ਕ੍ਰਾਂਤੀਆਂ ਦੀਆਂ ਵਾਰਾਂ ਨੂੰ, ਬਸਤੀਆਂ ਦੇ ਬੰਦੇ ਕੋਲ ਬੋਲਣਾ ਕਹਿਣਾ ਸ਼ੁਰੂ ਕੀਤਾ ਤੇ ਨਵੀਂ ਪੀੜ੍ਹੀ ਨੂੰ ਵੀ ਸਮਝ ਪੈਣ ਲੱਗੀ ਤਾਂ ਵਿੱਦਿਆ ਨੂੰ ਬੜੀ ਤੇਜ਼ੀ ਨਾਲ ਸਰਕਾਰੀ ਅਦਾਰਿਆਂ ਤੋਂ ਹਿੰਦੂ ਅਦਾਰੇ ਬਣਾ ਦੇਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਤੇ ਨਾਲ ਹੀ ਸਕੂਲੀ ਵਿੱਦਿਆ ਦਾ ਤਾਣਾ-ਪੇਟਾ ਕਮਜ਼ੋਰ ਕਰਨ ਦੀਆਂ ਅਨੇਕ ਵਿਧੀਆਂ, ਜੋ ਦੇਖਣ ਨੂੰ ਉਪਕਾਰੀ ਦਿਸਦੀਆਂ ਹਨ ਪ੍ਰੰਤੂ ਇਹ ਜੋੜਾਂ ਵਿਚ ਪੈਣ ਵਾਲੇ ਪਾਰੇ ਵਰਗੀਆਂ ਹਨ, ਆਰੰਭ ਦਿੱਤੀਆਂ ਗਈਆਂ ਹਨ। ਅਧਿਆਪਕਾਂ ਦੇ ਬਹੁਗਿਣਤੀ ਬੱਚੇ ਪ੍ਰਾਈਵੇਟ ਸਕੂਲਾਂ ਵਿਚ ਹਨ। ਸਾਖਰਤਾ, ਸਿੱਖਿਆ ਅਭਿਆਨ, ਹਰ ਤਰ੍ਹਾਂ ਦੀਆਂ ਗਣਨਾਵਾਂ ਸਭ ਵਿੱਦਿਆ ਦਾ ਕੱਦੂਕਸ਼ ਕਰਨ ਲਈ ਹਨ। ਥਾਂ-ਥਾਂ 'ਰੋੜਾਂ' (ਭਾਵ ਅਕਲਮੰਦ ਬੁੱਧੀਮਾਨ, ਤੀਖਣ ਦਿਮਾਗ਼ ਸ਼ੂਦਰਾਂ) ਨੂੰ ਬਾਹਰ ਰੱਖਣ ਲਈ ਜਾਂ ਨਿਤਾਣੇ ਕਰਨ ਲਈ ਛਾਣਨੇ ਲਗਾ ਦਿੱਤੇ ਗਏ ਹਨ ਤੇ ਜੋ ਫਿਰ ਵੀ ਨਾਬਰ ਕੇ ਨਿਕਲ ਜਾਂਦੇ ਹਨ, ਉਨ੍ਹਾਂ ਨੂੰ ਆਪਣੇ ਵਰਗਿਆਂ ਤੋਂ ਬਹੁਤ ਮੁਸ਼ਕ ਆਉਣ ਲੱਗਦਾ ਹੈ। ਇਉਂ ਬਹੁਜਨ ਸਮਾਜ ਇਕ ਵਾਰ ਫੇਰ ਬ੍ਰਾਹਮਣੀ ਸ਼ਕਤੀ ਦੇ ਪੂਰਨ ਕਬਜ਼ੇ ਵਿਚ ਆ ਗਈ ਲੋਕਤੰਤਰੀ ਪ੍ਰਣਾਲੀ ਦੇ ਟੋਕਿਆਂ ਹੇਠ ਕੁਤਰਾ ਹੋ ਰਿਹਾ ਹੈ। ਮਨੁੱਖਾ ਜੀਵਨ ਲਈ ਸਭ ਤੋਂ ਸਸਤੀ ਹੋਣ ਵਾਲੀ ਦਿਮਾਗੀ ਵਸਤੂ, ਸਭ ਤੋਂ ਮਹਿੰਗੀ ਕਰੀ ਜਾ ਰਹੀ ਹੈ ਤੇ ਜ਼ਿੰਦਗੀ ਨੂੰ ਜਵਾਨ ਹੁੰਦਿਆਂ ਤੱਕ ਖੂੰਡ ਜਾਣ ਵਾਲਾ ਤੇ ਜੀਵਨ ਦੀ ਊਰਜਾ ਦੇ ਸਾਹ-ਸਤ ਪੀ ਜਾਣ ਵਾਲਾ 'ਨੰਗ' ਸਭ ਤੋਂ ਸਸਤਾ ਹੋ ਕੇ ਸ਼ਹਿਰ ਤਾਂ ਕੀ ਪਿੰਡ ਦੀਆਂ ਗਲੀਆਂ ਵਿਚ ਅਲਫ਼ ਨੰਗਾ ਹੋ ਕੇ ਖੂਬ ਨੱਚਣ ਲੱਗਾ ਹੈ, ਧਮੱਚੜ ਪਾ ਰਿਹਾ ਹੈ, ਜਿਸ ਦੇ ਸੁਆਦ ਨੂੰ ਮਾਨਣਾ ਬੜਾ ਸੌਖਾ ਹੈ ਪ੍ਰੰਤੂ ਇਸ ਦੀ ਸਜ਼ਾ ਨੂੰ ਮੂਰਖ ਲੋਕ ਮਾੜੀ ਕਿਸਮਤ ਕਹਿ ਕੇ ਭੁਲਾ ਦੇਣਗੇ। ਜਿਨ੍ਹਾਂ ਨੂੰ ਕਿਤਾਬ ਤੇ ਗਿਆਨ ਚਾਹੀਦਾ ਸੀ, ਉਨ੍ਹਾਂ ਦੀਆਂ ਜੇਬਾਂ ਕੁਝੇਧਿਕ ਜਰਦੇ ਦੀਆਂ ਪੁੜੀਆਂ, ਗੋਲੀਆਂ ਅਤੇ ਕੰਜਰ ਕਲਚਰ ਨਾਲ ਭਰ ਦਿੱਤੀਆਂ ਗਈਆਂ ਹਨ, ਜਿਸ ਨੂੰ ਪੰਜਾਬੀ ਸਭਿਆਚਾਰ ਦਾ ਨਾਂਅ ਦੇ ਕੇ ਵਡਿਆਇਆ ਜਾਂਦਾ ਹੈ। ਮਾਂ-ਬਾਪ ਤੇ ਵਿੱਦਿਆਦਾਤਾ, ਬੇਈਮਾਨ ਹੋ ਗਏ ਹਨ। ਘੰਟਿਆਂ ਬੱਧੀ ਨਿੱਤ ਵਰਤਦਾ ਧਰਮ, ਇਸ ਗੰਧਾਲਚੌਦੇ ਦਾ ਕੁਝ ਨਹੀਂ ਵਿਗਾੜਦਾ ਸਗੋਂ ਪਿਛਲੇ ਦੀ ਮੁਆਫੀ ਤੇ ਅਗਲੇ ਦੀ ਖੁੱਲ੍ਹ ਦੀਆਂ ਅਰਦਾਸ ਬੇਨਤੀਆਂ ਦੀ ਭਰਮਾਰ ਸਦਾ ਸੁਣਾਈ ਦਿੰਦੀ ਹੈ। ਕੋਈ ਧਰਮ ਬੰਦੇ ਨੂੰ ਕਾਲੀਆਂ ਕਰਤੂਤਾਂ ਤੋਂ ਨਹੀਂ ਰੋਕਦਾ।

ਸਭਿਆਚਾਰ ਦੇ ਨਾਂ 'ਤੇ ਖਿਲਾਰੀ ਉਡਾਈ ਮਨੁੱਖੀ ਮਨ ਦੀ ਸੜ੍ਹਿਆਂਦ ਨੇ, ਬਚਪਨ ਤੇ ਜਵਾਨੀ ਨੂੰ ਸੰਗਲ ਵਾਂਗ ਜਕੜ ਲਿਆ ਹੈ। ਹੱਥ-ਲੱਗੀਆਂ ਕਮਾਈਆਂ ਅਣਕਮਾਈਆਂ ਦੌਲਤਾਂ ਨੇ ਮੁੱਠੀ ਭਰ ਬੰਦਿਆਂ ਨੂੰ ਦੂਜਿਆਂ ਦੀ ਧੌਣ 'ਤੇ ਗੋਡਾ ਰੱਖਣ ਅਤੇ ਮੁਲਖਈਆਂ ਦੀਆਂ ਜੇਬਾਂ ਕੱਟਣ ਲਈ 'ਡਿਗਰੀ ਹੋਲਡਰ' ਪੈਦਾ ਕਰਨ ਦੀ ਹੋੜ ਲਾਅ

ਦਿੱਤੀ ਹੈ। ਸਮਾਜ, ਮਨੁੱਖ, ਮਨੁੱਖੀ ਸਾਂਝ, ਪ੍ਰੀਤ, ਦਰਦ, ਦਇਆ, **ਭਲਾ, ਉਪਕਾਰ, ਸਭ** ਮਾਇਆ ਦਾ ਅਟੁੱਟਵਾਂ ਜਾਲ ਬਣ ਕੇ ਰਹਿ ਗਏ ਹਨ। **ਬੰਦਾ ਤੇ ਔਰਤ ਜੋ ਸਾਰੀ [illegible]** ਤਾਂ ਅੰਦਰੋਂ ਚਰਗਲੇ ਗਏ ਹਨ ਤੇ ਆਮ ਬੰਦਾ ਸ਼ੈਤਾਨ ਲੋਕਾਂ ਦੀਆਂ **ਵਾਹੀਆਂ ਲੀਹਾਂ ਉੱਤੇ** ਪੈਰ ਧਰਦਾ ਨਰਕ ਭੋਗਣ ਵਿਚ ਵੀ, ਸ਼ੁਕਰਗੁਜ਼ਾਰ ਬਣਿਆ **ਖੜ੍ਹਾ ਹੈ, ਆਪਣੀ ਹੀ** ਕਿਸਮਤ ਨੂੰ ਕੋਸਦਾ। ਹਰ ਦੋਸ਼ ਉਹਦੇ ਸਾਹਮਣੇ ਵਾਪਰ ਰਿਹਾ ਹੈ। **ਹਰ ਅਧਰਮ ਉਸ ਨੂੰ** ਜੀਵਨ ਦੇ ਹਰ ਕਦਮ 'ਤੇ ਬਾਹਾਂ ਪਸਾਰੀ ਮਿਲਦਾ ਹੈ ਪ੍ਰੰਤੂ ਬੰਦਾ ਸਿਰ ਨਿਵਾਈ **ਜ਼ਿੰਦਗੀ** ਦਾ ਕੋਹਲੂ ਗੇੜਦਾ ਮਰੀ ਜਾ ਰਿਹਾ ਹੈ ਤੇ ਰਾਮ ਦੇ ਗੁਣ ਗਾਈ ਜਾ ਰਿਹਾ ਹੈ। **ਉਤਲੀਆਂ** ਜਾਤਾਂ ਦੇ ਸਿਰਜੇ ਬਚਪਨ, ਜਵਾਨੀ ਤੇ ਸਦਾਚਾਰ ਨੂੰ, ਬੁਰਕ ਭਰਦੇ ਗੰਦੇ ਕਲਚਰ ਨੂੰ ਆਮ ਬੰਦਾ ਆਪਣੇ ਘਰਾਂ, ਗਲੀਆਂ ਤੇ ਸੱਥਾਂ ਵਿਚ ਆਪਣੇ ਮੋਢਿਆਂ 'ਤੇ ਬਿਠਾਈ ਫਿਰਦਾ ਸਾਫ਼ ਨਜ਼ਰ ਆ ਰਿਹਾ ਹੈ। ਦੇਸ਼ ਦਾ ਅਧਿਆਪਕ, ਦੇਸ਼ ਦਾ ਧਾਰਮਕ ਆਗੂ, **ਦੇਸ਼ ਦਾ ਨੇਤਾ, ਦੇਸ਼** ਦਾ ਹੁਕਮਰਾਨ, ਦੇਸ਼ ਦਾ ਵਿੱਦਵਾਨ, ਬੁੱਧੀਮਾਨ, ਸਭ ਬੇਈਮਾਨੀ ਦਾ **ਧਰਮ ਨਿਭਾਉਂਦੇ ਹੋਏ** ਮੌਜ-ਮਸਤੀਆਂ ਕਰਦੇ ਨਜ਼ਰ ਆ ਰਹੇ ਹਨ। ਲਿਖੇ, ਵਰਤੇ ਅਧਰਮ **ਦਾ ਖਲਜਗਣ** ਮਰਦ-ਔਰਤ, ਬੱਚੇ-ਬੁੱਢੇ, ਅਮੀਰ-ਗਰੀਬ ਭਾਵ ਭੋਲੀ ਭਾਲੀ ਜਨਤਾ ਦੇ **ਮਨਾਂ**, ਸਭਨਾਂ ਵਿਚ ਨੱਕੋ-ਨਕ ਭਰਿਆ ਖੜ੍ਹਾ ਹੈ ਤੇ ਇਹ ਸੜ੍ਹਿਆਂਦ ਸਭ ਨੂੰ ਪ੍ਰਵਾਨ **ਹੋਈ** ਦਿਸਦੀ ਹੈ। ਜਾਤ ਨੇ ਬੰਦੇ ਨੂੰ ਬੰਦੇ ਨਾਲੋਂ, ਸਮੂਹ ਨੂੰ ਸਮੂਹ ਨਾਲੋਂ ਏਨੀ ਬੁਰੀ ਤਰ੍ਹਾਂ **ਤੋੜ** ਦਿੱਤਾ ਹੈ ਕਿ ਕੋਈ ਵੀ ਧਰਮ ਤੇ ਕੋਈ ਵੀ ਰੱਬ ਇਸ ਜਾਤੀ ਮਾਨਸਿਕਤਾ ਦੇ ਢੋਂਗ ਮੂਹਰੇ ਸਭ ਬੌਨੇ ਹਨ, ਪੰਗੂ ਹਨ, ਅਪਾਹਜ ਹਨ। ਇਕ ਢੋਂਗ ਬਾਕੀ ਹੈ। ਧਰਮ ਦੇ ਨਾਂਅ 'ਤੇ ਅਧਰਮ ਸਾਰੀਆਂ ਹੱਦਾਂ ਪਾਰ ਕਰਕੇ ਵਾਪਰ ਰਿਹਾ ਹੈ। ਧਰਮ ਦੀ ਥਾਂ ਅਧਰਮ ਨੇ ਪੂਰੀ ਪ੍ਰਵਾਨਗੀ ਲੈ ਲਈ ਹੈ ਤੇ ਅਧਰਮ ਅੱਜ ਧਰਮ ਵਜੋਂ ਸਥਾਪਤ ਹੋ ਚੁੱਕਾ ਹੈ।

ਵਰਤਦੀ ਵਿੱਦਿਆ ਨੇ ਬੰਦੇ ਦੀ ਸਮਝ ਦੇ ਖਾਨੇ ਨੂੰ ਅਧਰਮ ਦੇ ਸੀਮੈਂਟ ਨਾਲ ਪੂਰੀ ਤਰ੍ਹਾਂ ਲਿੱਪ ਪੋਚ ਦਿੱਤਾ ਹੈ। ਇਸ ਵਿੱਦਿਅਕ ਪ੍ਰਬੰਧ ਵਿਚ ਪੜ੍ਹ ਕੇ ਲਈਆਂ ਡਿਗਰੀਆਂ ਦਾ ਰੋਅਬ ਤੇ ਹੰਕਾਰ ਕਾਂਟਿਆਂ ਛੁਰੀਆਂ ਵਰਗਾ ਤਿੱਖਾ ਹੈ। ਇਸ ਮੁਲਕ ਦੇ ਪੜ੍ਹੇ-ਲਿਖੇ ਦਫ਼ਤਰੀ ਬੰਦੇ ਨੇ ਪੂਰੇ ਮੁਲਕ ਦੀ ਕਿਸਮਤ ਲੁੱਟ ਖਾਧੀ ਹੈ ਤੇ ਜਿਸ ਨੇ ਕਿਸੇ ਦੀ ਕਿਸਮਤ ਨਹੀਂ ਖਾਧੀ, ਉਸ ਨੇ ਕਿਸੇ ਨਾ ਕਿਸੇ ਅਧਰਮ ਦੀ ਪੂਛ ਫੜ ਕੇ ਅਧਰਮ ਦਾ ਸਿਰਜਿਆ ਭੌਅ ਸਾਗਰ ਲੰਘਣ ਦੀਆਂ ਸਾਰੀਆਂ ਵਿਧੀਆਂ ਆਪਣੇ ਬੈੱਡਰੂਮਾਂ ਵਿਚ ਸਜਾ ਲਈਆਂ ਹਨ। ਅਧਰਮ, ਰਾਜ, ਅਫ਼ਸਰਸ਼ਾਹੀ, ਫਾਈਲ, ਝੂਠ, ਲੁੱਟ, ਨਿਆਂ, ਰੱਖਿਆ, ਪਾਪ, ਜ਼ਬਰਦਸਤੀਆਂ ਸਭ ਨੇ ਸਿਰ ਪੈਰ ਜੋੜ ਕੇ ਲੁਕਾਈ ਨੂੰ ਨਰਕ ਦੇ ਲਾਂਗੜ ਨਾਲ ਬੰਨ੍ਹ ਕੇ ਪੁੱਠਾ ਟੰਗ ਛੱਡਿਆ ਹੈ। ਇਸ ਤਰ੍ਹਾਂ ਦੀ ਸਥਿਤੀ ਵਿਚ ਜਦੋਂ ਅਸੀਂ ਭਾਰਤ ਅੰਦਰ ਇਸ ਖਲਜਗਣ ਵਿਰੁੱਧ ਉੱਠੀਆਂ ਸਮਾਜਕ ਕ੍ਰਾਂਤੀਆਂ ਦਾ ਫਲਸਫਾ ਲਿਖ ਰਹੇ ਹਾਂ, ਪੜ੍ਹ ਰਹੇ ਹਾਂ, ਸੋਚ ਰਹੇ ਹਾਂ, ਸਮਝ ਰਹੇ ਹਾਂ, ਸਮਝਾਉਣ ਦੀਆਂ ਵਿਧੀਆਂ ਬਣਾ ਰਹੇ ਹਾਂ ਤਾਂ ਬਿਨਾਂ ਸ਼ੱਕ ਅਸੀਂ ਆਪਣੇ ਛੋਟੇ ਯਤਨਾਂ ਦਾ ਇਹ ਮੁਲਾਂਕਣ ਜ਼ਰੂਰ ਕਰ ਰਹੇ ਹਾਂ ਕਿ ਲੂਣ ਦੀ ਖਾਨ ਵਿਚ ਸਭ ਕੁਝ ਲੂਣ ਹੋ ਜਾਂਦਾ ਹੈ। ਵਿਸ਼ਵ ਦੀਆਂ ਸਭ ਤੋਂ ਸ਼ਾਨਦਾਰ ਮਾਨਵੀ ਕ੍ਰਾਂਤੀਆਂ ਇਥੇ ਅਧਰਮ ਦੀ ਲੂਣੀ ਖਾਨ ਨੇ ਖਾ ਲਈਆਂ ਹਨ ਤਾਂ ਚਿੜੀ ਵਿਚਾਰੀ ਕੀ ਕਰੂ, ਠੰਢਾ ਪਾਣੀ ਪੀ ਕੇ ਮਰਨ ਤੋਂ ਬਿਨਾਂ।

ਫਿਰ ਵੀ ਜੀਵਨ ਤਾਂ ਜਿਊਣ ਦਾ ਨਾਂਅ ਹੈ। ਬਾਬਾ ਸਾਹਿਬ ਨੇ ਕਿਹਾ **ਸੀ ਕਿ** ਸੰਘਰਸ਼ ਕਰਦਿਆਂ ਜਿਊਣਾ ਆਪਣੇ ਲਈ, ਆਪਣੇ ਲੋਕਾਂ ਲਈ ਇਹ ਉੱਤਮ **ਜੀਵਨ**

ਦਾ ਨਮੂਨਾ ਹੈ। ਮਰਨਾ ਤਾਂ ਸਭ ਨੇ ਹੈ ਪਰ ਮਰਨ ਦਾ ਢੰਗ ਤਾਂ ਬਦਲਿਆ ਜਾ ਸਕਦਾ ਹੈ।

ਇਹ ਪੁਸਤਕ ਇਕ ਅਜੇਹੇ ਖਿਆਲ ਉੱਤੇ ਰਚੀ ਗਈ ਹੈ ਕਿ 'ਮੈਂ ਹਿੰਦੂ ਨਹੀਂ ਮਰੂੰਗਾ'। ਅਸੀਂ ਇਸ ਖਿਆਲ ਨੂੰ ਚਾਰ ਪੜਾਵਾਂ ਦੇ ਸੰਘਰਸ਼ ਦੀ ਕਸਵੱਟੀ 'ਤੇ ਰੱਖਿਆ ਤੇ ਪਰਖਿਆ ਹੈ। ਅਸੀਂ ਇਸੇ ਖਿਆਲ ਨੂੰ ਬੁੱਧ ਕ੍ਰਾਂਤੀ ਨਾਲ, ਸਿੱਖ ਕ੍ਰਾਂਤੀ ਨਾਲ ਤੇ ਫਿਰ ਫੂਲੇ ਕ੍ਰਾਂਤੀ ਨਾਲ ਮਾਪ ਤੋਲ ਕੇ ਪਰਖਿਆ ਹੈ ਤੇ ਇਸ ਨਤੀਜੇ 'ਤੇ ਪਹੁੰਚੇ ਹਾਂ ਕਿ ਆਰੀਅਨ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਰੱਦ ਕਰਨ ਦੇ ਸਮੁੱਚੇ ਸੰਘਰਸ਼ ਦਾ ਨਾਂਅ ਅਤੇ ਉਦੇਸ਼ ਹੈ 'ਮੈਂ ਹਿੰਦੂ ਨਹੀਂ ਮਰੂੰਗਾ'। ਉਪਕਾਰ, ਮਨੁੱਖੀ ਬਰਾਬਰੀ, ਪ੍ਰੀਤ, ਭਾਈਚਾਰੇ ਅਤੇ ਮਨੁੱਖੀ ਆਜ਼ਾਦੀ ਦੇ ਉਦੇਸ਼ ਅਤੇ ਪ੍ਰਾਪਤੀ ਦਾ ਨਾਂਅ ਹੈ, 'ਮੈਂ ਹਿੰਦੂ ਨਹੀਂ ਮਰੂੰਗਾ।' ਵਿਦਵਾਨੀ, ਵਿਦਵਤਾ, ਬਿਬੇਕ, ਬੁੱਧੀ, ਬੁੱਧੀਮਾਨੀ, ਦਾਰਸ਼ਨਿਕਤਾ, ਸਿਆਣਪ, ਵਿੱਦਿਆ, ਚਿੰਤਨ, ਉਪਕਾਰ, ਦ੍ਰਿਸ਼ਟੀ, ਸਾਂਝੀਵਾਲਤਾ, ਸਮਾਨਤਾ, ਅਨੰਦ, ਮੁਕਤੀ, ਮੋਕਸ਼ ਨਿਰਬਾਣ ਆਦਿ ਸਭ ਦਾ ਭੇਦ ਭਰਿਆ ਪਿਆ ਹੈ ਇਸ ਇਕ ਸਤਰ 'ਮੈਂ ਹਿੰਦੂ ਨਹੀਂ ਮਰੂੰਗਾ' ਵਿਚ। ਇਸ ਇਕ ਸਤਰ ਵਿਚ, ਪਿਤਾਮਾ ਬੁੱਧ, ਸਤਿਗੁਰ ਨਾਮਦੇਵ, ਸਤਿਗੁਰ ਕਬੀਰ, ਸਤਿਗੁਰ ਰਵਿਦਾਸ, ਸਤਿਗੁਰ ਸੈਣ, ਗੁਰੂ ਨਾਨਕ, ਗੁਰੂ ਅਰਜਨ, ਗੁਰੂ ਗੋਬਿੰਦ ਸਿੰਘ, ਗੁਰੂ ਗ੍ਰੰਥ, ਜੋਤੀਰਾਓ ਫੂਲੇ, ਸ਼ਾਹੂ ਛਤਰਪਤੀ, ਪੇਰੀਆਰ ਰਾਮਾ ਸਵਾਮੀ, ਨਾਈਕਰ, ਨਰਾਇਣਾ ਗੁਰੂ, ਬਿਰਸਾ ਮੁੰਡਾ, ਗੁਰੂ ਚੰਦ ਠਾਕਰ, ਹਰੀ ਚੰਦ ਠਾਕਰ, ਸਤਨਾਮੀ ਰਾਮਨਾਮੀ, ਆਦਿ ਧਰਮ, ਬਾਬੂ ਮੰਗੂ ਰਾਮ ਤੇ ਬਾਬਾ ਸਾਹਿਬ ਅੰਬੇਡਕਰ ਸਭ ਸਮਾਏ ਹੋਏ ਹਨ, ਇਕ ਸੁਰ ਹੋ ਕੇ।

ਤੇ ਅਸੀਂ ਇਨ੍ਹਾਂ ਯੁੱਗ-ਪੁਰਖਾਂ ਦੇ ਜੀਵਨ ਸੰਘਰਸ਼, ਵਿਚਾਰਧਾਰਾ ਤੇ ਉਦੇਸ਼ ਨੂੰ 'ਮੈਂ ਹਿੰਦੂ ਨਹੀਂ ਮਰੂੰਗਾ' ਦੀ ਭਾਵਨਾ ਦੀ ਕਸਵੱਟੀ 'ਤੇ ਰੱਖ ਕੇ ਸਮਰੂਪ ਵੇਖਿਆ ਪਰਖਿਆ ਤੇ ਪਾਇਆ ਹੈ। ਪਾਠਕ ਹਰ ਖਿਆਲ ਨੂੰ ਪੜ੍ਹਦਿਆਂ ਇਹ ਧਿਆਨ ਰੱਖਣ ਕਿ ਹਰ ਮਹਾਂਪੁਰਖ 'ਮੈਂ ਹਿੰਦੂ ਨਹੀਂ ਮਰੂੰਗਾ' ਦੀ ਸਪਿਰਟ ਅਧੀਨ ਜੀਵਨ ਸੰਘਰਸ਼ ਵਿਚੋਂ ਗੁਜ਼ਰਦਾ ਸਾਫ ਨਜ਼ਰ ਆ ਰਿਹਾ ਹੈ। ਅੰਤ ਵਿਚ ਇਕ ਗੱਲ ਜ਼ਰੂਰ ਕਹਿਣੀ ਬਣਦੀ ਹੈ ਕਿ ਧੰਨ ਹਨ ਉਹ ਸਭ ਲੋਕ, ਉਹ ਜਿਥੇ ਵੀ ਹਨ, ਇਸ ਦੇਸ ਵਿਚ, ਬਦੇਸ ਵਿਚ, ਵਰਣ, ਜਾਤ ਜਾਂ ਹੋਰ ਧਰਮਾਂ ਵਿਚ, ਜੋ ਬੁੱਧ ਦੇ ਧਰਮ, ਸਿੱਖ ਧਰਮ, ਮਹਾਤਮਾ ਫੂਲੇ ਅਤੇ ਅੰਬੇਡਕਰ ਦੇ ਧਰਮ ਜਾਂ ਮਨੁੱਖੀ ਬਰਾਬਰੀ, ਨਿਆਂ, ਭਾਈਚਾਰਾ, ਪ੍ਰੇਮ ਅਤੇ ਅਜ਼ਾਦੀ ਦੀ ਸਥਾਪਨਾ ਲਈ, ਵਰਨ ਜਾਤ ਦਾ ਬੀਜ ਨਾਸ ਕਰਨ ਲਈ ਲੜ ਰਹੇ ਹਨ, ਕੁਝ ਕਰ ਰਹੇ ਹਨ, ਸੋਚ ਰਹੇ ਹਨ, ਸਮਝ ਰਹੇ ਹਨ ਤੇ ਜਨਤਾ ਤੀਕ ਉਸ ਸੋਚ ਦਾ ਬੀਜਾਂਕਣ ਕਰ ਰਹੇ ਹਨ। ਉਹ ਸਭ ਸੱਚਮੁੱਚ ਮਹਾਨ ਹਨ। ਉਨ੍ਹਾਂ ਨੂੰ ਕਿਸੇ ਖਿੱਤੇ, ਕਿਸੇ ਧਰਮ, ਕਿਸੇ ਪਹਿਰਾਵੇ, ਕਿਸੇ ਨਸਲ ਕਿਸੇ ਜਾਤ, ਵਰਣ ਜਾਂ ਲਿੰਗ ਵਿਚ ਨਹੀਂ ਬੰਨ੍ਹਿਆ ਜਾ ਸਕਦਾ।

ਉਹ ਸਭ ਸੱਚਮੁੱਚ ਧੰਨ ਹਨ ਤੇ ਅਸੀਂ ਅਜਿਹੇ ਸਭ ਮਨੁੱਖਾਂ ਨੂੰ ਨਤਮਸਤਕ ਹੁੰਦੇ ਹਾਂ, ਇਸ ਉਮੀਦ ਨਾਲ ਕਿ ਕਦੀ ਤਾਂ ਸਾਡੇ ਸੁਪਨਿਆਂ ਦੀ ਸਵੇਰ ਜ਼ਰੂਰ ਚੜ੍ਹੇਗੀ। ਇਹ ਪੁਸਤਕ ਇਸੇ ਆਸ਼ੇ ਨੂੰ ਸਮਰਪਤ ਹੈ। ਇਸ ਨੂੰ ਭਾਰਤ ਦੀ ਧਰਤੀ 'ਤੇ ਵਰਤੀਆਂ ਸਮਾਜਕ ਤੇ ਧਰਮ ਕ੍ਰਾਂਤੀਆਂ ਦੀ ਸੋਚ ਤੋਂ ਬਿਨਾਂ ਸਮਝਿਆ ਜਾਣਾ ਮੁਸ਼ਕਲ ਸੀ। ਇਸ ਲਈ ਇਕ ਨਿਰੰਤਰ ਵਿਚਾਰ ਤੇ ਉਦੇਸ਼ ਨੂੰ ਸੂਤਰਬੱਧ ਕਰਨ ਦਾ ਯਤਨ ਕੀਤਾ ਹੈ ਅਸੀਂ, ਆਪਣੇ ਲੋਕਾਂ ਦੀ ਪ੍ਰਵਾਨਗੀ ਲਈ।

6 ਜੁਲਾਈ 2003 ਗੁਰਨਾਮ ਸਿੰਘ, ਮੁਕਤਸਰ

ਭਾਗ ਪਹਿਲਾ

ਜੀਵਨ ਦਾ ਮੂਲ ਉਦੇਸ਼
'ਮੈਂ ਹਿੰਦੂ ਨਹੀਂ ਮਰੂੰਗਾ'

"ਜਿਥੋਂ ਤੱਕ ਮੇਰਾ ਆਪਣਾ ਸਵਾਲ ਹੈ ਇਹ ਮੰਦਭਾਗੀ ਗੱਲ ਹੈ ਕਿ ਮੈਂ ਹਿੰਦੂ ਅਛੂਤ ਜਨਮਿਆ ਹਾਂ, ਇਸ ਨੂੰ ਰੋਕਣਾ ਮੇਰੇ ਵੱਸ ਤੋਂ ਬਾਹਰ ਦੀ ਗੱਲ ਸੀ, ਪਰ ਇਕ ਗੱਲ ਯਕੀਨਨ ਮੇਰੇ ਵੱਸ ਵਿਚ ਹੈ ਕਿ ਮੈਂ ਅਜੇਹੀਆਂ ਗੈਰਤਹੀਣ ਅਤੇ ਅਪਮਾਨਜਨਕ ਸਥਿਤੀਆਂ ਵਿਚ ਰਹਿਣ ਤੋਂ ਇਨਕਾਰੀ ਹੋ ਜਾਵਾਂ, ਇਸ ਲਈ ਮੈਂ ਤੁਹਾਨੂੰ ਸੰਜੀਦਗੀ ਨਾਲ ਭਰੋਸਾ ਦਿਵਾਉਂਦਾ ਹਾਂ ਕਿ ਭਾਵੇਂ ਮੈਂ ਹਿੰਦੂ ਜਨਮਿਆ ਸੀ, ਮੈਂ ਹਿੰਦੂ ਰਹਿੰਦਿਆਂ ਮਰੂੰਗਾ ਨਹੀਂ।" 'ਅੰਬੇਡਕਰ ਅਤੇ ਬੁੱਧ ਧਰਮ', ਸਫਾ 78-79 ਜਨ ਸਾਹਿਤ ਪ੍ਰਕਾਸ਼ਨ ਲਾਂਬੜਾ।

ਬਾਬਾ ਸਾਹਿਬ ਡਾ: ਅੰਬੇਡਕਰ ਦੇ ਉਪਰੋਕਤ ਵਿਚਾਰ ਮੈਂ ਕੋਈ ਵੀਹ ਵਰ੍ਹੇ ਪਹਿਲਾਂ ਪੜ੍ਹ ਲਏ ਸਨ ਪ੍ਰੰਤੂ ਇਨ੍ਹਾਂ ਨੂੰ ਤਹਿ ਤੱਕ ਸਮਝਣ 'ਤੇ ਮੈਨੂੰ ਪੂਰੇ ਦੋ ਦਹਾਕੇ ਦਾ ਸਮਾਂ ਲੱਗਾ ਹੈ। 15 ਅਪ੍ਰੈਲ ਨੂੰ ਜਦੋਂ ਮੈਂ ਪਿੰਡ ਸੁਰਾਪੁਰ ਨਜ਼ਦੀਕ ਬੰਗਾ-ਨਵਾਂਸ਼ਹਿਰ ਵਿਖੇ ਇਕੱਤਰ ਹੋਏ ਦਲਿਤ ਬਹੁਜਨ ਸਮਾਜ ਸਾਹਮਣੇ ਕੋਈ ਵਿਚਾਰ ਪੇਸ਼ ਕਰਨ ਲਈ ਤਿਆਰ ਹੋ ਰਿਹਾ ਸੀ ਤਾਂ ਇਹ ਸ਼ਬਦ ਕਿ 'ਮੈਂ ਹਿੰਦੂ ਪੈਦਾ ਹੋਇਆ, ਇਹ ਮੇਰੇ ਵੱਸ ਦੀ ਗੱਲ ਨਹੀਂ ਸੀ ਪ੍ਰੰਤੂ ਮੈਂ ਹਿੰਦੂ ਰਹਿੰਦਿਆਂ ਮਰੂੰਗਾ ਨਹੀਂ, ਇਹ ਮੇਰੇ ਵੱਸ ਦੀ ਗੱਲ ਹੈ' ਇਕ ਵਾਰ ਫੇਰ ਬਾਬਾ ਸਾਹਿਬ ਦੇ ਜਨਮ ਦਿਨ 'ਤੇ ਇਕ ਬੁੱਧ ਧਰਮੀ ਬਣ ਗਏ ਪੰਜਾਬੀ ਅਛੂਤ ਦੇ ਮੂੰਹੋਂ ਨਿਕਲ ਕੇ ਮੇਰੇ ਜ਼ਿਹਨ ਤੱਕ ਫੈਲ ਗਏ ਤੇ ਉਸ ਦਿਨ ਪਲਾਂ ਛਿਣਾਂ ਵਿਚ ਮੈਂ ਪਹਿਲੀ ਵਾਰ ਇਨ੍ਹਾਂ ਸ਼ਬਦਾਂ ਦੀ ਧੁਰ ਤਹਿ ਤੱਕ ਪਹੁੰਚਣ ਲਈ ਆਪਣੇ ਆਪ ਨੂੰ ਤਿਆਰ ਕਰ ਲਿਆ। ਪਿਛਲੇ ਦੋ ਦਹਾਕਿਆਂ ਵਿਚ ਧਰਮ ਅਤੇ ਅਧਰਮ ਸਬੰਧੀ ਮੈਂ ਖੁੱਲ੍ਹੇ ਵਿਚਾਰ ਪੇਸ਼ ਕੀਤੇ ਹਨ ਪ੍ਰੰਤੂ ਬਾਬਾ ਸਾਹਿਬ ਦੇ ਇਸ ਪੂਰਨ ਪ੍ਰਵਰਤਨ ਸੰਦੇਸ਼ ਉੱਤੇ ਇਕਾਗਰਤਾ ਨਾਲ ਕੇਂਦਰਤ ਹੋ ਕੇ ਕਦੀ ਨਹੀਂ ਸੀ ਲਿਖਿਆ ਤੇ ਇਸ ਵਿਸ਼ੇ 'ਤੇ ਉਸ ਦਿਨ ਮੈਂ ਕਰੀਬ ਇਕ ਘੰਟੇ ਤੋਂ ਵੱਧ ਸਮਾਂ ਬੋਲ ਸਕਿਆ ਸਾਂ। ਮੈਨੂੰ ਸਪੱਸ਼ਟ ਹੋ ਗਿਆ ਸੀ ਕਿ ਭਾਰਤ ਅੰਦਰ ਸਮਾਜਕ ਇਨਕਲਾਬ ਦਾ ਕੋਈ ਮੂਲ-ਮੰਤਰ ਹੈ ਤਾਂ ਬਸ ਇਹੋ ਹੈ, ਜਿਸ ਨੂੰ ਸਮਝਣ 'ਤੇ ਬਹੁਤ ਦੇਰ ਲੱਗ ਗਈ ਹੈ। ਦੂਜਿਆਂ ਉਤਲਿਆਂ ਮੋਹਰੀਆਂ ਨੂੰ ਇਸ ਨੂੰ ਸਮਝਣ ਤੇ ਦੱਸਣ ਦੀ ਜ਼ਰੂਰਤ ਨਹੀਂ ਸੀ ਪਰ ਅਸੀਂ ਸਦੀਆਂ ਦੇ ਪਛੜਿਆਂ ਨੇ ਇਨਕਲਾਬ ਦੇ ਮੂਲ-ਮੰਤਰ ਨੂੰ ਸਮਝਣ ਲਈ ਲੰਬੀ ਦੇਰ ਲਗਾ ਦਿੱਤੀ ਸੀ ਤੇ ਮੈਂ ਖੁਦ ਪਹਿਲੀ ਵਾਰ ਇਨ੍ਹਾਂ ਸ਼ਬਦਾਂ ਦੀ ਬੱਲਜ਼ੀ ਸਾਰੀ ਗਹਿਰਾਈ ਤੱਕ ਉੱਤਰਿਆ ਸਾਂ। ਬਾਬਾ ਸਾਹਿਬ ਦੁਆਰਾ ਕਰੀਬ ਸੱਤ ਦਹਾਕੇ

ਪਹਿਲਾਂ ਸੋਚੀ ਸਮਝੀ ਅਤੇ ਕਹੀ ਗੱਲ ਨੂੰ ਪਿਛਲੀਆਂ ਸਾਰੀਆਂ ਸਮਾਜਕ ਪ੍ਰਵਰਤਨ ਲਹਿਰਾਂ ਦੇ ਪ੍ਰਸੰਗ ਵਿਚ ਖੁਲਾਸਾ ਕਰਕੇ ਇਕ ਵੱਖਰਾ ਅਤੇ ਅਨੋਖਾ ਅਨੁਭਵ ਮਹਿਸੂਸ ਕੀਤਾ ਸੀ।

ਭਾਰਤ ਵਿਚ ਪਿਛਲੇ ਹਜ਼ਾਰਾਂ ਸਾਲਾਂ ਵਿਚ ਅਨੇਕ ਵਾਰ ਧਰਮ ਪ੍ਰਵਰਤਨ ਹੋਏ ਹਨ। ਦੁਨੀਆਂ ਦੇ ਵੱਡੇ ਤੇ ਵਿਸ਼ੇਸ਼ ਧਰਮਾਂ ਨੇ ਭਾਰਤ ਦੀ ਅਬਾਦੀ ਨੂੰ ਵਾਰ-ਵਾਰ ਵੱਖਰੀ ਜਾਤੀ ਵਿਚ ਲਿਆਂਦਾ ਹੈ। ਇਸ ਲਈ ਅਸੀਂ ਹਮੇਸ਼ਾ ਇਹ ਗੱਲ ਕਹੀ ਕਿ ਭਾਰਤ ਅੰਦਰ ਧਰਮ ਪ੍ਰਵਰਤਨ ਹੀ ਅਸਲ ਵਿਚ ਸਮਾਜਕ ਇਨਕਲਾਬ ਵਜੋਂ ਸਥਾਪਤ ਹੋਇਆ ਹੈ ਜਿਸ ਨੂੰ ਅਵਿੱਦਿਆ ਤੇ ਮਲੀਨ ਬੁੱਧੀ ਕਾਰਨ ਦੇਸ਼ ਦਾ ਸ਼ੂਦਰ ਗੁਲਾਮ ਸਮਾਜ ਸਮਝ ਨਹੀਂ ਸਕਿਆ ਤੇ ਜਿਸ ਧਰਮ ਵਿਰੁੱਧ ਵਾਰ-ਵਾਰ ਧਰਮ ਪ੍ਰਵਰਤਨ ਹੁੰਦੇ ਰਹੇ ਉਹ ਧਰਮ ਹੈ ਰਿੱਗ ਵੇਦ, ਵੇਦ, ਸ਼ਾਸਤਰ, ਪੁਰਾਣ, ਮਨੂੰ ਸਿਮਰਤੀ, ਗੀਤਾ ਅਤੇ ਰਮਾਇਣ ਦਾ ਆਰੀਅਨ ਵੈਦਿਕ ਧਰਮ, ਜਿਸ ਦੀ ਸਾਰੀ ਬੁਨਿਆਦ ਮਨੁੱਖੀ ਊਚ-ਨੀਚ, ਵਰਣ ਜਾਤ, ਭਿੰਨ ਭੇਦ, ਛੂਤ-ਛਾਤ ਅਤੇ ਨਫਰਤ ਉੱਤੇ ਟਿਕੀ ਹੋਈ ਹੈ, ਜੋ ਮਨੁੱਖੀ ਸਮੂਹਾਂ ਨੂੰ ਵੰਡ ਕੇ, ਤੋੜ ਕੇ, ਅਸਲੋਂ ਕਮਜ਼ੋਰ ਨਤਾਣਾ ਤੇ ਬੁੱਧੀਹੀਣ ਕਰ ਦਿੰਦਾ ਹੈ।

ਇਸ ਵੈਦਿਕ ਧਰਮ ਵਿਰੁੱਧ ਪਹਿਲਾਂ ਬੁੱਧ ਦਾ ਧਰਮ ਉੱਠਿਆ, ਫੇਰ ਇਸਲਾਮ ਨੇ ਇਸ 'ਤੇ ਤਕੜਾ ਹਮਲਾ ਕੀਤਾ, ਫਿਰ ਈਸਾ ਦੇ ਧਰਮ ਨੇ, ਫਿਰ ਸਿੱਖ ਧਰਮ ਨੇ ਤੇ ਅੰਤ ਇਸ ਉੱਤੇ ਬਾਬਾ ਸਾਹਿਬ ਡਾ: ਅੰਬੇਡਕਰ ਨੇ ਇਹ ਕਹਿ ਕੇ ਹਮਲਾ ਕੀਤਾ ਕਿ ਉਹ ਹਿੰਦੂ ਜਨਮਿਆ, ਇਹ ਉਸਦੀ ਮਜਬੂਰੀ ਸੀ, ਬੇਵਸੀ ਸੀ, ਪ੍ਰੰਤੂ ਉਹ ਹਿੰਦੂ ਰਹਿੰਦਿਆਂ ਮਰੇਗਾ ਨਹੀਂ, ਇਹ ਉਸਦੇ ਵੱਸ ਦੀ ਗੱਲ ਹੈ।

ਸੰਸਾਰ ਪ੍ਰਸਿੱਧ ਵਿਦਵਾਨ, ਰਾਜਨੀਤੀਵਾਨ, ਅਰਥ ਸ਼ਾਸਤਰੀ, ਸਮਾਜ ਵਿਗਿਆਨੀ, ਧਰਮਯੋਧਾ, ਦਾਰਸ਼ਨਿਕ ਦਾਨਸ਼ਵਰ ਮਨੁੱਖ ਦੀਆਂ ਇਨ੍ਹਾਂ ਦੋ ਤਿੰਨ ਸਤਰਾਂ ਵਿਚ ਹੀ ਭਾਰਤ ਦਾ ਮੁਕੰਮਲ ਇਨਕਲਾਬ ਭਰਿਆ ਪਿਆ ਹੈ। ਇਹ ਗੱਲ ਦੋ ਦਹਾਕਿਆਂ ਦੇ ਜ਼ੋਰਦਾਰ ਗਿਆਨ ਨੂੰ ਪੜ੍ਹਨ, ਸਮਝਣ ਤੇ ਵਿਚਾਰਨ ਉਪਰੰਤ ਮੈਨੂੰ 15 ਅਪ੍ਰੈਲ 2003 ਨੂੰ ਇਕ ਜਨਸਭਾ ਵਿਚ ਪੂਰੀ ਸਮਝ ਪਈ। ਅਕਸਰ ਲੋਕ ਕਹਿੰਦੇ ਹਨ ਕਿ ਬਾਬਾ ਸਾਹਿਬ ਨੇ ਹਿੰਦੂ ਧਰਮ ਨੂੰ ਤਿਆਗਿਆ ਤੇ ਉਹ ਬੁੱਧ ਹੋ ਗਏ। ਅੱਜ ਉਨ੍ਹਾਂ ਦੁਆਰਾ ਬੁੱਧ ਹੋਣ ਦੇ ਮਾਰਗ ਉੱਤੇ ਆ ਗਏ ਲੋਕ ਇਹ ਸਮਝਦੇ ਹਨ ਕਿ ਹਿੰਦੂ ਧਰਮ ਤੋਂ ਮੁਕਤੀ ਦਾ ਇਕੋ ਹੱਲ ਹੈ, ਬੁੱਧ ਹੋ ਜਾਣਾ। ਭਾਵ ਜਦੋਂ ਹੀ ਭਾਰਤ ਦਾ ਦਲਿਤ ਅਛੂਤ ਜਾਂ ਪਛੜਿਆ ਬੰਦਾ ਕਿਸੇ ਵੀ ਥਾਂ ਜਾਂ ਧਾਰਮਕ ਸਮੂਹ ਵਿਚੋਂ ਨਿਕਲ ਕੇ ਬੁੱਧ ਬਣ ਜਾਵੇਗਾ ਤੇ ਆਪਣਾ ਧਰਮ ਬੁੱਧ ਧਰਮ ਲਿਖਣਾ ਸ਼ੁਰੂ ਕਰ ਦੇਵੇਗਾ ਤਾਂ ਆਪਣੇ ਆਪ ਪ੍ਰਵਰਤਨ ਵਾਪਰ ਜਾਵੇਗਾ। ਮੁਕਤੀ ਹੋ ਜਾਵੇਗੀ। ਇਸੇ ਲਈ ਪੂਰੇ ਮੁਲਕ ਵਿਚ ਦਲਿਤ ਬਹੁਜਨਾਂ ਵਲੋਂ ਹਿੰਦੂ ਧਰਮ ਨੂੰ ਖਾਸ ਤੌਰ 'ਤੇ ਅਲਵਿਦਾ ਕਹਿੰਦਿਆਂ ਬੁੱਧ ਦੇ ਧਰਮ ਵਿਚ ਆ ਜਾਣ ਨੂੰ ਹੀ ਸਮਾਜਕ ਪ੍ਰਵਰਤਨ ਜਾਂ ਮੁਕਤੀ ਸਮਝ ਕੇ, ਲੋਕਾਂ ਨੂੰ ਬੁੱਧ ਧਰਮ ਵਿਚ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ ਪ੍ਰੰਤੂ ਇਸ ਸਧਾਰਨ ਬਦਲ ਦਾ ਇਨਕਲਾਬ ਤੇ ਮੁਕਤੀ ਵਿਚ ਬਦਲ ਜਾਣਾ, ਅਸਾਨੀ ਨਾਲ ਯਕੀਨੀ ਨਹੀਂ ਬਣ ਸਕਦਾ। ਕਿਉਂਕਿ ਇਹ ਪ੍ਰਵਰਤਨ ਬਹੁਤ ਵਾਰ ਹੋਏ ਪ੍ਰੰਤੂ ਕੁਝ ਵੀ ਬਦਲਿਆ, ਬਣਿਆ ਤੇ ਸਥਾਪਤ ਨਹੀਂ ਹੋਇਆ ਸਗੋਂ ਸਭ ਕੁਝ ਪੁੱਠੇ ਗੇੜੇ ਪੈ ਗਿਆ। ਬੰਦੇ ਸਿਰਫ ਧਰਮ ਬਦਲਦੇ ਹਨ, ਉਦੇਸ਼ ਨਹੀਂ ਬਦਲਦੇ।

ਬੇਸ਼ੱਕ ਇਸ ਧਾਰਨਾ ਵਿਚ ਗਲਤ ਕੁਝ ਵੀ ਨਹੀਂ ਪ੍ਰੰਤੂ ਬਾਬਾ ਸਾਹਿਬ ਦੁਆਰਾ

ਇਹ ਕਹਿਣਾ ਕਿ ਉਹ ਹਿੰਦੂ ਦੇ ਤੌਰ 'ਤੇ ਮਰੇਗਾ ਨਹੀਂ; ਇਸਦਾ ਅਰਥ ਮੇਰੀ ਸਮਝ ਅਨੁਸਾਰ ਕੇਵਲ ਬੋਧ ਹੋ ਜਾਣਾ ਹੀ ਨਹੀਂ ਹੈ। ਬੁੱਧ ਹੋ ਜਾਣ ਦਾ ਅਰਥ ਬਹੁਤ ਵਿਸ਼ਾਲ ਹੈ, ਜਿਸ ਦੀ ਚਰਚਾ ਕਰਨ ਲਈ ਮੈਨੂੰ ਇਹ ਰਚਨਾ ਲਿਖਣੀ ਬਹੁਤ ਜ਼ਰੂਰੀ ਮਹਿਸੂਸ ਹੋਈ ਹੈ ਕਿਉਂਕਿ ਮੇਰੇ ਸਾਹਮਣੇ ਇਹ ਪ੍ਰਸ਼ਨ ਵਾਰ-ਵਾਰ ਉਠਾਇਆ ਜਾ ਰਿਹਾ ਹੈ ਕਿ ਧਰਮ ਦੇ ਮਾਮਲੇ ਵਿਚ ਸਾਡਾ ਰਸਤਾ ਕੀ ਹੋਵੇ। ਸੋ ਇਸ ਵਰਤਾਰੇ ਨੂੰ ਸਮਝਣ ਲਈ ਸਾਨੂੰ ਭਾਰਤ ਦੇ ਅੰਦਰ ਵਾਪਰੇ ਧਾਰਮਕ ਪ੍ਰਵਰਤਨਾਂ ਨੂੰ ਪੂਰੀ ਤਰ੍ਹਾਂ ਵਿਚਾਰਨਾ ਅਤੇ ਸਮਝਣਾ ਪਵੇਗਾ। ਇਸ ਸਮਝ ਤੋਂ ਬਿਨਾਂ ਪਹਿਲਾਂ ਵਾਂਗ ਹੀ ਸਭ ਕੁਝ ਅਜਾਈਂ ਚਲਾ ਜਾਵੇਗਾ, ਬਦਲੇਗਾ ਕੁਝ ਨਹੀਂ। ਜੇ ਬਦਲਣਾ ਕੁਝ ਨਹੀਂ ਤਾਂ ਧਰਮ ਜਾਂ ਰੱਬ ਬਦਲ ਲੈਣ ਦਾ ਵੀ ਕੋਈ ਅਰਥ ਨਹੀਂ। ਹੁਣ ਇਸ ਵਿਚ ਕੋਈ ਸ਼ੱਕ ਨਹੀਂ ਰਿਹਾ ਕਿ ਦਲਿਤ ਬਹੁਜਨ ਭਾਰਤ ਅੰਦਰ ਸਵਰਨ ਹਿੰਦੂਆਂ ਨੂੰ ਛੱਡ ਕੇ, ਅੱਸੀ ਕਰੋੜ ਤੋਂ ਵਧੇਰੇ ਗਿਣਤੀ ਵਿਚ ਹੈ। ਸਭ ਤੋਂ ਵੱਧ ਗਿਣਤੀ ਉਸ ਦੀ ਹਿੰਦੂ ਸਮਾਜ ਵਿਚ ਹੈ। ਸਵਰਨ ਹਿੰਦੂ ਰਲਾ-ਮਿਲਾ ਕੇ 15 ਫੀਸਦੀ ਤੋਂ ਵੀ ਘੱਟ ਹਨ। ਬਾਕੀ ਸਾਰੇ ਹਿੰਦੂ ਦਲਿਤ ਪਛੜੇ ਹਨ, ਉਹ ਹਿੰਦੂ ਨਹੀਂ ਪ੍ਰੰਤੂ ਉਨ੍ਹਾਂ ਨੂੰ ਹਿੰਦੂ ਧਰਮੀ ਬਣਾ ਕੇ ਬਹੁਗਿਣਤੀ ਸਥਾਪਤ ਕਰ ਲਈ ਗਈ ਹੈ। ਜਿਨ੍ਹਾਂ ਦੇ ਨਾਲ-ਨਾਲ 90 ਫੀਸਦੀ ਦਲਿਤ-ਬਹੁਜਨ, ਸਿੱਖ ਹੈ, ਇਸਾਈ ਹੈ, ਮੁਸਲਮਾਨ ਹੈ, ਰਾਧਾ ਸਵਾਮੀ ਹੈ, ਨਿਰੰਕਾਰੀ ਹੈ, ਸੱਚੇ ਸੌਦੇ ਵਾਲਾ ਤੇ ਹੋਰ ਵੀ ਕਈ ਕੁਝ ਹੈ। ਭਾਰਤ ਦੇ ਪਚਾਸੀ ਕਰੋੜ ਮੂਲਵਾਸੀ ਹਿੰਦੂ ਧਰਮੀ ਜਿਆਦਾ ਹਨ। ਸਿੱਖ, ਇਸਾਈ ਤੇ ਮੁਸਲਮਾਨ ਰਲਾ-ਮਿਲਾ ਕੇ ਚੌਦਾਂ-ਪੰਦਰਾਂ ਕਰੋੜ ਹਨ। ਬਾਕੀ ਪਚਾਸੀ ਕਰੋੜ ਵਿਚੋਂ ਦਸ ਕਰੋੜ ਸਵਰਨ ਹਿੰਦੂ ਹਨ। ਪਚੱਤਰ ਕਰੋੜ ਦੇ ਕਰੀਬ ਉਹ ਹਿੰਦੂ ਹਨ ਜੋ ਮੂਲ ਰੂਪ ਵਿਚ ਹਿੰਦੂ ਨਹੀਂ ਹਨ ਪਰ ਹਿੰਦੂ ਬਣ ਗਏ ਹਨ। ਇਨ੍ਹਾਂ ਦਾ ਬਦਲ ਜਾਣਾ ਹੀ ਭਾਰਤ ਵਿਚ ਸਮਾਜਕ ਇਨਕਲਾਬ ਹੋਵੇਗਾ।

ਸਾਡਾ ਸੁਆਲ ਹੈ 'ਮੈਂ ਹਿੰਦੂ ਮਰੂੰਗਾ ਨਹੀਂ'। ਹਿੰਦੂ ਜੋ ਸਵਰਨਾਂ ਨੂੰ ਛੱਡ ਕੇ, ਸਾਰੇ ਦਾ ਸਾਰਾ ਬੁੱਧ ਸਮਾਜ ਸੀ, ਓਹੀ ਹਿੰਦੂ ਬਣ ਜਾਣ ਲਈ ਇਕ ਸਮੇਂ ਮਜਬੂਰ ਹੋਇਆ ਤੇ ਉਸੇ ਸਾਰੇ ਹਿੰਦੂ ਬਣੇ ਸਮੂਹ ਵਿਚੋਂ ਸੁਚੇਤ ਮਨੁੱਖਾਂ ਨੇ ਹਿੰਦੂ ਧਰਮ ਨੂੰ ਤਿਆਗਿਆ ਅਤੇ ਮੁਸਲਮਾਨ ਬਣੇ। ਉਹ ਫਿਰ ਸਿੱਖ ਬਣੇ। ਫਿਰ ਇਸਾਈ ਬਣੇ ਤੇ ਫਿਰ ਤੋਂ ਬੁੱਧ ਬਣੇ। ਇਹ ਧਰਮ ਬਦਲੀ ਨਹੀਂ ਹੈ। ਮੁਕਤੀ ਦਾ ਮਾਰਗ ਹੈ, ਰੱਬ ਦੀ ਅਦਲ ਬਦਲ ਨਹੀਂ, ਸਮਾਜਕ ਪ੍ਰਵਰਤਨ ਹੈ। ਜੇ ਧਰਮ ਬਦਲੀ ਦਾ ਉਦੇਸ਼ ਸਮਾਜਕ ਪ੍ਰਵਰਨ ਅਤੇ ਪ੍ਰੇਮ ਭਾਈਚਾਰੇ ਵਿਚ ਨਹੀਂ ਬਦਲਦਾ ਤਾਂ ਧਰਮ ਬਦਲੀ ਮਾਨਸਿਕ ਭੁੱਖ ਪੂਰੀ ਕਰਨ ਤੋਂ ਬਿਨਾਂ ਕੁਝ ਵੀ ਅਰਥ ਨਹੀਂ ਰੱਖਦੀ।

ਇਹ ਜੋ ਹਿੰਦੂ ਧਰਮ 'ਚੋਂ ਨਿਕਲ ਕੇ, ਮੁਸਲਮਾਨ ਬਣੇ, ਸਿੱਖ-ਇਸਾਈ ਬਣੇ, ਬੁੱਧ ਬਣੇ, ਹੋਰ ਸਭ ਧਰਮਾਂ ਵਿਚ ਚਲੇ ਗਏ ਕੀ ਇਨ੍ਹਾਂ ਨੇ ਅਸਲ ਤੇ ਅਮਲ ਵਿਚ ਹਿੰਦੂ ਧਰਮ ਨੂੰ ਤਿਆਗਿਆ? ਕੀ ਉਹ ਹਿੰਦੂ ਨਹੀਂ ਮਰਦੇ? ਕੀ 'ਮੈਂ ਹਿੰਦੂ ਨਹੀਂ ਮਰੂੰਗਾ' ਦਾ ਅਰਥ, ਨਾਂ ਅਤੇ ਸ਼ਕਲ ਬਦਲ ਲੈਣ ਤੱਕ ਸੀਮਤ ਹੈ? ਜਿੰਨੀ ਦੇਰ ਤੱਕ ਇਸ ਦਾ ਅਸਲੀ ਮਨੋਰਥ ਪੱਲੇ ਨਹੀਂ ਪੈਂਦਾ ਧਰਮ ਬਦਲੀ ਬੇਮਾਅਨਾ ਰਹੇਗੀ। ਮੇਰਾ ਖਿਆਲ ਹੈ, ਜੇ ਅਸੀਂ ਏਨੀ ਗੱਲ ਹੀ ਸਮਝਦੇ ਹਾਂ ਧਰਮ ਬਦਲਣ ਨੂੰ ਤਾਂ ਅਸੀਂ ਪੂਰੀ ਤਰ੍ਹਾਂ ਅਣਜਾਣ ਵੀ ਹਾਂ ਤੇ ਗਲਤ ਵੀ ਕਿਉਂਕਿ ਮੈਂ ਹਿੰਦੂ ਮਰੂੰਗਾ ਨਹੀਂ ਦਾ ਅਰਥ ਤਿੰਨ ਹਜ਼ਾਰ ਵਰ੍ਹਿਆਂ ਦੇ ਸਮਾਜਕ, ਧਾਰਮਕ, ਰਾਜਨੀਤਕ, ਨੈਤਿਕ, ਵਿੱਦਿਅਕ, ਸਭਿਆਚਾਰਕ, ਆਰਥਕ ਪ੍ਰਵਰਤਨਾਂ ਨਾਲ ਗੰਢਿਆ ਤਰੁੱਪਿਆ ਵਰਤਾਰਾ ਹੈ, ਜਿਸ ਨੂੰ ਨਾ ਅਲੱਗ ਕੀਤਾ ਜਾ

ਸਕਦਾ ਹੈ, ਨਾ ਅਲੱਗ ਕਰਕੇ ਸਮਝਿਆ ਜਾ ਸਕਦਾ ਹੈ ਤੇ ਨਾ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ।

ਅਸੀਂ ਹੀ ਮੁਸਲਮਾਨ ਬਣੇ, ਅਸੀਂ ਹੀ ਸਿੱਖ, ਇਸਾਈ ਤੇ ਬੁੱਧ ਬਣੇ, ਅਸੀਂ ਹੀ ਹਿੰਦੂ ਧਰਮ ਨੂੰ ਤਿਆਗਿਆ ਪ੍ਰੰਤੂ ਅਸੀਂ ਹੀ ਹਾਂ ਜਿਨ੍ਹਾਂ ਨੂੰ ਇਹ ਸਮਝਣ ਦੀ ਪੂਰੀ ਜ਼ਰੂਰਤ ਹੈ ਕਿ 'ਮੈਂ ਹਿੰਦੂ ਮਰੂੰਗਾ ਨਹੀਂ' ਦਾ ਅਸਲ ਵਿਚ ਅਰਥ ਕੀ ਹੈ। ਇਹ ਐਲਾਨ ਕੋਰਾ ਸ਼ਕਲ ਨਾਲ ਸਰੋਕਾਰ ਨਹੀਂ ਰੱਖਦਾ। ਜੇ ਸ਼ਕਲ ਨਾਲ ਸਰੋਕਾਰ ਰੱਖਦਾ ਹੁੰਦਾ ਤਾਂ ਹਿੰਦੂਆਂ ਤੋਂ ਮੁੜ ਸਿੱਖ ਬਣੇ, ਇਸਾਈ ਬਣੇ, ਬੋਧੀ ਜਾਂ ਮੁਸਲਮਾਨ ਬਣੇ, ਦਲਿਤ ਪੱਛੜੇ ਹਿੰਦੂਵਾਦ ਤੋਂ ਪੂਰੀ ਤਰ੍ਹਾਂ ਮੁਕਤ ਹੁੰਦੇ, ਜਦੋਂ ਕਿ ਅਜੇਹਾ ਨਹੀਂ ਹੋਇਆ। ਧਰਮ ਅਤੇ ਸ਼ਕਲ ਬਦਲ ਜਾਣ ਨਾਲ, ਅਜੇਹੀ ਅਵਸਥਾ ਵਿਚ ਹਿੰਦੂ ਨਾ ਰਹਿਣ ਨਾਲ, ਇਨ੍ਹਾਂ ਸਭ ਲੋਕਾਂ ਨੇ ਹਿੰਦੂ ਧਰਮ ਦੀਆਂ ਪਰੰਪਰਾਵਾਂ, ਰਵਾਇਤਾਂ, ਜੀਵਨ ਲੀਹਾਂ ਤੇ ਸੋਚਾਂ ਦਾ ਤਿਆਗ ਨਹੀਂ ਕੀਤਾ। ਦੇਖਣ ਨੂੰ ਉਹ ਹਿੰਦੂ ਨਹੀਂ ਰਹੇ। ਦੇਖਣ ਨੂੰ ਉਨ੍ਹਾਂ ਨੇ ਸ਼ਕਲ ਬਦਲ ਲਈ। ਪ੍ਰੰਤੂ ਜੀਵਨ ਜਿਉਣ ਵੇਲੇ ਉਹ ਹਿੰਦੂ ਹੋਣ ਦੇ ਪ੍ਰਮਾਣ ਨਾਲੋਂ ਨਾਲ ਲਈ ਫਿਰਦੇ ਸਾਫ ਦਿਸਦੇ ਹਨ। ਅੰਦਰੋਂ ਉਹ ਬਹੁਤਾ ਹਿੰਦੂ ਵਾਂਗ ਜਿਉਂਦੇ ਹਨ। ਜੋ ਮੁਸਲਮਾਨ ਅਛੂਤ ਹਿੰਦੂਆਂ ਤੋਂ ਮੁਸਲਮਾਨ ਬਣੇ ਉਹ ਮੁਸੱਲੀ ਅਖਵਾਏ। ਉਥੇ ਵੀ ਉਹ ਨੀਵੇਂ ਦਰਜੇ ਦੇ ਮੁਸਲਮਾਨ ਰਹੇ। ਜੋ ਸਿੱਖ ਬਣੇ, ਜਿੰਨੇ ਵੀ ਬਣੇ, ਬ੍ਰਾਹਮਣ ਤੋਂ ਲੈ ਕੇ ਚੂੜ੍ਹੇ ਤੱਕ ਉਹ ਜਾਤ-ਪਾਤ, ਊਚ-ਨੀਚ, ਛੂਤ-ਛਾਤ ਅਤੇ ਵਰਨ ਭਾਵ ਆਪਣਾ ਪੋੜਾ ਨਾਲ ਲੈ ਕੇ ਆਏ। ਨਾ ਉਨ੍ਹਾਂ ਨੇ ਬ੍ਰਾਹਮਣ ਦਾ ਲੜ ਛੱਡਿਆ, ਨਾ ਬ੍ਰਾਹਮਣ ਦੇ ਵੈਦਿਕ ਢਾਂਚੇ ਦਾ। ਨਾ ਵੈਦਕੀ ਦੇਵੀ ਦੇਵਤਿਆਂ ਅਤੇ ਭਗਵਾਨਾਂ ਦਾ, ਨਾ ਤੀਰਥਾਂ ਦਾ, ਨਾ ਪੂਜਾ ਅਰਚਣਾ ਅਤੇ ਮੱਸਿਆ ਪੁੰਨਿਆ ਦਾ। ਸਿੱਖ ਸ਼ਕਲ ਪੱਖੋਂ ਤਾਂ ਹਿੰਦੂ ਉੱਕਾ ਨਜ਼ਰ ਨਹੀਂ ਆਉਂਦੇ ਪ੍ਰੰਤੂ ਜੀਵਨ ਤੌਰ ਵੱਲੋਂ ਉਹ ਨਿਰੇ ਹਿੰਦੂ ਹਨ। ਇਹ ਸਗੋਂ ਖਤਰਨਾਕ ਹਿੰਦੂਆਂ ਤੋਂ ਵੀ ਵੱਧ ਕੇ ਹਨ। ਇਸੇ ਤਰ੍ਹਾਂ ਨੱਬੇ ਫੀਸਦੀ ਦਲਿਤ ਪਛੜੇ ਤੇ ਅਛੂਤ ਕਬੀਲੇ, ਇਸਾਈ ਬਣੇ। ਇਸਾਈ ਬਣਨ ਨਾਲ ਉਨ੍ਹਾਂ ਦਾ ਜਾਤੀ ਰੁਤਬਾ ਤੇ ਜਾਤੀ ਵੰਡ ਨਹੀਂ ਬਦਲੀ। ਉਨ੍ਹਾਂ ਨੇ ਹਿੰਦੂ ਧਰਮ ਦੀਆਂ ਰਸਮਾਂ ਨੂੰ, ਮੁਸਲਮਾਨਾਂ ਵਾਂਗ ਹਿੰਦੂ ਧਰਮ ਦੀਆਂ ਹੋਰ ਰੀਤਾਂ ਰਸਮਾਂ ਤੇ ਪਛਾਣਾਂ ਨੂੰ, ਦੇਵੀ-ਦੇਵਤਿਆਂ ਤੇ ਭਗਵਾਨਾਂ ਨੂੰ, ਪੂਰੀ ਤਰ੍ਹਾਂ ਤਿਆਗਿਆ ਪ੍ਰੰਤੂ ਜਾਤ ਵਰਨ ਨੂੰ ਨਹੀਂ ਛੱਡਿਆ।

ਯਾਦ ਰਹੇ ਕਿ ਹਿੰਦੂ ਵੈਦਿਕ ਆਰੀਆ ਧਰਮ ਵਰਣ ਜਾਤ ਤੇ ਊਚ-ਨੀਚ ਤੋਂ ਬਿਨਾਂ ਹੋਰ ਹੈ ਹੀ ਕੁਝ ਨਹੀਂ। ਇਸ ਧਰਮ ਦੇ ਦੇਵੀ ਦੇਵਤੇ, ਭਗਵਾਨ, ਅਵਤਾਰ, ਤੀਰਥ, ਮੰਦਰ, ਬ੍ਰਾਹਮਣ, ਮੰਤਰ ਪਾਠ ਤੇ ਗ੍ਰੰਥ ਸਭ ਦੇ ਸਭ, ਵਰਣ ਜਾਤ, ਊਚ ਨੀਚ ਤੇ ਛੂਤ-ਛਾਤ ਨੂੰ ਕਾਇਮ ਰੱਖਣ ਦੇ ਜ਼ੋਰਦਾਰ ਵਸੀਲੇ ਹਨ। ਜੇ ਇਸਾਈ, ਮੁਸਲਮਾਨ ਜਾਂ ਬੋਧੀ ਬਣ ਜਾਣ ਨਾਲ ਬੰਦਾ, ਵਰਣ ਜਾਤ ਤੇ ਊਚ-ਨੀਚ ਦੀ ਭਾਵਨਾ ਨੂੰ ਨਹੀਂ ਤਿਆਗਦਾ, ਨਹੀਂ ਗੁਆਉਂਦਾ ਤਾਂ ਉਹ ਹਿੰਦੂ ਧਰਮ ਤਿਆਗ ਕੇ ਵੀ ਹਿੰਦੂ ਹੀ ਮਰੇਗਾ। ਸਿੱਖਾਂ ਨੇ ਤਾਂ ਹਿੰਦੂ ਧਰਮ ਦੀ ਹਰ ਰੀਤ ਤੇ ਮੰਨਤ ਮਨੌਤ ਨੂੰ ਪੂਰੀ ਤਰ੍ਹਾਂ ਪਾਲ ਕੇ ਰੱਖਿਆ ਹੋਇਆ ਹੈ। ਉਹ ਤਾਂ ਇਸਾਈਆਂ, ਮੁਸਲਮਾਨਾਂ ਤੇ ਬੋਧੀਆਂ ਜਿਨਾ ਅਦਲ ਬਦਲ ਵੀ ਨਹੀਂ ਕਰ ਸਕੇ। ਉਤਲੀਆਂ ਜਾਤਾਂ ਦੇ ਸਿੱਖਾਂ ਤੇ ਦਲਿਤ ਪਛੜੇ ਸਿੱਖਾਂ ਵਿਚਕਾਰ ਬਹੁਤ ਪਾੜਾ ਹੈ। ਬੰਦਾ ਸਿੰਘ ਬਹਾਦਰ ਦੀ ਮੌਤ ਤੋਂ ਬਾਅਦ, ਮਿਸਲਾਂ ਬਣ ਜਾਣ ਨਾਲ ਸਿੱਖਾਂ ਵਿਚ ਜਾਤ ਨੇ ਮੁੜ ਜ਼ੋਰ ਫੜ ਲਿਆ ਸੀ। ਅਛੂਤ ਸਾਂਸੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ

ਬ੍ਰਾਹਮਣਾਂ ਨੇ ਉਸ ਦੇ ਰਾਜਪਾਠ ਅਤੇ ਸਿੱਖ ਧਰਮ 'ਤੇ ਪੂਰਾ ਕਬਜ਼ਾ ਜਮਾ ਲਿਆ ਸੀ।

ਇਸ ਲਈ ਜਦੋਂ ਬਾਬਾ ਸਾਹਿਬ ਇਹ ਕਹਿੰਦੇ ਹਨ ਕਿ ਉਹ 'ਹਿੰਦੂ ਨਹੀਂ ਮਰੇਗਾ' ਤਾਂ ਇਸਦਾ ਅਰਥ ਹੈ ਮੁਕੰਮਲ ਪ੍ਰਵਰਤਨ। ਜੀਵਨ ਤੇ ਮਰਨ ਦਾ ਪੂਰਨ ਬਦਲਾਅ। ਸੋਚਣ ਸਮਝਣ ਤੇ ਮੰਨਣ ਦੀ ਪੂਰਨ ਤਬਦੀਲੀ। ਇੱਕ ਤੋਂ ਪੂਰਾ ਤੋੜ-ਵਿਛੋੜਾ ਦੂਜੇ ਨਾਲ ਪੂਰੀ ਰਸਾਈ। ਪੂਰਾ ਇਨਕਲਾਬ।

ਹੁਣ ਅਸੀਂ ਇਹ ਕਹਿਣ ਦਾ ਯਤਨ ਕਰਾਂਗੇ ਕਿ ਜਦੋਂ ਬਾਬਾ ਸਾਹਿਬ ਇਹ ਕਹਿੰਦੇ ਹਨ ਕਿ ਉਹ ਹਿੰਦੂ ਜੰਮੇ ਜ਼ਰੂਰ ਸਨ ਪ੍ਰੰਤੂ ਹਿੰਦੂ ਰਹਿ ਕੇ ਮਰਨਗੇ ਨਹੀਂ ਤਾਂ ਇਸ ਦਾ ਅਰਥ ਅਸੀਂ ਪਿਛਲੇ ਹਜ਼ਾਰਾਂ ਵਰ੍ਹਿਆਂ ਦੇ ਸਮਾਜਕ ਰਾਜਨੀਤਕ, ਵਿਚਾਰਧਾਰਕ, ਧਾਰਮਕ, ਸਭਿਆਚਾਰਕ ਵਰਤਾਰੇ ਅਤੇ ਸਮੇਂ-ਸਮੇਂ ਵਿਚ ਵਾਪਰੀਆਂ ਸਮਾਜਕ ਲਹਿਰਾਂ ਵਿਚੋਂ ਹੀ ਲੱਭ ਸਕਦੇ ਹਾਂ। ਜੇ ਅਸੀਂ ਬਾਬਾ ਸਾਹਿਬ ਦੇ ਕਥਨ ਅਤੇ ਉਨ੍ਹਾਂ ਦੇ ਧਰਮ ਪ੍ਰਵਰਤਨ ਤੱਕ ਸੀਮਤ ਹੋ ਜਾਵਾਂਗੇ ਤਾਂ ਆਪਣੇ ਹੀ ਮੁਕਤੀਦਾਤਾ ਅਤੇ ਮਾਰਗਦਰਸ਼ਕਾਂ ਨਾਲ ਸਿੱਧਾ ਅਨਿਆਂ ਤੇ ਪਾਪ ਕਰ ਰਹੇ ਹੋਵਾਂਗੇ। ਆਪਣੇ ਮਾਰਗ ਨੂੰ ਖੋਰਾ ਲਾ ਰਹੇ ਹੋਵਾਂਗੇ। ਆਪਣੇ ਪੈਰੀਂ ਕੁਹਾੜਾ ਮਾਰ ਰਹੇ ਹੋਵਾਂਗੇ। ਆਪਣਾ ਅੱਗਾ ਵਿਗਾੜ ਰਹੇ ਹੋਵਾਂਗੇ। ਇਕ ਨਵੀਂ ਮੂਰਖਤਾ ਨੂੰ ਆਪਣੇ ਜੀਵਨ ਨਾਲ ਜੋੜ ਰਹੇ ਹੋਵਾਂਗੇ।

ਇਕ ਵਾਕਿਆ ਹੈ, ਜਦੋਂ ਬਾਬਾ ਸਾਹਿਬ ਨੇ 1927 ਵਿਚ ਮਨੂੰ ਸਿਮਰਤੀ ਨੂੰ ਜਨਤਕ ਤੌਰ 'ਤੇ ਆਪਣੇ ਹੱਥੀਂ ਜਲਾਇਆ। ਕੀ ਮਨੂੰ ਸਿਮਰਤੀ ਦੇ ਜਲ ਜਾਣ ਨਾਲ ਵੈਦਿਕ ਧਰਮ ਜਾਂ ਜਾਤਪਾਤ ਦਾ ਬੀਜ ਨਾਸ ਹੋ ਗਿਆ? ਨਹੀਂ, ਕੁਝ ਨਹੀਂ ਹੋਇਆ। ਉਹ ਇਕ ਪੈਦਾ ਹੋਏ ਇਨਕਲਾਬੀ ਖਿਆਲ ਦਾ ਬਾਹਰੀ ਪ੍ਰਗਟਾਵਾ ਸੀ। ਗੁੱਸੇ ਦਾ ਇਜ਼ਹਾਰ। ਕਿ ਅਛੂਤ ਮਨੂੰ ਦੇ ਵਿਧਾਨ ਨੂੰ ਪ੍ਰਵਾਨ ਨਹੀਂ ਕਰਦਾ। ਜੇ ਪ੍ਰਵਾਨ ਨਹੀਂ ਕਰਦਾ ਤਾਂ ਚਾਹੁੰਦਾ ਕੀ ਹੈ? ਉਹ ਹੈ ਸਮਾਜਕ ਕ੍ਰਾਂਤੀ। ਹਿੰਦੂਵਾਦ ਤੋਂ ਮੁਕਤੀ। ਜਾਤ ਵਰਣ ਤੋਂ ਛੁਟਕਾਰਾ। ਉਹ ਉਸ ਸੋਚ ਦਾ ਪ੍ਰਗਟਾਵਾ ਸੀ ਜੋ ਜ਼ਾਹਰ ਕਰਦੀ ਸੀ ਕਿ ਅਛੂਤ ਪਛੜੇ ਉਨ੍ਹਾਂ ਵੈਦਿਕ ਵਿਧਾਨਾਂ ਤੋਂ ਮੁਕਤ ਹੋਣ ਦੀ ਭਾਵਨਾ ਜੋੜ ਰਹੇ ਹਨ ਜੋ ਉਨ੍ਹਾਂ ਨੂੰ ਸਦੀਆਂ ਤੋਂ ਗੁਲਾਮ ਅਤੇ ਜ਼ਲੀਲ ਕਰਕੇ ਰੱਖ ਰਹੀ ਹੈ। ਇਹ ਵਿਰੋਧੀ ਧਿਰ ਨੂੰ ਚਿਤਾਵਨੀ ਸੀ ਕਿ ਭਵਿੱਖ ਵਿਚ ਕੀ ਕੁਝ ਵਾਪਰਨ ਵਾਲਾ ਹੈ। ਉਹ ਪੀੜਤ ਸਮਾਜ ਲਈ ਤਿਆਰੀ ਕਰਨ ਦਾ ਇਕ ਉਪਦੇਸ਼ ਜਿਹਾ ਸੀ ਕਿ ਉਨ੍ਹਾਂ ਨੇ ਆਖਰ ਮੁਕਤ ਹੋਣ ਲਈ ਕੀ ਕਰਨਾ ਹੈ ਤੇ ਇਹ ਸਮਝਣਾ ਹੈ ਕਿ ਇਹ ਸਭ ਕਰਨਾ ਕਿਉਂ ਹੈ।

ਇਸ ਗੱਲ ਨੂੰ ਸਾਫ ਕਰਨ ਲਈ ਡਾ: ਅੰਬੇਡਕਰ ਦਾ ਇਹ ਕਥਨ ਹੈ : 'ਜਾਤ ਤਾਂ ਇਕ ਵਿਸ਼ਵਾਸ ਹੈ ਅਤੇ ਇਹ ਮਨ ਦੀ ਇਕ ਹਾਲਤ ਹੈ। ਇਸ ਲਈ ਜਾਤ ਦੇ ਮਲੀਆ-ਮੇਟ ਕਰ ਦੇਣ ਦਾ ਅਰਥ ਇਕ ਦੇਹਧਾਰੀ ਰੁਕਾਵਟ ਦਾ ਖੁਰਾ ਖੋਜ ਮਿਟਾਉਣਾ ਨਹੀਂ, ਇਸ ਦਾ ਅਰਥ ਹੈ ਰਾਏ ਦੀ ਤਬਦੀਲੀ' (91) 'ਜਾਂ ਦੁਸ਼ਮਣ ਉਹ ਸ਼ਾਸਤਰ ਹਨ ਜੋ ਜਾਤ-ਪਾਤ ਦਾ ਧਰਮ ਸਿਖਾਉਂਦੇ ਹਨ।

'ਅਸਲੀ ਇਲਾਜ ਹੈ ਸ਼ਾਸਤਰਾਂ ਦੀ ਪਵਿੱਤਰਤਾ ਵਿਚ ਵਿਸ਼ਵਾਸ ਖਤਮ ਕਰਨਾ।' (91) ਕਿਉਂਕਿ ਲੋਕਾਂ ਦੇ ਕੰਮ ਕੇਵਲ ਉਨ੍ਹਾਂ ਦੇ ਦਿਮਾਗਾਂ ਉਤੇ ਸ਼ਾਸਤਰਾਂ ਦੇ ਨਕਸ਼ ਕੀਤੇ ਵਿਸ਼ਵਾਸਾਂ ਦਾ ਫਲ ਹਨ। ਲੋਕ ਆਪਣਾ ਵਤੀਰਾ ਉਸ ਵੇਲੇ ਤੱਕ ਨਹੀਂ ਬਦਲਣਗੇ, ਜਦ ਤੱਕ ਉਹ ਸ਼ਾਸਤਰਾਂ ਦੀ ਪਵਿੱਤਰਤਾ ਵਿਚ ਵਿਸ਼ਵਾਸ, ਜਿਨ੍ਹਾਂ ਉੱਤੇ ਉਨ੍ਹਾਂ ਦਾ ਵਤੀਰਾ ਅਧਾਰਤ ਹੈ, ਨਹੀਂ ਤਿਆਗਦੇ।' (91-92)

'ਇਸ ਲਈ ਤੁਹਾਨੂੰ ਉਸੇ ਅਸੂਲ 'ਤੇ ਡਟ ਕੇ ਖੜ੍ਹਾ ਹੋਣਾ ਪਵੇਗਾ ਜਿਸ ਉੱਤੇ ਭਗਵਾਨ ਬੁੱਧ ਡਟ ਕੇ ਖੜੋਤੇ ਸਨ। ਤੁਹਾਨੂੰ ਉਸੇ ਅਸੂਲ 'ਤੇ ਖੜ੍ਹਾ ਹੋਣਾ ਪਵੇਗਾ ਜਿਸ 'ਤੇ ਗੁਰੂ ਨਾਨਕ ਡਟ ਕੇ ਖੜੋਤੇ ਸਨ।' 'ਤੁਹਾਨੂੰ ਬੁੱਧ ਅਤੇ ਨਾਨਕ ਦੀ ਤਰ੍ਹਾਂ ਉਨ੍ਹਾਂ ਸ਼ਾਸਤਰਾਂ ਦੇ ਹੁਕਮਾਂ ਨੂੰ ਗਲਤ ਕਹਿਣਾ ਚਾਹੀਦਾ ਹੈ।' (92)

ਇਸ ਦਾ ਹੱਲ ਡਾ: ਅੰਬੇਡਕਰ ਇਉਂ ਦੱਸਦੇ ਹਨ ਕਿ :

"ਜਾਤ ਦੀ ਨੀਂਹ ਰੱਬੀ ਮੰਨੀ ਜਾਂਦੀ ਹੈ ਇਸ ਲਈ ਤੁਹਾਨੂੰ ਉਸ ਪਵਿੱਤਰਤਾ ਅਤੇ ਰੱਬੀਪਣ ਜਿਸ ਦੇ ਵਿਚ ਜਾਤ ਲਪੇਟੀ ਹੋਈ ਹੈ, ਨੂੰ ਮਲੀਆਮੇਟ ਕਰ ਦੇਣਾ ਚਾਹੀਦਾ ਹੈ।.... ਤੁਹਾਨੂੰ ਸ਼ਾਸਤਰਾਂ ਅਤੇ ਵੇਦਾਂ ਦੀ ਪ੍ਰਮਾਣਕਤਾ ਨੂੰ ਅਵੱਸ਼ ਮਲੀਆਮੇਟ ਕਰ ਦੇਣਾ ਚਾਹੀਦਾ ਹੈ।" (93) 'ਜਾਤਪਾਤ ਦਾ ਬੀਜ ਨਾਸ' ਲੇਖਕ ਡਾ: ਅੰਬੇਡਕਰ।

ਤੁਸੀਂ ਦੇਖੋ ਕਿ ਬਾਬਾ ਸਾਹਿਬ ਖਾਸ ਕਰਕੇ ਦੋ ਮਹਾਂਪੁਰਖਾਂ ਦਾ ਜ਼ਿਕਰ ਕਰਦੇ ਹਨ ਕਿ ਉਨ੍ਹਾਂ ਵਾਂਗ ਕੰਮ ਕਰਨਾ ਹੋਵੇਗਾ। ਮਹਾਤਮਾ ਬੁੱਧ ਵਾਂਗ ਤੇ ਗੁਰੂ ਨਾਨਕ ਵਾਂਗ। ਕੀ ਦੋਹਾਂ ਨੇ ਗੋਲੀ ਬਾਰੂਦ ਤੋਂ ਕੰਮ ਲਿਆ? ਕੀ ਉਨ੍ਹਾਂ ਹਿੰਦੂ ਵੈਦਿਕ ਧਰਮ ਵਿਰੁੱਧ ਕੋਈ ਜੰਗ ਲੜੀ? ਨਹੀਂ, ਕੋਈ ਨਹੀਂ। ਫਿਰ ਉਨ੍ਹਾਂ ਨੇ ਅਜੇਹਾ ਕੀ ਕੀਤਾ ਕਿ ਇਕ ਦਾਨਸ਼ਵਰ ਮਨੁੱਖ ਉਨ੍ਹਾਂ ਦੇ ਕਦਮਾਂ 'ਤੇ ਚੱਲਣ ਦੀ ਪ੍ਰੇਰਨਾ ਦਿੰਦਾ ਹੈ। ਉਹ ਇਹ ਕਿ ਇਨ੍ਹਾਂ ਦੋਹਾਂ ਨੇ ਆਪਣੀ-ਆਪਣੀ ਜਾਤ ਦਾ ਬ੍ਰਾਹਮਣੀ ਧਰਮ ਤਿਆਗ ਕੇ, ਹਥਿਆਰ ਨਾ ਉਠਾਉਂਦਿਆਂ, ਵੇਦਾਂ ਸ਼ਾਸਤਰਾਂ, ਪੁਰਾਣਾਂ, ਸਿਮਰਤੀਆਂ, ਬ੍ਰਾਹਮਣ ਤੇ ਉਸ ਦੇ ਦੇਵੀ-ਦੇਵਤਿਆਂ, ਤੀਰਥਾਂ, ਕਰਮਕਾਂਡਾਂ, ਵਿਸ਼ਵਾਸਾਂ, ਮੰਨਤਾਵਾਂ, ਨਰਕ-ਸੁਰਗ, ਭਗਵਾਨ, ਅਵਤਾਰ, ਤਪ ਤਪੱਸਿਆ, ਵਰਣ ਜਾਤ, ਊਚ-ਨੀਚ ਤੇ ਛੂਤ-ਛਾਤੀ ਭਿੱਟ, ਬ੍ਰਾਹਮਣੀ ਭੇਖ ਤੇ ਉਸ ਦੇ ਪਖੰਡ, ਛਲਕਪਟ, ਸਭ ਕੁਝ ਉੱਤੇ ਜ਼ਬਰਦਸਤ ਹਮਲੇ ਕੀਤੇ। ਉਨ੍ਹਾਂ ਨੂੰ, ਉਨ੍ਹਾਂ ਦੇ ਵਿਸ਼ਵਾਸਾਂ ਅਤੇ ਮਾਨਤਾਵਾਂ ਨੂੰ ਪੂਰੀ ਤਰ੍ਹਾਂ ਰੱਦ ਕੀਤਾ। ਬ੍ਰਾਹਮਣ ਦੇ ਕਰਮ ਕਾਂਡ ਤੇ ਹੁਕਮਨਾਮਿਆਂ ਦਾ ਪੂਰੀ ਤਰ੍ਹਾਂ ਤਿਆਗ ਕੀਤਾ ਅਤੇ ਇਕ ਆਮ ਅਤੇ ਪਾਰਬ੍ਰਹਮੀਂ ਕੁਦਰਤੀ ਸਿਸਟਮ ਦੀ ਪੈਦਾਵਾਰ ਮਨੁੱਖ ਦੀ ਬਰਾਬਰੀ ਦਾ ਅਸਲੀ ਉਦੇਸ਼ ਚਿਤਰਿਆ।

ਜਦੋਂ ਬਾਬਾ ਸਾਹਿਬ ਕਹਿੰਦੇ ਹਨ ਕਿ ਮੈਂ ਹਿੰਦੂ ਮਰੂੰਗਾ ਨਹੀਂ ਤਾਂ ਉਹ ਬੁੱਧ ਅਤੇ ਨਾਨਕ ਦੀ ਉਦਾਹਰਣ ਪੇਸ਼ ਕਰਦੇ ਹਨ। ਇਸ ਦਾ ਮਤਲਬ ਹੈ ਕਿ ਦੋਵੇਂ ਮਹਾਨ ਯੁੱਗ ਪੁਰਖ ਜੋ ਬ੍ਰਾਹਮਣੀ ਹਿੰਦੂ ਤਰਜ਼ ਦੇ ਜਾਤਪਾਤੀ ਵਰਨਕ ਸਮਾਜ ਵਿਚ ਪੈਦਾ ਤਾਂ ਹੋਏ ਪ੍ਰੰਤੂ ਜਦੋਂ ਉਨ੍ਹਾਂ ਨੇ ਮਨੁੱਖੀ ਭਲੇ ਲਈ ਘਰ-ਸੰਸਾਰ ਤਿਆਗਿਆ ਤਾਂ ਉਹ ਬ੍ਰਾਹਮਣ ਅਤੇ ਉਸ ਦੇ ਧਰਮ ਦੀ ਹਰ ਛੋਹ ਤੋਂ ਪੂਰਨ ਤੌਰ 'ਤੇ ਮੁਕਤ ਮਨੁੱਖ ਬਣ ਕੇ ਪੇਸ਼ ਹੋਏ।

ਉਸੇ ਪੱਖ ਨੂੰ ਪੇਸ਼ ਕਰਦਿਆਂ ਉਹ ਕਹਿੰਦੇ ਹਨ : 'ਜੇ ਤੁਸੀਂ ਜਾਤਪਾਤ ਸਿਸਟਮ ਵਿਚ ਪਾੜ ਲਗਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਉਨ੍ਹਾਂ ਵੇਦਾਂ ਅਤੇ ਸ਼ਾਸਤਰਾਂ ਨੂੰ ਗੋਲੇ ਨਾਲ ਉਡਾ ਦੇਣਾ ਪਵੇਗਾ ਜੋ ਦਲੀਲ ਨੂੰ ਕੋਈ ਹਿੱਸਾ ਦੇਣ ਤੋਂ ਇਨਕਾਰੀ ਹਨ।' ਉਨ੍ਹਾਂ ਵੇਦਾਂ ਅਤੇ ਸ਼ਾਸਤਰਾਂ ਨੂੰ ਬੰਬ ਨਾਲ ਉਡਾ ਦੇਣਾ ਹੋਵੇਗਾ ਜੋ ਸਦਾਚਾਰ ਨੂੰ ਕੋਈ ਹਿੱਸਾ ਦੇਣ ਤੋਂ ਇਨਕਾਰੀ ਹਨ। ਤੁਹਾਨੂੰ ਸ਼ੁਰਤੀਆਂ ਅਤੇ ਸਿਮ੍ਰਤੀਆਂ ਦਾ ਧਰਮ ਤਬਾਹ ਕਰਨਾ ਹੋਵੇਗਾ। ਕੋਈ ਵੀ ਹੋਰ ਗੱਲ ਬੇਫਾਇਦਾ ਹੋਵੇਗੀ। ਇਸ ਮਾਮਲੇ ਬਾਰੇ ਮੇਰਾ ਇਹ ਚੰਗੀ ਤਰ੍ਹਾਂ ਸੋਚਿਆ ਹੋਇਆ ਦ੍ਰਿਸ਼ਟੀਕੋਣ ਹੈ।' (105) (ਜਾਤਪਾਤ ਦਾ ਬੀਜ ਨਾਸ)। ਬੰਬ ਨਾਲ ਉਡਾਉਣ ਤੇ ਤਬਾਹ ਕਰਨ ਦਾ ਪੱਕਾ ਦ੍ਰਿਸ਼ਟੀਕੋਣ।

ਕੀ ਬਾਬਾ ਸਾਹਿਬ ਨੇ ਬੰਬ ਚਲਾਏ? ਬਾਰੂਦ ਵਰ੍ਹਾਇਆ? ਨਹੀਂ। ਤਾਂ ਅਜੇਹਾ

ਕਹਿਣ ਦਾ ਅਰਥ ਕੀ ਹੈ। ਉਹ ਇਹ ਕਿ ਐਨੇ ਜ਼ੋਰਦਾਰ ਵਿਰੋਧ ਤੋਂ ਬਿਨਾਂ ਜੜ੍ਹ ਜਮਾ ਚੁੱਕਾ, ਮਨੁੱਖ ਦਾ ਵਿਸ਼ਵਾਸ ਬਣ ਚੁੱਕਾ, ਮਨੋਬਿਰਤੀ ਬਣ ਚੁੱਕਾ ਸਿਸਟਮ, ਮਰਨ ਮੁੱਕਣ ਵਾਲਾ ਨਹੀਂ। ਸਿਸਟਮ ਨੂੰ ਪੂਰੀ ਤਰ੍ਹਾਂ ਤਬਾਹ ਕਰਨਾ ਪਵੇਗਾ। ਉਸ ਦੇ ਵਿਸ਼ਵਾਸ ਅਤੇ ਵਿਸ਼ਵਾਸ ਪੈਦਾ ਕਰਨ ਵਾਲੇ ਹਰ ਧਰਮਗ੍ਰੰਥ ਦੇ ਉਪਦੇਸ਼ ਨੂੰ ਪੂਰੀ ਤਰ੍ਹਾਂ ਰੱਦ ਕਰਨਾ ਪਵੇਗਾ। ਮੰਨਣ ਤੋਂ ਇਨਕਾਰੀ ਹੋਣਾ ਪਵੇਗਾ। ਪੂਰਨ ਇਨਕਾਰ। ਇਸ ਤੋਂ ਵੀ ਅੱਗੇ ਜੀਵਨ ਦਾ ਦ੍ਰਿਸ਼ਟੀਕੋਣ ਐਨਾ ਪੱਕਾ ਬਣਾਉਣਾ ਹੋਵੇਗਾ ਕਿ ਵੇਦਾਂ ਸ਼ਾਸਤਰਾਂ ਦਾ ਕੋਈ ਮਾਮੂਲੀ ਖਿਆਲ ਵੀ ਜੀਵਨ 'ਤੇ ਅਸਰ ਕਰਨ ਦੇ ਕਾਬਲ ਨਾ ਰਹਿ ਸਕੇ। ਬਾਬਾ ਸਾਹਿਬ ਦਾ ਕਥਨ ਹੈ 'ਮੈਂ ਕਹਿੰਦਾ ਹਾਂ ਕਿ ਇਸ ਪ੍ਰਕਾਰ ਦੇ ਧਰਮ ਦੀ ਤਬਾਹੀ ਲਈ ਕੰਮ ਕਰਨਾ ਕੋਈ ਅਪਵਿੱਤਰ ਗੱਲ ਨਹੀਂ।' (108)

ਇਸ ਦੇ ਅਰਥ ਹਨ, ਜੀਵਨ ਦੀਆਂ ਕਦਰਾਂ-ਕੀਮਤਾਂ ਵਿਚ ਪੂਰਨ ਤਬਦੀਲੀ। ਇਸ ਦੇ ਅਰਥ ਹਨ ਜੀਵਨ ਦੇ ਬੁਨਿਆਦੀ ਵਿਚਾਰਾਂ ਵਿਚ ਪੂਰਨ ਤਬਦੀਲੀ। ਇਸ ਦੇ ਅਰਥ ਹਨ, ਇਨਸਾਨਾਂ ਅਤੇ ਚੀਜ਼ਾਂ ਵੱਲ ਵਤੀਰੇ ਅਤੇ ਦ੍ਰਿਸ਼ਟੀਕੋਣ ਵਿਚ ਪੂਰਨ ਤਬਦੀਲੀ। ਇਹਦੇ ਅਰਥ ਹਨ, ਧਰਮ ਪ੍ਰਵਰਤਨ। ਪ੍ਰੰਤੂ ਜੇ ਤੁਸੀਂ ਇਹ ਸ਼ਬਦ ਪਸੰਦ ਨਹੀਂ ਕਰਦੇ ਤਾਂ ਮੈਂ ਕਹਾਂਗਾ ਇਸ ਦੇ ਅਰਥ ਹਨ 'ਨਵਾਂ ਜੀਵਨ।' ਪ੍ਰੰਤੂ ਨਵਾਂ ਜੀਵਨ ਅਜੇਹੇ ਸਰੀਰ ਵਿਚ ਦਾਖਲ ਨਹੀਂ ਹੋ ਸਕਦਾ ਜੋ ਮੁਰਦਾ ਹੋਵੇ। ਨਵਾਂ ਜੀਵਨ ਕੇਵਲ ਨਵੇਂ ਸਰੀਰ ਵਿਚ ਦਾਖਲ ਹੋ ਸਕਦਾ ਹੈ।.... ਇਸਤੋਂ ਪਹਿਲਾਂ ਕਿ ਕੋਈ ਨਵਾਂ ਸਰੀਰ ਹੋਂਦ ਵਿਚ ਆ ਸਕੇ, ਇਸ ਵਿਚ ਨਵੀਂ ਜ਼ਿੰਦਗੀ ਦਾਖਲ ਹੋ ਸਕੇ, ਪੁਰਾਣੇ ਸਰੀਰ ਨੂੰ ਜ਼ਰੂਰ ਮਰਨਾ ਪਵੇਗਾ। ਇਸ ਤੋਂ ਪਹਿਲਾਂ ਕਿ ਨਵਾਂ ਆਪਣੀ ਨਵੀਂ ਜ਼ਿੰਦਗੀ ਪ੍ਰਦਾਨ ਕਰ ਸਕੇ ਅਤੇ ਨਵੀਂ ਧੜਕਣ ਪੈਦਾ ਕਰ ਸਕੇ, ਪੁਰਾਣੇ ਦਾ ਅਸਰਦਾਰ ਹੋਣਾ ਜ਼ਰੂਰ ਖਤਮ ਕਰਨਾ ਪਵੇਗਾ।

ਇਹੋ ਸੀ ਮੇਰਾ ਮਤਲਬ ਜਦੋਂ ਮੈਂ ਕਿਹਾ ਸੀ ਕਿ ਤੁਹਾਨੂੰ ਸ਼ਾਸਤਰਾਂ ਦਾ ਅਧਿਕਾਰ ਰੱਦ ਕਰਨਾ ਪਵੇਗਾ ਅਤੇ ਸ਼ਾਸਤਰਾਂ ਦਾ ਧਰਮ ਤਬਾਹ ਕਰਨਾ ਪਵੇਗਾ। (112) (ਓਹੀ)।

ਜਦੋਂ ਅਸੀਂ ਉਪਰੋਕਤ ਵਖਿਆਨਾਂ ਨੂੰ ਪੜ੍ਹਦੇ, ਸਮਝਦੇ ਤੇ ਵਿਚਾਰਦੇ ਹਾਂ, ਪਰਖਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ 'ਮੈਂ ਹਿੰਦੂ ਮਰੂੰਗਾ ਨਹੀਂ' ਦਾ ਅਸਲ ਵਿਚ ਕੀ ਅਰਥ ਹੈ। ਜੇ ਅਸੀਂ ਏਨਾ ਹੀ ਸਮਝ ਤੇ ਮੰਨ ਲੈਂਦੇ ਹਾਂ ਕਿ ਹਿੰਦੂ ਰਹਿੰਦਿਆਂ ਨਾ ਮਰਨ ਦਾ ਅਰਥ ਸਿਰਫ ਬੁੱਧ ਹੋ ਜਾਣਾ ਹੈ ਤਾਂ ਅਸੀਂ ਹਨੇਰੇ ਵਿਚ ਹੋਵਾਂਗੇ, ਜਿਸ ਤਰ੍ਹਾਂ ਹੋ ਰਿਹਾ ਹੈ। ਜਿਸ ਕਰਕੇ ਸਾਨੂੰ ਭਾਰਤੀ ਸਮਾਜਕ ਇਨਕਲਾਬ ਦੇ ਮੂਲ-ਅਧਾਰ ਵਿਚਾਰ 'ਹਿੰਦੂ ਨਾ ਰਹਿਣ' ਦੀ ਵਿਆਖਿਆ ਕਰਨ ਵੱਲ ਵਿਸ਼ੇਸ਼ ਧਿਆਨ ਦੇਣ ਲਈ ਮਜਬੂਰ ਹੋਣਾ ਪਿਆ ਹੈ। ਜਿਵੇਂ ਬਾਬਾ ਸਾਹਿਬ ਕਹਿੰਦੇ ਹਨ ਕਿ ਜਾਤ ਪਾਤ ਨਿਰਸੰਦੇਹ ਮੁੱਖ ਤੌਰ 'ਤੇ ਹਿੰਦੂਆਂ ਦੀ ਸਮੱਸਿਆ ਹੈ। ਪਰ ਹਿੰਦੂਆਂ ਨੇ ਹਰ ਥਾਂ ਨੂੰ ਬਦਬੂਦਾਰ ਬਣਾ ਛੱਡਿਆ ਹੈ ਅਤੇ ਹਰ ਕੋਈ ਭਾਵੇਂ ਉਹ ਸਿੱਖ, ਮੁਸਲਮਾਨ ਜਾਂ ਇਸਾਈ ਹੋਵੇ ਇਸ ਰੋਗ ਦੀ ਛੂਤ-ਛਾਤ ਦਾ ਸ਼ਿਕਾਰ ਹੈ। (117)-('ਜਾਤਪਾਤ ਦਾ ਬੀਜ ਨਾਸ' ਡਾ: ਅੰਬੇਡਕਰ)।

ਡਾ: ਅੰਬੇਡਕਰ ਆਪਣੇ ਵਿਚਾਰ ਦੀ ਪੁਸ਼ਟੀ ਵਿਚ ਜਿਨ੍ਹਾਂ ਖਾਸ ਮਹਾਂਪੁਰਖਾਂ ਦਾ ਜ਼ਿਕਰ ਕਰਦੇ ਹਨ ਉਹ ਹਨ : ਪਿਤਾਮਾ ਬੁੱਧ, ਸੰਤ ਕਬੀਰ, ਗੁਰੂ ਨਾਨਕ ਅਤੇ ਮਹਾਤਮਾ ਜੋਤੀ ਰਾਓ ਫੂਲੇ।

ਇਨ੍ਹਾਂ ਵਿਚੋਂ ਤਿੰਨਾਂ ਭਾਵ ਬੁੱਧ, ਕਬੀਰ ਅਤੇ ਫੂਲੇ ਨੂੰ ਉਹ ਆਪਣੇ ਗੁਰੂ ਪ੍ਰਵਾਨ

ਕਰਦੇ ਹਨ। ਇਸ ਦਾ ਅਰਥ ਹੈ ਕਿ ਡਾ: ਅੰਬੇਡਕਰ ਦੇ ਤਿੰਨ ਗੁਰੂਆਂ ਵਿਚਕਾਰ ਓਹੀ ਦਾਰਸ਼ਨਿਕ ਤੇ ਸਮਾਜਕ ਇਨਕਲਾਬੀ ਸਾਂਝ ਹੈ, ਸੁਮੇਲਤਾ ਤੇ ਇਕਸੁਰਤਾ ਹੈ ਜੋ ਡਾ: ਅੰਬੇਡਕਰ ਲਈ 'ਹਿੰਦੂ ਨਾ ਰਹਿਣ' ਦੀ ਪ੍ਰੇਰਨਾ ਦਾ ਮੂਲ ਸਰੋਤ ਹੈ। ਇਸ ਕਥਨ ਤੋਂ ਇਕ ਗੱਲ ਇਹ ਵੀ ਉੱਭਰ ਕੇ ਸਾਹਮਣੇ ਆ ਜਾਂਦੀ ਹੈ ਕਿ ਅੰਬੇਡਕਰ ਦੇ ਤਿੰਨ ਗੁਰੂ ਦਰਅਸਲ ਭਾਰਤ ਅੰਦਰ ਵੈਦਿਕ ਆਰੀਆ ਹਿੰਦੂ ਧਰਮ ਵਿਰੁੱਧ ਵਾਪਰੀਆਂ ਤਿੰਨ ਸਮਾਜਕ ਕ੍ਰਾਂਤੀਆਂ ਹਨ, ਜਿਨ੍ਹਾਂ ਦਾ ਅਧਾਰ, ਮੂਲ ਉਦੇਸ਼ ਅਤੇ ਉਪਦੇਸ਼ ਇੱਕੋ ਸੀ। ਉਹ ਸੀ ਕਿ ਭਾਰਤ ਦੇ ਦੱਬੇ ਕੁਚਲੇ ਇਨਸਾਨ ਨੂੰ ਆਰੀਆ ਵੈਦਿਕ ਧਰਮ ਨੂੰ ਤਿਆਗ ਦੇਣਾ ਚਾਹੀਦਾ ਹੈ, ਹਿੰਦੂ ਨਹੀਂ ਰਹਿਣਾ ਚਾਹੀਦਾ, ਇਸੇ ਵਿਚ ਉਸ ਦੀ ਮੁਕਤੀ ਹੈ, ਉਸ ਦੀ ਬਰਾਬਰੀ ਭਲਾਈ ਅਤੇ ਤਰੱਕੀ ਹੈ। ਇਸੇ ਲਈ ਉਹ ਤਿੰਨ ਕ੍ਰਾਂਤੀਆਂ ਉਪਰੰਤ ਪਹਿਲਾਂ ਬੁੱਧ ਬਣਿਆ, ਫਿਰ ਸਿੱਖ ਤੇ ਫਿਰ ਭੀਮ ਯਾਨੀ ਬੁੱਧ। ਇਸੇ ਮੁਕਤੀ ਲਈ ਉਹ ਮੁਸਲਮਾਨ ਜਾਂ ਇਸਾਈ ਵੀ ਬਣਿਆ। ਕਿਉਂਕਿ ਪਹਿਲੀ ਕ੍ਰਾਂਤੀ ਨੇ ਬੁੱਧ ਅਤੇ ਬੁੱਧ ਹੋਣ ਦੇ ਮਨਸ਼ੇ ਨੂੰ ਪੂਰੀ ਤਰ੍ਹਾਂ ਪ੍ਰਗਟ ਕੀਤਾ, ਇਸ ਲਈ ਪੂਰਾ ਮੁਲਕ ਵੈਦਿਕ ਧਰਮ ਤੋਂ ਮੁਕਤ ਹੋ ਕੇ, ਵਿਸ਼ਵ ਦਾ ਸੁਨਹਿਰੀ ਯੁੱਗ ਅਖਵਾਇਆ। ਅਜੇਹਾ ਸਿੱਖ ਅਤੇ ਅੰਬੇਡਕਰੀ ਬੁੱਧ ਹੋਣ ਤੋਂ ਬਾਅਦ ਨਹੀਂ ਬਣ ਸਕਿਆ। ਗੱਲ ਥਾਏਂ ਹੀ ਰਹਿ ਗਈ। ਸਗੋਂ ਬੁੱਧ ਕ੍ਰਾਂਤੀ ਤੋਂ ਸਿੱਖੇ ਸਬਕਾਂ ਨੇ, ਬ੍ਰਾਹਮਣ ਦੀ ਜਮਾਤ ਨੂੰ ਹਰ ਦਿਸ਼ਾ ਵਿਚ ਏਨਾ ਨਿਪੁੰਨ ਬਣਾ ਦਿੱਤਾ ਕਿ ਉਸ ਨੇ ਹਰ ਕ੍ਰਾਂਤੀ ਨੂੰ ਉਸ ਦੇ ਅੰਦਰ ਵੜ ਕੇ ਤੇ ਬਾਹਰੋਂ ਹਮਲੇ ਕਰਕੇ, ਚਾਰੇ ਖਾਨਿਉਂ ਚਿੱਤ ਕਰ ਦਿੱਤਾ। ਇਸ ਲਈ ਕੋਈ ਜੋ ਬੁੱਧ ਬਣੇ, ਮੁਸਲਮਾਨ ਬਣੇ, ਸਿੱਖ ਜਾਂ ਇਸਾਈ ਬਣੇ, ਵੈਦਿਕ ਆਰੀਆ ਹਿੰਦੂ ਸਿਸਟਮ ਦਾ ਕੁਝ ਨਹੀਂ ਵਿਗਾੜ ਸਕੇ। ਉਹ ਆਪਣੀ ਤਾਕਤ ਨਾਲ ਅੱਜ ਤੱਕ ਸਿਰਾਂ ਉੱਤੇ ਕਾਲੇ ਜਾਦੂ ਵਾਂਗ ਚੜ੍ਹਿਆ ਬੋਲਦਾ ਤੇ ਗਰਜਦਾ ਹੈ।

ਇਸ ਸਥਿਤੀ ਵਿਚ 'ਮੈਂ ਹਿੰਦੂ ਮਰੂੰਗਾ ਨਹੀਂ' ਖਿਆਲ ਦਾ ਮਹੱਤਵ ਹੋਰ ਵੀ ਜ਼ਿਆਦਾ ਹੋ ਜਾਂਦਾ ਹੈ ਜਿਸ ਨੂੰ ਅਸੀਂ ਬੁੱਧ, ਸਿੱਖ, ਇਸਾਈ ਜਾਂ ਮੁਸਲਮਾਨ ਬਣ ਕੇ ਜਾਂ ਬਣਨ ਵੇਲੇ, ਸਮਝਣ ਦਾ ਕੋਈ ਖਾਸ ਯਤਨ ਨਹੀਂ ਕੀਤਾ। ਸਾਡਾ ਬੁੱਧੀਮਾਨ ਵਰਗ ਵੀ ਇਸ ਮੂਲ ਅਧਾਰ ਨੂੰ ਇਨਕਲਾਬ ਦੇ ਪ੍ਰਸੰਗ ਵਿਚ ਸਮਝ ਸਕਣ ਤੋਂ ਬਹੁਤਾ ਅਸਮਰਥ ਹੀ ਰਿਹਾ ਹੈ। ਜੋ ਵੀ ਦਲਿਤ ਪਛੜਿਆ ਹਿੰਦੂ ਦਾ ਧਰਮ ਤਿਆਗ ਕੇ ਦੂਜੇ ਕਿਸੇ ਵੀ ਧਰਮ ਵਿਚ ਗਿਆ, ਉਸ ਨੇ ਨਹੀਂ ਸਮਝਿਆ ਕਿ

(ੳ) ਉਹ ਮੁੱਖ ਰੂਪ ਵਿਚ ਆਰੀਅਨ ਵੈਦਿਕ ਹਿੰਦੂ ਧਰਮ ਤੋਂ ਮੁਕਤ ਹੋਣ ਜਾ ਰਿਹਾ ਹੈ।

(ਅ) ਉਹ ਮੂਲ ਰੂਪ ਵਿਚ ਕਿਸੇ ਹੋਰ ਧਰਮ ਵਿਚ ਜਾਣ ਤੋਂ ਪਹਿਲਾਂ ਸ਼ੂਦਰ, ਨੀਚ, ਦਲਿਤ, ਪਛੜਿਆ ਤੇ ਅਪਮਾਨਤ ਮਨੁੱਖ ਹੈ, ਜਿਸ ਦੀ ਵੰਸ਼ ਭਾਰਤ ਦੇ ਮੂਲ ਨਿਵਾਸੀ ਹੋਣਾ ਹੈ, ਜਿਥੇ ਵਰਣ ਜਾਤ ਤੇ ਊਚ ਨੀਚ ਤੇ ਛੂਤ ਛਾਤ ਦਾ ਆਰੀਅਨ ਬ੍ਰਾਹਮਣੀ ਵਿਧਾਨ ਲਾਗੂ ਨਹੀਂ ਰਿਹਾ।

(ੲ) ਉਹ ਚਾਹੇ ਬੁੱਧ ਹੈ, ਮੁਸਲਮਾਨ ਹੈ, ਸਿੱਖ ਹੈ ਜਾਂ ਇਸਾਈ ਆਪਣੇ ਮੂਲ ਤੋਂ ਭਾਰਤੀ ਮੂਲਵਾਸੀ ਭਰਾ ਹੈ।

(ਸ) ਹਿੰਦੂ ਆਰੀਆ ਧਰਮ ਨੂੰ ਉਹ ਇਸ ਲਈ ਤਿਆਗਦਾ ਹੈ ਕਿਉਂਕਿ ਹਿੰਦੂ ਧਰਮ ਮਨੁੱਖ ਨੂੰ ਊਚ-ਨੀਚ, ਪਵਿੱਤਰ-ਅਪਵਿੱਤਰ, ਜਾਤ-ਕੁਜਾਤ, ਗੁਲਾਮ, ਸ਼ੂਦਰ ਸੇਵਾਦਾਰ, ਬੁੱਧੀਹੀਣ, ਸੰਪਤੀਹੀਣ, ਮਾਨ-ਸਵੈਮਾਣਹੀਣ, ਸ਼ਕਤੀਹੀਣ, ਸਮਾਜਹੀਣ,

ਵਿੱਦਿਆਹੀਣ, ਨੈਤਿਕਹੀਣਤਾ, ਬਲਹੀਣ, ਘਰਹੀਣ, ਪਹਿਰਨਹੀਣ, ਭੁੱਖਾ-ਨੰਗਾ ਕੰਗਾਲ, ਭਿੱਟਿਆ, ਨਰਕਾਂ ਦਾ ਭਾਗੀ, ਦੇਖਣ, ਸੁਣਨ, ਬੋਲਣ ਤੇ ਪੜ੍ਹਨ ਤੋਂ ਵਿਵਰਜਤ, ਮੰਦਕਰਮੀ, ਪਾਪ ਜੋਨੀ ਆਦਿ ਬਣਾਉਣ ਦੇ ਧਾਰਮਕ ਵਿਧਾਨ ਲਾਗੂ ਕਰਦਾ ਹੈ।

(ਹ) ਉਹ ਹਿੰਦੂ ਧਰਮ ਇਸ ਲਈ ਤਿਆਗ ਰਿਹਾ ਹੈ ਕਿਉਂਕਿ ਉਸ ਨੂੰ ਪ੍ਰੇਮ, ਭਾਈਚਾਰਾ, ਬਰਾਬਰੀ, ਅਜ਼ਾਦੀ ਅਤੇ ਜੀਵਨ ਅਨੰਦ ਦੀ ਜ਼ਰੂਰਤ ਹੈ ਜੋ ਹਿੰਦੂ ਸਮਾਜ ਵਿਚ ਰਹਿੰਦਿਆਂ ਹਮੇਸ਼ਾ ਅਸੰਭਵ ਹੈ।

(ਕ) ਉਹ ਉਸ ਸਮਾਜ ਅਤੇ ਧਰਮ ਤੋਂ ਮੁਕਤ ਹੋਣ ਵੱਲ ਜਾ ਰਿਹਾ ਹੈ ਜਿਸ ਦੇ ਹੁੰਦਿਆਂ ਉਸ ਦੀਆਂ ਸਾਰੀਆਂ ਕਾਬਲੀਅਤਾਂ ਸੋਨੇ ਤੋਂ ਮਿੱਟੀ ਹੋ ਜਾਂਦੀਆਂ ਹਨ ਅਤੇ ਬੰਦੇ ਦੀ ਕਾਬਲੀਅਤ ਜਾਂ ਨਾ-ਕਾਬਲੀਅਤ ਉਸ ਦੀ ਜਾਤ ਦੇ ਪੈਮਾਨੇ ਨਾਲ ਮਿਥੀ ਤੇ ਮਿਣੀ ਜਾਂਦੀ ਹੈ।

(ਖ) ਕਿਉਂਕਿ ਹਿੰਦੂ ਧਰਮ ਦਾ ਮਨੁੱਖੀ ਬਰਾਬਰੀ ਵਿਚ ਕੋਈ ਵਿਸ਼ਵਾਸ ਨਹੀਂ ਤੇ ਇਸ ਧਰਮ ਦਾ ਹਰ ਭਗਵਾਨ ਤੇ ਅਵਤਾਰ ਸਿਰਫ ਨਾ-ਬਰਾਬਰੀ ਦੇ ਅਧਾਰ 'ਤੇ ਫੈਸਲੇ ਲਾਗੂ ਕਰਦਾ ਹੈ ਇਸ ਲਈ ਉਹ ਕਿਸੇ ਵੀ ਬਰਾਬਰੀ ਵਾਲੇ ਧਰਮ ਜਾਂ ਸਮਾਜ ਵਿਚ ਜਾਣ ਨੂੰ ਪਹਿਲ ਦਿੰਦਾ ਹੈ ਕਿਉਂਕਿ ਬਰਾਬਰ ਦਾ ਮਨੁੱਖ ਹੋਣਾ ਉਸ ਦਾ ਜਨਮ ਸਿੱਧ ਕੁਦਰਤੀ ਅਧਿਕਾਰ ਹੈ।

(ਗ) ਉਹ ਇਸ ਲਈ ਦੂਜੇ ਧਰਮ ਵਿਚ ਜਾਂਦਾ ਹੈ ਕਿ ਉਸ ਧਰਮ ਵਿਚ, ਉਸ ਧਰਮ ਦੇ ਈਸ਼ਵਰ ਕੋਲ ਹਿੰਦੂ ਧਰਮ ਵਾਲੀ ਨਾ-ਬਰਾਬਰੀ ਦਾ ਕੋਈ ਵਿਧਾਨ ਨਹੀਂ ਹੈ। ਉਹ ਸਭ ਵਰਨ ਜਾਤ, ਉਚ-ਨੀਚ ਤੇ ਛੂਤ-ਛਾਤ ਤੋਂ ਮੁਕਤ ਹਨ। ਉਨ੍ਹਾਂ ਦਾ ਹਰ ਧਰਮ ਗ੍ਰੰਥ ਵਰਨ ਜਾਤ ਦੀ ਗੈਰ-ਇਨਸਾਨੀ ਨਫਰਤ ਤੋਂ ਪੂਰੀ ਤਰ੍ਹਾਂ ਮੁਕਤ ਹੈ।

ਇਉਂ ਹਿੰਦੂ ਵੈਦਿਕ ਧਰਮ ਵਿਚੋਂ ਨਿਕਲ ਕੇ, ਭਾਰਤੀ ਬੰਦੇ ਨੇ ਸਿਰਫ ਧਰਮ ਬਦਲਿਆ, ਭਗਵਾਨ ਬਦਲਿਆ, ਧਰਮ ਸਥਾਨ ਤੇ ਪਹਿਰਾਵਾ ਬਦਲਿਆ, ਸ਼ਕਲ ਬਦਲੀ, ਵਿਸ਼ਵਾਸ ਤੇ ਦੇਵਤੇ ਬਦਲੇ, ਪੂਜਾ ਅਰਚਣਾ ਬਦਲੀ, ਨਵਾਂ ਸਮਾਜ ਬਦਲਿਆ ਪ੍ਰੰਤੂ ਹਿੰਦੂ ਹੋਣ ਵਾਲੀ ਵਰਣ ਜਾਤੀ ਮਾਨਸਿਕਤਾ ਨਹੀਂ ਬਦਲੀ। ਇਹੀ ਕਾਰਨ ਹੈ ਕਿ ਬੰਦਾ ਧਰਮ ਬਦਲ ਕੇ, ਸਮਾਜ ਨੂੰ ਨਹੀਂ ਬਦਲ ਸਕਿਆ। ਆਪਣੇ ਆਪ ਨੂੰ ਨਹੀਂ ਬਦਲ ਸਕਿਆ। ਆਪਣੇ ਪਿੰਡੇ ਤੋਂ ਉਚ-ਨੀਚ ਤੇ ਜਾਤ ਵਰਨ ਦੇ ਰੋਗਾਣੂੰ ਨਹੀਂ ਉਤਾਰ ਸਕਿਆ। ਪ੍ਰੰਤੂ ਜਦੋਂ ਬਾਬਾ ਸਾਹਿਬ ਇਹ ਕਹਿੰਦੇ ਹਨ ਕਿ ਉਹ ਹਿੰਦੂ ਰਹਿੰਦਿਆਂ ਮਰੇਗਾ ਨਹੀਂ ਤਾਂ ਇਸ ਦਾ ਸਿੱਧਾ ਅਰਥ ਹੈ, ਮੁਕੰਮਲ ਸਮਾਜਕ ਪ੍ਰਵਰਤਨ। ਅੰਦਰੋਂ ਵੀ ਤੇ ਬਾਹਰੋਂ ਵੀ। ਇਕ ਵਿਸ਼ਵਾਸ ਦਾ ਤਿਆਗ, ਦੂਜੇ ਦੀ ਜਾਗ ਤੇ ਇਸ ਜਾਗ ਨਾਲ ਸਮਾਜ ਦੇ ਪ੍ਰਾਣੀਆਂ ਅੰਦਰ ਧਾਰਮਕ, ਆਰਥਕ, ਰਾਜਸੀ, ਵਿੱਦਿਅਕ, ਸਭਿਆਚਾਰਕ ਤੇ ਨੈਤਿਕ ਤਬਦੀਲੀ। ਜਾਤਪਾਤ ਦਾ ਬੀਜ ਨਾਸ। ਜਾਤਪਾਤ ਨਾਲ ਜੁੜੇ ਢਾਂਚੇ ਦਾ ਨਾਸ। ਉਸ ਸਾਰੇ ਖਿਆਲ ਦਾ ਨਾਸ ਜਿਸ ਨੂੰ ਲਿਖਤਾਂ ਵਿਚ, ਵਿਧਾਨਾਂ ਵਿਚ, ਮਨਾਂ ਵਿਚ, ਬੋਧ ਵਿਚ ਤੇ ਜੀਵਨਤੰਤਰ ਵਿਚ ਮਨੁੱਖਾਂ ਨੇ ਰਚਾਇਆ ਹੋਇਆ ਹੈ।

ਇਹ ਗੱਲ ਧਰਮ ਬਦਲ ਜਾਣ ਵਾਲਿਆਂ ਦੇ ਪੱਲੇ ਨਹੀਂ ਪਈ। ਜਿੰਨਿਆਂ ਕੁ ਦੇ ਪਈ ਉਹ ਇਸ ਨੂੰ ਲੋਕਾਂ ਦੇ ਦਿਲਾਂ ਤੱਕ ਨਹੀਂ ਲਿਜਾ ਸਕੇ। ਉਹ ਧਰਮ ਬਦਲਣ ਤੱਕ ਸੀਮਤ ਰਹੇ। ਉਨ੍ਹਾਂ ਨੇ ਸੰਘ ਜਾਂ ਪੰਥ ਦੀ ਸ਼ਰਨ ਆ ਕੇ, ਵਿੱਦਿਆ ਵਿਚਾਰ ਕੇ, ਅੰਦਰਲਾ ਸੰਘਰਸ਼ ਨਾ ਸ਼ੁਰੂ ਕੀਤਾ, ਨਾ ਜਾਰੀ ਰੱਖਿਆ। ਜੇ ਕਿਸੇ ਨੇ ਜਾਰੀ ਕੀਤਾ ਤਾਂ ਉਹ ਦੇਰ

ਤੱਕ ਇਸ ਨੂੰ ਸੰਭਾਲ ਕੇ ਨਹੀਂ ਲਿਜਾ ਸਕਿਆ। ਭਾਰਤ ਨੂੰ ਅੰਦਰਲੀ ਐਜੀਟੇਸ਼ਨ (ਸੰਘਰਸ਼) ਦੀ ਜ਼ਰੂਰਤ ਸੀ। ਸ਼ਕਲ ਤਾਂ ਬਦਲੀ ਅੰਦਰਲਾ ਸੰਘਰਸ਼ ਨਹੀਂ ਹੋਇਆ। ਧਰਮ ਤਿਆਗ ਕਿਸ ਲਈ? ਧਰਮ ਬਦਲੀ ਕਿਸ ਲਈ? ਹਿੰਦੂ ਕਿਉਂ ਨਹੀਂ ਰਹਿਣਾ? ਇਹ ਗੱਲ ਸਮਝਣ ਤੋਂ ਵਿਰਵਾ ਰਹਿ ਗਿਆ ਬੁੱਧ, ਸਿੱਖ, ਇਸਾਈ ਜਾਂ ਮੁਸਲਮਾਨ ਬਣਿਆ ਬੰਦਾ।

ਬਾਬਾ ਸਾਹਿਬ ਦੱਸਦੇ ਹਨ ਕਿ ਇਹ ਸੰਘਰਸ਼ ਭਗਵਾਨ ਬੁੱਧ ਨੇ ਕੀਤਾ, ਸੰਤ ਕਬੀਰ ਨੇ ਕੀਤਾ, ਗੁਰੂ ਨਾਨਕ ਅਤੇ ਜੋਤੀ ਰਾਓ ਫੂਲੇ ਨੇ ਕੀਤਾ।

ਜਾਂ ਇਂਜ ਕਹੋ ਕਿ ਬੁੱਧ ਤੋਂ ਫੂਲੇ ਤੱਕ ਦੀ ਲੜੀ ਵਿਚ ਪੈਦਾ ਹੋਏ, ਮਹਾਂਪੁਰਖਾਂ ਨੇ ਕੀਤਾ। ਜਿਨ੍ਹਾਂ ਨੇ ਵੈਦਿਕ ਧਰਮ, ਵੈਦਿਕ ਗ੍ਰੰਥ, ਵੈਦਿਕ ਦੇਵੀ ਦੇਵਤੇ, ਮੰਦਰ ਤੀਰਥ, ਪੂਜਾ ਅਰਚਣਾ, ਤਪ ਤਪੱਸਿਆ, ਵਰਨ ਜਾਤ, ਊਚ-ਨੀਚ ਬ੍ਰਾਹਮਣ ਤੇ ਉਸ ਦੇ ਭਗਵਾਨ ਜਾਂ ਅਵਤਾਰ ਹਰ ਇਕ ਨੂੰ ਪੂਰੀ ਤਰ੍ਹਾਂ ਤਿਆਗ ਕੇ ਇਕ ਅਸਲੋਂ ਸੱਚਾ ਜੀਵਨ ਸੰਕਲਪ ਦਿੱਤਾ ਜਿਥੇ ਪ੍ਰੇਮ ਭਾਈਚਾਰੇ, ਸਦਾਚਾਰ, ਅਜ਼ਾਦੀ, ਬਰਾਬਰੀ, ਗਿਆਨ, ਉਨਤੀ ਅਤੇ ਬੌਧਿਕ ਵਿਕਾਸ ਉਦੇਸ਼ ਸਥਾਪਤ ਹੋਏ।

ਹੋਰ ਪਕਿਆਈ ਲਈ ਆਓ ਆਪਾਂ ਇਸ ਹਕੀਕਤ ਦਾ ਥੋੜ੍ਹਾ-ਥੋੜ੍ਹਾ ਖੁਲਾਸਾ ਕਰੀਏ ਤਾਂ ਕਿ ਗੱਲ ਸਮਝ ਵਿਚ ਆ ਸਕੇ। ਗੱਲ ਅਸੀਂ ਬੁੱਧ ਦੇ ਧਰਮ ਤੋਂ ਸ਼ੁਰੂ ਕਰਾਂਗੇ ਜੋ ਸਾਡੀ ਮੁਕਤੀ ਦੇ ਪਹਿਲੇ ਇਨਕਲਾਬ ਵਜੋਂ ਸਥਾਪਤ ਹੋਇਆ।

☐

ਭਾਗ ਦੂਜਾ

ਪਹਿਲੇ ਗੁਰੂ ਦੀ ਬੁੱਧ ਕ੍ਰਾਂਤੀ

ਤਥਾਗਤ ਬੁੱਧ ਵਲੋਂ ਵੈਦਿਕ ਆਰੀਆ ਦੇ ਧਰਮ ਦਾ ਤਿਆਗ

1. **ਬੁੱਧ** ਸਮਾਜ ਦੇ ਸਾਰੇ ਮੈਂਬਰ ਆਪੋ ਵਿਚ ਇਕ ਦੂਜੇ ਨੂੰ ਬਰਾਬਰ ਮੰਨਦੇ ਸਨ।

2. **ਬੁੱਧ** ਸਮਾਜ ਦੇ ਸਾਰੇ ਮੈਂਬਰਾਂ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਬਰਾਬਰ ਅਧਿਕਾਰ ਸੀ।

3. ਬੁੱਧ ਸਮਾਜ ਦੇ ਸਾਰੇ ਮੈਂਬਰਾਂ ਨੂੰ ਕੋਈ ਵੀ ਪੇਸ਼ਾ ਅਪਨਾਉਣ ਦੀ ਸੁਤੰਤਰਤਾ ਸੀ।

4. ਬੁੱਧ ਸਮਾਜ ਦੀਆਂ ਔਰਤਾਂ ਨੂੰ ਮਰਦ ਵਾਂਗ ਬਰਾਬਰ ਅਧਿਕਾਰ ਸਨ। (13)

ਤੁਸੀਂ ਵੇਖੋ ਕਿ ਹਿੰਦੂ ਧਰਮ ਦੇ ਮੂਲ ਸਿਧਾਂਤਾਂ ਤੋਂ ਉਲਟ ਮਾਨਵ ਹਿਤੂ ਸਿਧਾਂਤ ਹਨ ਇਹ ਸਾਰੇ। ਇਹ ਵੈਦਿਕ ਧਰਮ ਦਾ ਤਿਆਗ ਹੈ। ਕੋਈ ਹਿੰਦੂ ਨਾ ਰਹਿ ਕੇ ਬਰਾਬਰ ਦਾ ਇਨਸਾਨ ਬਣ ਜਾਂਦਾ ਹੈ। ਇਕ ਭਿਖਸ਼ੂ ਘਰ ਤਿਆਗਦਾ ਹੈ। ਉਹ ਸੰਸਾਰ ਦਾ ਤਿਆਗ ਨਹੀਂ ਕਰਦਾ। ਉਹ ਆਪਣੇ ਘਰ ਨੂੰ ਇਸ ਲਈ ਛੱਡਦਾ ਹੈ ਤਾਂ ਜੁ ਉਨ੍ਹਾਂ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਮਿਲ ਸਕੇ ਜੋ ਆਪਣੇ ਆਪ ਤੇ ਘਰ ਵਿਚ ਬੁਰੀ ਤਰ੍ਹਾਂ ਫਸੇ ਹੋਏ ਹਨ ਤੇ ਜੋ ਦੁੱਖ ਵਿਚ ਪਏ ਹਨ, ਜਿਹੜੇ ਚਿੰਤਾ ਵਿਚ ਪਏ ਹਨ, ਜਿਨ੍ਹਾਂ ਨੂੰ ਚੈਨ ਨਹੀਂ ਹੈ ਤੇ ਜਿਨ੍ਹਾਂ ਨੂੰ ਮਦਦ ਦੀ ਲੋੜ ਹੈ। (14/370) ਉਹ ਹਿੰਦੂ ਧਰਮ ਅਨੁਸਾਰ ਸੰਸਾਰ ਤਿਆਗੀ ਨਹੀਂ ਸਨ। ਜੰਗਲ ਵਾਸੀ ਜਾਂ ਤਪੀ ਤਪੀਸਰ ਨਹੀਂ ਸਨ। ਸੇਵਾ ਅਤੇ ਕਲਿਆਣ ਲਈ ਸਮਾਜ ਵਿਚ ਵਿਚਰਦੇ ਸਿਆਣੇ ਮਨੁੱਖ ਸਨ।

ਇਉਂ ਦੁੱਖਾਂ ਵਿਚੋਂ ਕੱਢ ਕੇ ਸੁਖ ਚੈਨ ਦਾ ਜੀਵਨ ਬਨਾਉਣ ਦਾ ਮਾਰਗ ਹੈ ਬੁੱਧ ਦਾ ਧਰਮ। ਇਉਂ ਬ੍ਰਾਹਮਣ ਜਾਂ ਬ੍ਰਾਹਮਣ ਤਪੀ ਤਪੀਸਰ ਦੇ ਕਿਰਦਾਰ ਤੋਂ ਉਲਟਾ ਮਾਨਵ ਕਲਿਆਣੀ ਕਿਰਦਾਰ ਹੈ ਭਿਖਸ਼ੂ ਦਾ। ਜੇ ਇਹ ਉਲਟਾ ਤੇ ਮਾਨਵ ਕਲਿਆਣਕਾਰੀ ਨਹੀਂ ਤਾਂ ਧਰਮ ਬਦਲੀ ਦਾ ਕੋਈ ਅਰਥ ਨਹੀਂ।

ਅਸੀਂ ਸਮਝ ਸਕਦੇ ਹਾਂ ਕਿ ਹਿੰਦੂ ਧਰਮ ਆਤਮਾ ਤੇ ਪ੍ਰਮਾਤਮਾ ਦੇ ਜੂਨੀ ਚੱਕਰ ਦਾ ਪੱਕਾ ਸਿਧਾਂਤ ਹੈ। ਬੁੱਧ ਨੇ ਆਤਮਾ ਦੀ ਹੋਂਦ ਤੋਂ ਇਨਕਾਰ ਕੀਤਾ ਸਗੋਂ ਕਰਮ ਅਤੇ ਪੁਨਰਜਨਮ ਦਾ ਸਮਰਥਨ ਕੀਤਾ ਜਿਸਦਾ ਸਿੱਧਾ ਅਰਥ ਹੈ ਕਿ ਕੀਤਾ ਗਿਆ ਹਰ ਕੰਮ ਫਲ ਵਿਚ ਤਬਦੀਲ ਹੋ ਜਾਂਦਾ ਹੈ ਅਤੇ ਜਦੋਂ ਬੀਜ ਆਪਣੇ ਵਰਗੀ ਵਸਤੂ ਨੂੰ ਜਨਮ ਦਿੰਦਾ ਹੈ ਓਹੀ ਪੁਨਰਜਨਮ ਹੈ, ਜਿਵੇਂ ਮਨੁੱਖ, ਪਸ਼ੂ-ਪੰਛੀ, ਪੌਦੇ ਜਿਨਸਾਂ ਆਦਿ। ਜੀਵ ਜਾਂ ਆਦਮੀ ਆਪਣਾ ਪੁਨਰਜਨਮ ਆਪਣੇ ਜਿਉਂਦੇ ਜੀਅ ਬੱਚਿਆਂ ਦੇ ਰੂਪ ਵਿਚ ਵੇਖਦਾ ਹੈ। ਏਥੇ ਪੂਰਬਲੇ ਕਰਮ ਦਾ ਅਰਥ ਕਿਸੇ ਮਰ ਚੁੱਕੇ ਪੂਰਬਲੇ ਜਨਮ ਦੇ ਕਰਮ ਦਾ ਕੋਈ ਸਿਧਾਂਤ ਨਹੀਂ ਹੈ। ਇਹ ਬ੍ਰਾਹਮਣੀ ਸਿਧਾਂਤ ਹੈ। ਪੂਰਬਲੇ ਦਾ ਅਰਥ ਏਥੇ ਸਿਰਫ

ਪਹਿਲਾਂ ਕੀਤੇ ਕੰਮ-ਕਰਮ ਤੋਂ ਹੈ। ਹਿੰਦੂ ਧਰਮ ਇਸ ਨੂੰ ਪਿਛਲੇ ਜਨਮ ਨਾਲ ਬੰਨ੍ਹਦਾ ਹੈ। ਇਉਂ ਬੁੱਧ ਦਾ ਧਰਮ ਹਿੰਦੂ ਦੇ ਪੂਰਬਲੇ ਜਨਮ ਤੇ ਕਰਮ ਦੇ ਸਿਧਾਂਤ ਨੂੰ ਆਤਮਾ ਦੇ ਜੂਨੀ ਚੱਕਰ ਵਿਚੋਂ ਬਾਹਰ ਕੱਢ ਦਿੰਦਾ ਹੈ ਤੇ ਬ੍ਰਾਹਮਣੀ ਸਿਧਾਂਤ ਨੂੰ ਨਕਾਰ ਦਿੰਦਾ ਹੈ। ਜੀਵਨ ਦਾ ਆਧਾਰ ਤੇ ਤੋਰ ਨਵੇਂ ਰੂਪ ਵਿਚ ਵਰਤਦੇ ਹਨ। ਹਿੰਦੂ ਸਮਾਜ ਦੀ ਤੋਰ ਤੋਂ ਮੁਕਤ। ਬਾਬਾ ਸਾਹਿਬ ਵਿਆਖਿਆ ਕਰਦੇ ਹਨ ਕਿ ਸਿਧਾਰਥ ਗੌਤਮ ਨੂੰ ਬ੍ਰਾਹਮਣਾਂ ਦੀ ਛਤਰ-ਛਾਇਆ ਹੇਠ ਸਿੱਖਿਆ ਮਿਲੀ। ਪ੍ਰੰਤੂ ਉਸ ਦਾ ਚੇਤਨ ਵਿਕਾਸ ਇਸ ਪ੍ਰਸ਼ਨ ਵੱਲ ਮੁੜਦਾ ਸੀ ਕਿ ਲੋਕਾਂ ਨੂੰ ਅਜੇਹੀਆਂ ਭਾਵਨਾਵਾਂ ਦੀ ਇੱਛਾ ਕਰਨੀ ਚਾਹੀਦੀ ਹੈ ਕਿ 'ਮੈਂ ਸੁਖੀ ਰਹਾਂ, ਮੇਰੇ ਰਿਸ਼ਤੇਦਾਰ ਸੁਖੀ ਰਹਿਣ ਤੇ ਸਾਰੇ ਜੀਵ ਸੁਖੀ ਰਹਿਣ।' (13)

ਬ੍ਰਾਹਮਣੀ ਧਰਮ ਵਿਚਾਰਧਾਰਾ ਵਿਚ ਨਿੱਜੀ ਤੇ ਜਾਤੀ ਸੁਖਾਂ ਦੀ ਲਾਲਸਾ ਦਾ ਕੋਈ ਅੰਤ ਨਹੀਂ ਹੈ ਪਰ ਇਸ ਤੋਂ ਉਲਟ ਸਿਧਾਰਥ ਦੇ ਬੌਧਿਕ ਵਿਕਾਸ ਵਿਚ ਨਿੱਜੀ ਸੁਖ ਤੋਂ ਅੱਗੇ ਸਾਰੇ ਜੀਵਾਂ ਦਾ ਸੁਖ ਛਾਇਆ ਹੋਇਆ ਹੈ। ਹਿੰਦੂ ਧਰਮ ਸਰਬ ਕਲਿਆਣ ਤੋਂ ਸੱਖਣਾ ਹੈ। ਇਸ ਦਾ ਕਲਿਆਣ, ਵਰਨ ਤੇ ਜਾਤ ਤੱਕ ਸੀਮਤ ਹੈ।

(ਸਫਾ 21 'ਤੇ) ਸਿਧਾਰਥ ਰਾਜਕੁਮਾਰ ਨੂੰ ਜ਼ਿੰਮੇਵਾਰ ਬਣਾਏ ਗਏ ਮੁਖੀ ਵੱਲੋਂ ਦੇਵਤਿਆਂ, ਰਿਸ਼ੀਆਂ, ਮੁਨੀਆਂ ਤੇ ਬ੍ਰਾਹਮਣ ਗੁਰੂਆਂ ਵੱਲੋਂ ਖੁਲ੍ਹੀ ਕਾਮਪੂਰਤੀ ਕਰਨ ਦੀ ਸਿੱਖਿਆ ਦਰਜ ਹੈ ਕਿ ਜੇ ਰਿਸ਼ੀ ਮੁਨੀ ਤੇ ਦੇਵਤੇ ਗੁਰੂ ਇਹ ਸਭ ਕਰ ਸਕਦੇ ਹਨ ਤਾਂ ਸਿਧਾਰਥ ਰਾਜਕੁਮਾਰ ਨੂੰ ਕੀ ਹਰਜ ਹੈ ਤਾਂ ਵੀ ਸਿਧਾਰਥ ਰਾਜਕੁਮਾਰ ਇਸ ਕਾਮ-ਧਰਮ ਤੋਂ ਇਨਕਾਰੀ ਹੋ ਕੇ ਨਵੀਂ ਚੇਤਨਾ ਨੂੰ ਜਨਮ ਦਿੰਦਾ ਹੈ, ਜੋ ਬਾਅਦ ਵਿਚ ਸਦਾਚਾਰ ਦਾ ਬੌਧਿਕ ਸਿਧਾਂਤ ਬਣਦੀ ਹੈ।

ਸ਼ਾਕਯਗਣਰਾਜ ਦਾ ਪੁਰੋਹਿਤ ਸੰਘ ਦੇ ਫਰਜ਼ ਇਜ ਦੱਸਦਾ ਹੈ :

ਪਰਾਈ ਔਰਤ ਨਾਲ ਸੰਬੰਧ ਰੱਖਣ 'ਤੇ ਤੁਸੀਂ ਸੰਘ ਦੇ ਮੈਂਬਰ ਨਹੀਂ ਰਹਿ ਸਕੋਗੇ।

ਸੰਘ ਦੇ ਇਸ ਨਿਯਮ ਨੂੰ ਸਾਨੂੰ ਹਿੰਦੂ ਧਰਮ ਦੇ ਮਰਦ ਅਤੇ ਔਰਤ ਦੇ ਰਿਸ਼ਤਿਆਂ ਵਿਚਕਾਰ ਪਰਖਣਾ ਚਾਹੀਦਾ ਹੈ ਤਾਂ ਪਤਾ ਲੱਗੇਗਾ ਕਿ ਦੋਹਾਂ ਵਿਚ ਸਿੱਧਾ ਵਿਰੋਧ ਹੈ। ਅੱਜ ਵੀ ਹਿੰਦੂ ਸਮਾਜ ਵਿਚ ਦਲਿਤ ਪਛੜੀ ਔਰਤ ਇਕ ਰਖੇਲ ਵਰਗਾ ਜੀਵਨ ਬਸਰ ਕਰਨ ਲਈ ਮਜਬੂਰ ਹੈ।

ਜਦੋਂ ਸਿਧਾਰਥ ਨੇ ਸੱਚ ਅਤੇ ਇਨਸਾਫ ਲਈ ਸੰਘ ਦੇ ਉਨ੍ਹਾਂ ਨਿਯਮਾਂ ਨੂੰ ਮੰਨਣ ਤੋਂ ਇਨਕਾਰ ਕੀਤਾ, ਜਿਹੜੇ ਮਨੁੱਖ ਨੂੰ ਮਨੁੱਖ ਦਾ ਵੈਰੀ ਬਣਾ ਕੇ ਲਹੂ ਡੋਲ੍ਹਣ ਤੱਕ ਜਾਂਦੇ ਸਨ ਤਾਂ ਗੌਤਮ ਨੇ ਆਪਣੀ ਦੁਖੀ ਮਾਂ ਨੂੰ ਕਿਹਾ ਕਿ ਜੇ ਉਹ ਯੁੱਧ ਵਿਚ ਲੜਦਾ ਮਰ ਜਾਂਦਾ ਤਾਂ ਵੀ ਉਹ ਸਬਰ ਕਰਦੀ। ਤਾਂ ਮਹਾਂਮਾਇਆ ਨੇ ਤੁਰਤ ਕਿਹਾ 'ਇਹ ਕਸ਼ੱਤਰੀ ਧਰਮ ਦੀ ਪਾਲਣਾ ਹੁੰਦੀ। ਪਰੰਤੂ ਸੰਘ ਦੇ ਨੇਮ ਨੂੰ ਤਿਆਗਦਿਆਂ, ਭਾਵੇਂ ਠੀਕ ਹੀ ਸਹੀ, ਦੇਸ਼ ਨਿਕਾਲਾ ਲੈ ਕੇ ਜੰਗਲਾਂ ਵਿਚ ਨਿਕਲ ਜਾਣਾ, ਇਸ ਨੂੰ ਸਹਿਣ ਕਰਨਾ ਔਖਾ ਹੈ।' (32 ਨਿਚੋੜ-ਸੰਖੇਪ)

ਤੁਸੀਂ ਦੇਖੋ ਕਿ ਬੁੱਧ ਦਾ ਜੀਵਨ ਹਿੰਦੂ ਧਰਮ ਤੇ ਨਵੇਂ ਧਰਮ ਮਾਰਗ ਵਿਚਕਾਰ ਟਕਰਾਅ ਦਾ ਜੀਵਨ ਸਾਫ ਨਜ਼ਰ ਆਉਂਦਾ ਹੈ।

ਇਥੇ ਯਸ਼ੋਧਰਾ, ਗੌਤਮ ਦੀ ਪਤਨੀ ਦਾ ਧਰਮ ਦੇਖੋ :

(29/33) 'ਹੁਣ ਮੈਂ ਐਨਾ ਹੀ ਚਾਹੁੰਦੀ ਹਾਂ ਕਿ ਕਿਸੇ ਅਜਿਹੇ ਨਵੇਂ ਰਾਹ ਦੀ ਖੋਜ ਕਰਨਾ, ਜਿਹੜਾ ਮਨੁੱਖਤਾ ਦੇ ਭਲੇ ਲਈ ਹੋਵੇ।' ਹਿੰਦੂ ਔਰਤ ਕਦੀ ਵੀ ਮਨੁੱਖਤਾ ਦੇ

ਭਲੇ ਦੇ ਸੰਕਲਪ ਵੱਲ ਨਹੀਂ ਝੁਕਦੀ। ਨਾ ਹਿੰਦੂ ਕੋਲ ਨਾ ਉਸ ਦੀ ਔਰਤ ਕੋਲ, ਨਾ ਉਸਦੇ ਧਰਮ ਅਤੇ ਭਗਵਾਨ ਕੋਲ, ਨਾ ਦੇਵੀ ਦੇਵਤਿਆਂ ਕੋਲ ਮਨੁੱਖੀ ਕਲਿਆਣ ਦੀ ਕੋਈ ਸੋਚ ਹੈ, ਨਾ ਮਾਰਗ, ਨਾ ਉਪਦੇਸ਼। ਪਰ ਯਸ਼ੋਧਰਾ ਹਿੰਦੂ ਔਰਤ ਤੋਂ ਉਲਟ ਮਾਨਵਵਾਦੀ ਹੈ।

ਮਗਧ ਦਾ ਰਾਜਾ ਬਿੰਬਸਾਰ ਸੰਨਿਆਸੀ ਹੋ ਗਏ ਸਿਧਾਰਥ ਨੂੰ ਸਿੱਖਿਆ ਦਿੰਦਾ ਹੈ:

♦ ਧਰਮ ਮੁਤਾਬਕ ਦੌਲਤ ਤੇ ਕਾਮ ਹਾਸਲ ਕਰਨ ਦੀ ਇੱਛਾ ਕਰ। (20/46)

♦ ਜ਼ਿੰਦਗੀ ਦੇ ਧਰਮ, ਅਰਥ, ਕਾਮ ਇਹੀ ਤਿੰਨ ਮੰਤਵ ਹਨ। (20/47)

♦ ਆਪਣੇ ਕੁਲ ਧਰਮ ਮੁਤਾਬਕ ਯੱਗ ਕਰ। ਕਿਉਂਕਿ ਯੱਗ ਕਰਨ ਨਾਲ ਉੱਚੇ ਤੋਂ ਉੱਚਾ ਸਵਰਗ ਪ੍ਰਾਪਤ ਕੀਤਾ ਜਾ ਸਕਦਾ ਹੈ। (30/47)

ਇਸ ਹਿੰਦੂ ਧਰਮ ਦੇ ਮਾਰਗ ਤੋਂ ਉਲਟ ;

ਸਿਧਾਰਥ ਨੇ ਕਿਹਾ : ਕਿ ਨਾ ਉਸ ਨੂੰ ਸੱਪਾਂ ਤੋਂ, ਨਾ ਅਸਮਾਨੀ ਬਿਜਲੀ ਤੋਂ, ਨਾ ਹਵਾਈ ਬੁੱਲਿਆਂ ਨਾਲ ਭੜਕੀ ਅੱਗ ਤੋਂ ਐਨਾ ਡਰ ਲਗਦਾ ਹੈ,

'ਜਿਨਾ ਡਰ ਇਨ੍ਹਾਂ ਇੰਦਰੀਆਂ ਦੇ ਭੋਗਾਂ ਤੋਂ ਲਗਦਾ ਹੈ।' (9/48)

ਵਿਸ਼ਿਆਂ ਤੋਂ ਵੱਧ ਸੰਸਾਰ ਵਿਚ ਭੈੜੀ ਇੱਛਾ ਨਹੀਂ ਹੈ। ਅਗਿਆਨ ਵਿਚ ਦੁਖੀ ਰਹਿਣ ਦੇ ਕਾਰਨ ਹੀ ਲੋਕ ਉਨ੍ਹਾਂ ਵਿਚ ਡੁੱਬ ਜਾਂਦੇ ਹਨ। (11/49)

♦ ਜਿਸ ਤਰ੍ਹਾਂ ਆਪਣੇ ਵਿਚ ਡਿੱਗਣ ਵਾਲੀਆਂ ਨਦੀਆਂ ਨਾਲ ਸਮੁੰਦਰ ਤ੍ਰਿਪਤ ਨਹੀਂ ਹੁੰਦਾ ਉਸੇ ਤਰ੍ਹਾਂ ਆਦਮੀ ਕਦੀ ਵੀ ਵਿਸ਼ਿਆਂ ਨਾਲ ਤ੍ਰਿਪਤ ਨਹੀਂ ਹੁੰਦਾ। (12/49)

♦ ਸੰਸਾਰ ਦੇ ਕਾਮ ਭੋਗ ਆਖਰ ਤਬਾਹੀ ਦਾ ਕਾਰਨ ਹੀ ਹੁੰਦੇ ਹਨ (25/50)

ਇਸ ਲਈ ;

ਪਾਣੀ ਪਿਆਸ ਮਿਟਾਉਣ ਲਈ ਹੁੰਦਾ ਹੈ। ਭੋਜਨ ਭੁੱਖ ਮਿਟਾਉਣ ਲਈ, ਘਰ ਹਵਾ, ਧੁੱਪ ਤੇ ਵਰਖਾ ਤੋਂ ਬਚਾਉਣ ਲਈ, ਕੱਪੜੇ ਠੰਡ ਤੋਂ ਬਚਾਉਣ ਲਈ ਤੇ ਨੰਗਾਪਣ ਢਕਣ ਲਈ ਹਨ। (27/50)

♦ ਜਿੰਨੇ ਬਾਹਰਲੇ ਪਦਾਰਥ ਹਨ, ਉਹ ਆਦਮੀਆਂ ਦੇ ਦੁੱਖ ਹਰਨ ਦੇ ਵਸੀਲੇ ਹਨ। (29/51)

♦ ਕਿਉਂਕਿ ਸਾਰੀ ਧਰਤੀ ਦਾ ਰਾਜ ਜਿੱਤ ਲੈਣ 'ਤੇ ਵੀ ਰਾਜਾ ਇਕੋ ਹੀ ਨਗਰੀ ਵਿਚ ਰਹਿ ਸਕਦਾ ਹੈ ਤੇ ਉਸ ਵਿਚੋਂ ਵੀ ਕੇਵਲ ਇਕੋ ਹੀ ਮਹਿਲ ਵਿਚ ਸੌਂ ਸਕਦਾ ਹੈ। ਬਾਕੀ ਸਭ ਕੀ ਦੂਜਿਆਂ ਲਈ ਹੀ ਨਹੀਂ ਹੈ? (37/51)

♦ ਤੇ ਰਾਜਾ ਵੀ ਇਕ ਜੋੜਾ ਕੱਪੜਾ ਪਹਿਨਦਾ ਹੈ ਤੇ ਭੁੱਖ ਮਿਟਾਉਣ ਲਈ ਉਸ ਨੂੰ ਥੋੜ੍ਹੇ ਜਿਹੇ ਭੋਜਨ ਦੀ ਲੋੜ ਹੁੰਦੀ ਹੈ ਬਾਕੀ ਸਭ ਤਾਂ ਗਰੂਰ ਲਈ ਹੀ ਹੈ। (38/51)

ਇਨ੍ਹਾਂ ਖਿਆਲਾਂ ਤੇ ਉਦੇਸ਼ਾਂ ਨੂੰ ਅਸੀਂ ਹਿੰਦੂ ਗ੍ਰੰਥਾਂ ਦੇ ਹੁਕਮਨਾਮਿਆਂ ਸਾਹਮਣੇ ਰੱਖ ਕੇ ਜਦੋਂ ਪੜ੍ਹਾਂਗੇ ਅਤੇ ਸਮਝਾਂਗੇ ਤਾਂ ਸਾਫ ਪਤਾ ਲੱਗੇਗਾ ਕਿ ਹਿੰਦੂ ਹੋਣ ਜਾਂ ਨਾ ਹੋਣ ਵਿਚ ਅਸਲ ਕੀ ਅੰਤਰ ਹੈ।

ਤਿਆਗ ਦਾ ਮੂਲ ਅਧਾਰ ਤੇ ਪਿਤਾਮਾ ਬੁੱਧ ਦੇ ਵਿਚਾਰ ਦੇਖੋ :

ਮੈਂ ਦੁਨੀਆਂ ਦੇ ਕਲੇਸ਼ਾਂ ਨਾਲ ਜ਼ਖਮੀ ਹਾਂ, ਮੈਂ ਸ਼ਾਂਤੀ ਦੀ ਭਾਲ ਵਿਚ ਹਾਂ, ਮੈਂ

ਇਸ ਦੁੱਖ ਦਾ ਨਾਸ ਕਰਨ ਦੇ ਬਦਲੇ ਇਸ ਧਰਤੀ ਦਾ ਰਾਜ ਤਾਂ ਕੀ 'ਦੇਵ ਲੋਕ' ਦਾ ਰਾਜ ਵੀ ਨਹੀਂ ਚਾਹਾਂਗਾ। (1/52)

ਉਦੇਸ਼ : ਹਰੇਕ ਲਈ ਇਹੀ ਠੀਕ ਹੈ ਕਿ ਉਹ ਕਰੁਣਾ (ਦਇਆ) ਦੇ ਧਰਮ-ਰਾਹ ਵੱਲ ਵਧੇ। (6/53)

• ਅਜੇਹੇ ਯੱਗਾਂ ਨੂੰ ਦੂਰੋਂ ਨਮਸਕਾਰ ਹੈ, ਜਿਨ੍ਹਾਂ 'ਚ ਮਾਸੂਮ ਜੀਵਾਂ ਦਾ ਕਤਲ ਹੁੰਦਾ ਹੈ। (7/53)

• ਕਿਸੇ ਅਗਲੇ ਫਲ ਲਈ ਕਿਸੇ ਵੀ ਮਾਸੂਮ ਜੀਵ ਦੀ ਹੱਤਿਆ ਕਰਨਾ ਕਿਸੇ ਵੀ ਦਇਆ ਵਾਲੇ ਸ਼ੀਲ ਦੇ ਧਨੀ ਮਨੁੱਖ ਦੇ ਯੋਗ ਨਹੀਂ। (8/53)

• ਮੈਂ ਅਗਲੇ ਜਨਮ ਵਿਚ ਮਿਲਣ ਵਾਲੇ ਫਲ ਦੀ ਆਸ ਨਾਲ ਕੋਈ ਵੀ ਅਜੇਹਾ ਕੰਮ (ਯੱਗ ਆਦਿ) ਕਰਨ ਲਈ ਪ੍ਰੇਰਤ ਨਹੀਂ ਹੋ ਸਕਦਾ। (11/53) ਮੇਰੇ ਮਨ ਨੂੰ ਅਗਲੇ ਜਨਮਾਂ ਦੀ ਕਲਪਨਾ ਵਿਚ ਸੁਖ ਨਹੀਂ ਮਿਲਦਾ। (ਓਹੀ)।

ਸਿਧਾਰਥ ਗੌਤਮ ਦੇ ਇਨ੍ਹਾਂ ਉਪਰੋਕਤ ਵਿਚਾਰਾਂ ਨੂੰ ਧਿਆਨ ਨਾਲ ਪੜ੍ਹੋ ਕਿ ਕਿਵੇਂ ਉਹ ਬ੍ਰਾਹਮਣ ਆਰੀਆਂ ਦੇ ਧਰਮ ਦਾ ਲਗਾਤਾਰ ਤਿਆਗ ਕਰਦਾ ਹੈ। ਇਕ ਬਿਪਰੀਤ ਦਾ ਧਰਮ ਹੈ। ਦੂਜਾ ਪ੍ਰੀਤ ਦਾ। ਇਹ ਕਹਿਣਾ ਕਿ ਮੈਂ ਹਿੰਦੂ ਨਹੀਂ ਮਰੂੰਗਾ ਅਸਲ ਵਿਚ ਪ੍ਰੀਤ ਦੇ ਧਰਮ ਨੂੰ ਅਪਨਾਉਣਾ ਤੇ ਜਿਉਣਾ ਹੈ, ਜਿਸ ਦੀ ਨਿਸ਼ਾਨਦੇਹੀ ਪਿਤਾਮਾ ਬੁੱਧ ਕਰਦੇ ਹਨ। ਜੇ ਬੋਧੀ ਬਣ ਕੇ ਵੀ ਇਸ ਉਦੇਸ਼ ਨੂੰ ਕੋਈ ਨਾ ਸਮਝ ਸਕੇ ਤਾਂ ਧਰਮ ਪ੍ਰਵਰਤਨ ਦਾ ਕੀ ਲਾਭ ਰਹਿ ਜਾਵੇਗਾ। ਇਸ ਤੋਂ ਵੀ ਅੱਗੇ ਬੁੱਧ ਨੇ ਸੋਚਿਆ,

'ਮੈਂ ਦੇਖਦਾ ਹਾਂ ਕਿ ਮੇਰੀ ਸਮੱਸਿਆ ਨੇ ਵਿਆਪਕ ਰੂਪ ਧਾਰ ਲਿਆ ਹੈ। ਮੈਨੂੰ ਉਸ ਸਮਾਜਕ ਸਮੱਸਿਆ ਦਾ ਹੱਲ ਲੱਭਣਾ ਹੈ (9/56) ਕਿ ਇਹ ਵਿਰੋਧ (ਵੈਰ) ਨਾ ਸਿਰਫ ਕੌਮਾਂ ਅਤੇ ਰਾਜਿਆਂ ਵਿਚ ਹੀ ਮੌਜੂਦ ਹੈ, ਇਹ ਸੰਘਰਸ਼ ਮੌਜੂਦ ਹੈ ਕਸ਼ੱਤਰੀਆਂ ਵਿਚ, ਬ੍ਰਾਹਮਣਾਂ ਵਿਚ, ਗ੍ਰਹਿਸਥੀਆਂ ਵਿਚ, ਮਾਂ ਤੇ ਪੁੱਤਰ ਵਿਚ, ਬਾਪ ਤੇ ਬੇਟੇ ਵਿਚ, ਭੈਣ ਤੇ ਭਰਾ ਵਿਚ ਅਤੇ ਸਾਥੀ ਤੇ ਸਾਥੀ ਵਿਚ। (7/56)

ਕੌਮਾਂ ਵਿਚ ਜੋ ਸੰਘਰਸ਼ ਹੁੰਦਾ ਹੈ ਉਹ ਤਾਂ ਕਦੀ-ਕਦੀ ਹੁੰਦਾ ਹੈ ਪ੍ਰੰਤੂ ਵਰਗਾਂ (ਵਰਨ-ਜਾਤ-ਨਸਲ) ਵਿਚਕਾਰ ਜੋ ਸੰਘਰਸ਼ ਹੁੰਦਾ ਹੈ ਉਹ ਸਦਾ ਹੁੰਦਾ ਹੈ ਤੇ ਲਗਾਤਾਰ ਜਾਰੀ ਹੈ। ਸੰਸਾਰ ਦੇ ਦੁੱਖਾਂ ਅਤੇ ਮੁਸੀਬਤਾਂ ਦੇ ਮੁੱਢ ਵਿਚ ਇਹ ਵਰਗ (ਵਰਨ ਜਾਤ, ਰੰਗ ਨਸਲ ਤੇ ਲਿੰਗ) ਸੰਘਰਸ਼ ਹੀ ਹੈ।

ਤੁਸੀਂ ਦੇਖੋ ਕਿ ਤਥਾਗਤ ਬੁੱਧ ਬ੍ਰਾਹਮਣੀ ਆਰੀਆ ਧਰਮ ਦੀਆਂ ਧਾਰਨਾਵਾਂ ਬਾਰੇ ਕਿੰਨਾ ਸਪੱਸ਼ਟ ਹਨ ਅਤੇ ਕਿੰਨੇ ਸਪੱਸ਼ਟ ਰੂਪ ਵਿਚ ਕਾਰਨਾਂ ਅਤੇ ਉਸ ਦੇ ਹੱਲ ਜਾਂ ਤਿਆਗ ਦੀ ਨਿਸ਼ਾਨਦੇਹੀ ਕਰ ਰਹੇ ਹਨ ਕਿਉਂਕਿ ਉਨ੍ਹਾਂ ਦਾ ਮੰਤਵ ਮਨੁੱਖਤਾ ਨੂੰ ਵੈਦਿਕ ਆਰੀਆ ਸਿਸਟਮ 'ਚੋਂ ਕੱਢ ਕੇ ਸਰਬ ਕਲਿਆਣ ਦੇ ਮਾਰਗ ਤੱਕ ਲਿਜਾਣਾ ਹੈ ਜਿਸ ਬਾਰੇ ਬਾਬਾ ਸਾਹਿਬ ਕਹਿੰਦੇ ਹਨ ਕਿ 'ਉਹ ਹਿੰਦੂ ਮਰੇਗਾ ਨਹੀਂ।' ਬੁੱਧ ਮਨੁੱਖ ਨੂੰ ਵੈਦਿਕ ਆਰੀਆ ਧਰਮ ਤੋਂ ਮੁਕਤੀ ਲਈ ਵਿਚਾਰਧਾਰਕ ਅਧਾਰ ਪ੍ਰਦਾਨ ਕਰਦੇ ਹਨ। ਜਿਵੇਂ ਸਿਧਾਰਥ ਨੇ ਕਿਹਾ :

ਆਸ਼ਰਮ ਵਿਚ ਭ੍ਰਿਗੂ ਰਿਸ਼ੀ ਨੂੰ 'ਤੁਹਾਡਾ ਇਹ ਤਪੱਸਿਆ ਦਾ ਸਿਲਸਿਲਾ ਮੇਰੀ ਸਮਝ ਵਿਚ ਨਹੀ ਆਉਂਦਾ....ਤੁਹਾਡਾ ਇਹ ਵਿਸ਼ਵਾਸ ਸੁਰਗ ਪ੍ਰਾਪਤ ਕਰਨ ਲਈ ਹੈ। ਪਰ ਮੇਰੀ ਇੱਛਾ ਇਹੀ ਹੈ ਕਿ ਸੰਸਾਰ ਦੇ ਦੁੱਖ ਦੇ ਅਸਲ ਕਾਰਨ ਦਾ ਅਤੇ ਉਸ ਨੂੰ ਦੂਰ

ਕਰਨ ਦਾ ਉਪਾਅ ਲੱਭਿਆ ਜਾਵੇ। (14/58) ਇਨ੍ਹਾਂ ਸਤਰਾਂ ਤੋਂ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਬੁੱਧ ਨੂੰ ਜੋ ਗਿਆਨ ਹੋਇਆ, ਉਹ ਇਹੋ ਸੀ ਕਿ ਸਭੇ ਮਨੁੱਖਾਂ ਦੇ ਦੁੱਖਾਂ ਦਾ ਮੂਲ ਕਾਰਨ ਬ੍ਰਾਹਮਣੀ ਧਾਰਮਕ ਸਿਸਟਮ ਹੈ। ਇਸੇ ਸਮੇਂ ਦੌਰਾਨ ਗੌਤਮ ਨੇ ਬ੍ਰਾਹਮਣੀ ਧਰਮ ਅਨੁਸਾਰ ਵਿਧੀਵੱਧ ਕੀਤੀਆਂ ਪੀੜਾਦਾਇਕ ਤਪੱਸਿਆਵਾਂ ਦੀ ਅਣਮੁਖਾਵੀਂ ਮਸ਼ਕ ਕੀਤੀ ਜਿਸ ਦਾ ਨਤੀਜਾ ਇਹ ਨਿਕਲਿਆ :

ਛੇ ਸਾਲ ਵਿਚ ਗੌਤਮ ਬਹੁਤ ਕਮਜ਼ੋਰ ਹੋ ਗਿਆ। ਉਸ ਨੂੰ ਕੋਈ ਨਵਾਂ ਪ੍ਰਕਾਸ਼ ਨਾ ਦਿਸਿਆ। ਉਸ ਨੂੰ ਸਮੱਸਿਆ ਦਾ ਕੋਈ ਹੱਲ ਨਹੀਂ ਦਿਸਿਆ। ਉਸ ਨੇ ਸੋਚਿਆ ਨਾ ਇਹ ਮਨ ਜਿੱਤਣ ਦਾ ਤੇ ਨਾ ਮੁਕਤੀ ਦਾ ਰਾਹ ਹੈ। ਗ਼ਲਤ ਇੱਛਾ ਦਾ ਚੱਕਰ ਹੈ। ਇਹ ਧਰਤੀ ਨੂੰ ਛੱਡ ਕੇ ਅਕਾਸ਼ ਵਿਚ ਉੱਡਣ ਦਾ ਯਤਨ ਹੈ। ਇਹ ਸਰੀਰ ਨੂੰ ਦੁੱਖ ਦੇਣ ਦਾ ਧਰਮ ਹੈ। ਇਹ ਮਨ ਦੀ ਸਾਧਨਾ ਨਹੀਂ ਹੈ। ਵਿਚਾਰ ਤੋਂ ਬਿਨਾਂ ਸਰੀਰ (ਲਾਲਚੀ) ਕੁੱਤੇ ਵਾਂਗ ਹੀ ਅਸ਼ਾਂਤ ਹੈ। ਉਦੇਸ਼ਹੀਣ।

ਇਸ ਬੇਮਤਲਬ ਤੇ ਦੁਖਦਾਈ ਤਪ ਤਪੱਸਿਆ ਦਾ ਅੰਤ, ਗੌਤਮ ਦੀ ਤਰਸਯੋਗ ਤੇ ਸੱਤਿਆ ਰਹਿਤ ਸਰੀਰਕ ਹਾਲਤ ਵਿਚ ਇਕ ਭੀਲ ਲੜਕੀ ਸੁਜਾਤਾ ਵੱਲੋਂ, ਗੌਤਮ ਨੂੰ ਸੰਭਾਲਣ ਅਤੇ ਅੰਨ ਪਾਣੀ ਭੇਟ ਕਰਨ ਨਾਲ ਹੋਇਆ। ਉਦੋਂ ਗੌਤਮ ਨੂੰ ਹਕੀਕਤਾਂ ਦਾ ਗਿਆਨ ਹੋਇਆ। ਬ੍ਰਾਹਮਣੀ ਸੰਨਿਆਸੀ ਉਸ ਨੂੰ ਛੱਡ ਕੇ ਚਲੇ ਗਏ ਪ੍ਰੰਤੂ ਗੌਤਮ ਨੇ ਉਨ੍ਹਾਂ ਦੀ ਤਪੱਸਿਆ ਦਾ ਤਿਆਗ ਕਰ ਦਿੱਤਾ ਤੇ ਕਿਹਾ 'ਮਾਤ ਖਾ ਕੇ ਜਿੱਤਣ ਦੀ ਬਜਾਏ ਯੁੱਧ ਵਿਚ ਮਰ ਜਾਣਾ ਮੇਰੇ ਲਈ ਕਿਤੇ ਜ਼ਿਆਦਾ ਗੌਰਵ ਦੀ ਗੱਲ ਹੈ।' (14/67)

ਗੌਤਮ ਨੇ ਭੋਜਨ ਕਰਨਾ ਸ਼ੁਰੂ ਕੀਤਾ। ਇਕਾਗਰਤਾ ਕਾਇਮ ਕੀਤੀ। ਸਮ ਬਿਰਤੀ ਅਤੇ ਜਾਗਰਤੀ ਨੂੰ ਜੋੜਿਆ। ਪਵਿੱਤਰਤਾ ਨੂੰ ਤਕੜਾ ਕੀਤਾ। ਮਨ ਦੀ ਵੈਦਿਕ ਮੈਲ ਲਾਹ ਸੁੱਟੀ ਤੇ ਉਸ ਨੂੰ ਬੈਠਿਆਂ-ਬੈਠਿਆਂ ਰੌਸ਼ਨੀ ਹੋ ਆਈ।

ਪਹਿਲੀ ਸਮੱਸਿਆ ਸੀ ਕਿ ਸੰਸਾਰ ਵਿਚ ਦੁੱਖ ਹੈ।

ਦੂਜੀ ਸਮੱਸਿਆ ਇਹ ਸੀ ਕਿ ਕਿਸ ਤਰ੍ਹਾਂ ਇਸ ਦੁੱਖ ਦਾ ਨਾਸ ਕੀਤਾ ਜਾਵੇ ਅਤੇ ਮਨੁੱਖ ਜਾਤੀ ਨੂੰ ਸੁਖੀ ਬਣਾਇਆ ਜਾਵੇ।

ਇਉਂ ਪ੍ਰਕਾਸ਼ ਹੋਇਆ। ਅਗਿਆਨਤਾ ਦਾ ਨਾਸ ਹੋਇਆ ਅਤੇ ਜੀਵਨ ਨੂੰ ਇਕ ਨਵਾਂ ਰਾਹ ਦਿਖਾਈ ਦਿੱਤਾ ਕਿ ਦੁੱਖਾਂ ਦੇ ਕਾਰਨ ਲੱਭੇ ਜਾਣ। ਕਾਰਨਾਂ ਨੂੰ ਦੂਰ ਕੀਤਾ ਜਾਵੇ ਤੇ ਕਲਿਆਣ ਦਾ ਮਾਰਗ ਸਿਰਜਿਆ ਜਾਵੇ। ਉਦੋਂ ਸਿਧਾਰਥ ਬੁੱਧ ਹੋ ਗਏ ਤੇ ਉਨ੍ਹਾਂ ਨੇ ਬ੍ਰਾਹਮਣੀ ਸੋਚ ਦੇ ਜੀਵਨ ਤੋਂ ਕਿਨਾਰਾ ਕਰ ਲਿਆ। ਸਮਝੋ ਕਿ ਬਾਬਾ ਸਾਹਿਬ ਨੇ ਵੀ ਇਹੋ ਕੀਤਾ ਤੇ ਕਿਹਾ।'

ਗੌਤਮ, ਸਿਧਾਰਥ ਤੋਂ ਬੁੱਧ ਹੋ ਗਏ ਤੇ ਫਿਰ ਉਨ੍ਹਾਂ ਨੇ ਵੈਦਿਕ ਆਰੀਆ ਧਰਮ ਦੀਆਂ ਸਾਰੀਆਂ ਪਰੰਪਰਾਵਾਂ ਨੂੰ ਤਿਆਗਦਿਆਂ ਮਨੁੱਖੀ ਬਰਾਬਰੀ, ਕਲਿਆਣ, ਪ੍ਰੇਮ, ਦਇਆ, ਸਦਾਚਾਰ, ਸਬਰ ਸੰਤੋਖ, ਗਿਆਨ ਅਤੇ ਸੱਚ ਦਾ ਮਾਰਗ ਚੁਣ ਲਿਆ। ਜਿਸ ਨੂੰ ਸਮਝਣ ਤੋਂ ਬਾਦ ਬਾਬਾ ਸਾਹਿਬ ਨੇ ਕਿਹਾ ਕਿ 'ਮੈਂ ਹਿੰਦੂ ਪੈਦਾ ਜ਼ਰੂਰ ਹੋਇਆ ਹਾਂ ਪ੍ਰੰਤੂ ਹਿੰਦੂ ਰਹਿੰਦਿਆਂ ਮਰੂੰਗਾ ਨਹੀਂ।'

ਇਸ ਧਾਰਨਾ ਦੇ ਪੈਦਾ ਹੋ ਜਾਣ ਨੂੰ ਸਮਾਜਕ ਇਨਕਲਾਬ ਦਾ ਵਰਤ ਜਾਣਾ ਜਾਂ ਬੁੱਧ ਹੋ ਜਾਣਾ ਕਿਹਾ ਜਾਂਦਾ ਹੈ ਕਿਉਂਕਿ

- ਬੁੱਧ ਦੀ ਨਜ਼ਰ ਵਿਚ ਵੇਦ ਮਾਰੂਥਲ ਵਾਂਗ ਫਜ਼ੂਲ ਹਨ।

• ਬੁੱਧ ਨੇ ਵੇਦਾਂ ਨੂੰ ਇਸ ਯੋਗ ਨਹੀਂ ਸਮਝਿਆ ਕਿ ਉਨ੍ਹਾਂ ਤੋਂ ਕੁਝ ਸਿੱਖਿਆ ਜਾ ਸਕੇ ਜਾਂ ਹਾਸਲ ਵੀ ਕੀਤਾ ਜਾ ਸਕੇ।

• ਬੁੱਧ ਨੂੰ ਵੈਦਿਕ ਰਿਸ਼ੀਆਂ ਦੇ ਫਲਸਫੇ ਵਿਚ ਕੁਝ ਵੀ ਸਚਾਈ ਨਹੀਂ ਦਿਖਾਈ ਦਿੱਤੀ। ਉਹ ਉਸ ਨੂੰ ਹਨੇਰੇ ਵਿਚ ਲੱਗ ਰਹੇ ਸਨ।

• ਉਨ੍ਹਾਂ ਦੇ ਸਿਧਾਂਤ ਸਿਰਫ ਮਾਨਸਕ ਉਡਾਣਾਂ ਹਨ, ਜਿਨ੍ਹਾਂ ਦਾ ਦਲੀਲ ਜਾਂ ਅਸਲੀਅਤ ਨਾਲ ਕੋਈ ਰਿਸ਼ਤਾ ਨਹੀਂ ਸੀ।

ਇਸ ਲਈ ਉਸ ਨੇ ਵੈਦਿਕ ਰਿਸ਼ੀਆਂ ਦੇ ਫਲਸਫੇ ਨੂੰ ਫਜ਼ੂਲ ਜਾਣ ਕੇ ਕੋਈ ਮਹੱਤਤਾ ਨਹੀਂ ਦਿੱਤੀ। (22-23-24-25/75) (ਭਗਵਾਨ ਬੁੱਧ ਤੇ ਉਨ੍ਹਾਂ ਦਾ ਧਰਮ।)

ਬਾਬਾ ਸਾਹਿਬ ਪਿਤਾਮਾ ਬੁੱਧ ਦੀ ਪ੍ਰਵਰਤਤ ਮਾਨਸਿਕਤਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ :

• ਬੁੱਧ ਨੇ ਬ੍ਰਾਹਮਣਾਂ ਦੇ ਇਸ ਸਿਧਾਂਤ ਦਾ ਖੰਡਨ ਕੀਤਾ ਕਿ ਵੇਦ ਈਸ਼ਵਰ ਰਚਿਤ ਹਨ ਤੇ ਉਨ੍ਹਾਂ ਉੱਤੇ ਪ੍ਰਸ਼ਨ ਚਿੰਨ੍ਹ ਨਹੀਂ ਲੱਗ ਸਕਦਾ।

• ਬੁੱਧ ਲਈ ਵਿਚਾਰਾਂ ਦੀ ਅਜ਼ਾਦੀ ਸਭ ਤੋਂ ਮਹੱਤਵ ਵਾਲੀ ਗੱਲ ਸੀ।

• ਦੂਜਿਆਂ ਦੇ ਭਲੇ ਲਈ ਆਪਣੇ ਤਿਆਗ ਨੂੰ ਬੁੱਧ ਨੇ ਸੱਚਾ ਯੱਗ ਮੰਨਿਆ।

• ਆਪਣੇ ਸੁਆਰਥ ਲਈ ਕਿਸੇ ਦੇਵਤਾ ਨੂੰ ਖੁਸ਼ ਕਰਨ ਦੇ ਮੰਤਵ ਨਾਲ ਕਿਸੇ ਪਸ਼ੂ ਦੀ ਬਲੀ ਦੇਣਾ ਬੁੱਧ ਨੇ ਝੂਠਾ ਯੱਗ ਕਰਾਰ ਦਿੱਤਾ।

• ਬੁੱਧ ਨੂੰ ਯੱਗ ਦਾ ਸਿਧਾਂਤ ਜਿਨਾ ਬੁਰਾ ਲਗਦਾ ਸੀ ਉਤਨੀ ਹੀ ਭੈੜੀ ਬੁੱਧ ਨੂੰ ਚੌਹ ਵਰਨਾਂ ਦੀ ਸਥਾਪਨਾ ਲਗਦੀ ਸੀ ਕਿਉਂਕਿ ਵਰਨਾਂ ਦੀ ਰਚਨਾ ਇਕ ਜੜ ਸਮਾਜ ਦੀ ਰਚਨਾ ਸੀ, ਨਾ ਬਦਲੀ ਜਾਣ ਵਾਲੀ। ਨਾ ਕੋਈ ਵੱਡਾ ਪਾਪ-ਕਰਮ ਵਰਣ ਤੋਂ ਡੇਗ ਸਕਦਾ ਸੀ ਤੇ ਨਾ ਕੋਈ ਵੱਡਾ ਪੁੰਨ ਵਰਨ ਤੋਂ ਉਠਾ ਸਕਦਾ ਸੀ। ਬ੍ਰਾਹਮਣਵਾਦ ਬਰਾਬਰੀ ਨੂੰ ਨਹੀਂ ਮੰਨਦਾ। ਇਸ ਦੀ ਜਾਨ ਨਾ-ਬਰਾਬਰੀ ਵਿਚ ਹੈ। ਇਹ ਬਰਾਬਰੀ ਦੇ ਸਿਧਾਂਤ ਦਾ ਦੁਸ਼ਮਣ ਹੈ। ਬੁੱਧ ਸਮਝ ਗਏ ਸਨ ਕਿ ਇਸ ਸਿਧਾਂਤ ਤੋਂ ਸਭ ਦੇ ਕਲਿਆਣ ਦੀ ਆਸ ਨਹੀਂ ਕੀਤੀ ਜਾ ਸਕਦੀ। ਕਿਉਂਕਿ ਇਸ ਦਾ ਮਨੋਰਥ ਕਮਜ਼ੋਰਾਂ ਨੂੰ ਦਬਾਉਣਾ ਤੇ ਕੁਚਲਣਾ ਸੀ। ਬੁੱਧ ਨੇ ਸੋਚਿਆ ਕਿ ਜਿਸ ਕਰਮਵਾਦ ਦੀ ਬ੍ਰਾਹਮਣਵਾਦ ਨੇ ਰਚਨਾ ਕੀਤੀ ਹੈ ਉਹ ਵਿਦਰੋਹ (ਬਰਾਬਰੀ ਲਈ ਕ੍ਰਾਂਤੀ) ਦੀ ਭਾਵਨਾ ਨੂੰ ਮਾਰ ਦੇਣ ਵਾਲੀ ਹੈ।

ਬੁੱਧ ਜਾਣ ਗਏ ਸਨ ਕਿ ਇਹ ਭਗਵਾਨ ਦੀ ਬਣਾਈ ਹੋਈ ਸਮਾਜਕ ਬਣਤਰ ਦੱਸੀ ਜਾਂਦੀ ਹੈ, ਇਸ ਲਈ ਇਸ ਵਿਚ ਸੁਧਾਰ ਨਹੀਂ ਹੋ ਸਕਦਾ। ਇਸ ਨੂੰ ਸਿਰਫ ਖਤਮ ਹੀ ਕੀਤਾ ਜਾ ਸਕਦਾ ਹੈ। ਭਾਵ ਜਾਤ-ਪਾਤ ਦਾ ਬੀਜ ਨਾਸ ਭਾਵ ਮੈਂ ਹਿੰਦੂ ਮਰੂੰਗਾ ਨਹੀਂ।

ਇਉਂ ਬੁੱਧ ਨੇ ਬ੍ਰਾਹਮਣਵਾਦ ਨੂੰ ਸਤ ਧਰਮ ਦਾ, ਜੀਵਨ ਦੇ ਸੱਚੇ ਧਰਮ ਦਾ ਵੱਡਾ ਵਿਰੋਧੀ ਮੰਨ ਕੇ ਨਾ-ਕਬੂਲ ਕਰ ਦਿੱਤਾ, ਜਿਵੇਂ ਬਾਬਾ ਸਾਹਿਬ ਨੇ ਕਿਹਾ ਕਿ 'ਉਹ ਹਿੰਦੂ ਰਹਿੰਦਿਆਂ ਮਰੇਗਾ ਨਹੀਂ'।

ਇਸ ਲਈ ਬੁੱਧ ਨੇ ਵੇਦਾਂ ਦੇ ਅੰਤਮ ਸੱਚ ਹੋਣ ਦਾ, ਆਤਮਾ ਵਿਚ ਯਕੀਨ ਦਾ, ਪੁਰਬਲੇ ਕਰਮਾਂ ਤੇ ਪੁਰਬਲੇ ਜਨਮਾਂ ਦਾ, ਧਾਰਮਕ ਰੀਤਾਂ ਯੱਗਾਂ ਤੇ ਬਲੀਆਂ ਦਾ, ਈਸ਼ਵਰ ਦੀ ਇਸ ਵਰਣ-ਜਾਤ ਸ੍ਰਿਸ਼ਟੀ ਦੀ ਰਚਨਾ ਦਾ, ਆਤਮਾ ਦੇ ਆਵਾਗਮਨ ਦਾ, ਕਰਮ ਸਿਧਾਂਤ ਦਾ ਪੂਰੀ ਤਰ੍ਹਾਂ ਤਿਆਗ ਕਰ ਦਿੱਤਾ ਤੇ ਉਨ੍ਹਾਂ ਨੇ ਮਿੱਤਰਤਾ, ਦਇਆ, ਭਾਈਚਾਰੇ ਅਤੇ ਸਰਬ ਕਲਿਆਣ ਦਾ ਉਦੇਸ਼ ਸਥਾਪਤ ਕੀਤਾ।

ਇਸ ਉਦੇਸ਼ ਲਈ ਬੁੱਧ ਨੇ ਕਿਸੇ ਵਰਨ ਜਾਤ ਤੇ ਔਰਤ ਜਾਂ ਮਰਦ ਹੋਣ ਦਾ ਖਿਆਲ ਨਹੀਂ ਕੀਤਾ। ਇਹ ਹੈ ਬੁੱਧ ਹੋ ਜਾਣ ਦਾ ਅਰਥ, ਜਿਸ ਨੂੰ ਸਮਝਣਾ ਜ਼ਰੂਰੀ ਹੈ, ਬੁੱਧ ਹੋ ਜਾਣ ਤੋਂ ਵੀ ਪਹਿਲਾਂ।

ਬੁੱਧ ਦੇ ਧਰਮ ਦਾ ਕੇਂਦਰ-ਬਿੰਦੂ ਹੈ ਆਦਮੀ (ਨਾ ਕਿ ਕੋਈ ਈਸ਼ਵਰ)। ਉਨ੍ਹਾਂ ਅਨੁਸਾਰ ਆਦਮੀ ਦੁਖੀ ਹਨ, ਕਸ਼ਟ ਵਿਚ ਹਨ, ਭੈੜੀ ਜ਼ਿੰਦਗੀ ਬਿਤਾ ਰਹੇ ਹਨ। ਸੰਸਾਰ ਵਿਚ ਦੁੱਖ ਹੀ ਦੁੱਖ ਹਨ ਅਤੇ ਧਰਮ ਦਾ ਉਦੇਸ਼ ਇਸ ਦੁੱਖ ਦਾ ਨਾਸ ਕਰਨਾ ਹੀ ਹੈ। ਇਸ ਤੋਂ ਛੁੱਟ ਧਰਮ ਦਾ ਹੋਰ ਕੋਈ ਉਦੇਸ਼ ਨਹੀਂ ਹੈ। ਦੁੱਖ ਦੀ ਹੋਂਦ ਨੂੰ ਮੰਨਣਾ, ਦੁੱਖ ਦਾ ਨਾਸ ਕਰਨ ਦਾ ਉਪਾਅ ਕਰਨਾ, ਇਹੀ ਧਰਮ ਹੈ।

ਪਿਤਾਮਾ ਬੁੱਧ ਨੇ ਕਿਹਾ :

ਹੇ ਸੰਨਿਆਸੀਓ ਜਿਹੜੇ ਧਰਮ ਦਾ ਉਪਦੇਸ਼ ਕਰਨ ਵਾਲੇ ਇਹ ਵੀ ਨਹੀਂ ਸਮਝਦੇ ਕਿ ਸੰਸਾਰ ਵਿਚ ਦੁੱਖ ਹਨ ਤੇ ਉਨ੍ਹਾਂ ਦੁੱਖਾਂ ਦੇ ਨਾਸ ਦਾ ਉਪਾਅ ਹੈ, ਅਜੇਹੇ ਸ੍ਰਮਣ ਬ੍ਰਾਹਮਣ ਮੇਰੇ ਖਿਆਲ ਵਿਚ ਸ੍ਰਮਣ ਬ੍ਰਾਹਮਣ ਨਹੀਂ ਹਨ, ਨਾ ਉਹ ਆਪਣੇ ਆਪ ਨੂੰ ਵੱਡਾ ਅਤੇ ਉੱਚਾ ਸਮਝਣ ਵਾਲੇ ਏਨਾ ਵੀ ਸਮਝ ਸਕੇ ਹਨ ਕਿ ਧਰਮ ਦਾ ਸਹੀ ਅਰਥ ਕੀ ਹੈ? ਇਸ ਦਾ ਉਪਾਅ ਹੈ : ਹਰੇਕ ਆਦਮੀ ਪਵਿੱਤਰਤਾ ਦੇ ਰਾਹ 'ਤੇ ਤੁਰੇ। ਧਰਮ ਦੇ ਰਾਹ 'ਤੇ ਤੁਰੇ (ਬੁੱਧ ਦਾ ਧਰਮ ਸਮਝੋ ਕਿ ਕੀ ਹੈ) ਸ਼ੀਲ ਦੇ ਰਾਹ 'ਤੇ ਤੁਰੇ ਤਾਂ ਇਸ ਤਰ੍ਹਾਂ ਦੁੱਖਾਂ ਦਾ ਪੂਰੀ ਤਰ੍ਹਾਂ ਨਾਸ ਹੋ ਸਕਦਾ ਹੈ। (20-22/103) ਓਹੀ।

ਬੁੱਧ ਨੇ ਕਿਹਾ :

- ਮਨ ਹੀ ਇਕ ਵਸੀਲਾ ਹੈ ਜਿਸ ਰਾਹੀਂ ਆਦਮੀ ਨੂੰ ਰੌਸ਼ਨੀ ਪ੍ਰਾਪਤ ਹੋ ਸਕਦੀ ਹੈ।
- ਕਿਉਂਕਿ ਆਦਮੀ ਵਿਚ ਇਕ ਤਾਕਤ ਹੈ। ਇਕ ਅਜੇਹੀ ਤਾਕਤ ਜਿਸ ਨੂੰ ਇੱਛਾ ਸ਼ਕਤੀ ਕਿਹਾ ਜਾਂਦਾ ਹੈ। ਜਦੋਂ ਆਦਮੀ ਸਾਹਮਣੇ ਕੋਈ ਠੀਕ ਆਦਰਸ਼ ਆਉਂਦਾ ਹੈ ਤਾਂ ਇਸ ਇੱਛਾ ਸ਼ਕਤੀ ਨੂੰ ਜਾਗਰਤ ਕੀਤਾ ਜਾ ਸਕਦਾ ਹੈ ਅਤੇ ਕਿਰਿਆਸ਼ੀਲ ਬਣਾਇਆ ਜਾ ਸਕਦਾ ਹੈ। (7-12/105)
- ਆਦਮੀ ਕਰਮਕਾਂਡ ਕਰਨ ਨੂੰ ਫਜ਼ੂਲ ਸਮਝੇ, ਆਦਮੀ ਸ਼ਾਸਤਰਾਂ ਦੀ ਪਵਿੱਤਰਤਾ ਦੀ ਝੂਠੀ ਧਾਰਨਾ ਤੋਂ ਮੁਕਤ ਹੋਵੇ। (20)
- ਆਦਮੀ ਝੂਠੇ ਵਿਸ਼ਵਾਸਾਂ ਤੋਂ ਮੁਕਤ ਹੋਵੇ। (21)
- ਆਦਮੀ ਦਾ ਮਨ ਅਜ਼ਾਦ ਹੋਵੇ। ਆਦਮੀ ਦੇ ਖਿਆਲ ਅਜ਼ਾਦ ਹੋਣ। (23)
- ਸਾਡਾ ਹਰੇਕ ਕੰਮ ਅਜੇਹਾ ਹੋਵੇ ਜਿਸ ਨੂੰ ਕਰਨ ਵੇਲੇ ਅਸੀਂ ਦੂਜਿਆਂ ਦੀਆਂ ਭਾਵਨਾਵਾਂ ਅਤੇ ਹੱਕਾਂ ਦਾ ਖਿਆਲ ਰੱਖੀਏ। (28)
- ਸੰਮਯਕ ਅਭਿਆਸ ਅਗਿਆਨ ਦਾ ਨਾਸ ਕਰਨ ਦੇ ਯਤਨ ਦਾ ਪਹਿਲਾ ਪੌੜਾ ਹੈ। (32)
- ਸੰਮਯਕ ਚੇਤਨਾ ਦਾ ਮਤਲਬ ਹੈ ਹਰੇਕ ਗੱਲ ਉੱਤੇ ਧਿਆਨ ਦੇ ਸਕਣਾ।
- ਸ਼ੀਲ ਦਾ ਮਤਲਬ ਹੈ ਪਾਪਾਂ ਤੋਂ ਡਰਨਾ। ਨੈਤਿਕਤਾ, ਅਸ਼ੁੱਭ ਨਾ ਕਰਨ ਦੀ ਲਗਨ। ਬੁਰਾਈ ਕਰਨ ਵਿਚ ਸ਼ਰਮ ਮੰਨਣਾ। (5)
- ਨੈਸ਼ ਕਰਮ ਦਾ ਮਤਲਬ ਹੈ ਸੰਸਾਰ ਦੇ ਕਾਮ ਭੋਗਾਂ ਦਾ ਤਿਆਗ।
- ਦਾਨ ਦਾ ਮਤਲਬ ਹੈ ਕਿਸੇ ਤਰ੍ਹਾਂ ਦੀ ਸੁਆਰਥ ਪੂਰਨ ਆਸ ਤੋਂ ਬਿਨਾਂ

ਦੂਜਿਆਂ ਦੀ ਭਲਾਈ ਨਮਿਤ ਆਪਣੀ ਜਾਇਦਾਦ ਨੂੰ ਹੀ ਨਹੀਂ ਆਪਣੇ ਖੂਨ, ਆਪਣੇ ਸਰੀਰ ਦੇ ਅੰਗਾਂ ਇਥੋਂ ਤੀਕ ਕਿ ਆਪਣੀ ਜਾਨ ਨੂੰ ਵੀ ਵਾਰ ਦੇਣਾ।

• ਕਰੁਣਾ ਦਾ ਮਤਲਬ ਹੈ, ਸਮੁੱਚੇ ਮਾਨਵਾਂ ਪ੍ਰਤੀ ਪਿਆਰ ਭਰੀ ਦਇਆ।

• ਮੈਤ੍ਰੀ ਦਾ ਭਾਵ ਹੈ, ਸਾਰੇ ਜੀਵਾਂ ਵਾਸਤੇ ਭਾਈਚਾਰੇ ਦੀ ਭਾਵਨਾ।(109)

• ਦੁਨੀਆਂ ਦੇ ਦੁੱਖ ਨੂੰ ਕਬੂਲਣਾ ਹੀ ਧਰਮ ਦੀ ਅਸਲ ਨੀਂਹ ਹੈ।

• ਦੁਨੀਆਂ ਦੇ ਦੁੱਖ ਨੂੰ ਦੂਰ ਕਰਨਾ ਹੀ ਧਰਮ ਦਾ ਅਸਲ ਮਨੋਰਥ ਹੈ।

• ਮੋਕਸ਼ ਅਜੇਹਾ ਸੁਖ ਹੈ, ਜਿਸ ਨੂੰ ਆਦਮੀ ਧਰਮ ਮੁਤਾਬਕ ਜੀਵਨ ਬਿਤਾਉਣ ਨਾਲ ਆਪਣੇ ਹੀ ਯਤਨ ਰਾਹੀਂ, ਏਥੇ ਹੀ, ਏਸੇ ਧਰਤੀ 'ਤੇ ਪਾ ਸਕਦਾ ਹੈ।(113)

ਬੁੱਧ ਹੋ ਜਾਣ ਤੋਂ ਪਹਿਲਾਂ ਤੇ ਬਾਅਦ ਵਿਚ ਮਨੁੱਖ ਨੂੰ ਇਨ੍ਹਾਂ ਉਦੇਸ਼ਾਂ ਤੇ ਉਪਦੇਸ਼ਾਂ ਨੂੰ ਜਾਨਣਾ ਜ਼ਰੂਰੀ ਹੈ। ਅਗਰ ਉਹ ਧਰਮ ਬਦਲਦਾ ਹੈ ਪ੍ਰੰਤੂ ਅਜੇਹਾ ਸੋਚਦਾ ਨਹੀਂ ਜਾਂ ਕਰਦਾ ਨਹੀਂ ਤਾਂ ਉਸ ਦਾ ਜੀਵਨ ਅਤੇ ਸਮਾਜ 'ਤੇ ਕੋਈ ਅਸਰ ਨਹੀਂ ਪਵੇਗਾ। ਉਹ ਬਨਾਰਸ ਵਸੇ ਜਾਂ ਮਗਹਰ ਕੋਈ ਫਰਕ ਨਹੀਂ ਪਵੇਗਾ। ਬੁੱਧ ਸਮਾਜਕ ਕ੍ਰਾਂਤੀ ਦਾ ਉਦੇਸ਼ ਸਥਾਪਤ ਕਰਦੇ ਹਨ। ਸਮਾਜਕ ਪ੍ਰਵਰਤਨ ਹੀ ਧਰਮ ਪ੍ਰਵਰਤਨ ਦਾ ਉਦੇਸ਼ ਹੈ ਵਰਨਾ ਇਹ ਅਰਥਹੀਣ ਹੈ।

ਈਸ਼ਵਰ ਬਾਰੇ ਬੁੱਧ ਦਾ ਵਖਿਆਨ ਇਜ ਹੈ :

ਸਾਡਾ ਕਹਿਣਾ ਹੈ ਕਿ ਜਿਹੜੀਆਂ ਵੀ ਚੀਜ਼ਾਂ ਹੋਂਦ ਵਿਚ ਆਉਂਦੀਆਂ ਹਨ ਉਨ੍ਹਾਂ ਦਾ ਕੋਈ ਕਾਰਨ ਹੁੰਦਾ ਹੈ। ਨਾ ਉਹ ਈਸ਼ਵਰ ਰਾਹੀਂ ਬਣਾਈਆਂ ਹਨ, ਨਾ ਬ੍ਰਹਮ ਰਾਹੀਂ, ਨਾ ਆਤਮਾ ਰਾਹੀਂ, ਨਾ ਬਿਨਾਂ ਕਾਰਨ ਤੋਂ ਐਵੇਂ ਹੋਂਦ ਵਿਚ ਆਉਂਦੀਆਂ ਹਨ। ਸਾਡੇ ਆਪਣੇ ਹੀ ਕੰਮ ਹਨ ਜੋ ਚੰਗੇ ਤੇ ਮਾੜੇ ਨੂੰ ਜਨਮ ਦਿੰਦੇ ਹਨ।

ਇਸ ਲਈ ਅਸੀਂ ਈਸ਼ਵਰ ਅਤੇ ਉਸ ਨੂੰ ਪ੍ਰਾਰਥਨਾਵਾਂ ਕਰਨ ਸਬੰਧੀ ਝੂਠੀਆਂ ਧਾਰਨਾਵਾਂ ਦਾ ਤਿਆਗ ਕਰੀਏ। ਅਸੀਂ ਫਜ਼ੂਲ ਦੀਆਂ ਛੋਟੀਆਂ-ਛੋਟੀਆਂ ਕਲਪਨਾਮਈ ਉਡਾਨਾਂ ਵਿਚ ਨਾ ਉਲਝੇ ਰਹੀਏ। ਅਸੀਂ ਆਤਮਾ ਅਤੇ ਆਤਮਾਰਥ ਤੋਂ ਮੁਕਤ ਹੋਈਏ ਕਿਉਂਕਿ ਸਾਰੀਆਂ ਚੀਜ਼ਾਂ ਕਰਨ ਵਾਲੀਆਂ ਹਨ ਇਸ ਲਈ ਅਸੀਂ ਚੰਗਾ ਕੰਮ ਕਰੀਏ ਤਾਂ ਜੁ ਉਸ ਦਾ ਸਿੱਟਾ ਵੀ ਚੰਗਾ ਨਿਕਲੇ। (12/126) ਗੱਲ ਵਾਰ-ਵਾਰ ਇਕ ਤਿਆਗ ਦੀ ਹੋ ਰਹੀ ਹੈ। ਇਕ ਖਾਸ ਨਿਸ਼ਾਨੇ ਵੱਲ ਮੂੰਹ ਕਰਕੇ।

• ਜਿਸ ਨੂੰ ਧਨ ਨਾਲ ਮੋਹ ਨਹੀਂ ਹੈ ਤੇ ਜਿਸ ਕੋਲ ਧਨ ਹੈ ਤੇ ਉਹ ਉਸ ਨੂੰ ਚੰਗੇ ਢੰਗ ਨਾਲ ਵਰਤ ਸਕਦਾ ਹੈ।

• ਅਜਿਹਾ ਮਨੁੱਖ ਆਪਣੇ ਭਰਾਵਾਂ ਲਈ ਇਕ ਵਰਦਾਨ ਹੈ। ਮੇਰਾ ਕਹਿਣਾ ਹੈ ਗ੍ਰਿਹਸਥੀ ਬਣੇ ਰਹੋ।

ਜੇ ਉਹ (ਮਨੁੱਖ) ਸੰਸਾਰ ਵਿਚ ਰਹਿੰਦੇ ਹੋਏ ਵੀ ਸੁਆਰਥ ਭਰਿਆ ਨਹੀਂ ਬਲਕਿ ਪਰਮਾਰਥ ਭਰਿਆ ਜੀਵਨ ਬਤੀਤ ਕਰਦਾ ਹੈ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸਦਾ ਮਨ ਅਨੰਦ, ਸ਼ਾਂਤੀ ਅਤੇ ਸੁਖ ਨਾਲ ਭਰ ਜਾਵੇਗਾ। (127)

• ਜਿਸ ਚੀਜ਼ ਦੀ ਸਭ ਤੋਂ ਵੱਧ ਲੋੜ ਹੈ, ਉਹ ਹੈ ਮਿੱਤਰਤਾ ਭਰਿਆ ਹਿਰਦਾ।

• ਆਪਣੀ ਪਰਜਾ ਨੂੰ ਆਪਣੀ ਇਕਲੌਤੀ ਔਲਾਦ ਵਾਂਗ ਸਮਝੋ। ਉਨ੍ਹਾਂ ਨੂੰ ਕਸ਼ਟ ਨਾ ਦਿਓ। ਉਨ੍ਹਾਂ ਨੂੰ ਉਜਾੜੋ ਨਾ (ਇਨ੍ਹਾਂ ਉਪਦੇਸ਼ਾਂ ਨੂੰ ਮਨੂੰ ਦੇ ਉਪਦੇਸ਼ਾਂ ਦੇ ਪ੍ਰਸੰਗ ਵਿਚ ਰੱਖ ਕੇ ਸਮਝੋ ਜੋ ਬ੍ਰਾਹਮਣ ਤੇ ਕਸ਼ੱਤਰੀ ਰਾਜੇ ਨੂੰ, ਸ਼ੂਦਰਾਂ ਨੂੰ ਉਜਾੜਨ ਤੇ ਲੁੱਟਣ

ਮਾਰਨ ਦੀ ਖੁਲ੍ਹ ਦਿੰਦੇ ਹਨ)

• ਜਦੋਂ ਕੋਈ ਰੁੱਖ ਅੱਗ ਵਿਚ ਝੁਲਸ ਰਿਹਾ ਹੋਵੇ ਤਾਂ ਪੰਛੀ ਉਸ ਉੱਤੇ ਆਲ੍ਹਣਾ ਕਿਵੇਂ ਬਣਾ ਸਕਦਾ ਹੈ। ਜਿਥੇ ਰਾਗਦਵੈਸ਼ ਦਾ ਵਾਸਾ ਹੈ ਉਥੇ ਸੱਚ ਕਿਵੇਂ ਠਹਿਰ ਸਕਦਾ ਹੈ।

(ਕਬੀਰ ਕੋਠੀ ਕਾਠ ਕੀ ਦਹਿਦਸਿ ਲਾਗੀ ਆਗ॥
ਪੰਡਤ ਪੰਡਤ ਜਲ ਮੂਏ ਮੂਰਖ ਉਬਰਿਓ ਭਾਗ॥)

• ਸੱਚ ਸਿਰਫ ਸੰਨਿਆਸੀਆਂ ਲਈ ਹੀ ਨਹੀਂ ਹੈ। ਇਸ ਦਾ ਸੰਬੰਧ ਮਨੁੱਖ ਨਾਲ ਹੈ। ਵਰਤ ਰੱਖਣ ਵਾਲੇ ਸੰਨਿਆਸੀ ਤੇ ਗ੍ਰਹਿਸਥੀ ਵਿਚ ਕੋਈ ਫਰਕ ਨਹੀਂ। ਸੰਨਿਆਸੀ ਵੀ ਪਤਿਤ ਹੋ ਕੇ ਤਬਾਹ ਹੋ ਜਾਂਦੇ ਹਨ। ਗ੍ਰਹਿਸਥੀ ਵੀ ਸੱਚ ਦਾ ਪਾਲਣ ਕਰਨ ਨਾਲ ਰਿਸ਼ੀਆਂ ਦੇ ਦਰਜੇ ਤੱਕ ਪੁੱਜ ਜਾਂਦੇ ਹਨ।

• ਅਸੀਂ ਆਪਣੇ ਵਿਚਾਰਾਂ ਦਾ ਪਹਿਰਾ ਰੱਖੀਏ ਤਾਂ ਜੁ ਸਾਡੇ ਕੋਲੋਂ ਕੋਈ ਬੁਰਾ ਕੰਮ ਨਾ ਹੋਵੇ। ਕਿਉਂਕਿ ਜਿਹੋ ਜੇਹਾ ਬੀਜ ਅਸੀਂ ਬੀਜਾਂਗੇ ਉਹੋ ਜੇਹਾ ਹੀ ਅਸੀਂ ਕੱਟਾਂਗੇ। (ਜੇਹਾ ਬੀਜੈ ਸੁ ਲੁਣੈ)

• ਆਪਣੇ ਵਿਚਾਰਾਂ ਨੂੰ ਉੱਚਾ ਚੁੱਕੋ। (129-30)

• ਦੁਨੀਆਂ ਦਾ ਕੋਈ ਮਾਲਕ ਜਾਂ ਰਖਵਾਲਾ ਨਹੀਂ।

• ਸਾਡਾ ਕੁਝ ਵੀ ਨਹੀਂ, ਅਸੀਂ ਸਭ ਕੁਝ ਪਿੱਛੇ ਛੱਡ ਜਾਣਾ ਹੈ।

• ਤ੍ਰਿਸ਼ਨਾ ਦੇ ਵੱਸ ਪੈਣ ਕਰਕੇ ਹੀ ਦੁਨੀਆਂ ਦੁਖੀ ਹੈ। (137)

• ਸਾਰਾ ਦੁੱਖ ਅਗਿਆਨ ਤੋਂ ਪੈਦਾ ਹੋਇਆ ਹੈ। (147)

(ਏਥੇ ਸਾਡੇ ਮੁਲਕ ਵਿਚ ਅਗਿਆਨ ਬ੍ਰਾਹਮਣੀ ਧਰਮ ਦੁਆਰਾ ਦੇਖਣ, ਸੁਣਨ, ਪੜ੍ਹਨ ਤੇ ਬੋਲਣ ਉੱਤੇ ਪੱਕੀ ਪਾਬੰਦੀ ਕਾਰਨ ਪੈਦਾ ਹੋਇਆ, ਜਿਸ ਨੇ ਵਿਸ਼ਾਲ ਅਬਾਦੀ ਨੂੰ ਦੁੱਖਾਂ ਵਿਚ ਧੱਕ ਦਿੱਤਾ। ਇਕ ਤਰ੍ਹਾਂ ਝੂਠ ਦੀ ਸਿੱਖਿਆ ਨੇ ਮਨਾਂ ਨੂੰ ਐਨਾ ਹਨੇਰਾ ਕਰ ਦਿੱਤਾ ਹੈ ਕਿ ਸੱਚ ਸੁਣਨਾ ਤੇ ਜਿਊਣਾ ਚੰਗਾ ਨਹੀਂ ਲਗਦਾ।)

• ਚਾਹੇ ਆਦਮੀ ਨੰਗਾ ਰਹਿੰਦਾ ਹੋਵੇ, ਚਾਹੇ ਵੱਡੀਆਂ-ਵੱਡੀਆਂ ਜਟਾਵਾਂ ਵਧਾ ਕੇ ਰਹਿੰਦਾ ਹੋਵੇ, ਚਾਹੇ ਕੁਝ ਪੱਤਿਆਂ ਜਾਂ ਰੁੱਖਾਂ ਦੀ ਛਿੱਲ ਦੇ ਕੱਪੜੇ ਨਾਲ ਹੀ ਆਪਣਾ ਸਰੀਰ ਢੱਕਦਾ ਹੋਵੇ, ਚਾਹੇ ਉਹ ਸਰੀਰ 'ਤੇ ਸੁਆਹ ਹੀ ਮਲਦਾ ਹੋਵੇ ਤੇ ਪੱਥਰਾਂ ਉੱਤੇ ਸੌਂਦਾ ਹੋਵੇ ਪਰ ਇਸ ਸਭ ਕੁਝ ਨਾਲ ਉਹ ਤ੍ਰਿਸ਼ਨਾ ਤੋਂ ਛੁਟਕਾਰਾ ਨਹੀਂ ਪਾ ਸਕਦਾ। (155) ਇਉਂ ਫੈਲੇ ਹੋਏ ਬੇਅਰਥ ਢਕਵੰਜ ਤੋਂ ਮੁਕਤੀ ਦਾ ਨਾਂ ਹੈ ਬੁੱਧ ਦਾ ਧਰਮ।

ਤਥਾਗਤ ਬੁੱਧ ਨੇ ਅਛੂਤ ਸੋਪਾਕ ਅਤੇ ਸੁਪੀਯ ਨੂੰ, ਸੁਮੰਗਲ ਕਿਸਾਨ ਨੂੰ, ਛੰਨ ਗੁਲਾਮ ਨੂੰ, ਧਨੀਯ ਘੁਮਿਆਰ ਨੂੰ, ਕਪਿਅਤਕੁਰ ਮੰਗਤੇ ਨੂੰ, ਉਪਾਲੀ ਨਾਈ ਨੂੰ, ਭੰਗੀ ਸੁਣੀਤ ਨੂੰ, ਕੋੜ੍ਹੀ ਸੁਪ੍ਰਬੁੱਧ ਨੂੰ ਦੀਕਸ਼ਾ ਦਿੱਤੀ ਤੇ ਭਿਖਸ਼ੂ ਸੰਘ ਵਿਚ ਸ਼ਾਮਲ ਕੀਤਾ। (ਜਿਸ ਦਾ ਸਿੱਧਾ ਅਰਥ ਹੈ ਕਿ ਬੁੱਧ ਵੈਦਿਕ ਆਰੀਆ ਧਰਮ ਦੇ ਵਿਰੋਧ ਵਿਚ ਕਲਿਆਣਮਈ ਸਮਾਜਕ ਕੇ ਧਾਰਮਕ ਕ੍ਰਾਂਤੀ ਨੂੰ ਪ੍ਰਫੁੱਲਤ ਕਰ ਰਹੇ ਸਨ) ਉਹ ਸਮਾਜ ਦੇ ਮਨੁੱਖ ਅੰਦਰ ਬਰਾਬਰੀ ਦੀ ਸਿਰਜਣਾ ਕਰਨ ਦਾ ਸੰਘਰਸ਼ ਕਰ ਰਹੇ ਸਨ। ਉਹ ਬਿਪਰੀਤ ਦਾ ਧਰਮ ਤਿਆਗ ਕੇ ਪ੍ਰੀਤ ਦਾ ਧਰਮ ਫੈਲਾਅ ਰਹੇ ਸਨ। ਜਿਵੇਂ ਸ਼ੂਦਰਾਂ ਅਤੇ ਔਰਤਾਂ ਨੂੰ ਸੰਘ ਵਿਚ ਸ਼ਾਮਲ ਕਰਨ ਦੇ ਪ੍ਰਸ਼ਨ 'ਤੇ ਤਥਾਗਤ ਨੇ ਕਿਹਾ :

ਅਨੰਦ ਮੈਨੂੰ ਗ਼ਲਤ ਨਾ ਸਮਝ, ਮੇਰਾ ਖ਼ਿਆਲ ਹੈ ਕਿ ਮਰਦਾਂ ਵਾਂਗ ਔਰਤਾਂ ਵੀ

ਨਿਰਬਾਣ ਪ੍ਰਾਪਤ ਕਰ ਸਕਦੀਆਂ ਹਨ। ਮੈਂ ਮਰਦਾਂ ਨੂੰ ਔਰਤਾਂ ਦੇ ਮੁਕਾਬਲੇ ਕਿਸੇ ਵੀ ਤਰ੍ਹਾਂ ਵੱਧ ਮਹੱਤਤਾ ਨਹੀਂ ਦਿੰਦਾ। ਮਹਾਂ ਪਰਜਾਪਤੀ ਗੌਤਮੀ ਦੀ ਬੇਨਤੀ ਨੂੰ ਜੇ ਮੈਂ ਨਹੀਂ ਮੰਨਿਆ ਤਾਂ ਉਹ ਔਰਤਾਂ ਨੂੰ ਮਰਦਾਂ ਦੇ ਮੁਕਾਬਲੇ ਹੀਣ ਸਮਝਣ ਦੇ ਕਾਰਨ ਨਹੀਂ ਬਲਕਿ ਵਿਹਾਰਕ ਕਾਰਨਾਂ ਕਰਕੇ ਹੈ। (163)

ਉਸ ਉਪਰੰਤ ਤਥਾਗਤ ਬੁੱਧ ਨੇ ਅੱਠ ਨੇਮਾਂ ਅਧੀਨ ਜਾਤ ਵਰਣ ਦਾ ਤੇ ਰੁਤਬਿਆਂ ਦਾ ਖਿਆਲ ਕੀਤੇ ਬਿਨਾਂ ਔਰਤਾਂ ਨੂੰ ਵੀ ਦੀਕਸ਼ਾ ਦਿੱਤੀ ਤੇ ਭਿਕਸ਼ੁਣੀਆਂ ਬਣਾਇਆ। ਪ੍ਰਕਿਰਤੀ ਚੰਡਾਲ ਲੜਕੀ ਨੂੰ ਤਾਂ ਬੁੱਧ ਨੇ ਨੀਚ ਜਾਤ ਦੇ ਹੁੰਦਿਆਂ ਵੀ ਬ੍ਰਾਹਮਣਾਂ ਨੂੰ ਦੀਕਸ਼ਾ ਦੇਣ ਵਾਲੀ ਯਸ਼ਵਾਨ ਔਰਤ ਕਹਿ ਕੇ ਵਡਿਆਇਆ। (ਸਭਹੂ ਤਲੈ ਤਲੈ ਸਭਿ ਊਪਰਿ ਏਹਾ ਦ੍ਰਿਸਟਿ ਦ੍ਰਿਸਟਾਏ)

ਬੁੱਧ ਦਾ ਉਦੇਸ਼ ਸੀ ਕਿ

- **ਭਿਕਸ਼ੂਓ ਨਿਰਬਾਣ ਇਸੇ ਜੀਵਨ ਵਿਚ ਮਿਲਦਾ ਹੈ,**
- **ਅਗਲੀ ਜ਼ਿੰਦਗੀ ਵਿਚ ਨਹੀਂ। (31/195)**

ਨਿਰਵਾਣ ਦੇ ਅਰਥ ਕਰਦਿਆਂ ਬੁੱਧ ਨੇ ਕਿਹਾ

'ਪਾਪਾਂ ਤੋਂ ਰਹਿਤ' ਜੀਵਨ ਦਾ ਹੀ ਦੂਜਾ ਨਾਂ ਨਿਰਬਾਣ ਹੈ। (197)

- ਤੰਦਰੁਸਤੀ ਤੋਂ ਵੱਡਾ ਲਾਭ ਨਹੀਂ, ਸੰਤੋਖ ਤੋਂ ਵੱਡਾ ਧਨ ਨਹੀਂ। (198)
- ਦੁਨੀਆਂ ਦੀ ਨੈਤਕ ਸ਼ਕਤੀ ਨੂੰ ਬਣਾਈ ਰੱਖਣ ਵਾਲਾ ਕੋਈ ਰੱਬ ਨਹੀਂ ਹੈ। ਉਹ ਕਰਮਨੇਮ ਹੀ ਹੈ ਜਿਸ ਨੇ ਦੁਨੀਆਂ ਦੀ ਨੈਤਕ ਲੜੀ ਨੂੰ ਬਣਾਇਆ ਹੋਇਆ ਹੈ। (203)

ਰੱਬ ਬਾਰੇ :

- ਰੱਬ ਉਤੇ ਅਧਾਰਤ ਧਰਮ ਕਲਪਨਾ 'ਤੇ ਅਧਾਰਤ ਹੈ।
- ਰੱਬ ਅਗਿਆਤ ਹੈ ਦਿਖਾਈ ਨਾ ਦੇਣ ਵਾਲਾ ਹੈ।
- ਕੋਈ ਇਹ ਸਾਬਤ ਨਹੀਂ ਕਰ ਸਕਦਾ ਕਿ ਇਸ ਸੰਸਾਰ ਨੂੰ ਰੱਬ ਨੇ ਬਣਾਇਆ ਹੈ। ਸੰਸਾਰ ਦਾ ਵਿਕਾਸ ਹੋਇਆ ਹੈ। ਬਣਤਰ ਨਹੀਂ ਬਣੀ। ਰੱਬ ਦੀ ਹੋਂਦ ਦਾ ਸਿਧਾਂਤ ਸੱਚ 'ਤੇ ਅਧਾਰਤ ਨਹੀਂ ਹੈ। (207)
- ਜਿਵੇਂ ਕੋਈ ਅੰਨ੍ਹਿਆਂ ਦੀ ਕਤਾਰ ਹੋਵੇ ਨਾ ਅੱਗੇ ਤੁਰਨ ਵਾਲਾ ਅੰਨ੍ਹਾ ਵੇਖ ਸਕਦਾ ਹੋਵੇ, ਨਾ ਵਿਚਕਾਰ ਵਾਲਾ ਤੇ ਨਾ ਪਿੱਛੇ ਚੱਲਣ ਵਾਲਾ। ਇਸੇ ਤਰ੍ਹਾਂ ਵਾਸੇਠ! ਮੈਨੂੰ ਜਾਪਦਾ ਹੈ ਕਿ ਬ੍ਰਾਹਮਣਾਂ ਦਾ ਕਹਿਣਾ ਸਿਰਫ ਅੰਨ੍ਹੇ ਕਹਿਣ ਵਾਂਗ ਹੈ। ਨਾ ਅੱਗੇ ਚੱਲਣ ਵਾਲਾ ਵੇਖਦਾ ਹੈ ਨਾ ਵਿਚਕਾਰਲਾ ਤੇ ਨਾ ਪਿੱਛੇ-ਪਿੱਛੇ ਚੱਲਣ ਵਾਲਾ। ਇਨ੍ਹਾਂ ਬ੍ਰਾਹਮਣਾਂ ਦੀ ਗੱਲ ਸਿਰਫ ਹਾਸੋਯੋਗ ਹੈ। ਸ਼ਬਦ ਮਾਤਰ ਵੀ ਜਿਸ ਵਿਚ ਕੁਝ ਸਾਰ ਨਹੀਂ। (208) ਇਉਂ ਕੀਤਾ ਵੈਦਿਕ ਆਰੀਆ ਧਰਮ ਦਾ ਤਿਆਗ ਤਥਾਗਤ ਬੁੱਧ ਨੇ ਤੇ ਦੱਸਿਆ ਕਿ ਅਸਲ ਧਰਮ ਕੀ ਹੈ?

ਧਰਮ ਦਾ ਇਹੀ ਮਕਸਦ ਹੈ ਕਿ ਉਹ ਆਦਮੀ ਨੂੰ ਸਿੱਖਿਆ ਦੇਵੇ ਕਿ ਉਹ ਦੂਜੇ ਆਦਮੀਆਂ ਨਾਲ ਕਿਵੇਂ ਵਰਤਾਓ ਕਰੇ ਤਾਂ ਜੁ ਸਭ ਆਦਮੀ ਖੁਸ਼ ਰਹਿ ਸਕਣ। (210)

- ਰੱਬ ਉਤੇ ਯਕੀਨ ਬਹੁਤ ਹੀ ਖਤਰਨਾਕ ਗੱਲ ਸੀ ਕਿਉਂਕਿ ਰੱਬ ਉਤੇ ਯਕੀਨ ਹੀ ਪ੍ਰਾਰਥਨਾ ਅਤੇ ਪੂਜਾ ਦੀ ਸਮਰੱਥਾ ਵਿਚ ਯਕੀਨ ਦਾ ਜਨਮਦਾਤਾ ਹੈ ਅਤੇ ਪ੍ਰਾਰਥਨਾ ਕਰਾਉਣ ਦੀ ਜ਼ਰੂਰਤ ਨੇ ਹੀ ਪਾਦਰੀ ਪੁਰੋਹਿਤਾਂ ਨੂੰ ਜਨਮ ਦਿੱਤਾ।

ਪੁਰੋਹਿਤ ਹੀ ਉਹ ਸ਼ਰਾਰਤੀ ਦਿਮਾਗ ਸੀ ਜਿਸ ਨੇ ਐਨੇ ਅੰਧਵਿਸ਼ਵਾਸ ਨੂੰ ਜਨਮ ਦਿੱਤਾ ਤੇ ਸਮਾਜਿਕ ਦ੍ਰਿਸ਼ਟੀ ਦੇ ਰਸਤੇ ਨੂੰ ਰੋਕ ਦਿੱਤਾ। (211)

• ਇਸ ਲਈ ਬ੍ਰਹਮ ਅਸਲੀਅਤ ਨਹੀਂ ਹੈ ਤੇ ਜੇ ਕੋਈ ਧਰਮ ਬ੍ਰਹਮ ਅਧਾਰਤ ਹੈ ਤਾਂ ਉਹ ਫਜ਼ੂਲ ਹੈ।

• ਆਤਮਾ ਵਿਚ ਵਿਸ਼ਵਾਸ ਕਰਨਾ ਫਜ਼ੂਲ ਹੈ।

• (ਆਤਮਾ 'ਤੇ ਅਧਾਰਤ) ਅਜੇਹਾ ਧਰਮ ਸਿਰਫ ਝੂਠੇ ਯਕੀਨਾਂ ਦਾ ਜਨਮਦਾਤਾ ਹੈ। (215) (ਯਾਦ ਰੱਖ ਕਿ ਆਤਮਾ ਤੇ ਬ੍ਰਹਮ, ਬ੍ਰਾਹਮਣੀ ਵੈਦਿਕ ਧਰਮ ਦਾ ਮੂਲ ਹਨ) ਜਿਸ ਦੇ ਵਿਰੁੱਧ ਫਤਵਾ ਦਿੰਦੇ ਹਨ ਤਥਾਗਤ ਬੁੱਧ ਨੇ ਕਿਹਾ ;

ਰੂਪ ਸਕੰਧ ਮੁੱਖ ਰੂਪ ਨਾਲ ਧਰਤੀ, ਪਾਣੀ, ਹਵਾ ਅਤੇ ਅੱਗ, ਇਹ ਚਾਰ ਤੱਤਾਂ ਦਾ ਨਤੀਜਾ ਹਨ। ਉਹ ਰੂਪ ਜਾਂ ਸਰੀਰ ਹਨ। (219)

ਯੱਗਾਂ ਬਾਰੇ :

ਯੱਗ, ਜਿਸ ਵਿਚ ਪਸ਼ੂ ਬਲੀ ਦਿੱਤੀ ਜਾਂਦੀ ਹੋਵੇ ਤੇ ਬ੍ਰਾਹਮਣ ਮੇਰੀ ਤਾਰੀਫ ਦਾ ਹੱਕਦਾਰ ਨਹੀਂ।

• ਇਸ ਤਰ੍ਹਾਂ ਦੇ ਯੱਗ 'ਦੇ, ਜਿਨ੍ਹਾਂ ਵਿਚ ਪਸ਼ੂ ਹੱਤਿਆ ਹੁੰਦੀ ਹੈ, ਨਾ ਤਾਂ ਉੱਤਮ ਲੋਕ ਕੋਲ ਫਟਕਦੇ ਹਨ ਅਤੇ ਨਾ ਉੱਤਮ ਰਾਹ ਚੱਲਣ ਵਾਲੇ ਕੋਲ ਫਟਕਦੇ ਹਨ।

ਅਸਲੀ ਯੱਗ ਹੈ : ਲੰਬੇ ਸਮੇਂ ਤੋਂ ਚਲਦਾ ਆ ਰਿਹਾ ਦਾਨ ਜਾਂ ਪਰਿਵਾਰ ਦੇ ਮੈਂਬਰਾਂ ਦੇ ਕਲਿਆਣ ਲਈ ਕੀਤਾ ਗਿਆ ਤਿਆਗ। (225)

ਜਿਸ ਦਾ ਮੂੰਹ ਕਾਬੂ ਵਿਚ ਹੈ, ਜਿਸ ਦੇ ਵਿਚਾਰ ਕਾਬੂ ਵਿਚ ਹਨ ਤੇ ਜੋ ਆਪਣੇ ਸਰੀਰ ਨਾਲ ਵੀ ਉਲਟ ਵਰਤਾਓ ਨਹੀਂ ਕਰਦਾ, ਉਹ ਨਿਰਬਾਣ ਪ੍ਰਾਪਤ ਕਰਦਾ ਹੈ (ਭਾਵ ਪਾਪ-ਮੁਕਤ ਸੁਖੀ ਜੀਵਨ ਬਿਤਾਉਂਦਾ ਹੈ)

ਭਗਵਾਨ ਬੁੱਧ ਨੇ ਵੇਦਾਂ ਨੂੰ ਬਿਨਾਂ ਪਾਣੀ ਦੇ ਮਾਰੂਥਲ ਕਿਹਾ ਅਤੇ ਮਾਰਗਹੀਣ ਜੰਗਲ ਕਿਹਾ। ਅਸਲ ਵਿਚ ਤਬਾਹੀ ਦਾ ਰਸਤਾ। ਕੋਈ ਵੀ ਆਦਮੀ ਜਿਸ ਵਿਚ ਥੋੜ੍ਹੀ ਵੀ ਗਿਆਨ ਦੀ, ਨੈਤਿਕਤਾ ਦੀ ਪਿਆਸ ਹੈ, ਉਹ ਵੇਦਾਂ ਕੋਲ ਜਾ ਕੇ ਆਪਣੀ ਪਿਆਸ ਨਹੀਂ ਬੁਝਾ ਸਕਦਾ। (233)

ਮਨ-ਸ਼ਕਤੀ :

ਬੁੱਧ ਨੇ ਕਿਹਾ ਮਨ ਹੀ ਸਭ ਦਾ ਮੂਲ ਹੈ। ਮਨ ਹੀ ਮਾਲਕ ਹੈ।

ਮਨ ਹੀ ਕਾਰਨ ਹੈ। ਮਨ ਹੀ ਹਕੂਮਤ ਕਰਦਾ ਹੈ (ਮਨ ਰਾਜਾ ਸੁਲਤਾਨ) ਮਨ ਹੀ ਯੋਜਨਾ ਬਣਾਉਂਦਾ ਹੈ। (232) ਇਸ ਲਈ ਤੁਹਾਨੂੰ ਆਪਣੇ ਮਨ ਨੂੰ ਨਿਰਮਲ ਬਣਾਉਣ ਦਾ ਫੈਸਲਾ ਕਰਨਾ ਚਾਹੀਦਾ ਹੈ। (240)

ਉਪਦੇਸ਼ :

ਜੇ ਤੁਸੀਂ ਆਪਣੇ ਦੁੱਖ ਦਾ ਅੰਤ ਕਰਨਾ ਚਾਹੁੰਦੇ ਹੋ ਤਾਂ ਹਰੇਕ ਨੂੰ ਦੂਜੇ ਨਾਲ ਨਿਆਂ ਸੰਗਤ, ਧਰਮ ਸੰਗਤ ਵਰਤਾਓ ਕਰਨਾ ਹੋਵੇਗਾ ਤਾਂ ਹੀ ਇਹ ਧਰਤੀ ਧਰਮ ਦਾ ਰਾਜ ਬਣ ਸਕੇਗੀ। (ਇਹ ਉਦੇਸ਼ ਹੈ ਧਰਮ ਪ੍ਰਵਰਤਨ ਦਾ। ਕਿੰਨਾ ਸਾਫ ਤੇ ਸਪੱਸ਼ਟ ਉਦੇਸ਼ ਹੈ ਕਿ ਧਰਤੀ 'ਤੇ ਧਰਮ ਦਾ ਰਾਜ ਭਾਵ ਨਿਆਂ ਭਰਿਆ ਪ੍ਰਬੰਧ, ਬ੍ਰਾਹਮਣੀ ਸਮਾਜ 'ਤੇ ਉਸਦੇ ਧਰਮ ਦਾ ਬਦਲ) ਪਿਤਾਮਾ ਬੁੱਧ ਸਾਫ ਕਰ ਦਿੰਦੇ ਹਨ ਕਿ ਧਰਮ ਪ੍ਰਵਰਤਨ ਸਮਾਜਕ ਪ੍ਰਵਰਤਨ ਦਾ ਦੂਜਾ ਨਾਂਅ ਹੈ। ਜੇ ਅਸੀਂ ਇਸ ਗੱਲ ਨੂੰ ਮੰਨਣ ਨੂੰ ਤਿਆਰ ਨਹੀਂ

ਹੁੰਦੇ ਤਾਂ ਸਾਡਾ ਕੀਤਾ ਕੋਈ ਵੀ ਧਰਮ ਪ੍ਰਵਰਤਨ ਸਗੋਂ ਅਸਲੋਂ ਬੇਅਰਥ ਰਹਿ ਜਾਂਦਾ ਹੈ। ਅਸੀਂ ਸ਼ਕਲ, ਨਾਂ ਤੇ ਵੇਸ ਬਦਲ ਕੇ ਸਮਾਜ ਨੂੰ ਨਹੀਂ ਬਦਲ ਸਕਦੇ ਜਦੋਂ ਕਿ ਧਰਮ ਪ੍ਰਵਰਤਨ ਦਾ ਉਦੇਸ਼ ਹੀ ਸਮਾਜਕ ਇਨਕਲਾਬ ਹੈ।

ਵਿੱਦਿਆ :

• ਜਿਹੜਾ ਆਦਮੀ (ਭਾਵ ਬ੍ਰਾਹਮਣ) ਇਹ ਕਹਿੰਦਾ ਹੈ ਕਿ ਔਰਤਾਂ ਅਤੇ ਸ਼ੂਦਰਾਂ ਨੂੰ ਵਿੱਦਿਆ ਨਹੀਂ ਦੇਣੀ ਚਾਹੀਦੀ, ਉਹ ਆਦਮੀ ਵੀ ਉਸ ਆਦਮੀ (ਭਾਵ ਦੁਸ਼ਮਣ) ਜਿਹਾ ਹੀ ਹੈ। (ਭਾਵ ਵਿੱਦਿਆਹੀਣ ਮੂਰਖ, ਮੂੜ੍ਹ)।

• ਇਸ ਤਰ੍ਹਾਂ ਅਜੇਹਾ ਆਦਮੀ ਉਨ੍ਹਾਂ ਦਾ ਹਿਤੈਸ਼ੀ ਨਾ ਹੋਣ ਕਰਕੇ ਉਨ੍ਹਾਂ ਦਾ ਦੁਸ਼ਮਣ ਹੋ ਜਾਵੇਗਾ ਤੇ ਜਿਹੜਾ ਸਿਧਾਂਤ ਕਿਸੇ ਨੂੰ ਕਿਸੇ ਦਾ ਦੁਸ਼ਮਣ ਬਣਾਏ, ਉਹ ਗਲਤ ਸਿਧਾਂਤ ਹੈ। (244)

• ਜੇ ਕੋਈ ਆਦਮੀ ਭਾਵੇਂ ਪੰਡਤ ਹੋਵੇ ਜਾਂ ਪੰਡਤ ਨਾ ਹੋਵੇ, ਦੂਜਿਆਂ ਨੂੰ ਮੂਰਖ ਸਮਝ ਕੇ ਉਨ੍ਹਾਂ ਨੂੰ ਨਫ਼ਰਤ ਕਰਦਾ ਹੈ, ਉਹ ਉਸ ਅੰਨ੍ਹੇ ਵਾਂਗ ਹੈ ਜੋ ਖ਼ੁਦ ਅੰਨ੍ਹਾ ਹੋ ਕੇ ਦੂਜਿਆਂ ਨੂੰ ਮਸ਼ਾਲ ਦਿਖਾਉਂਦਾ ਫਿਰਦਾ ਹੈ। (245)

ਧਰਮ (ਭਾਵ ਧਰਮ ਪ੍ਰਵਰਤਨ) ਦਾ ਮਨੋਰਥ : ਸੰਸਾਰ ਵਿਚ ਆਉਣ ਦਾ ਤਥਾਗਤ ਦਾ ਮਨੋਰਥ ਹੈ ਕੰਗਾਲਾਂ, ਬੇਸਹਾਰਿਆਂ ਅਤੇ ਅਸੁਰੱਖਿਅਤਾਂ ਦਾ ਮਿੱਤਰ ਬਣਨਾ। ਕੰਗਾਲਾਂ, ਅਨਾਥਾਂ ਤੇ ਬੁੱਢਿਆਂ ਦੀ ਮਦਦ ਕਰਨਾ ਅਤੇ ਦੂਜਿਆਂ ਨੂੰ ਅਜੇਹਾ ਕਰਨ ਦੀ ਪ੍ਰੇਰਨਾ ਦੇਣਾ। (250)

ਬ੍ਰਾਹਮਣ ਬਾਰੇ : (i) ਬੁੱਧ ਨੇ ਕਿਹਾ, 'ਅਸ਼ਵਲਾਇਨ, ਕੀ ਬ੍ਰਾਹਮਣਾਂ ਦੀਆਂ ਔਰਤਾਂ ਨੂੰ ਮਾਹਵਾਰੀ ਨਹੀਂ ਆਉਂਦੀ? ਉਨ੍ਹਾਂ ਨੂੰ ਬੱਚਾ ਨਹੀਂ ਠਹਿਰਦਾ ਅਤੇ ਉਹ ਔਲਾਦ ਨਹੀਂ ਜਨਮਦੀਆਂ? ਇਹ ਸਭ ਹੁੰਦੇ ਹੋਇਆਂ ਵੀ ਬ੍ਰਾਹਮਣ ਦਾ ਇਹ ਕਹਿਣਾ ਹੈ ਕਿ ਓਹੀ ਉੱਚੇ ਵਰਣ ਦੇ ਹਨ, ਬ੍ਰਾਹਮਣ ਹੀ ਬ੍ਰਹਮਾ ਦੀ ਜਾਇਜ਼ ਔਲਾਦ ਹਨ.... (256) (ਕਿੱਥੋਂ ਤੀਕ ਠੀਕ ਹੈ?)

(ii) ਜੇ ਤੁਹਾਡਾ ਚੌਹ ਵਰਣਾਂ ਵਾਲਾ ਸਮਾਜ ਇਕ ਆਦਰਸ਼ ਸਮਾਜ ਹੈ ਤਾਂ ਫੇਰ ਇਹ ਸਾਰੇ ਮੁਲਕਾਂ ਵਿਚ ਕਿਉਂ ਨਹੀਂ?

(iii) ਜਿਥੋਂ ਤੱਕ ਤੇਰੀ (ਅਸ਼ਵਲਾਇਨ ਬ੍ਰਾਹਮਣ) ਗੱਲ ਹੈ ਤੂੰ ਆਪਣੇ ਕੁਲੀਨ ਵਰਗ ਨੂੰ ਛੱਡ ਕੇ ਉਸ ਨੀਚ ਵਰਗ ਦੀ ਸੰਗਤ ਕੀਤੀ ਹੈ....ਉਨ੍ਹਾਂ ਸ਼ੂਦਰਾਂ ਵਿਚ...ਸਾਡੀ ਜਾਤੀ ਦੀਆਂ (ਭਾਵ ਬ੍ਰਹਮਾ ਦੀਆਂ) ਜੁੱਤੀਆਂ 'ਚੋਂ ਪੈਦਾ ਹੋਏ ਵਰਨ ਵਿਚ। (257) (ਬ੍ਰਾਹਮਣ ਜਿਵੇਂ ਕਹਿੰਦੇ ਸਨ)

(iv) ਕੀ ਸਾਰੀ ਦੁਨੀਆਂ ਬ੍ਰਾਹਮਣਾਂ ਦੀ ਇਸ ਵਰਣ ਵੰਡ ਨਾਲ ਸਹਿਮਤ ਹੈ?

(v) ਜੇ ਕਿਸੇ ਸੇਵਾ ਦੇ ਕਰਨ ਵਿਚ ਆਦਮੀ ਦੀ ਹਾਲਤ ਚੰਗੀ ਨਾ ਹੁੰਦੀ ਹੋਵੇ ਖਰਾਬ ਹੁੰਦੀ ਹੋਵੇ ਤਾਂ ਉਹ ਸੇਵਾ ਨਹੀਂ ਕਰਨੀ ਚਾਹੀਦੀ। ਜੇ ਕਿਸੇ ਸੇਵਾ ਦੇ ਕਰਨ ਨਾਲ ਆਦਮੀ ਦੀ ਹਾਲਤ ਖਰਾਬ ਹੋਣ ਦੀ ਬਜਾਏ ਚੰਗੀ ਹੁੰਦੀ ਹੋਵੇ ਤਾਂ ਉਹ ਸੇਵਾ ਕੀਤੀ ਜਾਣੀ ਚਾਹੀਦੀ ਹੈ।

ਇਸੇ ਇਕ ਕਸੌਟੀ ਉੱਤੇ ਕਸ਼ੱਤਰੀਆਂ, ਬ੍ਰਾਹਮਣਾਂ, ਵੈਸ਼ਾਂ ਅਤੇ ਸ਼ੂਦਰਾਂ ਦੀ ਸੇਵਾ ਪਰਖੀ ਜਾਣੀ ਚਾਹੀਦੀ ਹੈ ਤੇ ਉਸ ਸੇਵਾ ਤੋਂ ਇਨਕਾਰ ਕਰ ਦੇਣਾ ਚਾਹੀਦਾ ਹੈ, ਜਿਹੜੀ ਹਾਲਤ ਖਰਾਬ ਕਰਦੀ ਹੋਵੇ। (258) ਬੁੱਧ ਏਥੇ ਖਾਸ ਕਰਕੇ ਬ੍ਰਾਹਮਣਾਂ ਤੇ ਹੋਰ ਸਵਰਨਾਂ

ਦੀ, ਸ਼ੂਦਰਾਂ ਵੱਲੋਂ ਜਬਰੀ ਨੀਯਤ ਕੀਤੀ ਸੇਵਾ ਵੱਲ ਇਸ਼ਾਰਾ ਕਰ ਰਹੇ ਹਨ ਕਿ ਉਹ ਸੇਵਾ ਗਲਤ ਹੈ, ਜੋ ਕਿਸੇ ਦੇ ਲੋਭ ਮੋਹ ਹੰਕਾਰ ਕਾਮ ਤੇ ਕਰੋਧ ਵਿਚ ਵਾਧਾ ਕਰੇ ਜਾਂ ਫਿਰ ਸੇਵਾ ਕਰਨ ਵਾਲੇ ਨੂੰ ਖਾਹਮਖਾਹ ਗੁਲਾਮ ਜਾਂ ਅਛੂਤ ਬਣਾ ਧਰੇ, ਉਸ ਦੀ ਸਰੀਰਕ ਤੇ ਮਾਨਸਕ ਲੁੱਟ ਕਰਾਵੇ। ਅਜੇਹੀ ਸੇਵਾ, ਜੋ ਮੁਫਤ ਹੋਵੇ ਤੇ ਕਿਸੇ ਨੂੰ ਬਿਨਾ ਵਜ੍ਹਾ ਉੱਚੇ ਹੋਣ ਦੇ ਪ੍ਰਮਾਣ ਪੇਸ਼ ਕਰਕੇ, ਗਲਤ ਹੈ।

ਕੁਲ ਵਰਣ ਜਾਤ ਜਾਂ ਰੰਗ ਨਸਲ : ਨਾ ਕੁਲ ਤੋਂ, ਨਾ ਸੋਹਣੀ ਸ਼ਕਲ ਤੋਂ ਅਤੇ ਨਾ ਦੌਲਤ ਵਾਲਾ ਹੋਣ ਨਾਲ ਕੋਈ ਆਦਮੀ ਚੰਗਾ ਜਾਂ ਬੁਰਾ ਹੁੰਦਾ ਹੈ।.... ਮੈਂ ਆਖਦਾ ਹਾਂ ਕਿ ਚੰਗੀ ਕੁਲ ਵਿਚ ਪੈਦਾ ਹੋਣ ਕਰਕੇ ਹੀ ਕੋਈ ਆਦਮੀ ਚੰਗਾ ਨਹੀਂ ਹੁੰਦਾ ਅਤੇ ਚੰਗੀ ਕੁਲ ਵਿਚ ਪੈਦਾ ਹੋਣ 'ਤੇ ਵੀ ਇਕ ਆਦਮੀ ਸਾਰੇ ਦੋਸ਼ਾਂ ਵਾਲਾ ਹੁੰਦਾ ਹੈ, ਇਸ ਲਈ ਮੈਂ ਇਹ ਵੀ ਨਹੀਂ ਕਹਿੰਦਾ ਕਿ ਚੰਗੀ ਕੁਲ ਵਿਚ ਪੈਦਾ ਹੋਣ ਕਰਕੇ ਹੀ ਕੋਈ ਆਦਮੀ ਚੰਗਾ ਨਹੀਂ ਹੁੰਦਾ। (44/258)

(ਕਹਿਣ ਦਾ ਭਾਵ ਹੈ ਕਿ ਚੰਗੇ ਹੋਣ ਜਾਂ ਬੁਰੇ ਹੋਣ ਦਾ ਕੁਲ ਨਾਲ ਕੋਈ ਸੰਬੰਧ ਨਹੀਂ। ਇਹ ਗੁਣ ਔਗੁਣ ਕੁਲ ਨਾਲ ਨਹੀਂ ਬਣਦੇ। ਚੰਗੇ ਮਾੜੇ ਕਰਮ ਨਾਲ ਬਣਦੇ ਹਨ।)

ਤਥਾਗਤ ਨੇ ਕਿਹਾ ਕਿ :

• ਮਹੱਤਤਾ ਉੱਚੇ ਆਦਰਸ਼ਾਂ ਦੀ ਹੁੰਦੀ ਹੈ, ਉੱਚੀ ਜਾਤ ਵਿਚ ਜਨਮ ਲੈਣ ਦੀ ਨਹੀਂ। (49/259)

• ਨਾ ਜਾਤ, ਨਾ ਊਚ ਨੀਚ, ਨਾ ਅਸਮਾਨਤਾ (ਨਾ ਬਰਾਬਰੀ) ਇਹੋ ਤਥਾਗਤ ਦੀ ਦੀਖਿਆ ਸੀ। (50)

• ਦੂਜਿਆਂ ਨਾਲ ਆਪਣੇ ਆਪ ਨੂੰ ਇਕ ਕਰ ਦਿਉ। ਇਹੀ ਸੋਚੋ ਜਿਹੋ ਜਿਹੇ ਉਹ ਹਨ ਉਹੋ ਜਿਹਾ ਮੈਂ ਹਾਂ, ਜਿਹੋ ਜਿਹਾ ਮੈਂ ਹਾਂ ਉਹੋ ਜਿਹੇ ਉਹ ਹਨ। (51/259) (ਇਹ ਹੈ ਧਰਮ ਪ੍ਰਵਰਤਨ ਦਾ ਸਮਾਜਕ ਉਦੇਸ਼)

• ਇਕ ਵਾਰ ਤਥਾਗਤ ਬੁੱਧ ਭਿਖਿਆ ਲਈ ਉਸ ਬ੍ਰਾਹਮਣ ਅਗਿਅਕ ਦੇ ਘਰ ਚਲੇ ਗਏ ਜਿਥੇ ਯੱਗ ਲਈ ਅੱਗ ਮੱਚ ਰਹੀ ਸੀ ਤਾਂ ਅਗਿਅਕ ਤਥਾਗਤ 'ਤੇ ਇਹ ਕਹਿੰਦਾ ਵਰ੍ਹ ਪਿਆ :

"ਉਥੇ (ਭਾਵ ਪਿੱਛੇ) ਹੀ ਠਹਿਰ ਜਾ ਮੁੰਡਕ (ਰੋਡਿਆ) ਨੀਚ ਸ਼੍ਰਮਣ ਉਥੇ ਹੀ ਠਹਿਰ। ਅਛੂਤ ਉੱਥੇ ਹੀ ਠਹਿਰ।" (9) ਤਾਂ ਤਥਾਗਤ ਨੇ ਪ੍ਰੇਰਤ ਕਰਦਿਆਂ ਬ੍ਰਾਹਮਣ ਨੂੰ ਨਿਮਰ ਸ਼ਬਦਾਂ ਵਿਚ ਕਿਹਾ :

• ਜਿਹੜਾ ਆਦਮੀ ਕ੍ਰੋਧੀ ਹੋਵੇ, ਲੋਭੀ ਹੋਵੇ, ਅਨੈਤਿਕ ਹੋਵੇ, ਚੁਗਲਖੋਰ ਹੋਵੇ, ਭੈੜੀ ਨਜ਼ਰ ਵਾਲਾ ਹੋਵੇ, ਧੋਖੇਬਾਜ਼ ਹੋਵੇ, ਉਸ ਨੂੰ ਵ੍ਰਿਸ਼ਲ (ਭਾਵ ਅਛੂਤ) ਜਾਣੋ। (14)

(ਲਬ ਚੂਹੜਾ ਕ੍ਰੋਧ ਚੰਡਾਲ)

• ਜਿਹੜਾ ਵੀ ਕੋਈ ਪਿੰਡਾਂ ਤੇ ਬ੍ਹੁੱਗੀਆਂ ਨੂੰ ਤਹਿਸ ਨਹਿਸ ਕਰਦਾ ਹੈ, ਜਿਹੜਾ ਅੱਤਿਆਚਾਰੀ ਹੈ, ਉਸ ਨੂੰ ਵ੍ਰਿਸ਼ਲ ਜਾਣੋ (16)

• ਜਿਹੜਾ ਵੀ ਕੋਈ ਜ਼ਬਰਦਸਤੀ ਜਾਂ ਰਜ਼ਾਮੰਦੀ ਨਾਲ ਆਪਣੇ ਮਿੱਤਰਾਂ ਜਾਂ ਰਿਸ਼ਤੇਦਾਰਾਂ ਦੀ ਪਤਨੀ ਨਾਲ ਜਾਂ ਗੈਰਔਰਤ ਨਾਲ ਅਨਾਚਾਰ ਕਰਦਾ ਹੈ, ਉਸ ਨੂੰ ਵ੍ਰਿਸ਼ਲ ਜਾਣੋ। (21)

(ਇਸੇ ਪ੍ਰਸੰਗ ਵਿਚ ਦੇਵਤਿਆਂ, ਰਿਸ਼ੀਆਂ ਮੁਨੀਆਂ, ਭਗਵਾਨਾਂ, ਅਵਤਾਰਾਂ,

ਸਾਕਤ ਗੁਰੂਆਂ ਆਦਿ ਦੇ ਵੈਦਿਕ ਕਿੱਸੇ ਸਮਝਣੇ ਚਾਹੀਦੇ ਹਨ। ਬੁੱਧ ਨੇ ਬ੍ਰਾਹਮਣੀ ਕਥਾਵਾਂ ਦੇ ਅਧਾਰ 'ਤੇ ਉਨ੍ਹਾਂ ਦੇ ਅਸਲ ਅਛੂਤ ਹੋਣ ਦੇ ਪ੍ਰਮਾਣ ਦਿੱਤੇ ਹਨ)

• ਜਨਮ ਤੋਂ ਨਾ ਕੋਈ ਬ੍ਰਾਹਮਣ ਹੁੰਦਾ ਹੈ ਨਾ ਕੋਈ ਸ਼ੂਦਰ ਹੁੰਦਾ ਹੈ। (24)

• ਜਿਹੜਾ ਵੀ ਕੋਈ ਚੰਗੇ ਧਰਮ ਨੂੰ ਪੁੱਛਣ 'ਤੇ ਮੰਦੇ ਧਰਮ ਦੀ ਸਿੱਖਿਆ ਦਿੰਦਾ ਹੈ ਅਤੇ ਭੇਦ ਬਣਾ ਕੇ ਸਿੱਖਿਆ ਦਿੰਦਾ ਹੈ, ਉਸ ਨੂੰ ਵ੍ਰਿਸ਼ਲ (ਅਛੂਤ) ਜਾਣੋ। (23/261)

ਨੈਤਿਕਤਾ :

ਬੁੱਧ ਨੇ ਕਿਹਾ ਕਿ ਧਰਮ ਨੈਤਿਕਤਾ ਹੈ ਅਤੇ ਜਿਸ ਤਰ੍ਹਾਂ ਧਰਮ ਪਵਿੱਤਰ ਹੈ, ਉਸੇ ਤਰ੍ਹਾਂ ਨੈਤਿਕਤਾ ਵੀ ਪਵਿੱਤਰ ਹੈ। (41/276)

ਪੁਨਰ-ਜਨਮ :

ਅਕਾਸ਼ ਵਿਚ ਜੋ ਸਮਾਨ ਭੌਤਕ ਪਦਾਰਥ ਸਮੂਹਿਕ ਰੂਪ ਵਿਚ ਮੌਜੂਦ ਹਨ, ਉਹ ਉਨ੍ਹਾਂ ਵਿਚ ਹੀ ਮਿਲ ਜਾਂਦੇ ਹਨ। (9)

• ਚਾਰ ਭੌਤਕ ਪਦਾਰਥ ਹਨ: 1. ਧਰਤੀ, 2 ਪਾਣੀ, 3. ਅੱਗ 4. ਹਵਾ। ਚਾਰ ਮਹਾਂ ਭੂਤ ਹਨ, ਜਿਨ੍ਹਾਂ ਨਾਲ ਸਰੀਰ ਬਣਿਆ ਹੈ। (ਭਾਵ ਸਰੀਰ ਨੂੰ ਕਿਸੇ ਬ੍ਰਹਮਾ ਨੇ ਆਪਣੇ ਸਿਰ, ਬਾਹਾਂ, ਲੱਤਾਂ ਜਾਂ ਪੈਰਾਂ ਵਿਚੋਂ ਪੈਦਾ ਨਹੀਂ ਕੀਤਾ। (7)

ਇਸ ਮੌਜੂਦਾ ਅੰਬਾਰ (ਤੱਤਾਂ ਦੇ ਮਿਸ਼ਰਣ) ਵਿਚੋਂ ਜਦੋਂ ਇਨ੍ਹਾਂ ਚੌਹਾਂ ਮਹਾਂ ਭੂਤਾਂ ਦਾ ਮੁੜ ਮੇਲ ਹੁੰਦਾ ਹੈ ਤਾਂ ਪੁਨਰ ਜਨਮ ਹੁੰਦਾ ਹੈ। (10)

• ਸਰੀਰ ਦਾ ਮਰਨ ਹੁੰਦਾ ਹੈ ਪ੍ਰੰਤੂ ਭੌਤਕ ਪਦਾਰਥ ਬਣੇ ਰਹਿੰਦੇ ਹਨ। (13)

• ਮਰੀ ਹੋਈ ਦੇਹ ਵਿਚ ਨਾ ਸਿਰਫ ਸਰੀਰ, ਬਾਣੀ ਅਤੇ ਮਨ ਦੀ ਹਰਕਤ ਸ਼ਾਂਤ ਹੋ ਜਾਂਦੀ ਹੈ ਬਲਕਿ ਚੇਤਨਾ ਵੀ ਨਹੀਂ ਰਹਿੰਦੀ। ਗਰਮੀ ਵੀ ਨਹੀਂ ਰਹਿੰਦੀ। ਇੰਦਰੀਆਂ (ਗਿਆਨ ਪ੍ਰਣਾਲੀ) ਦਾ ਵੀ ਖਾਤਮਾ ਹੋ ਜਾਂਦਾ ਹੈ। (33/280)

• ਜੇ ਵੱਖ-ਵੱਖ ਮੋਏ ਸਰੀਰਾਂ ਦੇ ਹਿੱਸਿਆਂ (ਜੋ ਬ੍ਰਹਿਮੰਡ ਵਿਚ ਰਲ ਗਏ ਸਨ) ਦੇ ਮੇਲ ਨਾਲ ਇਕ ਨਵਾਂ ਸਰੀਰ ਬਣਿਆ ਤਾਂ ਇਹ ਪੁਨਰ-ਜਨਮ ਤਾਂ ਹੋਇਆ ਲੇਕਿਨ ਇਹ ਉਸੇ ਆਦਮੀ ਦਾ ਪੁਨਰ-ਜਨਮ ਨਹੀਂ ਹੋਇਆ (ਜੋ ਮਰ ਗਿਆ ਸੀ)। (5)

ਪੁੰਨ ਕਮਾਈ ਤੇ ਅਨੰਦ :

ਗ੍ਰਿਹਸਥੀ ਨੂੰ ਪਹਿਲਾ ਸੁਖ ਤਾਂ ਜਾਇਦਾਦ ਦਾ ਮਾਲਕ ਹੋਣਾ ਹੁੰਦਾ ਹੈ। ਇਹ ਗ੍ਰਿਹਸਥੀ ਕੋਲ ਧਾਰਮਕ ਤਰੀਕੇ ਨਾਲ (ਸਦਾਚਾਰੀ ਢੰਗ) ਪਸੀਨਾ ਡੋਲ੍ਹ ਕੇ ਕਮਾਇਆ ਧਨ ਹੁੰਦਾ ਹੈ। ਇਸ ਵਿਚਾਰ ਨਾਲ ਕਿ ਮੇਰੇ ਕੋਲ ਨਿਆਂ ਨਾਲ ਇਕੱਠਾ ਕੀਤਾ ਧਨ ਹੈ, ਉਸ ਨੂੰ ਖੁਸ਼ੀ ਹੁੰਦੀ ਹੈ। (4/317)

• ਇਕ ਗ੍ਰਿਹਸਥੀ ਕੋਲ ਧਾਰਮਕ ਤਰੀਕੇ ਨਾਲ, ਨਿਆਂ ਨਾਲ, ਬਹੁਤ ਮੇਹਨਤ ਨਾਲ, ਬਾਹਾਂ ਦੇ ਜ਼ੋਰ ਨਾਲ, ਪਸੀਨਾ ਡੋਲ੍ਹ ਕੇ ਕਮਾਇਆ ਹੋਇਆ ਧਨ ਹੁੰਦਾ ਹੈ, ਉਹ ਆਪਣੇ ਧਨ ਦਾ ਇਸਤੇਮਾਲ ਕਰਦਾ ਹੈ ਤੇ ਪੁੰਨ ਕਰਮ ਕਰਦਾ ਹੈ। ਇਸ ਵਿਚਾਰ ਨਾਲ ਕਿ ਮੈਂ ਆਪਣੇ ਨਿਆਂ ਨਾਲ ਕਮਾਏ ਧਨ ਨਾਲ ਪੁੰਨ ਕਰਮ ਕਰਦਾ ਹਾਂ, ਉਸ ਨੂੰ ਖੁਸ਼ੀ ਹੁੰਦੀ ਹੈ। (5/317)

• ਤੀਜਾ ਸੁਖ ਕਰਜ਼ਾਈ ਨਾ ਹੋਣ ਦਾ ਹੈ।

• ਚੌਥਾ ਸੁਖ ਦੋਸ਼-ਰਹਿਤ ਹੋਣ ਦਾ ਹੈ।

ਔਰਤ : ਹਿੰਦੂ ਧਰਮ ਔਰਤ ਨੂੰ ਪਾਪ ਜੋਨੀ ਆਖਦਾ ਹੈ (ਗੀਤਾ) ਪ੍ਰੰਤੂ ਬੁੱਧ ਦੇ

ਧਰਮ ਵਿਚ ਇਹ ਹੋ ਸਕਦਾ ਹੈ ਕਿ ਪੁੱਤਰੀ ਪੁੱਤਰ ਤੋਂ ਚੰਗੀ ਨਿਕਲੇ। ਉਹ ਅਕਲ ਵਾਲੀ ਹੋਵੇ। ਸੁਸ਼ੀਲ ਹੋਵੇ। ਪਤੀ ਤੇ ਮਾਂ ਬਾਪ ਦੀ ਸੇਵਾ ਕਰਨ ਵਾਲੀ ਹੋਵੇ। ਇਕ ਚੰਗੀ ਲੜਕੀ। ਹੋ ਸਕਦਾ ਹੈ ਕਿ ਜਿਸ ਪੁੱਤਰ ਨੂੰ ਉਹ ਜਨਮ ਦੇਵੇ ਉਹ ਵੱਡੇ ਕੰਮ ਕਰੇ। ਵੱਡੇ ਰਾਜਾਂ ਉਤੇ ਹਕੂਮਤ ਕਰੇ। ਸ਼ਰੀਫ ਮਾਂ ਦਾ ਅਜੇਹਾ ਪੁੱਤਰ ਦੇਸ਼ ਦਾ ਨੇਤਾ ਹੋਵੇ। (5/318)

ਚੰਗਾ ਆਦਮੀ : ਬੁੱਧ ਦੇ ਧਰਮ ਪ੍ਰਵਰਤਨ ਦਾ ਉਦੇਸ਼ ਹੈ, ਚੰਗਾ ਸਮਾਜਕ ਪ੍ਰਾਣੀ, ਚੰਗਾ ਸਮਾਜ, ਜਿਸ ਦੀ ਵਿਆਖਿਆ ਹੈ :

ਪਰ ਭਿਕਸ਼ੂਓ ਦੋਹਾਂ ਤਰ੍ਹਾਂ ਦੇ ਆਦਮੀਆਂ ਵਿਚੋਂ ਸਭ ਤੋਂ ਚੰਗਾ ਤਾਂ ਓਹੀ ਹੈ, ਜਿਸ ਨੇ ਦੂਜਿਆਂ ਦਾ ਭਲਾ ਕਰਨ ਦਾ ਵੀ ਯਤਨ ਕੀਤਾ ਅਤੇ ਆਪਣਾ ਭਲਾ ਕਰਨ ਦਾ ਵੀ ਯਤਨ ਕੀਤਾ। (6/322)

♦ ਭਿਖਸ਼ੂਓ ਇਹ ਆਦਮੀ ਯਕੀਨਨ ਆਪਣੀ ਭਲਾਈ ਕਰਨ ਦੀ ਵੀ ਕੋਸ਼ਿਸ਼ ਕਰਦਾ ਹੈ ਅਤੇ ਦੂਜਿਆਂ ਦੀ ਭਲਾਈ ਕਰਨ ਦੀ ਵੀ ਕੋਸ਼ਿਸ਼ ਕਰਦਾ ਹੈ।

ਇਹ ਆਖਰੀ ਆਦਮੀ ਹੀ ਇਨਸਾਫ ਕਰਨ ਵਾਲਾ ਅਤੇ ਸੱਜਣ ਮੰਨਿਆ ਜਾਣਾ ਚਾਹੀਦਾ ਹੈ। (13-14/324)

(ਅਜੇਹੇ ਆਦਮੀ ਹਿੰਦੂ ਧਰਮ ਪੈਦਾ ਨਹੀਂ ਕਰਦਾ, ਉਥੇ ਆਦਮੀ ਨਿੱਜੀ ਹਿਤਾਂ ਵਾਲਾ, ਖੁਦਗਰਜ਼, ਹੰਕਾਰੀ ਤੇ ਨਫ਼ਰਤ ਕਰਨ ਵਾਲਾ ਅਨਿਆਈ ਹੈ।)

ਸੰਕਲਪ ਤੇ ਸ਼ੁੱਭ ਕਰਮ :

ਇਹ ਸ਼ੁੱਭ ਕਰਮ ਦਾ ਫਲ ਹੈ ਕਿ ਮੈਂ ਇਸ ਵਕਤ ਏਨਾ ਸੰਤੁਸ਼ਟ ਅਤੇ ਸੁਖੀ ਹਾਂ?

ਇਹ ਤਿੰਨ ਸ਼ੁੱਭ ਕਰਮਾਂ ਦਾ ਫਲ ਹੈ : ਦਾਨ ਦਾ, ਸ਼ੀਲ ਦਾ ਅਤੇ ਸੰਜਮ ਦਾ।

♦ ਉਹ ਘੜੀ ਮੰਗਲਮਈ ਮਹੂਰਤ ਹੁੰਦੀ ਹੈ ਜਦੋਂ ਦਾਨ ਦੇ ਯੋਗ ਹੱਕਦਾਰ ਨੂੰ ਦਾਨ ਦਿੱਤਾ ਜਾਂਦਾ ਹੈ। ਜਦੋਂ ਸ਼ੁੱਭ ਕਰਮ, ਸ਼ੁੱਭ ਬਚਨ ਅਤੇ ਸ਼ੁਭ ਵਿਚਾਰਾਂ ਦੇ ਨਤੀਜੇ ਵਜੋਂ ਇਨ੍ਹਾਂ ਦੀ ਮਸ਼ਕ ਕਰਨ ਵਾਲਿਆਂ ਨੂੰ ਸ਼ੁਭ ਫਲ ਦੀ ਪ੍ਰਾਪਤੀ ਹੁੰਦੀ ਹੈ। (3-4-5/325)

♦ ਭਿਖਸ਼ੂਓ ਪਵਿੱਤਰ ਅਤੇ ਸੁਖੀ ਜ਼ਿੰਦਗੀ ਬਿਤਾਉਣ ਲਈ ਸ਼ੁੱਭ ਸੰਕਲਪ ਦੀ ਬਹੁਤ ਲੋੜ ਹੈ :

♦ ਕਿ ਅਸੀਂ ਆਪਣੇ ਵੱਡਿਆਂ ਦਾ ਸਤਿਕਾਰ ਕਰਾਂਗੇ।

♦ ਅਸੀਂ ਮਿੱਠਾ ਬੋਲਣ ਵਾਲੇ ਰਹਾਂਗੇ।

♦ ਅਸੀਂ ਕਿਸੇ ਦੀ ਬੁਰਾਈ ਨਹੀਂ ਕਰਾਂਗੇ।

♦ ਆਪਣੇ ਹਿਰਦੇ ਨੂੰ ਸੁਆਰਥਪਣ ਤੋਂ ਮੁਕਤ ਕਰਕੇ ਦਾਨਸ਼ੀਲ ਹੋ ਕੇ ਰਹਾਂਗੇ।

♦ ਸਾਨੂੰ ਜੋ ਪ੍ਰਾਪਤ ਹੋਵੇਗਾ ਉਹ ਅਸੀਂ ਦੂਜਿਆਂ ਨਾਲ ਵੰਡ ਕੇ ਗ੍ਰਹਿਣ ਕਰਾਂਗੇ।

♦ ਅਸੀਂ ਜ਼ਿੰਦਗੀ ਭਰ ਸ਼ਾਂਤ ਰਹਾਂਗੇ।

♦ ਕ੍ਰੋਧ ਪੈਦਾ ਹੋਇਆ ਤਾਂ ਅਸੀਂ ਉਸ ਨੂੰ ਵੀ ਸ਼ਾਂਤ ਕਰ ਲਵਾਂਗੇ। (325-26)

(ਕੀ ਅਜੇਹੇ ਉਪਦੇਸ਼ ਅਸੀਂ ਹਿੰਦੂ ਆਰੀਆ ਧਰਮ ਵਿਚੋਂ ਲੱਭ ਸਕਦੇ ਹਾਂ? ਜਾਂ ਕੀ ਉਸ ਧਰਮ ਵਿਚ ਰਹਿ ਕੇ ਮਨੁੱਖ ਚੰਗਾ ਤੇ ਉਪਕਾਰੀ ਬਣ ਸਕਦਾ ਹੈ?)

ਬ੍ਰਾਹਮਣ-ਅਬ੍ਰਾਹਮਣ : ਬਿਲਕੁਲ ਇਸੇ ਤਰ੍ਹਾਂ ਵਾਸੇਠ! ਤਿੰਨਾਂ ਵੇਦਾਂ ਦੇ ਜਾਣਕਾਰ ਬ੍ਰਾਹਮਣ ਉਨ੍ਹਾਂ ਗੁਣਾਂ ਦੀ ਅਣਦੇਖੀ ਕਰਕੇ, ਜੋ ਅਸਲ ਵਿਚ ਕਿਸੇ ਨੂੰ ਚੰਗਾ ਬ੍ਰਾਹਮਣ ਬਣਾਉਂਦੇ ਹਨ, ਉਨ੍ਹਾਂ ਭੈੜੇ ਗੁਣਾਂ ਦੀ ਮਸ਼ਕ ਕਰਦੇ ਹਨ ਜੋ ਕਿਸੇ ਨੂੰ ਵੀ ਅਬ੍ਰਾਹਮਣ ਬਣਾਉਂਦੇ ਹਨ। (5)

ਵਾਮਨ! ਇਹ ਪੱਕਾ ਹੈ ਕਿ ਅਜੇਹਾ ਹੋ ਹੀ ਨਹੀਂ ਸਕਦਾ ਕਿ ਆਪਣੀਆਂ ਬੇਨਤੀਆਂ (ਅਰਦਾਸਾਂ) ਅਤੇ ਮਿੰਨਤਾਂ, ਆਪਣੀਆਂ ਆਸਾਂ, ਆਪਣੀਆਂ ਸਤੁਤੀਆਂ (ਵਡਿਆਈਆਂ) ਕਰਕੇ ਇਹ ਬ੍ਰਾਹਮਣ ਆਪਣੀ ਮੌਤ ਤੋਂ ਬਾਅਦ ਬ੍ਰਹਮ ਵਿਚ ਲੀਨ ਹੋ ਜਾਣ। ਇਹ ਬਿਲਕੁਲ ਹੋ ਹੀ ਨਹੀਂ ਸਕਦਾ। (7/340)

ਕਰਮਕਾਂਡ : ਨਾ ਮੱਛੀ ਦੇ ਮਾਸ ਤੋਂ ਹਟੇ ਰਹਿਣ ਨਾਲ, ਨਾ ਨੰਗੇ ਰਹਿਣ ਨਾਲ, ਨਾ ਸਿਰ ਮੁਨਾਉਣ (ਮੁੰਡਨ) ਨਾਲ, ਨਾ ਜਟਾਵਾਂ ਰੱਖਣ ਨਾਲ, ਨਾ ਬਿਭੂਤ ਮਲਣ ਨਾਲ, ਨਾ ਮ੍ਰਿਗਛਲ ਪਾਉਣ ਨਾਲ, ਨਾ ਅੱਗ ਦੀ ਪੂਜਾ ਕਰਨ ਨਾਲ, ਨਾ ਅੰਮ੍ਰਿਤ ਪ੍ਰਾਪਤੀ ਲਈ ਤਮਾਮ ਤਰ੍ਹਾਂ ਦੀਆਂ ਤਪੱਸਿਆਵਾਂ ਕਰਨ ਨਾਲ, ਨਾ ਮੰਤਰ ਜਾਪ ਕਰਨ ਨਾਲ, ਨਾ ਬਲੀਆਂ ਚੜ੍ਹਾਉਣ ਨਾਲ ਅਤੇ ਨਾ ਮੌਸਮ ਅਨੁਸਾਰ ਵੱਖਰੇ ਯੱਗ ਆਦਿ ਕਰਨ ਨਾਲ ਹੀ ਆਦਮੀ ਸ਼ੁੱਧ ਹੋ ਸਕਦਾ ਹੈ, ਜਿਸ ਦੇ ਸ਼ੱਕ ਦੂਰ ਨਹੀਂ ਹੋਏ, ਮਨ ਵਿਚ ਪੈਦਾ ਹੋਏ ਭਰਮ ਨਹੀਂ ਮਿਟੇ, ਡਰ ਨਹੀਂ ਲੱਥੇ। (16/343) (ਭਾਵ ਜਿਸ ਦੇ ਦੁੱਖ ਰੋਗ ਭੈਅ ਭਰਮ ਦੂਰ ਨਹੀਂ ਹੋਏ, ਉਹ ਜਿੰਨੇ ਮਰਜ਼ੀ ਹਿੰਦੂ ਰਸਮੀ ਕਰਮਕਾਂਡ ਕਰੇ, ਮੁਕਤ ਨਹੀਂ ਹੋ ਸਕਦਾ)।

ਮਾਸ ਬਾਰੇ : ਇਹ ਬੁਰੇ ਕਰਮ ਹੀ ਹਨ ਜੋ ਹਨ, ਮਾਸ ਖਾਣਾ ਨਹੀਂ। (18/343) ਭਾਵ ਮਾਸ ਖਾਣਾ ਬੁਰੀਆਂ ਕਰਤੂਤਾਂ ਵਿਚ ਸ਼ਾਮਲ ਨਹੀਂ ਹੈ।

ਧਰਮ ਅਤੇ ਅਧਰਮ ਕਰਮ : ਭਿਖਸ਼ੂਓ! ਅਜੇਹੇ ਸਮੇਂ ਜਦੋਂ ਰਾਜੇ ਅਧਾਰਮਕ (ਭਾਵ ਗੈਰ-ਸਦਾਚਾਰੀ ਅਤੇ ਪਾਪ ਕਰਮੀ) ਹੋ ਜਾਂਦੇ ਹਨ ਤਾਂ ਉਨ੍ਹਾਂ ਦੇ ਮੰਤਰੀ ਅਤੇ ਅਫਸਰ ਵੀ ਅਧਾਰਮਕ ਹੋ ਜਾਂਦੇ ਹਨ। ਜਦੋਂ ਮੰਤਰੀ ਅਤੇ ਅਫਸਰ ਵੀ ਅਧਾਰਮਕ ਹੋ ਜਾਂਦੇ ਹਨ ਤਾਂ ਬ੍ਰਾਹਮਣ ਅਤੇ ਗ੍ਰਿਹਪਤੀ ਵੀ ਅਧਾਰਮਕ ਹੋ ਜਾਂਦੇ ਹਨ। ਜਦੋਂ ਬ੍ਰਾਹਮਣ ਤੇ ਗ੍ਰਿਹਪਤੀ ਅਧਾਰਮਕ ਹੋ ਜਾਂਦੇ ਹਨ ਤਾਂ ਸ਼ਹਿਰਾਂ ਦੇ ਸ਼ਹਿਰ ਅਤੇ ਪਿੰਡਾਂ ਦੇ ਪਿੰਡ ਵੀ ਅਧਾਰਮਕ ਹੋ ਜਾਂਦੇ ਹਨ। (2/346) (ਨੋਟ: ਅੱਜ ਭਾਰਤ ਦੀ ਅਸਲੀ ਤਸਵੀਰ ਇਹੋ ਹੈ) ਜਿਸ ਨੂੰ ਜੇ ਸਹੀ ਪਰਖੀਏ ਤਾਂ ਧਾਰਮਕ ਮਾਨਤਾ ਪ੍ਰਾਪਤ ਹੈ)

- ਆਦਮੀਆਂ ਵਿਚ ਜਿਹੜਾ ਮੁਖੀਆ ਹੁੰਦਾ ਹੈ ਜੇ ਉਹ ਚੰਗੇ ਅਤੇ ਚੱਲਣ ਵਾਲਾ ਹੁੰਦਾ ਹੈ ਤਾਂ ਦੂਜੇ ਵੀ ਚੰਗੇ ਅਤੇ ਚੱਲਣ ਵਾਲੇ ਹੁੰਦੇ ਹਨ। ਜਦੋਂ ਰਾਜਾ ਧਾਰਮਕ ਹੁੰਦਾ ਹੈ ਤਾਂ ਸਾਰਾ ਰਾਜ ਸੁਖੀ ਰਹਿੰਦਾ ਹੈ।

(ਨੋਟ : ਏਥੇ ਧਰਮ ਜਾਂ ਧਾਰਮਕ ਦੇ ਅਰਥ ਕੇਵਲ ਓਹੀ ਸਮਝੇ ਜਾਣ ਜੋ ਤਥਾਗਤ ਬੁੱਧ ਨੇ ਕੀਤੇ ਹਨ। ਹਿੰਦੂ ਧਰਮ ਵਿਚ ਧਰਮ ਦਾ ਅਰਥ ਹੈ ਵੇਦਾਂ ਸ਼ਾਸਤਰਾਂ, ਸਿਮਰਤੀਆਂ ਪੁਰਾਣਾਂ, ਬ੍ਰਾਹਮਣਾਂ ਤੇ ਗਊਆਂ ਦੀ ਪੂਜਾ)।

ਭਾਈਚਾਰਕ ਸੰਗਠਨ : ਅਨੰਦ! ਜਦੋਂ ਤੱਕ ਵੱਜੀ (ਇੱਕ ਲੋਕਸਮੂਹ) ਆਪਣੀਆਂ ਅਪਸਭਾਵਾਂ ਦੀ ਬੈਠਕ ਕਰਦੇ ਰਹਿਣਗੇ ਤਦ ਤੱਕ ਵੱਜੀਆਂ ਦਾ ਵਾਧਾ ਹੁੰਦਾ ਰਹੇਗਾ। ਉਨ੍ਹਾਂ ਦਾ ਨਾਸ ਨਹੀਂ ਹੋਵੇਗਾ। ਅਨੰਦ! ਜਦ ਤੱਕ ਵੱਜੀ ਮਿਲਜੁਲ ਕੇ ਬੈਠਣਗੇ, ਮਿਲ ਜੁਲ ਕੇ ਉੱਠਣਗੇ ਅਤੇ ਮਿਲਜੁਲ ਕੇ ਆਪਣੇ ਫੈਸਲਿਆਂ ਨੂੰ ਕਾਰਜ ਰੂਪ ਵਿਚ ਬਦਲਦੇ ਰਹਿਣਗੇ, ਤਦ ਤੱਕ ਸੁਖ ਹੋਵੇਗਾ। (ਭਾਵ ਸਭ ਠੀਕ ਹੋਵੇਗਾ, ਨਹੀਂ ਤਾਂ ਨਹੀਂ ਹੋਵੇਗਾ) (11-12 347)

ਦਇਆ-ਮੈਤਰੀ: ਜਿਸ ਤਰ੍ਹਾਂ ਮਾਂ ਆਪਣੀ ਜਾਨ ਦੇ ਕੇ ਵੀ ਆਪਣੇ ਇਕਲੌਤੇ ਬੱਚੇ ਨਾਲ ਪਿਆਰ ਕਰਦੀ ਹੈ ਅਜੇਹੀ ਹੀ ਭਾਵਨਾ ਸਾਰੇ ਜੀਵਾਂ ਲਈ ਰੱਖੋ। ਉੱਪਰ ਥੱਲੇ ਚਾਰੇ ਪਾਸੇ (ਭਾਵ ਉੱਚ-ਨੀਚ ਤੇ ਵਰਣ ਜਾਤ ਦਾ ਜਾਂ ਰੰਗ ਨਸਲ ਦਾ ਖਿਆਲ ਕੀਤੇ

ਪ੍ਰਤੀਕ) ਅਸੀਮ ਮੈਤਰੀ ਭਾਵਨਾ ਰੱਖੇ, ਜਿਸ ਵਿਚ ਨਫ਼ਰਤ ਦਾ ਲੇਸ਼ ਮਾਤਰ (ਕਣ) ਨਾ ਹੋਵੇ। ਦੁਸ਼ਮਣੀ ਦਾ ਭੋਰਾ (ਕਣ) ਨਾ ਹੋਵੇ।

• ਖੜੋਤੇ ਸਮੇਂ, ਚਲਦੇ ਸਮੇਂ, ਬੈਠੇ ਰਹਿਣ ਸਮੇਂ, ਲੇਟਦੇ ਸਮੇਂ, ਇਹ (ਮੈਤਰੀ) ਭਾਵਨਾ ਰੱਖੇ, ਇਹੋ ਬ੍ਰਹਮ ਵਿਚਾਰ ਕਹਾਉਂਦੀ ਹੈ। (ਬਰਾਬਰੀ ਅਤੇ ਪ੍ਰੇਮ ਦਾ ਸਿਧਾਂਤ) (5-6/350)

(ਬ੍ਰਾਹਮਣੀ ਧਰਮ ਵਿਚ ਸਭਨਾਂ ਵਿਚਕਾਰ ਮਿੱਤਰਤਾ, ਪ੍ਰੇਮ ਅਤੇ ਬਰਾਬਰੀ ਦਾ ਕੋਈ ਸਿਧਾਂਤ ਨਹੀਂ ਹੈ ਸਗੋਂ ਵਰਣ ਜਾਤ ਦਾ ਵੈਰ-ਵਿਰੋਧ ਹੈ। ਇਸ ਦਾ ਤਿਆਗ ਕਰਨਾ ਹੀ ਧਰਮ ਪ੍ਰਵਰਤਨ ਹੈ। ਧਰਮ ਪ੍ਰਵਰਤਨ ਕਰਦੇ ਸਮੇਂ ਕੀ ਬੰਦਾ ਇਸ ਸੱਚ ਨੂੰ ਜਾਣਦਾ ਸਮਝਦਾ ਤੇ ਮੰਨਣ ਨੂੰ ਤਿਆਰ ਹੁੰਦਾ ਹੈ?)

ਬੁੱਧ ਸੰਘ :

• ਸੰਘ ਵਿਚ ਜਾਤ ਪਾਤ ਦੀ ਕੋਈ ਰੁਕਾਵਟ ਨਹੀਂ ਸੀ।

• ਜਾਤ ਪਾਤ ਲਈ ਸੰਘ ਵਿਚ ਕੋਈ ਥਾਂ ਨਹੀਂ ਸੀ।

• ਸਮਾਜਕ ਹਾਲਤ (ਭਾਵ ਦਰਜੇ) ਦੀ ਸੰਘ ਵਿਚ ਕੋਈ ਥਾਂ ਨਹੀਂ ਸੀ।

• ਸੰਘ ਵਿਚ ਸਾਰੇ ਮੈਂਬਰ ਬਰਾਬਰ ਸਨ।

• ਸੰਘ ਵਿਚ ਛੋਟੇ-ਵੱਡੇ ਦਾ ਫੈਸਲਾ ਮੈਂਬਰਾਂ ਦੇ ਗੁਣਾਂ ਨਾਲ ਹੁੰਦਾ ਸੀ ਨਾ ਕਿ ਉਸਦੇ ਜਨਮ ਤੋਂ।

ਸੰਘ ਵਿਚ ਦਾਖਲ ਹੋਣ 'ਤੇ ਤਥਾਗਤ ਨੇ ਕਿਹਾ :

ਉਸ ਦੀ ਕੋਈ ਵੱਖਰੀ ਜਾਤ ਨਹੀਂ ਰਹੀ। ਉਸ ਦੀ ਕੋਈ ਵੱਖਰੀ ਹੈਸੀਅਤ ਨਹੀਂ ਰਹੀ।

• ਭਿਕਸ਼ੁਣੀ ਸੰਘ ਵਿਚ ਦਾਖਲਾ ਪਾਉਣ ਦੇ ਨੇਮ ਵੀ ਬਹੁਤ ਕੁਝ ਅਜੇਹੇ ਹੀ ਜਾਂ ਉਹੋ ਹੀ ਹਨ ਜੋ ਭਿਕਸ਼ੂ ਸੰਘ ਵਿਚ ਦਾਖਲਾ ਲੈਣ ਦੇ ਨੇਮ। (354-55)

ਬ੍ਰਾਹਮਣ ਤੇ ਭਿਕਸ਼ੂ ਵਿਚ ਅੰਤਰ : ਇਕ ਬ੍ਰਾਹਮਣ ਪੁਰੋਹਿਤ ਹੁੰਦਾ ਹੈ, ਉਸ ਦਾ ਮੁਖ ਕੰਮ ਕਿਸੇ ਦੇ ਜਨਮ ਵਿਆਹ, ਮਰਨ ਆਦਿ ਦੇ ਮੌਕੇ 'ਤੇ ਸੰਸਕਾਰ ਕਰਾਉਣਾ ਹੈ।

• ਇਕ ਭਿਕਸ਼ੂ ਨਾ ਤਾਂ ਕਿਸੇ ਮੂਲ ਪਾਪ ਵਿਚ ਯਕੀਨ ਕਰਦਾ ਹੈ ਨਾ ਆਤਮਾ ਜਾਂ ਪ੍ਰਮਾਤਮਾ ਵਿਚ, ਇਸ ਲਈ ਉਸ ਨੇ ਕੋਈ ਸੰਸਕਾਰ ਕਰਨੇ ਕਰਾਉਣੇ ਨਹੀਂ ਹੁੰਦੇ, ਇਸ ਲਈ ਭਿਕਸ਼ੂ ਪੁਰੋਹਿਤ ਨਹੀਂ ਹੁੰਦਾ। (367)

ਦੂਜਾ ਅੰਤਰ : ਬ੍ਰਾਹਮਣ ਪੈਦਾ ਹੁੰਦਾ ਹੈ (ਭਾਵ ਜਨਮ ਤੋਂ ਹੈ) ਜਿਸ ਦੀ ਜਾਤ ਵੀ ਨਹੀਂ ਬਦਲਦੀ। ਭਿਕਸ਼ੂ ਬਣਦਾ ਹੈ। (ਜਿਸ ਦੀ ਕੋਈ ਜਾਤ ਨਹੀਂ ਰਹਿੰਦੀ)

ਤੀਜਾ ਅੰਤਰ : ਬ੍ਰਾਹਮਣ ਦੀ ਜਾਤ ਹੁੰਦੀ ਹੈ। ਭਿਕਸ਼ੂ ਦੀ ਕੋਈ ਜਾਤ ਨਹੀਂ ਹੁੰਦੀ।

ਚੌਥਾ ਅੰਤਰ : ਬ੍ਰਾਹਮਣ ਬਣਨ ਲਈ ਕਿਸੇ ਤਰ੍ਹਾਂ ਦੀ ਵੀ ਮਾਨਸਿਕ ਅਤੇ ਨੈਤਕ ਸਿੱਖਿਆ ਜ਼ਰੂਰੀ ਨਹੀਂ। ਬ੍ਰਾਹਮਣ ਤੋਂ ਜਿਸ ਗੱਲ ਦੀ ਆਸ ਕੀਤੀ ਜਾਂਦੀ ਹੈ, ਉਹ ਹੈ ਉਸ ਦੇ ਆਪਣੇ ਧਾਰਮਕ ਸ਼ਾਸਤਰ ਗਿਆਨ ਦੀ।

ਇਸ ਦੇ ਬਿਲਕੁਲ ਉਲਟ ਭਿਕਸ਼ੂ ਲਈ ਮਾਨਸਿਕ ਅਤੇ ਨੈਤਕ ਸਿੱਖਿਆ, ਉਸ ਦੀ ਜਿੰਦ ਜਾਨ ਹੈ।

ਪੰਜਵਾਂ ਅੰਤਰ : ਇਕ ਬ੍ਰਾਹਮਣ ਜਿੰਨੀ ਮਰਜ਼ੀ ਚਾਹੇ ਉਂਨੀ ਜਾਇਦਾਦ ਬਣਾ ਸਕਦਾ ਹੈ। ਪਰ ਭਿਕਸ਼ੂ ਜਾਇਦਾਦ ਨਹੀਂ ਬਣਾ ਸਕਦਾ।

ਛੇਵਾਂ ਅੰਤਰ : ਇਕੱਲਾ ਬ੍ਰਾਹਮਣ ਵੀ ਆਪਣੇ ਆਪ ਵਿਚ ਪ੍ਰਭੂ ਸੰਪਨ ਹੈ। ਉਸ ਲਈ ਧਾਰਮਕ ਸੰਗਠਨ ਕੋਈ ਜ਼ਰੂਰੀ ਨਹੀਂ।

ਪਰ ਭਿਕਸ਼ੂ ਸੰਘ ਦਾ ਮੈਂਬਰ ਹੁੰਦਾ ਹੈ। ਭਿਕਸ਼ੂ ਆਪਣੇ ਆਪ ਕਾਨੂੰਨ ਨਹੀਂ ਹੁੰਦਾ। ਉਹ ਸੰਘ ਦੇ ਅਧੀਨ ਹੁੰਦਾ ਹੈ। ਸੰਘ ਇਕ ਅਧਿਆਤਮਕ (ਧਾਰਮਕ) ਸੰਗਠਨ ਹੈ। (368-69)

ਬੁੱਧ ਨੇ ਭਿਕਸ਼ੂਆਂ ਨੂੰ ਆਦੇਸ਼ ਕੀਤਾ :

ਉਸ ਧਰਮ ਦੀ ਦੇਸ਼ਨਾ (ਸਿੱਖਿਆ ਦੇਣਾ) ਕਰੋ ਜੋ ਸ਼ੁਰੂ ਵਿਚ ਕਲਿਆਣਕਾਰੀ ਹੈ ਜੋ ਮੱਧ ਵਿਚ ਕਲਿਆਣਕਾਰੀ ਹੈ ਜੋ ਅੰਤ ਵਿਚ ਕਲਿਆਣਕਾਰੀ ਹੈ। (ਭਾਵ ਬਚਪਨ, ਜਵਾਨੀ ਤੇ ਬੁਢਾਪੇ ਤੱਕ)।

• ਦੁੱਖ ਨਾਲ ਜਲ ਰਹੇ ਇਸ ਸਾਰੇ ਸੰਸਾਰ ਵਿਚ ਜਾਓ। ਹਰ ਥਾਂ ਸਿੱਖਿਆ ਦਿਉ। ਸਾਰੇ ਅਗਿਆਨੀਆਂ ਨੂੰ ਗਿਆਨ ਦਿਉ।

• ਇਸ ਲਈ ਜਾਓ, ਇਕੱਲੇ-ਇਕੱਲੇ ਜਾਓ। ਦਇਆ ਨਾਲ ਪ੍ਰੇਰਤ ਹੋ ਕੇ ਜਾਓ। ਲੋਕਾਂ ਨੂੰ ਬੰਧਨ-ਮੁਕਤ ਕਰੋ। (ਭਾਵ ਵਰਣ ਜਾਤ, ਊਚ-ਨੀਚ, ਰੰਗ, ਨਸਲ, ਭੇਦ-ਭਾਵ, ਲੁੱਟ ਪਾਟ, ਬੁਰਾਈ, ਅੱਤਿਆਚਾਰ, ਝੂਠ ਫਰੇਬ, ਅਧਰਮ, ਕੁਕਰਮ, ਪਾਪ, ਨਿੰਦਿਆ, ਲੋਭ, ਲਾਲਚ, ਹੰਕਾਰ, ਕ੍ਰੋਧ, ਕਾਮ, ਅੰਧਵਿਸ਼ਵਾਸ, ਅਗਿਆਨ, ਆਤਮ-ਪ੍ਰਮਾਤਮ, ਕਰਮਕਾਂਡ, ਤਪ ਤਪੱਸਿਆ, ਭਰਮਣ ਭਟਕਣ, ਦੁੱਖ ਰੋਗ ਭੈਅ ਭਰਮ, ਜੂਨੀ ਚੱਕਰ, ਪੂਜਾ ਅਰਚਣਾ ਆਦਿ ਸਭ ਤੋਂ ਮੁਕਤ ਕਰੋ) ਉਨ੍ਹਾਂ ਨੂੰ ਦੀਕਸ਼ਤ ਕਰੋ (ਭਾਵ ਨਿਆਂ, ਬਰਾਬਰੀ, ਪ੍ਰੇਮ, ਭਾਈਚਾਰਾ, ਪੁੰਨ ਕਮਾਈ, ਨੇਕੀ ਦਾਨ, ਦਇਆ, ਸਦਾਚਾਰ, ਸ਼ੁਭ ਕਰਮ ਦੇ ਧਰਮ ਦੀ ਸਿੱਖਿਆ ਦਿਉ।) (372)

ਇਉਂ ਬੁੱਧ ਦਾ ਧਰਮ ਬ੍ਰਾਹਮਣੀ ਧਰਮ ਦਾ ਪੂਰਨ ਤਿਆਗ ਹੈ। ਜਿਥੇ ਧਰਮ ਪ੍ਰਵਰਤਨ ਦਾ ਅਰਥ ਕਲਿਆਣਮਈ ਜੀਵਨ, ਸੁੰਦਰ ਸਮਾਜ ਦੀ ਸਿਰਜਣਾ, ਸੁਖਾਂ ਦੀ ਸਿਰਜਣਾ ਹੈ।

ਧਰਮਯੁੱਧ ਬਾਰੇ : ਭਿਕਸ਼ੂਓ! ਅਸੀਂ ਯੁੱਧ ਕਰਦੇ ਹਾਂ। ਇਸ ਲਈ ਯੋਧਾ ਅਖਵਾਉਂਦੇ ਹਾਂ।

ਭਿਕਸ਼ੂਓ! ਅਸੀਂ ਵਧੀਆ ਸ਼ੀਲ ਲਈ ਯੁੱਧ ਕਰਦੇ ਹਾਂ ਉੱਤਮ ਅਪ੍ਰਮਾਦ (ਉਦੇਸ਼) ਲਈ ਯੁੱਧ ਕਰਦੇ ਹਾਂ। ਉੱਤਮ ਪਰੱਗਿਆ ਲਈ ਯੁੱਧ ਕਰਦੇ ਹਾਂ।

• ਜਿਥੇ ਸ਼ੀਲ ਨੂੰ ਖਤਰਾ ਹੋਵੇ, ਸੰਘਰਸ਼ ਤੋਂ ਨਾ ਘਬਰਾਵੋ ਅਜੇਹੇ ਸਮੇਂ ਭਿੱਜੀ ਬਿੱਲੀ ਬਣ ਕੇ ਨਾ ਬੈਠੇ ਰਹੋ। (379)

ਹਿੰਦੂ ਭਗਵਾਨ ਕ੍ਰਿਸ਼ਨ ਗੀਤਾ ਵਿਚ ਜਾਂ ਮੱਦਭਾਗਵਤ ਵਿਚ ਵੇਦ ਬ੍ਰਾਹਮਣ ਤੇ ਗਊ ਰੱਖਿਆ ਨੂੰ ਧਰਮਯੁੱਧ ਕਹਿੰਦਾ ਹੈ ਪ੍ਰੰਤੂ ਬੁੱਧ ਦਾ ਧਰਮ ਮਨੁੱਖਤਾ ਅਤੇ ਨਿਆਂ ਨੂੰ ਸੁਰੱਖਿਅਤ ਕਰਦਾ ਹੈ। ਜਿਵੇਂ : ਕੋਈ ਵੀ ਧਰਮ ਆਦਮੀ ਦਾ ਸੱਚਾ ਧਰਮ ਤਾਂ ਹੀ ਅਖਵਾ ਸਕਦਾ ਹੈ ਜਦੋਂ ਉਹ ਉਸ ਨੂੰ ਬੁਰੀਆਂ ਗੱਲਾਂ ਦਾ ਤਿਆਗ ਕਰਨ ਦੀ ਸਿੱਖਿਆ ਦੇਵੇ। ਜੀਵਾਂ ਦੀ ਹਿੰਸਾ ਕਰਨਾ (ਪਸ਼ੂ ਜਾਂ ਨਰ ਬਲੀਆਂ) ਚੋਰੀ, ਕੁਕਰਮ ਅਤੇ ਝੂਠ, ਇਹ ਚਾਰ ਭੈੜੀਆਂ ਗੱਲਾਂ ਹਨ, ਜਿਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ। (387) ਇਹ ਹੈ ਬੁੱਧ ਦਾ ਧਰਮ ਪ੍ਰੰਤੂ ਅਜੇਹੇ ਕੁਕਰਮ ਕਰਕੇ ਹਿੰਦੂ ਧਰਮ ਵਿਚ, ਕੋਈ ਮਨੁੱਖ ਵਰਤ ਰੱਖ ਕੇ ਤੇ ਪਾਠ ਪੂਜਾ ਕਰਕੇ ਮੁੜ ਪਵਿੱਤਰ ਹੋ ਸਕਦਾ ਹੈ।

ਵਰਨ-ਜਾਤੀ ਬ੍ਰਾਹਮਣਾਂ ਦੀ ਦੁਸ਼ਮਣੀ :

ਤਥਾਗਤ ਨੂੰ ਪਿੰਡ ਵਿਚ ਆਉਣ ਤੋਂ ਰੋਕਣ ਲਈ: ਬ੍ਰਾਹਮਣਾਂ ਨੇ ਨਦੀ ਪਾਰ ਕਰਨ ਦੇ ਸਾਰੇ ਪੱਤਣਾਂ ਤੋਂ ਬੇੜੀਆਂ ਹਟਾ ਲਈਆਂ, ਜਿਹੜੇ ਪੁਲ ਆਦਿ ਸਨ, ਉਨ੍ਹਾਂ ਨੂੰ ਤੋੜ ਦਿੱਤਾ। (416)

ਇਕ ਬ੍ਰਾਹਮਣੀ ਦੀ ਦਾਸੀ ਪਾਣੀ ਦਾ ਘੜਾ ਲੈ ਕੇ ਜਾ ਰਹੀ ਸੀ। ਉਸ ਨੇ ਤਥਾਗਤ ਅਤੇ ਭਿਕਸ਼ੂਆਂ ਨੂੰ ਵੇਖਿਆ ਅਤੇ ਉਸਨੂੰ ਜਾਪਿਆ ਕਿ ਉਹ ਥੱਕੇ ਪਿਆਸੇ ਹਨ। ਸ਼ਰਧਾ ਭਰੀ ਖੁਸ਼ੀ ਨਾਲ ਉਸ ਨੇ ਉਨ੍ਹਾਂ ਨੂੰ ਪਾਣੀ ਦੇਣਾ ਚਾਹਿਆ ਤੇ ਸੋਚਿਆ, ਜੇ ਇਸ ਪਿੰਡ ਦੇ ਲੋਕਾਂ ਦਾ ਫੈਸਲਾ ਹੈ ਕਿ ਸ਼੍ਰਮਣ ਗੌਤਮ ਨੂੰ ਕੁਝ ਵੀ ਨਾ ਦਿੱਤਾ ਜਾਵੇ ਅਤੇ ਉਸ ਲਈ ਕਿਸੇ ਵੀ ਤਰ੍ਹਾਂ ਦੀ ਆਓਭਗਤ ਦੀ ਭਾਵਨਾ ਤੱਕ ਜ਼ਾਹਰ ਨਾ ਕੀਤੀ ਜਾਵੇ..... (ਜਿਵੇਂ ਹੁਣੇ-ਹੁਣੇ ਹਰਿਆਣੇ ਦੇ ਇਕ ਪਿੰਡ ਵਿਚ ਦਲਿਤਾਂ ਨੂੰ ਗੁਰੂ ਰਵਿਦਾਸ ਪੁਰਬ ਮਨਾਉਣ ਤੋਂ ਰੋਕ ਕੇ ਕੁੱਟਿਆ ਮਾਰਿਆ ਤੇ ਪਿੰਡੋਂ ਕੱਢਿਆ ਗਿਆ ਹੈ)। ਤਾਂ ਵੀ : 'ਮਾਲਕੋ ਭਾਵੇਂ ਜੋ ਹੋਵੇ, ਭਾਵੇਂ ਇਸ ਪਿੰਡ ਵਿਚ ਸਾਰੇ ਰਹਿਣ ਵਾਲੇ ਰਲ ਕੇ ਮੈਨੂੰ ਮਾਰਨ ਜਾਂ ਬੰਨ੍ਹ ਸੁੱਟਣ ਤਦ ਵੀ ਮੈਂ ਅਜੇਹੇ ਪੁੰਨ ਖੇਤਰ ਵਿਚ ਪਾਣੀ ਸਿੰਜਾਂਗੀ। (ਰੋਕਣ ਦੇ ਬਾਵਜੂਦ ਵੀ) ਉਸ ਨੇ ਉਨ੍ਹਾਂ ਨੂੰ ਪਾਣੀ ਦਿੱਤਾ। ਤਥਾਗਤ ਨੇ ਪਾਣੀ ਨਾਲ ਪੈਰ ਧੋਤੇ ਅਤੇ ਪਾਣੀ ਪੀਤਾ। ਜਦੋਂ ਉਸ ਦੇ ਬ੍ਰਾਹਮਣ ਮਾਲਕ ਨੇ ਇਹ ਸਭ ਸੁਣਿਆ ਤਾਂ ਉਹ ਗੁੱਸੇ ਦਾ ਮਾਰਿਆ ਦੰਦ ਪੀਂਹਦਾ ਹੋਇਆ ਆਇਆ ਅਤੇ ਉਸ (ਦਾਸੀ) ਨੂੰ ਜ਼ਮੀਨ ਉੱਤੇ ਸੁੱਟ ਕੇ ਲੱਤਾਂ ਮੁੱਕਿਆਂ ਨਾਲ ਮਾਰਨ ਲੱਗਾ। ਉਸ ਬ੍ਰਾਹਮਣ ਦੀ ਮਾਰ ਨਾਲ ਉਹ (ਸੇਵਾ ਭਾਵ ਵਾਲੀ ਦਾਸੀ) ਮਰ ਗਈ। (416-17 ਅੰਸ਼ਕ)। ਇਹ ਇਕ ਉਦਾਹਰਣ ਹੈ ਦੋ ਧਰਮਾਂ ਵਿਚਕਾਰ ਬੁਨਿਆਦੀ ਟਕਰਾਵਾਂ ਦੀ ਕਿ ਕਿਵੇਂ ਹਿੰਦੂ ਧਰਮੀ ਮਾਨਵੀ ਧਰਮ ਵਿਰੁੱਧ ਜਾਤ ਵਰਣ ਦਾ ਹੰਕਾਰੀ ਕ੍ਰੋਧ ਪ੍ਰਗਟ ਕਰਦਾ ਹੈ ਸਿਰਫ ਦਇਆ ਦੇ ਖਿਲਾਫ)।

ਬ੍ਰਾਹਮਣ ਤੇ ਗੌਤਮ : 'ਸ਼੍ਰਮਣ ਗੌਤਮ! ਮੈਂ ਲੋਕਾਂ ਨੂੰ ਕਹਿੰਦੇ ਸੁਣਿਆ ਹੈ ਕਿ ਸ਼੍ਰਮਣ ਗੌਤਮ ਕਿਸੇ ਬੁੱਢੇ, ਬਹੁਤ ਸਿਆਣੇ ਬ੍ਰਾਹਮਣ ਦੇ ਆਉਣ 'ਤੇ ਨਾ ਉੱਠਦੇ ਹਨ ਨਾ ਉਨ੍ਹਾਂ ਨੂੰ ਬੈਠਣ ਲਈ ਆਸਣ ਦਿੰਦੇ ਹਨ।' (417)

ਸਫਾ 420 'ਤੇ ਤਥਾਗਤ ਬੁੱਧ ਪਹਿਲਾਂ ਬ੍ਰਾਹਮਣਾਂ ਦੇ ਸ਼ਾਸਤਰ ਗਿਆਨ ਦੀ ਵਿਆਖਿਆ ਕਰਦੇ ਹਨ। ਫਿਰ ਰੁਤਬਿਆਂ ਦੀ ਤੇ ਇਸ ਉਪਰੰਤ ਉਨ੍ਹਾਂ ਦੁਆਰਾ ਕੀਤੇ ਜਾਂਦੇ ਕੁਕਰਮਾਂ ਦੀ। ਬੁੱਧ ਕੁਕਰਮਾਂ ਕਾਰਨ ਬੰਦੇ ਨੂੰ ਅਛੂਤ ਕਹਿੰਦੇ ਹਨ ਤੇ ਉਪਰੋਕਤ ਪ੍ਰਸ਼ਨ ਦਾ ਉੱਤਰ ਕਿਸੇ ਕੁਕਰਮੀ ਅਛੂਤ ਤੋਂ ਦੂਰ ਰਹਿਣ ਵਿਚ ਦਿੰਦੇ ਹਨ। ਦਰਅਸਲ ਬੁੱਧ ਦਾ ਧਰਮ ਪੂਰਨ ਰੂਪ ਵਿਚ ਅਮਾਨਵੀ ਧਰਮ ਦਾ ਤਿਆਗ ਅਤੇ ਮਾਨਵ ਕਲਿਆਣੀ ਧਰਮ ਦੀ ਸਥਾਪਨਾ ਹੈ।

ਤਥਾਗਤ ਬੁੱਧ ਦੇ ਇਹ ਉਪਰੋਕਤ ਉਦੇਸ਼ ਤੇ ਉਪਦੇਸ਼ ਧਰਮ ਦਾ ਮਾਰਗ ਹਨ, ਜਿਨ੍ਹਾਂ ਨੂੰ ਬਾਬਾ ਸਾਹਿਬ ਨੇ ਕਿਹਾ ਹੈ ਕਿ ਬੁੱਧ ਉਨ੍ਹਾਂ ਦੇ ਗੁਰੂ ਹਨ। ਗੁਰੂ, ਮਾਰਗਦਾਤਾ ਹੁੰਦਾ ਹੈ। ਸ਼ਿਸ਼ ਗੁਰੂ ਦੇ ਮਾਰਗ 'ਤੇ ਚਲਦਾ ਹੈ। ਬੁੱਧ ਦਾ ਸਾਰਾ ਮਾਰਗ ਬ੍ਰਾਹਮਣ ਵੇਦ ਸ਼ਾਸਤਰ ਤੇ ਉਸ ਦੇ ਵਰਣ-ਜਾਤੀ ਧਰਮ ਦੇ ਖਿਲਾਫ, ਇਕ ਨਵਾਂ ਨਰੋਆ ਸਮਾਨੰਤਰ ਤੇ ਪ੍ਰੇਮ ਭਰੇ ਜੀਵਨ ਦਾ ਮਾਰਗ ਹੈ। ਜਿਸ ਦਾ ਅਰਥ ਹੈ ਕਿ ਸਿਧਾਰਥ ਗੌਤਮ ਉਦੋਂ ਬੁੱਧ ਬਣੇ ਜਦੋਂ ਉਨ੍ਹਾਂ ਨੂੰ ਬ੍ਰਾਹਮਣੀ ਸਿਸਟਮ ਦੇ ਪਸਾਰ ਅਤੇ ਉਸ ਦੁਆਰਾ ਪੈਦਾ ਕੀਤੇ ਸਮਾਜਕ, ਧਾਰਮਕ, ਨੈਤਕ, ਆਰਥਕ ਤੇ ਰਾਜਨੀਤਕ ਖਲਜਗਣ ਅਤੇ ਦੁੱਖ ਦਰਦ ਦੀ ਸੋਝੀ ਹੋਈ।

ਜਿਸ ਤੋਂ ਮੁਕਤ ਹੋਣ ਲਈ ਸੱਚ ਦੇ ਮਾਰਗ 'ਤੇ ਚਲਦਿਆਂ ਭਾਵ ਮਨੁੱਖਤਾ ਦੇ ਕਲਿਆਣ ਦੇ ਮਨੋਰਥ ਨੂੰ ਨਿਰਬਾਣ ਪਦ ਮੰਨਦਿਆਂ ਭਰ-ਜੀਵਨ ਸੰਘਰਸ਼ ਕੀਤਾ। ਜਿਸ ਤੋਂ ਸਮਝ ਪੈਂਦੀ ਹੈ ਕਿ ਬ੍ਰਾਹਮਣੀ ਧਰਮ ਦੇ ਪੂਰਨ ਤਿਆਗ ਦਾ ਅਰਥ ਹੈ ਬੁੱਧ ਹੋ ਜਾਣਾ। ਜੋ ਬੁੱਧ ਹੋ ਕੇ ਵੀ ਵਰਣ-ਜਾਤ ਦੇ ਧਰਮ ਦੀਆਂ ਰਸਮਾਂ ਰੀਤਾਂ ਜਾਂ ਮੰਨਤਾਵਾਂ ਨੂੰ ਨਹੀਂ ਛੱਡਦਾ, ਉਸ ਬੁੱਧ ਦਾ ਕੀ ਲਾਭ।

ਬਾਬਾ ਸਾਹਿਬ ਨੇ ਕਿਹਾ ਕਿ ਬੁੱਧ ਉਸ ਦੇ ਗੁਰੂ ਹਨ, ਇਸ ਲਈ ਉਹ ਹਿੰਦੂ ਜਨਮਿਆ ਜ਼ਰੂਰ ਹੈ ਪ੍ਰੰਤੂ ਹਿੰਦੂ ਰਹਿੰਦਿਆਂ ਮਰੇਗਾ ਨਹੀਂ ਤੇ ਅੰਤ ਉਨ੍ਹਾਂ ਨੇ ਬੁੱਧ ਦੇ ਮਨੁੱਖੀ ਕਲਿਆਣ, ਬਰਾਬਰੀ, ਪ੍ਰੇਮ, ਸਦਾਚਾਰ ਦੇ ਮਾਰਗ ਨੂੰ ਅਪਨਾ ਲਿਆ।

ਤਥਾਗਤ ਬੁੱਧ ਦੇ ਧਰਮਮਾਰਗ ਨੂੰ ਮੂਲ ਰੂਪ ਵਿਚ ਸਮਝੇ ਬਿਨਾਂ ਅਸੀਂ ਨਹੀਂ ਸਮਝ ਸਕਦੇ ਕਿ ਬਾਬਾ ਸਾਹਿਬ ਨੇ ਕਿਉਂ ਕਿਹਾ ਕਿ ਉਹ ਹਿੰਦੂ ਰਹਿੰਦਿਆਂ ਮਰੇਗਾ ਨਹੀਂ। ਏਨਾ ਕਹਿਣ ਪਿੱਛੇ ਭਾਰਤ ਅੰਦਰ ਵਾਪਰੇ ਆਰੀਆ ਵੈਦਿਕ ਧਰਮ ਤੇ ਵਰਤੀਆਂ ਸਮਾਜਕ ਕ੍ਰਾਂਤੀਆਂ ਖੜ੍ਹੀਆਂ ਹਨ, ਜਿਨ੍ਹਾਂ ਨੂੰ ਸਮਝਣਾ ਅਤੀ ਜ਼ਰੂਰੀ ਹੈ।

□

ਭਾਗ ਤੀਜਾ

ਦੂਜੇ ਗੁਰੂ : ਸੰਤ ਕਬੀਰ

(ਸਮੇਤ ਬਾਣੀ ਸੰਤ ਸਤਿਗੁਰ ਨਾਮਦੇਵ ਅਤੇ ਗੁਰੂ ਰਵਿਦਾਸ)

ਇਸ ਤੋਂ ਅਗਲਾ ਪੜਾਅ ਇਹ ਹੈ ਕਿ ਬਾਬਾ ਸਾਹਿਬ ਨੇ ਸੰਤ ਸਤਿਗੁਰੂ ਕਬੀਰ ਨੂੰ ਆਪਣਾ ਦੂਜਾ ਗੁਰੂ ਮੰਨਿਆ। ਸੰਤ ਕਬੀਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਪ੍ਰਮੁੱਖ ਚਿੰਤਕ ਸਿਧਾਂਤਕਾਰ ਹਨ। ਮਾਰਗ-ਦਰਸ਼ਕ ਅਤੇ ਬ੍ਰਾਹਮਣੀ ਸਿਸਟਮ ਵਿਰੁੱਧ ਸਿੱਖ ਇਨਕਲਾਬ ਨੂੰ ਹਰ ਪਹਿਲੂ ਤੋਂ ਸਿਰਜਣ ਵਾਲੇ ਦਲਿਤ ਯੋਧਾ ਹਨ, ਜਿਨ੍ਹਾਂ ਨੇ ਬ੍ਰਾਹਮਣ ਧਰਮ ਦੇ ਹਰ ਦ੍ਰਿਸ਼ਟੀਕੋਣ ਨੂੰ ਪਰਖਿਆ ਜੋਖਿਆ ਤੇ ਨਵਾਂ ਨਿਰਨਾ ਪੇਸ਼ ਕੀਤਾ।

ਸੰਤ ਕਬੀਰ ਨੇ ਸੰਤ ਜੈ ਦੇਵ ਅਤੇ ਸੰਤ ਨਾਮਦੇਵ ਨੂੰ ਆਪਣੇ ਮਾਰਗਦਾਤਾ ਲਿਖਿਆ ਹੈ। ਸੰਤ ਜੈ ਦੇਵ ਦੀ ਕੋਈ ਜ਼ਿਕਰਯੋਗ ਬਾਣੀ ਸਾਡੇ ਪਾਸ ਨਹੀਂ ਹੈ ਪ੍ਰੰਤੂ ਸੰਤ ਨਾਮਦੇਵ ਦੀ ਬਾਣੀ, ਸਿੱਖ ਲਹਿਰ ਦੇ ਮਾਰਗ-ਦਰਸ਼ਨ ਦੀ ਨਿਸ਼ਾਨਦੇਹੀ ਕਰਨ ਲਈ ਕਾਫੀ ਮਾਤਰਾ ਵਿਚ ਹੈ, ਜਿਸ ਦੇ ਅਧਾਰ 'ਤੇ ਸੰਤ ਕਬੀਰ ਨੇ ਬ੍ਰਾਹਮਣੀ ਧਾਰਮਕ ਮਾਇਆਜਾਲ ਨੂੰ ਤੋੜ ਕੇ ਉਸ ਦੀ ਥਾਂ ਇਕ ਵੱਖਰਾ ਸਮਾਜਕ ਜੀਵਨ ਢੰਗ ਚਿਤਰਿਆ। ਬੇਸ਼ੱਕ ਸਾਨੂੰ ਇਹ ਸਾਬਤ ਕਰਨ ਵਿਚ ਕਦੀ ਕੋਈ ਦਿੱਕਤ ਨਹੀਂ ਆਵੇਗੀ ਕਿ ਸੰਤ ਨਾਮਦੇਵ, ਸੰਤ ਕਬੀਰ, ਸੰਤ ਰਵਿਦਾਸ ਅਤੇ ਗੁਰੂ ਨਾਨਕ ਅਤੇ ਇਸ ਤੋਂ ਅੱਗੇ ਰਚੀ ਗਈ ਸਾਰੀ ਬਾਣੀ ਦੀ ਬੁਨਿਆਦ ਬੁੱਧ ਦੇ ਉਪਦੇਸ਼ ਅਤੇ ਉਦੇਸ਼ ਉੱਤੇ ਟਿਕੀ ਹੋਈ ਹੈ, ਜਿਨ੍ਹਾਂ ਨੂੰ ਅਸੀਂ ਪਹਿਲੇ ਅਧਿਆਏ ਵਿਚ ਲਿਖ ਆਏ ਹਾਂ ਪ੍ਰੰਤੂ ਏਥੇ ਅਸੀਂ ਇਸ ਵਿਸ਼ੇ 'ਤੇ ਕੇਂਦਰਤ ਹਾਂ ਕਿ ਬਾਬਾ ਸਾਹਿਬ ਨੇ, ਜੋ ਇਹ ਕਿਹਾ ਹੈ ਕਿ 'ਮੈਂ ਹਿੰਦੂ ਰਹਿੰਦਿਆਂ ਮਰੂੰਗਾ ਨਹੀਂ', ਇਸ ਦਾ ਪ੍ਰਸੰਗਕ ਵਿਸ਼ਲੇਸ਼ਣ ਸੰਤ ਕਬੀਰ ਬਾਣੀ ਅਤੇ ਬਾਕੀ ਸਾਰੀ ਬਾਣੀ ਅਨੁਸਾਰ ਕੀ ਹੈ।

ਅੱਜ ਤਕ ਲੋਕਾਂ ਨੇ ਨਾ ਪੜ੍ਹਿਆ ਹੈ, ਨਾ ਵੇਖਿਆ ਵਿਚਾਰਿਆ ਹੈ ਤੇ ਨਾ ਮੰਨਿਆ ਹੈ ਕਿ ਡਾ: ਅੰਬੇਡਕਰ ਦੀ ਇਸ ਇਨਕਲਾਬੀ ਸਤਰ ਦਾ ਬਾਣੀ ਜਾਂ ਸਿੱਖ ਧਰਮ ਨਾਲ ਵੀ ਕੋਈ ਪੱਕਾ ਸਬੰਧ ਹੈ। ਜਦੋਂ ਕਿ ਬਾਬਾ ਸਾਹਿਬ ਇਕ ਪਾਸੇ ਸੰਤ ਕਬੀਰ ਨੂੰ ਆਪਣਾ ਗੁਰੂ ਮੰਨਦੇ ਹਨ ਤੇ ਗੁਰੂ ਨਾਨਕ ਨੂੰ ਬ੍ਰਾਹਮਣਵਾਦ ਵਿਰੁੱਧ ਇਕ ਕ੍ਰਾਂਤੀਕਾਰੀ ਮਹਾਂ-ਯੋਧਾ, ਬੁੱਧ ਵਾਂਗ, ਜੋ ਅਸੀਂ ਪੜ੍ਹ ਆਏ ਹਾਂ।

ਜਦੋਂ ਬਾਬਾ ਸਾਹਿਬ ਸੰਤ ਕਬੀਰ ਨੂੰ ਆਪਣੇ ਦੂਜੇ ਗੁਰੂ ਵਜੋਂ ਸਵੀਕਾਰ ਕਰਦੇ ਹਨ ਤਾਂ ਸਾਨੂੰ ਇਹ ਮੰਨਣ ਵਿਚ ਕੋਈ ਮੁਸ਼ਕਲ ਨਹੀਂ ਆਉਂਦੀ ਕਿ ਸੰਤ ਕਬੀਰ ਦੀ ਬਾਣੀ, ਸਿੱਖ ਇਨਕਲਾਬ ਦਾ ਮੁਕੰਮਲ ਸਿਧਾਂਤ ਹੈ ਜੋ ਸੰਤ ਨਾਮਦੇਵ ਤੇ ਸੰਤ ਰਵਿਦਾਸ

ਤੋਂ ਲੈ ਕੇ, ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤੱਕ ਦੀ ਵਿਚਾਰਧਾਰਾ ਵਿਚ ਪ੍ਰਤੱਖ ਵਿਦਮਾਨ ਹੋਇਆ।

ਜਦੋਂ ਬਾਬਾ ਸਾਹਿਬ ਇਹ ਕਹਿੰਦੇ ਹਨ ਕਿ ਮੈਂ ਹਿੰਦੂ ਪੈਦਾ ਹੋਇਆ, ਇਹ ਮੇਰੇ ਵੱਸ ਦੀ ਗੱਲ ਨਹੀਂ ਸੀ ਤਾਂ ਇਸ ਦਾ ਮਤਲਬ ਹੈ ਕਿ ਸੰਤ ਨਾਮਦੇਵ, ਸੰਤ ਕਬੀਰ (ਚਾਹੇ ਸੰਤ ਕਬੀਰ ਦੇ ਪਿਤਾ ਨੇ ਇਸਲਾਮ ਅਪਣਾ ਲਿਆ ਸੀ) ਸੰਤ ਰਵਿਦਾਸ ਅਤੇ ਸੰਤ ਸੈਣ, ਹਿੰਦੂ ਸਮਾਜ ਵਿਚ ਪੈਦਾ ਹੋਏ। ਹਿੰਦੂ ਧਰਮ ਕਰਕੇ ਹੀ ਉਹ ਚਾਰੇ ਅਛੂਤ, ਢੇਡ ਜਾਂ ਨੀਚ ਐਲਾਨੇ ਗਏ, ਜਿਸ ਦਾ ਜ਼ਿਕਰ ਉਨ੍ਹਾਂ ਨੇ ਵਾਰ-ਵਾਰ ਆਪਣੀ ਬਾਣੀ ਵਿਚ ਕੀਤਾ ਹੈ ਤੇ ਇਹ ਚਾਰੇ ਸੰਤ ਬ੍ਰਾਹਮਣੀ ਵੈਦਿਕ ਧਰਮ ਦੇ ਵਿਰੁੱਧ 'ਭਗਤ ਕਰੇ ਕੋਈ ਸੂਰਮਾ' ਬਣ ਕੇ ਖੜ੍ਹੇ ਹੋਏ। (ਕਿਉਂਕਿ ਅਜੇਹੀ ਸੂਰਮਗਤੀ ਕਰਨ ਬਦਲੇ ਬ੍ਰਾਹਮਣਾਂ ਦੇ ਕਹਿਣ 'ਤੇ ਰਾਜਾ ਰਾਮ ਚੰਦਰ ਨੇ ਸ਼ੂਦਰ ਸ਼ੰਬੂਕ ਦਾ ਕਤਲ ਕਰ ਦਿੱਤਾ ਸੀ।) ਪਰ ਇਨ੍ਹਾਂ ਅਛੂਤ ਸੰਤ ਭਗਤਾਂ ਦੀ ਸਾਰੀ ਬਾਣੀ ਬ੍ਰਾਹਮਣ, ਵੇਦਾਂ, ਸ਼ਾਸਤਰਾਂ, ਪੁਰਾਣਾਂ, ਸਿਮਰਤੀਆਂ, ਤੀਰਥ, ਮੰਦਰ, ਵਰਤ, ਜੰਤਰ-ਮੰਤਰ-ਤੰਤਰ, ਤਪ ਤਪੱਸਿਆ, ਜੋਗ, ਪੂਜਾ, ਆਰਤੀਆਂ, ਪੁੰਨ ਦਾਨ, ਦੇਵੀਆਂ, ਦੇਵਤੇ, ਭਗਵਾਨ, ਬ੍ਰਹਮਾ, ਵਿਸ਼ਨੂੰ, ਮਹੇਸ਼, ਕ੍ਰਿਸ਼ਨ, ਰਾਮ, ਰਿਸ਼ੀ-ਮੁਨੀ, ਗਊ ਗਾਇਤਰੀ, ਦੁਰਗਾ, ਮਹਾਮਾਈ, ਅਹੋਈ, ਲਛਮੀ, ਪਾਰਬਤੀ, ਬ੍ਰਾਹਮਣ ਗੁਰੂ, ਕਰਮਕਾਂਡ, ਜੂਨੀ ਚੱਕਰ, ਮੁਕਤੀ, ਸਰਾਧ, ਸਤੀ, ਭਵਸਾਗਰ, ਜਮਦੂਤ, ਧਰਮਰਾਜ, ਨਰਕ, ਸੁਰਗ, ਬੈਕੁੰਠ, ਜੰਞੂ, ਪਖੰਡ, ਛਲ-ਕਪਟ, ਕੂੜ ਆਦਿ ਸਭ ਕੁਝ ਦੇ ਸਿੱਧਾ ਖਿਲਾਫ ਖੜ੍ਹੀ ਹੈ ਤੇ ਇਹੀ ਸਿਧਾਂਤਕ ਵਿਚਾਰਧਾਰਾ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਬਿਨਾਂ ਕਿਸੇ ਅੰਤਰ ਦੇ ਸਮਰੂਪ ਤੁਰੀ ਜਾਂਦੀ ਹੈ। ਸਗੋਂ ਗੁਰੂ ਨਾਨਕ ਤੇ ਬਾਕੀ ਗੁਰੂ ਜੋ ਖੱਤਰੀ ਜਾਤੀ ਵਜੋਂ ਦੂਜੇ ਨੰਬਰ ਦੇ ਉੱਤਮ ਹਿੰਦੂ ਸਨ, ਦਾ ਬ੍ਰਾਹਮਣੀ ਸਿਸਟਮ ਵਿਰੁੱਧ ਖੜ੍ਹਨਾ ਹੋਰ ਵੀ ਜਿਆਦਾ ਮਹੱਤਵ ਭਰਿਆ ਬਣ ਜਾਂਦਾ ਹੈ, ਜਦੋਂ ਉਹ ਸਭ ਸਿੱਧਾ ਸਿੱਧਾ ਮੰਨ ਲੈਂਦੇ ਹਨ ਕਿ ਉਹ ਹਿੰਦੂ ਨਹੀਂ ਹਨ।

ਇਸ ਦਾ ਸਿੱਧਾ ਅਰਥ ਹੈ ਕਿ ਹਿੰਦੂ ਦਲਿਤ ਸੰਤਾਂ ਅਤੇ ਹਿੰਦੂ ਖੱਤਰੀ ਗੁਰੂਆਂ ਨੇ ਇਹ ਐਲਾਨ ਕੀਤਾ ਕਿ ਉਹ ਹਿੰਦੂ ਨਹੀਂ ਹਨ। ਉਨ੍ਹਾਂ ਨੂੰ ਵੇਦਾਂ ਸ਼ਾਸਤਰਾਂ, ਪੁਰਾਣਾਂ ਸਿਮਰਤੀਆਂ ਤੇ ਬ੍ਰਾਹਮਣਾਂ ਦਾ ਕੋਈ ਧਰਮ ਕਰਮ ਪ੍ਰਵਾਨ ਨਹੀਂ ਹੈ। ਇਸ ਮੁਲਕ ਵਿਚ ਇਸ ਤੋਂ ਵੱਡੀ ਸਮਾਜਕ ਕ੍ਰਾਂਤੀ ਦੀ ਭਾਵਨਾ ਅਸੀਂ ਹੋਰ ਕਿਤੋਂ ਨਹੀਂ ਲੱਭ ਸਕਦੇ।

ਭਾਵ ਉਹ ਹਿੰਦੂ ਜਨਮੇ ਜ਼ਰੂਰ ਸਨ ਪ੍ਰੰਤੂ ਹਿੰਦੂ ਰਹਿ ਕੇ ਮੋਏ ਨਹੀਂ। ਪੂਰਾ ਗੁਰੂ ਗ੍ਰੰਥ ਸਾਹਿਬ ਇਸ ਤੱਥ ਦੀ ਪੁਸ਼ਟੀ ਕਰਦਾ ਹੈ। ਅਸੀਂ ਬੇਸ਼ੱਕ ਬਾਬਾ ਸਾਹਿਬ ਦੇ ਉਪਰੋਕਤ ਇਨਕਲਾਬੀ ਕਥਨ ਨੂੰ ਹਜ਼ਾਰਾਂ ਥਾਵਾਂ 'ਤੇ ਲਿਖਦੇ, ਦੁਹਰਾਉਂਦੇ ਤੇ ਬੋਲਦੇ ਰਹਿੰਦੇ ਹਾਂ ਪ੍ਰੰਤੂ ਇਸ ਦੀ ਸਮੁੱਚੀ ਹਕੀਕਤ ਸਮਝਣ ਲਈ ਅਸੀਂ ਲੰਬਾ ਚੌੜਾ ਅਨੁਭਵ ਪ੍ਰਾਪਤ ਕਰਨ ਦੇ ਯਤਨ ਕਦੀ ਨਹੀਂ ਕੀਤੇ। ਵੱਡੀਆਂ ਗੱਲਾਂ ਨੂੰ ਸਮਝਣ ਲਈ ਵੱਡੇ ਯਤਨਾਂ ਦੀ ਜ਼ਰੂਰਤ ਹੁੰਦੀ ਹੈ। ਜਦੋਂ ਹਰੇਕ ਦਲਿਤ ਸੰਤ ਅਤੇ ਖੱਤਰੀ ਗੁਰੂ, ਬ੍ਰਾਹਮਣ ਅਤੇ ਉਸਦੇ ਸਾਰੇ ਸਿਸਟਮ ਦੀਆਂ ਸਾਰੀਆਂ ਸੰਸਥਾਵਾਂ ਦਾ ਸਿੱਧਾ ਵਿਰੋਧ ਕਰਦੇ ਹਨ ਤਾਂ ਇਸ ਦਾ ਅਰਥ ਹੈ ਕਿ ਉਹ ਹਿੰਦੂ ਜਨਮੇ ਜ਼ਰੂਰ ਸਨ ਪ੍ਰੰਤੂ ਬ੍ਰਾਹਮਣੀ ਵੈਦਿਕ ਧਰਮ ਦੀ ਤਰਜ਼ ਦੇ ਹਿੰਦੂ ਬਣ ਕੇ ਜਿਉਣਾ ਤੇ ਮਰਨਾ ਉਨ੍ਹਾਂ ਨੂੰ ਉੱਕਾ ਹੀ ਪ੍ਰਵਾਨ ਨਹੀਂ ਹੋਇਆ। ਇਹ ਧਾਰਨਾ ਹੀ ਭਾਰਤ ਅੰਦਰ ਜ਼ਰੂਰੀ ਇਨਕਲਾਬ ਦੀ ਬੁਨਿਆਦ ਹੈ। ਇਸ ਸੁੱਚੀ ਭਾਵਨਾ ਦਾ ਪ੍ਰਗਟਾਵਾ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ 1430 ਪੰਨਿਆਂ ਵਿਚ ਕੀਤਾ ਹੈ। ਪਿਤਾਮਾ ਬੁੱਧ ਵਾਂਗ।

ਜਾਵ ਤੇ ਸਪੱਸ਼ਟ। ਉਸੇ ਤਰਜ਼ 'ਤੇ। ਉਨ੍ਹਾਂ ਹੀ ਉਦੇਸ਼ਾਂ ਅਤੇ ਉਪਦੇਸ਼ਾਂ ਅਧੀਨ। ਉਸ ਤਰਜ਼-ਜ਼ਿੰਦਗੀ ਲਈ। ਨਵਜੀਵਨ ਦੇ ਨਿਰਬਾਣ ਲਈ। ਜਿਉਂਦਿਆਂ ਨਿਰਬਾਣ ਪ੍ਰਾਪਤ ਕਰਨ ਲਈ। ਕੂੜ-ਪਾਪਾਂ ਤੋਂ ਮੁਕਤੀ ਹਾਸਲ ਕਰਨ ਲਈ। ਪੁਰਬਲੇ ਤੇ ਭਵਿੱਖਲ ਅੰਧਵਿਸ਼ਵਾਸ ਨੂੰ ਪੂਰੀ ਤਰ੍ਹਾਂ ਤਬਾਹ ਕਰਕੇ। ਅਧਰਮ ਦਾ ਬੀਜ ਨਾਸ ਕਰਕੇ। ਧਰਮ ਦਾ ਬੀਜ ਬੋਅ ਕੇ। ਮਨੁੱਖਤਾ ਦਾ ਕਲਿਆਣ ਤੇ ਭਲਾ ਕਰਦਿਆਂ।

ਵਿਸ਼ਵ ਪ੍ਰਸਿੱਧ ਦਾਰਸ਼ਨਿਕ ਬਾਬਾ ਸਾਹਿਬ ਦਾ ਸੰਤ ਕਬੀਰ ਨੂੰ ਆਪਣਾ ਗੁਰੂ ਮੰਨਣਾ ਕੋਈ ਸਧਾਰਨ ਕਥਨ ਨਹੀਂ ਹੈ। ਇਕ ਮੁਕੰਮਲ ਇਨਕਲਾਬੀ ਵਿਚਾਰਧਾਰਾ ਨੂੰ ਸਮਝ ਕੇ ਉਸ ਤੋਂ ਮਾਰਗਦਰਸ਼ਨ ਪ੍ਰਾਪਤ ਕਰਨ ਤੇ ਉਸ 'ਤੇ ਤੁਰਦੇ ਜਾਣ ਦਾ ਨਾਂ ਹੈ। ਇਕ ਪਾਸੇ ਪੂਰਨ ਤਿਆਗ ਦੂਜੇ ਪਾਸੇ ਮੁਕੰਮਲ ਕਰਮਸ਼ੀਲਤਾ, ਜਿਸ ਨੂੰ ਸਾਬਤ ਕਰਨ ਲਈ ਅਸੀਂ ਸੰਤ ਸਤਿਗੁਰਾਂ ਅਤੇ ਗੁਰੂਆਂ ਦੇ ਕਥਨਾਂ ਦਾ ਵਖਿਆਨ ਕਰਾਂਗੇ ਤਾਂ ਕਿ ਸਾਡੀ ਗੱਲ ਦੀ ਪੁਸ਼ਟੀ ਹੋ ਸਕੇ ਕਿ ਸਿੱਖ ਵਿਚਾਰਧਾਰਾ ਬ੍ਰਾਹਮਣਵਾਦ ਵਿਰੁੱਧ ਦੂਜਾ ਸਮਾਜਕ ਇਨਕਲਾਬ ਸੀ। ਇਸ ਇਨਕਲਾਬ ਦੇ ਸਮੇਂ ਸਵਰਨਾਂ ਨੂੰ ਹਿੰਦੂ ਕਿਹਾ ਜਾਣ ਲੱਗ ਪਿਆ ਸੀ, ਜਿਸਦਾ ਜ਼ਿਕਰ ਬਾਣੀ ਵਿਚ ਕੀਤਾ ਗਿਆ ਹੈ। ਬੁੱਧ ਦੇ ਸਮੇਂ ਚਾਰ ਵਰਣਾਂ ਦਾ ਹੀ ਜ਼ਿਕਰ ਸੀ। ਵਰਣ ਤੇ ਅਵਰਣ ਦਾ, ਸ਼ੂਦਰ ਦਾ, ਦੇਵਤਿਆਂ ਤੇ ਰਾਖਸ਼ਾਂ ਦੈਂਤਾਂ ਦਾ ਪ੍ਰੰਤੂ ਸਿੱਖ ਇਨਕਲਾਬ ਸਮੇਂ ਮਨੂੰ ਸਿਮਰਤੀ ਦੇ ਬ੍ਰਾਹਮਣੀ ਵਿਧਾਨ ਅਧੀਨ ਵਰਣ ਨੇ ਅਗਲੀ ਪਛਾਣ ਜਾਤਪਾਤ ਤੇ ਛੂਤ-ਛਾਤ ਬਣਾ ਲਈ ਸੀ।

ਸੰਤਾਂ ਤੇ ਗੁਰੂਆਂ ਨੇ ਇਹ ਕਿਵੇਂ ਸਾਬਤ ਕੀਤਾ ਕਿ ਉਹ ਹਿੰਦੂ ਨਹੀਂ ਭਾਵ ਬ੍ਰਾਹਮਣੀ ਧਰਮ ਦੇ ਪੂਜਕ ਨਹੀਂ ਹਨ। ਅਸੀਂ ਇਸ ਤੱਥ ਨੂੰ ਲੜੀਵਾਰ ਪੇਸ਼ ਕਰਨ ਲਈ ਪਹਿਲਾਂ ਅਛੂਤ ਸੰਤਾਂ ਦੀ ਬਾਣੀ ਦੇ ਪ੍ਰਮਾਣ ਪੇਸ਼ ਕਰਾਂਗੇ ਜੋ ਸਿੱਖ ਲਹਿਰ ਦਾ ਮੂਲ ਮਾਰਗ ਦਰਸ਼ਨ ਹੈ। ਅਸੀਂ ਏਥੇ ਬਾਣੀ ਦੇ ਅਰਥ ਕਰਕੇ ਮੂਲ ਵਿਚਾਰ ਪ੍ਰਗਟ ਕਰਨ ਨੂੰ ਤਰਜੀਹ ਦਿਆਂਗੇ ਕਿਉਂਕਿ ਆਮ ਲੋਕਾਂ ਵਿਚ ਬਾਣੀ ਨੂੰ ਸਮਝਣ ਦੀ ਸਮਰੱਥਾ ਅਜੇ ਪੈਦਾ ਨਹੀਂ ਹੋਈ। ਅਸੀਂ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਅਨੁਸਾਰ ਸ਼ਬਦ ਵਿਆਖਿਆ ਕਰਾਂਗੇ।

ਜਿਵੇਂ :

ਜੇ ਨੰਗੇ ਫਿਰਨ ਨਾਲ ਜੋਗ ਮਿਲ ਜਾਂਦਾ ਹੈ ਤਾਂ ਬਣਾਂ ਦੇ ਸਾਰੇ ਮਿਰਗ ਤਾਂ ਆਪਣੇ ਆਪ ਮੁਕਤ ਹੋ ਜਾਣਗੇ (ਜਿਨ੍ਹਾਂ ਕੋਲ ਨੰਗ ਢਕਣ ਲਈ ਹੁੰਦਾ ਹੀ ਕੁਝ ਨਹੀਂ)। ਜੇ ਸਿਰ ਦਾ ਮੁੰਡਨ ਕਰਨ ਨਾਲ ਸਿੱਧੀਆਂ ਪੈ ਜਾਂਦੀਆਂ ਹਨ ਤਾਂ ਭੇਡਾਂ ਨੂੰ ਤਾਂ ਮੁਕਤੀ ਕਦੀ ਨਹੀਂ ਮਿਲੀ। ਜੇ ਕਾਮ ਬੰਨ੍ਹ ਕੇ ਪਾਰ ਉਤਾਰਾ ਹੋ ਜਾਂਦਾ ਹੈ ਤਾਂ ਖੁਸਰਿਆਂ ਨੂੰ ਪਰਮਗਤੀ ਕਿਉਂ ਨਹੀਂ ਮਿਲੀ? (ਸੰਤ ਕਬੀਰ) (ਗੁਰੂ ਗ੍ਰੰਥ ਸਾਹਿਬ ਪੰਨਾ 324)

ਪੰਡਤ, ਇਹ ਦੱਸ ਖਾਂ ਕਿ ਤੂੰ ਕਦੋਂ ਦਾ ਬ੍ਰਾਹਮਣ ਹੋ ਗਿਆ ਹੈਂ ਭਾਵ ਬ੍ਰਹਮ ਗਿਆਤਾ। ਤੈਨੂੰ ਗਰਭ ਵਿਚ ਤਾਂ ਆਪਣੀ ਜਾਤ ਦਾ ਪਤਾ ਨਾ ਲੱਗਾ। ਦੂਜਾ ਸਾਰੀ ਉਤਪਤੀ ਤਾਂ ਪਾਰਬ੍ਰਹਮ ਦੇ ਤੱਤਾਂ ਤੋਂ ਹੁੰਦੀ ਹੈ। ਤੂੰ ਆਪਣੇ ਆਪ ਨੂੰ ਬ੍ਰਹਮ ਗਿਆਤਾ ਕਹਿ ਕੇ ਜਨਮ ਕਿਉਂ ਖਰਾਬ ਕਰ ਰਿਹੈਂ। ਜੇ ਤੂੰ ਬ੍ਰਾਹਮਣ ਹੈਂ ਤੇ ਬ੍ਰਾਹਮਣੀ ਦਾ ਜਾਇਆ ਹੈਂ ਤਾਂ ਮਾਂ ਦੇ ਪੇਟੋਂ ਹੀ (ਸਾਡੇ ਵਾਂਗ) ਕਿਉਂ ਜਨਮਿਆ, ਕਿਸੇ ਹੋਰ ਰਾਹੋਂ ਕਿਉਂ ਨਹੀਂ ਜਨਮਿਆ। ਪਾਰਬ੍ਰਹਮ ਦੀ ਤੱਤ ਬੂੰਦ ਤੋਂ, ਮਾਂ ਦੇ ਪੇਟੋਂ ਜਨਮ ਲੈਣ ਵਾਲਾ ਤੂੰ ਬ੍ਰਾਹਮਣ ਕਿਵੇਂ ਹੋ ਗਿਆ ਤੇ ਅਸੀਂ ਸ਼ੂਦਰ ਕਿਵੇਂ ਬਣ ਗਏ? ਅਸੀਂ ਲਹੂ ਤੇ ਤੂੰ ਦੁੱਧ ਦਾ ਕਿਵੇਂ ਹੋ ਗਿਆ? (ਭਾਵ ਤੇਰਾ ਕਿਹਾ ਕਿਵੇਂ ਵੀ ਸੱਚ ਨਹੀਂ। ਇਹ ਸਭ ਤੇਰਾ ਮਨੋਂ ਘੜਿਆ ਝੂਠ ਹੈ) (ਪੰਨਾ 324)

ਮੈਂ ਤਾਂ ਇਹ ਅਚਰਜ ਵੇਖ ਰਿਹਾਂ ਕਿ ਦੁੱਧ ਦੇ ਭੁਲੇਖੇ ਪਾਣੀ ਰਿੜਕਿਆ ਜਾ ਰਿਹਾ ਹੈ। ਏਥੇ ਗਧੇ ਲੋਕ ਹਰੀ ਅੰਗੂਰੀ ਖਾ ਰਹੇ ਹਨ। ਜੋ ਨਿੱਤ ਸਵੱਖਤੇ ਉੱਠਦੇ ਹਨ। ਹੱਸਦੇ ਹਨ ਤੇ ਉੱਚੀ-ਉੱਚੀ ਹੀਂਗਦੇ ਹਨ। ਮਸਤੇ ਹੋਏ ਸਾਨ੍ਹ ਹਨ, ਇਹ ਜੋ ਮੋੜਿਆਂ ਨਹੀਂ ਮੁੜਦੇ। ਕੁਦ-ਕੁਦ ਕੇ ਚਰਦੇ ਹਨ ਤੇ ਨਰਕ ਪੈਦਾ ਕਰਦੇ ਹਨ। ਅਜੀਬ ਖੇਡ ਦਿਸਦੀ ਹੈ ਕਿ ਏਥੇ ਜੰਮਣ ਵਾਲੀ ਭੇਡ (ਮਾਂ) ਆਪਣੇ ਜੰਮਿਆਂ-ਬਚੜਿਆਂ ਨੂੰ ਹੀ ਢੂੰਡ ਰਹੀ ਹੈ। (ਭਾਵ ਪਹਿਲਾਂ ਲੱਤਾਂ ਬਾਹਾਂ ਤੇ ਪੈਰਾਂ ਤੋਂ ਪੈਦਾ ਕੀਤੇ ਤੇ ਫਿਰ ਉਨ੍ਹਾਂ ਨਾਲ ਭਿੰਨ-ਭੇਦ ਕਰਕੇ ਉਨ੍ਹਾਂ ਨੂੰ ਖੂਬ ਲੁੱਟਿਆ ਖਾਧਾ ਰੋਲਿਆ।) ਸੰਤ ਕਬੀਰ ਕਹਿੰਦੇ ਹਨ ਮੈਂ ਬਨਾਰਸ ਤਿਆਗ ਦਿੱਤਾ। ਦੇਖੋ ਮੇਰੀ ਮੱਤ ਵੀ ਛੋਟੀ ਹੈ। ਸਾਰਾ ਜਨਮ (ਉਮਰ) ਤਾਂ ਸ਼ਿਵਪੁਰੀ ਵਿਚ ਲੰਘਾ ਦਿੱਤਾ ਪਰ ਮਰਨ ਵੇਲੇ ਮੈਂ ਮਗਹਰ (ਹੜੰਬਾ) ਆ ਪਹੁੰਚਿਆ ਹਾਂ। ਬਹੁਤ ਸਮਾਂ ਤਾਂ ਕਾਸ਼ੀ ਬਨਾਰਸ ਵਿਚ ਤਪ ਕੀਤਾ, ਜਦੋਂ ਮਰਨ ਨੇੜੇ ਆ ਗਿਆ ਤਾਂ ਮਗਹਰ ਆ ਵਸਿਆ ਹਾਂ। (ਪੰਨਾ 326)

ਸਤਿਗੁਰ ਕਬੀਰ ਇਸ ਸ਼ਬਦ ਵਿਚ 'ਮੈਂ ਹਿੰਦੂ ਮਰੂੰਗਾ ਨਹੀਂ' ਦੇ ਕਮਾਲ ਦੇ ਅਰਥ ਕਰਦੇ ਹਨ ਕਿ : ਕਬੀਰ ਦਾ ਜਨਮ ਬਨਾਰਸ ਵਿਚ ਹੋਇਆ। ਕਾਸ਼ੀ ਬਨਾਰਸ ਇਕੋ ਸਥਾਨ ਦੇ ਦੋ ਨਾਮ ਹਨ। ਤੀਜੀ ਨੁੱਕਰ ਵਿਚ ਸਾਰਨਾਥ ਹੈ ਜਿਥੇ ਪਿਤਾਮਾ ਬੁੱਧ ਨੇ ਪਹਿਲੇ ਪੰਜ ਭਿਕਸ਼ੂਆਂ ਨੂੰ ਉਪਦੇਸ਼ ਦੇ ਕੇ, ਮਨੁੱਖੀ ਕਲਿਆਣ ਦੇ ਧਰਮ-ਮਾਰਗ 'ਤੇ ਤੋਰਿਆ ਸੀ। ਕਬੀਰ ਸਾਹਿਬ ਕਹਿੰਦੇ ਕਿ ਬ੍ਰਾਹਮਣ ਦਾ ਉਪਦੇਸ਼ ਹੈ ਕਿ ਜੋ ਮਨੁੱਖ ਬਨਾਰਸ ਵਿਚ ਮਰੇਗਾ ਉਹ ਸਿੱਧਾ ਸੁਰਗ ਪਹੁੰਚੇਗਾ, ਇਸ ਕਰਕੇ ਹਿੰਦੂ ਬਨਾਰਸ ਵਿਚ ਮਰਨਾ ਪਸੰਦ ਕਰਦੇ ਹਨ। ਬ੍ਰਾਹਮਣ ਇਹ ਵੀ ਕਹਿੰਦਾ ਹੈ ਕਿ ਜੋ ਮਗਹਰ ਮਰੇਗਾ ਉਹ ਸਿੱਧਾ ਨਰਕ ਵਿਚ ਪਵੇਗਾ (ਕਿਉਂਕਿ ਉਥੇ ਤਥਾਗਤ ਬੁੱਧ ਨੇ ਸਰੀਰ ਤਿਆਗਿਆ ਸੀ।)

ਕਬੀਰ ਕਹਿੰਦੇ, ਮੇਰੀ ਮੱਤ ਵੀ ਥੋੜ੍ਹੀ ਹੈ ਕਿ ਮੈਂ ਸਾਰੀ ਉਮਰ ਕਾਸ਼ੀ ਬਨਾਰਸ ਵਿਚ ਰਿਹਾ ਪਰ ਹੁਣ ਮਰਨ ਦੀ ਵਾਰੀ ਆਈ ਤਾਂ ਮਗਹਰ ਨੂੰ ਤੁਰ ਪਿਆ ਹਾਂ।

ਦੇਖੋ ਕਮਾਲ ਕਿ ਕਾਸ਼ੀ ਬਨਾਰਸ ਦੇ ਨਜ਼ਦੀਕ ਸਾਰਨਾਥ ਵਿਚ ਬੁੱਧ ਨੇ ਧਰਮ ਦੀ ਨੀਂਹ ਰੱਖੀ। ਉਨ੍ਹਾਂ ਦੀ ਮੌਤ ਮਗਹਰ (ਹੜੰਬਾ) ਵਿਖੇ ਹੋਈ। ਬ੍ਰਾਹਮਣ ਦੇ ਸਿਧਾਂਤ ਅਨੁਸਾਰ ਮਗਹਰ ਵਿਚ ਮਰਨਾ, ਨਰਕ ਜਾਣਾ ਹੈ ਤੇ ਹਿੰਦੂ ਤੀਰਥ ਬਨਾਰਸ ਵਿਚ ਮਰਨਾ ਸੁਰਗ ਜਾਣਾ। ਪਰ ਕਬੀਰ ਮਰਨ ਵੇਲੇ ਬਨਾਰਸ ਛੱਡ ਕੇ ਮਗਹਰ ਗਏ ਕਿਉਂਕਿ ਉਨ੍ਹਾਂ ਨੂੰ ਹਿੰਦੂ ਰਹਿ ਕੇ ਮਰਨਾ ਮਨਜ਼ੂਰ ਨਹੀਂ ਸੀ। ਉਹ ਪਿਤਾਮਾ ਬੁੱਧ ਦੇ ਸਮਾਧੀ ਸਥਾਨ ਮਗਹਰ ਵਿਚ ਮਰਨ ਚਲੇ ਗਏ। ਉਨ੍ਹਾਂ ਨੇ ਇਵੇਂ ਕੀਤਾ ਤੇ ਹਿੰਦੂ ਹੋਣ ਨੂੰ ਅੰਤਲੇ ਸਮੇਂ ਵੀ ਤਿਆਗਿਆ।

ਹਿੰਦੂ ਧਰਮ ਦੇ ਤਿਆਗਣ ਦੀ ਇਸ ਤੋਂ ਵੱਡੀ ਉਦਾਹਰਣ ਹੋਰ ਕੀ ਦੇ ਸਕਦੇ ਹਾਂ। ਜਿਨ੍ਹਾਂ ਸਿਰਾਂ ਨੇ ਇਸ ਹਕੀਕਤ ਨੂੰ ਮੇਲ ਕੇ ਕਦੀ ਸੋਚਿਆ ਨਹੀਂ, ਸਮਝਿਆ ਨਹੀਂ, ਉਨ੍ਹਾਂ ਦੀ ਛੱਡੋ, ਬੁੱਧ ਹੋ ਗਏ ਅੰਬੇਡਕਰੀਆਂ ਨੇ ਵੀ ਸ਼ਾਇਦ ਇਸ ਸੱਚ 'ਤੇ ਨਿਗਾਹ ਨਹੀਂ ਰੋਕੀ ਤੇ ਨਾ ਕਦੀ ਸੋਚਿਆ ਨਾ ਸਮਝਿਆ ਹੈ।

ਕਬੀਰ ਕਹਿੰਦੇ ਹਨ ਲੋਕੋ, ਗੰਗਾ ਨੂੰ ਉਲਟੀ ਵਹਾਓ, ਭਾਵ ਜੋ ਬ੍ਰਾਹਮਣ ਤੇ ਵੇਦ ਸ਼ਾਸਤਰ ਕਹਿੰਦੇ ਹਨ, ਉਹ ਨਾ ਕਰੋ। ਗੰਗਾ ਨੂੰ ਜਮਨਾ ਵਿਚ ਰਲਾ ਦਿਓ। ਭਾਵ ਬ੍ਰਾਹਮਣਾਂ ਤੇ ਉਸਦੇ ਗ੍ਰੰਥਾਂ ਦਾ ਹੁਕਮ ਨਾ ਮੰਨ ਕੇ ਉਚਿਆਂ ਨੀਵਿਆਂ ਨੂੰ ਇਕ ਕਰ ਦਿਓ। ਇਹ ਸੰਗਮ ਜਿਥੇ ਬ੍ਰਾਹਮਣ ਦੇ ਕਹਿਣ ਅਨੁਸਾਰ ਜਮਨਾ, ਗੰਗਾ ਤੇ ਸਰਸਵਤੀ

ਦਾ ਮਿਲਣ ਹੈ, ਇਸ ਥਾਂ 'ਤੇ ਨਹਾਉਣ ਦੀ ਥਾਂ ਆਪਣੇ ਮਨ ਨੂੰ ਤੀਰਥ ਬਣਾ ਲਵੇ ਤੇ ਪਵਿੱਤਰ ਮਨ ਵਿਚ ਗੁਣਾਂ ਦਾ ਸੰਗਮ ਸਿਰਜ ਲਵੇ। (ਏਥੇ ਹੀ ਸਰੀਰ, ਮਨ ਤੇ ਇਸ ਦੇ ਸਿਰਜਕ ਦਾ ਮਿਲਣ ਹੋਇਆ ਦਿਸ ਪੈਂਦਾ ਹੈ ਜੇ ਅਕਲ ਤੋਂ ਕੰਮ ਲਈਏ) (ਪੰਨਾ 327)

ਪੰਡਤ! ਹਿਰਦੇ ਵਿਚ ਚੰਗੀ ਤਰ੍ਹਾਂ ਵਿਚਾਰ ਕਰਕੇ ਵੇਖ ਕਿ ਸੱਚੇ ਸੁੱਚੇ ਜੀਵਨ ਜਿਉਣ ਤੋਂ ਬਿਨਾਂ ਔਰਤ ਸਤੀ ਕਿਵੇਂ ਬਣ ਸਕਦੀ ਹੈ। (328)

ਵੇਦਾਂ ਵਿਚੋਂ ਸਿਮਰਤੀ ਨੇ ਪੁੱਤਰੀ ਬਣ ਕੇ ਜਨਮ ਲਿਆ। ਭਾਵ ਸਿਮਰਤੀ ਵੇਦਾਂ ਦੀ ਧੀਅ ਹੈ। ਜੋ ਵਰਣ ਜਾਤ, ਉਚ ਨੀਚ ਤੇ ਬ੍ਰਾਹਮਣੀ ਕਰਮ ਧਰਮ ਦੀ ਜੇਵਰੀ ਨਾਲ ਲੈ ਕੇ ਆਈ ਹੈ। ਜਿਸ ਨੇ ਆਪਣਾ ਨਗਰ ਭਾਵ ਸਾਰੇ ਮਨੁੱਖ ਇਸ ਵਰਣ ਜਾਤ ਦੀ ਜ਼ੰਜੀਰ ਨਾਲ ਬੰਨ੍ਹੇ ਹੋਏ ਹਨ। ਇਹ ਤੋੜਿਆਂ ਟੁੱਟਦੀ ਨਹੀਂ, ਕੱਟਦਿਆਂ ਕੱਟਦੀ ਨਹੀਂ। ਇਹ ਸੱਪਣੀ ਹੈ ਜਿਸ ਨੇ ਸਾਰਾ ਜੱਗ ਭਾਵ ਸਾਰੇ ਮਨੁੱਖ ਡੰਗ ਛੱਡੇ ਹਨ (ਭਾਵ ਜੋ ਨਾ ਮਰਦੇ ਹਨ ਤੇ ਨਾ ਜ਼ਹਿਰ ਤੋਂ ਜਾਨ ਛੁੱਟਦੀ ਹੈ) (329)

ਪੰਡਤ! ਇਹ ਦੱਸ ਕੌਣ ਪਵਿੱਤਰ ਤੇ ਕੌਣ ਅਪਵਿੱਤਰ ਹੈ? (331)

ਜਲ, ਥਲ ਸਭ ਅਪਵਿੱਤਰ ਹਨ ਤੇ ਇਸ ਦੀ ਅਪਵਿੱਤਰਤਾ ਵਿਚੋਂ ਹੀ ਸਾਰੀ ਉਤਪਤੀ ਹੋਈ ਹੈ। ਹਰ ਸ਼ੈਅ ਇਕ ਦੂਜੇ ਨਾਲ ਜੁੜ ਕੇ ਰਲ ਕੇ ਬਣੀ ਹੈ। ਜੇ ਜਨਮੇ ਤਾਂ ਵੀ ਅਪਵਿੱਤਰਤਾ ਵਿਚੋਂ। ਮਰੇ, ਤਾਂ ਵੀ ਉਸੇ ਤਰ੍ਹਾਂ। ਪਰਜਾ ਦਾ ਵਿਗਸਣਾ ਹੀ ਅਪਵਿੱਤਰਤਾ ਵਿਚੋਂ ਹੈ। ਅੱਖਾਂ, ਕੰਨ, ਮੂੰਹ, ਉਠਣਾ, ਬੈਠਣਾ, ਖਾਣਾ-ਪੀਣਾ ਸਭ ਇਕ ਦੂਜੀ ਚੀਜ਼ ਨਾਲ ਭਿੱਟੇ ਹੋਏ ਤੇ ਅਪਵਿੱਤਰ ਹਨ। ਭਾਵ ਇਕ ਦੂਜੇ ਨਾਲ ਰਲੇ ਮਿਲੇ। ਕੁਝ ਵੀ ਨਿਰੋਲ ਇਕ ਵਸਤੂ ਨਹੀਂ ਹੈ। ਉਲਟਾ ਝੂਠ ਵਿਚ ਫਸਣ ਦੀਆਂ ਵਿਧੀਆਂ ਤਾਂ ਸਭ ਜਾਣਦੇ ਹਨ ਪ੍ਰੰਤੂ ਇਸ ਝੂਠ ਵਿਚੋਂ ਨਿਕਲਣ ਦੀ ਵਿਧੀ ਕਿਸੇ-ਕਿਸੇ ਨੂੰ ਸਮਝ ਪੈਂਦੀ ਹੈ? ਦੱਸੇਂਗਾ ਕਿ ਕੋਈ ਵੀ ਚੀਜ਼ ਦੂਜੀ ਦੀ ਛੋਹ ਤੋਂ ਰਹਿਤ ਹੈ ਤੇ ਸੁੱਚੀ ਹੈ? ਭਾਵ ਨਿਰੋਲ ਹੈ? ਇਹ ਅਪਵਿੱਤਰਤਾ ਤਾਂ ਵਿਕਾਸ ਦਾ ਸਿਧਾਂਤ ਹੈ। ਇਹੀ ਸੱਚ ਹੈ। (ਬਾਕੀ ਸਭ ਗੱਲਾਂ ਕੋਰਾ ਝੂਠ ਹਨ। ਜਿਵੇਂ ਬ੍ਰਹਿਮੰਡ ਤੋਂ ਸੂਰਜ, ਸੂਰਜ ਤੋਂ ਗੈਸਾਂ, ਗੈਸਾਂ ਤੋਂ ਧਰਤੀ, ਗੈਸਾਂ ਤੋਂ ਪਾਣੀ, ਗੈਸਾਂ ਤੋਂ ਹਵਾ, ਗੈਸਾਂ ਤੋਂ ਅੱਗ ਤੇ ਮਿੱਟੀ, ਪਾਣੀ, ਅੱਗ ਤੋਂ ਜੀਵ ਤੇ ਬੰਦਾ ਜਾਂ ਬ੍ਰਾਹਮਣ ਫਿਰ ਬ੍ਰਾਹਮਣ ਜਾਂ ਉਸਦੇ ਕਹੇ ਅਨੁਸਾਰ ਵਸਤੂਆਂ ਪਵਿੱਤਰ ਕਿਵੇਂ ਹੋ ਗਈਆਂ? ਸਭ ਜੂਠਾ ਹੈ।) (331)

ਝੂਠਿਓ! ਬਾਤਾਂ-ਬਾਤਾਂ ਵਿਚ ਹੀ ਅਸਮਾਨ ਡੇਗ ਲੈਂਦੇ ਹੋ। ਉਨ੍ਹਾਂ ਲੋਕਾਂ ਨੂੰ ਕੀ ਕਹਾਂ ਜਿਨ੍ਹਾਂ ਨੂੰ ਭਗਤੀ ਭਾਵ, ਸੂਝ-ਸਿਆਣਪ ਪੈਦਾ ਕਰਨ ਦਾ ਮੌਕਾ ਹੀ ਨਹੀਂ ਮਿਲਦਾ। ਇਹ (ਝੂਠੇ) ਉਨ੍ਹਾਂ ਭੋਲੇ ਲੋਕਾਂ ਨੂੰ ਸਦਾ ਡਰਾਉਂਦੇ ਰਹਿੰਦੇ ਹਨ। ਆਪ ਇਹ ਚੂਲੀ ਪਾਣੀ ਦੀ ਕਿਸੇ ਨੂੰ ਨਹੀਂ ਦਿੰਦੇ ਪ੍ਰੰਤੂ ਨਿੰਦਦੇ ਉਨ੍ਹਾਂ ਕਾਮੇ ਤੇ ਮਿਹਨਤੀ ਲੋਕਾਂ ਨੂੰ ਹਨ, ਜਿਨ੍ਹਾਂ ਦੀ ਬਦੌਲਤ ਗੰਗਾ ਥਾਂ ਸਿਰ ਵਗਦੀ ਹੈ। ਇਨ੍ਹਾਂ ਉਠਦਿਆਂ ਬੈਠਦਿਆਂ ਦੀਆਂ ਚਾਲਾਂ ਸ਼ੈਤਾਨ ਦੀਆਂ ਹਨ। ਆਪ ਤਾਂ ਡੁੱਬੇ ਹਨ ਦੂਜਿਆਂ ਨੂੰ ਵੀ ਡੋਬਦੇ ਹਨ। ਅਗਲਿਆਂ ਦੇ ਸੀਨੇ 'ਚ ਭਟਕਣਾ ਦੀ ਅੱਗ ਲਾ ਕੇ ਆਪ ਮਜ਼ੇ ਨਾਲ ਮੰਦਰਾਂ ਵਿਚ ਸੌਂ ਜਾਂਦੇ ਹਨ। ਆਪ ਕਾਣੇ ਹਨ (ਮਖੌਲ ਵਿਚ) ਹੱਸਦੇ ਦੂਜਿਆਂ 'ਤੇ ਹਨ। ਇਨ੍ਹਾਂ ਨੂੰ ਵੇਖ-ਵੇਖ ਤਾਂ ਮੈਨੂੰ ਖੁਦ ਨੂੰ ਸ਼ਰਮ ਆਉਂਦੀ ਹੈ। (332)

ਮਿੱਟੀ ਦੇ ਦੇਵੀ ਦੇਵਤੇ ਬਣਾ ਕੇ ਉਨ੍ਹਾਂ ਅੱਗੇ ਜਿਉਂਦਿਆਂ ਦੀ ਬਲੀ ਦਿੰਦੇ ਹਨ। ਇਨ੍ਹਾਂ ਦੇ ਪਿਤਰ ਵੀ ਐਹੋ ਜਿਹੇ ਹਨ ਕਿ ਆਪਣੇ ਧੀਆਂ ਪੁੱਤਰਾਂ ਤੋਂ ਖੁਦ ਕੁਝ ਨਹੀਂ ਮੰਗਦੇ

ਸਗੋਂ ਬ੍ਰਾਹਮਣਾਂ ਦੁਆਰਾ ਮੰਗਦੇ ਹਨ, ਜੋ ਜਿਉਂਦਿਆਂ ਦੇ ਸਿਰ ਕੱਟਦੇ ਹਨ ਤੇ ਨਿਰਜੀਵਾਂ ਦੀ ਪੂਜਾ ਕਰਦੇ ਹਨ। ਮਰਨ ਨੂੰ ਵੀ ਔਖਾ ਬਣਾਉਂਦੇ ਹਨ। (332)

ਨਹਾਉਣ ਲਈ ਤੀਰਥ ਬਹੁਤ ਹਨ। ਬਉਰੇ ਬੰਦਿਆਂ ਲਈ ਪੂਜਣ ਨੂੰ ਦੇਵਤੇ ਬੜੇ ਹਨ। ਕਰੋੜਾਂ। ਪਰ ਮੈਂ ਕਬੀਰ ਕਹਿੰਦਾ ਹਾਂ ਕਿ ਮੁਕਤੀ ਦੇਣ ਜੋਗਾ ਇਕ ਵੀ ਨਹੀਂ। ਮੁਕਤੀ ਉਸ ਨੂੰ ਯਾਦ ਕਰਨ ਤੇ ਸਮਝਣ ਵਿਚ ਹੈ ਜੋ ਸਭ ਨੂੰ ਵਰਣ ਜਾਤ ਤੇ ਉਚ-ਨੀਚ ਤੋਂ ਰਹਿਤ, ਬਰਾਬਰ ਸਿਰਜਦਾ ਹੈ। (ਜੋ ਕਿਸੇ ਨੂੰ ਬ੍ਰਾਹਮਣ ਜਾਂ ਸ਼ੂਦਰ ਨਹੀਂ ਬਣਾਉਂਦਾ) (336)

ਲੋਕੋ! ਸੁਰਗ ਦੀ ਕਦੀ ਇੱਛਾ ਨਾ ਕਰੋ ਤੇ ਨਰਕ ਤੋਂ ਡਰੋ ਨਾ। (337) (ਕਿਉਂਕਿ ਬ੍ਰਾਹਮਣੀ ਧਰਮ ਦੀ ਇਹ ਝੂਠੀ ਤੇ ਭੈਅ ਭਰੀ ਸਿਰਜਣਾ ਹੈ ਬੰਦੇ ਨੂੰ ਗੁਲਾਮ ਬਣਾ ਕੇ ਰੱਖਣ ਲਈ)

ਭਗਤਾਂ ਦੀ ਰੱਖਿਆ ਲਈ (ਕ੍ਰਿਸ਼ਨ ਨੇ ਅਵਤਾਰ ਲਿਆ) ਭਾਗ ਵੱਡੇ ਹੋ ਗਏ ਪ੍ਰਭੂ ਜੋ ਕਹਿੰਦਾ ਹੈ ਕਿ ਮੈਂ (ਕ੍ਰਿਸ਼ਨ) ਨੰਦ ਦਾ ਵੀ ਨੰਦਨ ਭਾਵ ਸ੍ਰਿਸ਼ਟੀ ਨੂੰ ਰਚਣਹਾਰੇ ਦਾ ਪਿਤਾ ਹਾਂ, ਤਾਂ ਫਿਰ ਨੰਦ ਪਿਤਾ ਦਾ ਤੂੰ ਨੰਦ ਲਾਲ (ਪੁੱਤਰ) ਕਿਵੇਂ ਹੋਇਆ? ਤੂੰ ਮੇਰਾ ਸੁਆਮੀ ਵੇਖ, ਇਕ ਅਜੇਹਾ ਠਾਕਰ ਜਿਸ ਦਾ ਕੋਈ ਮਾਂ ਬਾਪ ਨਹੀਂ ਤੇ ਨਾ ਉਹ ਅਵਤਾਰ ਲੈਂਦਾ ਹੈ। (ਨਾ ਮਾਂ ਪਿਉ ਦੇ ਪੇਟੋਂ ਪੈਦਾ ਹੁੰਦਾ ਹੈ) (338)

ਅਸਲ ਵਿਚ ਇਹ ਮਨ ਹੀ ਹੈ ਜੋ ਮਨ ਨੂੰ ਆਖਦਾ-ਕਰਦਾ ਹੈ। ਜੋ ਸਹੀ ਸਮਝਦਾਰ ਹੈ ਓਹੀ ਮਨ ਨੂੰ ਜਾਣ ਸਕਦਾ ਹੈ। ਪੂਰੀ ਮਗਨਤਾ ਨਾਲ ਮਨ ਦੇ ਸੱਚ ਨੂੰ ਪਾਇਆ ਜਾ ਸਕਦਾ ਹੈ। ਮਨ ਵਰਗਾ ਕੁਝ ਨਹੀਂ। ਮਨ ਹੀ ਮਨ ਨੂੰ ਕਹਿੰਦਾ ਹੈ, ਕਰਦਾ ਹੈ, ਕਰਾਉਂਦਾ ਹੈ। ਇਹ ਮਨ ਹੀ ਸ਼ਕਤੀ ਹੈ। ਇਹ ਮਨ ਹੀ ਜੀਉ ਹੈ। ਇਹ ਮਨ ਪੰਜਾਂ ਤੱਤਾਂ ਦਾ ਮਿਸ਼ਰਣ ਹੈ। ਇਸ ਮਨ ਨੂੰ ਜਾਣ ਕੇ ਸਮਝ ਕੇ ਜੋ ਮਨ ਦੀ ਅੰਤਰਯਾਮਤਾ ਨੂੰ ਪਾਉਂਦਾ ਹੈ, ਉਹ ਬੰਦਾ ਤਿੰਨਾਂ ਲੋਕਾਂ ਦੀਆਂ ਬਾਤਾਂ ਸਮਝ ਜਾਂਦਾ ਹੈ। ਤਿੰਨਾਂ ਲੋਕਾਂ ਦੀਆਂ ਬਾਤਾਂ ਕਰਨ ਦੇ ਸਮਰੱਥ ਹੋ ਜਾਂਦਾ ਹੈ। (342)

ਅੰਦਰ ਤੇ ਬਾਹਰ ਭਾਵ ਮਨ, ਸਰੀਰ, ਸੰਸਾਰ ਅਤੇ ਪਾਰਬ੍ਰਹਮ ਦੀ ਜਦੋਂ ਸਮਝ ਪੈ ਜਾਂਦੀ ਹੈ ਤਾਂ ਸਾਰੇ ਕਰਮਕਾਂਡਾਂ ਦਾ ਨਾਸ ਹੋ ਜਾਂਦਾ ਹੈ। (334)

ਸਾਢੇ ਤਿਨ-ਤਿਨ ਗਜ਼ ਦੀਆਂ ਧੋਤੀਆਂ ਤੇ ਤੀਹਰੇ ਜਨੇਊ ਪਹਿਨੇ ਹਨ। ਗਲਾਂ ਵਿਚ ਜਪਮਾਲਾ ਤੇ ਹੱਥਾਂ ਵਿਚ ਮਾਂਜੇ ਸਵਾਰੇ ਅਣਛੂਹੇ ਲੋਟੇ ਫੜੇ ਹੁੰਦੇ ਹਨ। ਇਨ੍ਹਾਂ ਨੂੰ ਹਰੀ ਦੇ ਸੰਤ ਨਹੀਂ ਬਨਾਰਸ ਦੇ ਠੱਗ ਕਿਹਾ ਜਾਵੇ। ਐਸੇ ਸੰਤ ਜੋ ਸਣੇ ਪੱਤੀਂ ਦਰੱਖਤ ਖਾ ਜਾਣ, ਮੈਨੂੰ ਨਹੀਂ ਭਾਉਂਦੇ। ਇਹ ਧਰਤੀ ਪੁੱਟ ਕੇ ਚੁੱਲ੍ਹੇ ਬਣਾ ਕੇ ਸਭ ਮਾਣਸਾਂ ਨੂੰ ਖਾਂਦੇ ਹਨ ਭਾਵ ਧਰਮ ਦੇ ਨਾਂ 'ਤੇ ਲੁੱਟ ਦਾ ਮਾਲ ਛਕਦੇ ਹਨ। ਬਰਤਨਾਂ ਨੂੰ ਮਾਂਜ ਕੇ ਚੁੱਲ੍ਹੇ 'ਤੇ ਰੱਖਦੇ ਹਨ ਅਤੇ ਲੱਕੜੀ ਨੂੰ ਵੀ ਧੋਅ ਕੇ ਪਵਿੱਤਰ ਕਰਕੇ ਜਲਾਉਂਦੇ ਹਨ। ਇਹ ਸਭ ਅਪਰਾਧੀ ਹਨ, ਪਾਪੀ ਹੋਨ ਜੋ ਆਪਣੇ ਆਪ ਨੂੰ ਅਛੂਹ ਭਾਵ ਮਹਾਂਪਵਿੱਤਰ ਕਹਾਉਂਦੇ ਹਨ। ਜਾਤੀ ਹੰਕਾਰ ਨਾਲ ਭਰੇ ਹੋਏ, ਜਿਨ੍ਹਾਂ ਨੇ ਕੁਟੰਬ ਡੋਬ ਧਰੇ ਹਨ। (476) ਯਾਦ ਰੱਖੋ ਕਿ ਸਿੱਖਾਂ ਵਿਚ ਵੀ ਅੱਜ ਬਹੁਤ ਫਿਰਕੇ ਬਣ ਗਏ ਹਨ. ਜੋ ਬ੍ਰਾਹਮਣ ਦੀਆਂ ਰੀਤਾਂ ਕਰਦੇ ਹਨ। ਮਰਿਯਾਦਾ ਦੇ ਨਾਂ 'ਤੇ ਬ੍ਰਾਹਮਣਵਾਦੀ ਹਨ।

ਜੋਗੀ, ਜਪੀ, ਤਪੀ, ਸੰਨਿਆਸੀ, ਜੋ ਤੀਰਥਾਂ 'ਤੇ ਭ੍ਰਮਣ ਕਰਦੇ ਹਨ, ਨੰਗੇ, ਮੁਨੀ, ਜਟਾਧਾਰੀ ਬਣੇ (ਜੋ ਪ੍ਰਮਾਤਮਾ ਦੀ ਖੋਜ ਵਿਚ ਹਨ-ਸਾਧੂ ਰੂਪ ਵਿਚ) ਸਭ ਨੇ ਅੰਤ

ਆਮ ਆਦਮੀ ਵਾਂਗ ਮਰਨਾ ਹੈ ਭਾਵ ਇਨ੍ਹਾਂ ਨੂੰ ਕੋਈ ਵੱਖਰੀ ਮੌਤ ਨਹੀਂ ਆਉਣੀ। (476)

ਮਾਲਣ ਪੱਤੀਆਂ ਤੋੜਦੀ ਹੈ, ਜੋ ਨਹੀਂ ਜਾਣਦੀ ਕਿ ਪੱਤੀ-ਪੱਤੀ ਵਿਚ ਜਾਨ ਹੈ। ਹਰ ਪੌਦਾ ਜੀਵ ਹੈ। ਜਿਸ ਪਾਹਨ ਭਾਵ ਪੱਥਰ ਮੂਰਤੀ ਵਾਸਤੇ ਪੱਤੀਆਂ ਤੋੜੀਆਂ ਹਨ ਉਹ ਤਾਂ ਨਿਰਜਿੰਦ ਹੈ। ਮਾਲਣ ਵਿਚਾਰੀ ਬੇਸਮਝ ਹੈ ਪਰ ਗਿਆਨਦਾਤਾ ਸਤਿਗੁਰੂ ਜਾਗਦਾ ਦੇਵਤਾ ਹੈ। ਜੋ ਦੱਸਦਾ ਹੈ ਕਿ ਅਕਾਲਪੁਰਖ ਦੀ ਸ੍ਰਿਸ਼ਟੀ ਵਿਚ ਪੱਤੇ ਬ੍ਰਹਮਾ ਵਾਂਗ ਹਨ, ਪਾਣੀ ਵਿਸ਼ਨੂੰ ਵਾਂਗ ਅਤੇ ਸੁੰਦਰ ਫੁੱਲ ਸ਼ੰਕਰ ਵਾਂਗ ਪੈਦਾ ਹੋਏ ਹਨ। ਪੱਤੀਆਂ, ਟਾਹਣੀਆਂ ਤੇ ਫੁੱਲ ਤਾਂ ਜਿਉਂਦੇ ਦੇਵ ਹਨ ਤਾਂ ਇਹ ਸੇਵਾ ਕਾਹਦੀ? ਪੱਥਰ ਘੜ ਕੇ ਮੂਰਤੀ ਬਣਾ ਦਿੱਤੀ, ਛਾਤੀ 'ਤੇ ਪੈਰ ਧਰ ਕੇ। ਜੇ ਇਸ ਮੂਰਤੀ ਵਿਚ ਤਾਕਤ ਹੈ ਤਾਂ ਛਾਤੀ 'ਤੇ ਪੈਰ ਰੱਖ ਕੇ, ਇਸ ਨੂੰ ਛੈਣੀਆਂ ਥੋੜੀਆਂ ਨਾਲ ਘੜਨ ਵਾਲੇ ਨੂੰ ਪਹਿਲਾਂ ਫੜ ਕੇ ਵਿਖਾਵੇ। ਦਰਅਸਲ ਭੇਟ ਕੀਤੇ ਸਾਰੇ ਪਕਵਾਨ, ਮੂਰਤੀ ਦੇ ਨਾਂ 'ਤੇ ਖਾਣ ਵਾਲਾ ਖਾ ਗਿਆ। ਮਾਲਣ ਵਿਚਾਰੀ ਨੂੰ ਤਾਂ ਨਹੀਂ ਪਤਾ ਪਰ ਮੈਂ ਕਬੀਰ ਜਾਣਦਾ ਹਾਂ। ਮੈਂ ਇਨ੍ਹਾਂ ਦੇ ਝੂਠ ਨੂੰ ਮੰਨਣ ਵਾਲਾ ਨਹੀਂ ਹਾਂ। ਕਿਉਂਕਿ ਸੱਚ ਮੇਰੀ ਸਮਝ ਵਿਚ ਆ ਗਿਆ ਹੈ। ਜਿਥੇ ਗਿਆਨ ਹੈ ਧਰਮ ਉੱਥੇ ਹੈ, ਜਿੱਥੇ ਝੂਠ ਹੈ ਉੱਥੇ ਤਾਂ ਪਾਪ ਹੈ। (479)

ਇੱਕੋ ਮਿੱਟੀ ਭਾਵ ਹਵਾ, ਪਾਣੀ, ਅੱਗ ਤੇ ਮਿੱਟੀ ਤੋਂ ਬਣੇ ਅਨੇਕ ਅਕਾਰਾਂ ਵਿਚੋਂ ਮੈਂ ਬ੍ਰਹਮ ਨੂੰ ਪਛਾਣ ਲਿਆ ਹੈ। ਇਸ ਕਰਕੇ ਮੈਂ ਭਿਸਤ ਭਾਵ ਬਹਿਸ਼ਤ ਭਾਵ ਸੁਰਗ ਨੂੰ ਛੱਡ ਕੇ ਦੋਜ਼ਖ ਨੂੰ ਵੀ ਆਪਣਾ ਮੰਨ ਲਿਆ ਹੈ ਕਿਉਂਕਿ ਜਿਥੇ ਹਰ ਥਾਂ ਅਕਾਲਪੁਰਖ ਹੈ ਉਥੇ ਦੋਜ਼ਖ ਜਾਂ ਨਰਕ ਹੋ ਹੀ ਨਹੀਂ ਸਕਦਾ। (480)

ਕੰਵਲ ਨਾਭੀ ਵਿਚੋਂ ਪੈਦਾ ਹੋ ਕੇ ਬ੍ਰਹਮਾਂ ਨੇ ਵੇਦ ਰਚੇ ਤੇ ਬ੍ਰਹਮਾਂ ਦਾ ਵਰਨ ਗਿਆਨ ਉਚਾਰ ਦਿੱਤਾ ਕਿ ਉਸ ਨੇ ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ ਖੁਦ ਪੈਦਾ ਕੀਤੇ ਹਨ, ਉਚ ਤੇ ਨੀਚ। ਇਸ ਨੂੰ ਮੈਂ ਨਹੀਂ ਮੰਨਦਾ। ਮੈਨੂੰ ਤਾਂ ਵੱਡੇ ਭਾਗੀਂ ਸਭ ਦਾ ਕਰਤਾ ਪਾਰਬ੍ਰਹਮ ਪਤੀ ਮਿਲਿਆ ਹੈ। ਸੁਰਾਂ ਨਰਾਂ ਮੁਨੀ ਜਨਾਂ ਦੇ ਬੜੇ ਕੌਤਕ ਸੁਣੇ, ਤੇਤੀ ਕਰੋੜ ਦੇਵਤੇ ਸੁਣੇ ਪ੍ਰੰਤੂ ਮੈਨੂੰ ਤਾਂ ਸਭ ਦਾ ਕਰਤਾ ਇਕ ਭਗਵਾਨ ਹੀ ਲੜ ਲਾ ਕੇ ਲੈ ਗਿਆ ਹੈ। ਭਾਵ ਬ੍ਰਹਮਾ, ਵੇਦਾਂ ਜਾਂ ਕਰੋੜਾਂ ਦੇਵਤਿਆਂ ਤੋਂ ਮੈਂ ਕੀ ਲੈਣਾ ਹੈ ਜਦੋਂ ਕਿ ਇਨ੍ਹਾਂ ਨੂੰ ਤਿਆਗ ਕੇ ਮੈਨੂੰ ਮਿੰਟਾਂ ਸਕਿੰਟਾਂ ਵਿਚ ਆਪਣੇ ਵਿਚੋਂ ਹੀ ਰੱਬ ਸਾਖਸ਼ਾਤ ਨਜ਼ਰ ਆ ਗਿਆ ਹੈ। (482)

ਪੰਡਤ ਜੀ, ਤੇਰੇ ਗਲ ਤਾਂ ਸੱਤ ਧਾਗਿਆਂ ਦਾ ਜਨੇਊ ਹੈ ਤੇ ਮੇਰੇ ਘਰ ਉਸੇ ਸੂਤ ਦਾ ਨਿੱਤ ਤਾਣਾ ਤਣੀਦਾ ਹੈ। ਤੂੰ ਗਊ ਗਾਇੱਤਰੀ ਦਾ ਪਾਠ ਕਰਦਾ ਹੈਂ। (ਭਾਵ ਗਊ ਦੀ ਉਸਤਤ ਵਾਲਾ ਪਾਠ) ਤੇ ਮੇਰੇ ਹਿਰਦੇ ਵਿਚ ਉਹ ਗੋਬਿੰਦ ਹੈ, ਜਿਸ ਨੇ ਹਰ ਜੀਵ ਨੂੰ ਆਪਣੀ ਰਕਤਬੂੰਦ ਭਾਵ ਸਮਾਨ ਤੱਤਾਂ ਤੋਂ ਬਣਾਇਆ ਹੈ।

ਤੂੰ ਬ੍ਰਾਹਮਣ ਹੈਂ ਤੇ ਮੈਂ ਨੀਚ ਜੁਲਾਹਾ। ਤੂੰ ਮੇਰੇ ਗਿਆਨ ਨੂੰ ਸਮਝ। ਤੂੰ ਭੂਪਤੀ ਰਾਜਾ ਅਖਵਾਉਂਦਾ ਹੈਂ ਤੇ ਮੈਂ ਸਿਰਫ ਉਸ ਨੂੰ ਚੇਤੇ ਕਰਨ ਵਾਲਾ ਆਮ ਬੰਦਾ ਹਾਂ, ਜਿਸ ਨੇ ਤੈਨੂੰ ਮੈਨੂੰ ਸਭ ਨੂੰ ਬਰਾਬਰ ਤੱਤਾਂ ਨਾਲ ਬਣਾਇਆ ਹੈ। ਦੱਸ ਤੂੰ ਠੀਕ ਹੈਂ ਜਾਂ ਮੈਂ? (482)

ਅੱਲਾ ਦੀ ਕਿਤਾਬ ਵਿਚ ਇਹ ਸੱਚ ਦਰਜ ਹੈ ਕਿ ਨਾਰ ਤੇ ਪੁਰਖ ਵੀ ਅਲੱਗ ਨਹੀਂ। ਮੂਰਖ ਬੰਦਾ ਕੁਝ ਪੜ੍ਹਦਾ ਸਮਝਦਾ ਤੇ ਵਿਚਾਰਦਾ ਨਹੀਂ। ਦਿਲ ਨੂੰ ਸੱਚ ਦੀ ਖਬਰ ਨਹੀਂ ਕਿ ਇਕ ਪਾਰਬ੍ਰਹਮ ਅੱਲਾ ਹੀ ਸਭ ਦੇ ਅੰਦਰ ਇਕ ਸਮਾਨ ਹੈ। ਇਹ ਵਿਚਾਰ ਹੈ ਸਮਝ ਕਿ ਹਿੰਦੂ ਤੇ ਤੁਰਕ ਵਿਚ ਵੀ ਉਹ ਇਕੋ ਹੀ ਹੈ। ਹਿੰਦੂ ਤੇ ਤੁਰਕ ਵਿਚ ਵੀ ਕੋਈ ਭੇਦ

ਨਹੀਂ ਹੈ (ਕਿਉਂਕਿ ਉਹ ਦੋਵੇਂ ਪਹਿਲਾਂ ਇਕ ਸਮਾਨ ਬੰਦੇ ਹਨ ਜਿਨ੍ਹਾਂ ਨੇ ਵੱਖ-ਵੱਖ ਨਾਂ ਰੱਖ ਲਏ ਹਨ। ਫਰਕ ਬਣਾ ਲਏ ਹਨ। ਅਸਲ ਵਿਚ ਵੱਖਰਾਪਣ ਹੈ ਹੀ ਨਹੀਂ।) (483)

ਦਿਲ ਵਿਚ ਪਾਪ, ਝੂਠ, ਕਪਟ, ਠੱਗੀ, ਲੁੱਟ-ਪਾਟ, ਮੱਕਾਰੀ, ਜਾਤ, ਵਰਣ ਤੇ ਭਿੰਨ-ਭੇਦ ਦੀ ਮੈਲ ਭਰ ਕੇ ਤੀਰਥ ਨਹਾਉਣ ਵਾਲਾ ਬੈਕੁੰਠ ਨਹੀਂ ਜਾ ਸਕਦਾ। ਜੇ ਪਾਣੀ 'ਚ ਨਹਾਤਿਆਂ ਹੀ ਗਤੀ ਹੁੰਦੀ ਹੈ ਤਾਂ ਡੱਡੂ ਹਰ ਪਲ ਪਾਣੀ ਵਿਚ ਨਹਾਉਂਦਾ ਹੈ, ਪਰ ਬੰਦਾ ਤੀਰਥ ਨਹਾ ਕੇ ਡੱਡੂ ਵਾਂਗ ਹੀ ਅਜਾਈਂ ਜੂਨ ਬਰਬਾਦ ਕਰਦਾ ਹੈ। ਮਨ ਵਿਚ ਵੱਡੇਪਣ ਦੀ ਕਠੋਰਤਾ ਹੈ। ਵਰਣ ਜਾਤ ਦਾ ਪਾਪ ਹੈ। ਲੋਭ ਲਾਲਚ ਤੇ ਕਾਮ ਕ੍ਰੋਧ ਭਰਿਆ ਹੈ ਤੇ ਬਨਾਰਸ ਵਿਚ ਮਰ ਕੇ ਸੁਰਗ ਜਾਣ ਦੀਆਂ ਝੂਠੀਆਂ ਗੱਲਾਂ ਕਰਦਾ ਹੈ। ਜੇ ਨੇਕ ਦਿਲ ਸੱਚ ਨੂੰ ਸਮਝਣ ਵਾਲਾ ਬੰਦਾ, ਹੜੰਬੇ ਭਾਵ ਮਗਹਰ ਵਿਚ ਮਰਨ ਨੂੰ ਤਿਆਰ ਹੋ ਜਾਵੇ ਤਾਂ ਇਉਂ ਸਾਰੀ ਲੁਕਾਈ ਦਾ ਭਲਾ ਹੋ ਸਕਦਾ ਹੈ। ਝੂਠ ਤੇ ਛਲਕਪਟ ਤੋਂ ਬਚ ਕੇ। (ਕਿਉਂਕਿ ਰੱਬ ਦੀ ਧਰਤੀ 'ਤੇ ਕਿਤੇ ਵੀ ਮਰਨ ਜਾਂ ਜੰਮਣ ਨਾਲ ਕੋਈ ਫਰਕ ਨਹੀਂ ਪੈਂਦਾ, ਫਰਕ ਤਾਂ ਚੰਗੇ ਮਾੜੇ ਕੰਮਾਂ ਦਾ ਹੁੰਦਾ ਹੈ) (484)

ਇਹ ਉਪਰੋਕਤ ਸਾਰੇ ਅਰਥ ਸੰਤ ਸਤਿਗੁਰ ਕਬੀਰ ਦੇ ਸ਼ਬਦਾਂ ਦੇ ਹਨ ਜੋ ਗੁਰੂ ਗ੍ਰੰਥ ਸਾਹਿਬ 'ਚੋਂ ਪੰਨੇਵਾਰ ਲਿਖੇ ਹਨ, ਜਿਨ੍ਹਾਂ ਦੇ ਮੂਲ ਸ਼ਬਦ ਦੇਣ ਦੀ ਥਾਂ ਅਰਥ ਦਿੱਤੇ ਜਾ ਰਹੇ ਹਨ ਕਿਉਂਕਿ ਇਹ ਸ਼ਬਦ ਅਨੇਕ ਵਾਰ ਦਿੱਤੇ ਜਾ ਚੁੱਕੇ ਹਨ।

ਇਸੇ ਪ੍ਰਸੰਗ ਵਿਚ ਹੁਣ ਅਸੀਂ ਦੂਜੇ ਸੰਤ ਸਤਿਗੁਰਾਂ ਦੀ ਬਾਣੀ ਨੂੰ ਵੀ ਸਮਝਾਂਗੇ;

ਸੰਤ ਸਤਿਗੁਰ ਨਾਮਦੇਵ : ਮਿਥਿਆ ਹੋਇਆ ਭਰਮ ਤੇ ਸੁਪਨਿਆਂ ਕਲਪਿਆ ਮਨੋਰਥ ਉਦੋਂ ਮਿਟ ਗਿਆ ਜਦੋਂ ਸੱਤ ਪਦਾਰਥ ਭਾਵ ਗੋਬਿੰਦ ਦੀ ਤੱਤ ਰਚਨਾ ਨੂੰ ਜਾਣਿਆ, ਸਮਝਿਆ। ਸੁਕ੍ਰਿਤ ਕਰਦਿਆਂ ਚੰਗੇ ਨੇਕ ਕੰਮ ਕਰਨ ਦੀ ਮਨਸਾ ਜੋ ਗੁਰੂ ਨੇ ਉਪਦੇਸ਼ ਰਾਹੀਂ ਦਿੱਤੀ, ਸਮਝ ਪਈ, ਸੁੱਤਾ ਮਨ ਜਾਗ ਪਿਆ ਤੇ ਜਾਗੇ ਮਨ ਨੇ ਗੱਲ ਨੂੰ ਮੰਨ ਲਿਆ ਕਿ ਹਰੀ ਦੀ ਰਚਨਾ ਦੀ ਸਮਾਨਤਾ ਹਿਰਦੇ ਵਿਚ ਵਿਚਾਰੀ ਤਾਂ ਹਰ ਥਾਂ 'ਤੇ ਘਟ-ਘਟ ਵਿਚ ਕੇਵਲ ਇਕੋ ਮੁਰਾਰੀ ਨਜ਼ਰ ਆਇਆ ਭਾਵ ਬ੍ਰਹਮਾ ਵਾਂਗ ਊਚ ਨੀਚ ਦੀ ਵਰਨ ਵੰਡ ਕਿਧਰੇ ਨਹੀਂ ਦਿਸੀ। (ਸਭ ਮਨੁੱਖ ਬਰਾਬਰ ਨਜ਼ਰ ਆਏ ਨਾ ਕੋਈ ਛੀਂਬਾ ਲੱਗਿਆ, ਨਾ ਬ੍ਰਾਹਮਣ, ਨਾ ਹਿੰਦੂ, ਨਾ ਤੁਰਕ।) (485)

ਸੰਤ ਰਵਿਦਾਸ : ਹੇ ਪਾਰਬ੍ਰਹਮ ਰਾਮ! ਤੂੰ ਚੰਦਨ ਹੈਂ ਮੈਂ ਇਰਿੰਡ ਦੀ ਤਰ੍ਹਾਂ ਹਾਂ ਪ੍ਰੰਤੂ ਤੇਰੇ ਨਜ਼ਦੀਕ ਮੇਰਾ ਵਸੇਬਾ ਹੈ। ਜਦੋਂ ਕਿ ਬ੍ਰਾਹਮਣ ਦੇ ਧਰਮ ਅਨੁਸਾਰ ਸ਼ੂਦਰ ਰੱਬ ਦੀ ਭਗਤੀ ਹੀ ਨਹੀਂ ਕਰ ਸਕਦਾ। ਨਾ ਭਗਤੀ ਸੁਣ, ਪੜ੍ਹ ਤੇ ਬੋਲ ਸਕਦਾ ਹੈ। ਉਹ ਰੱਬ ਤੇ ਉਸ ਦੇ ਦੇਵਾਂ ਕੋਲ ਵੀ ਨਹੀਂ ਬੈਠ ਸਕਦਾ। ਅਜਿਹਾ ਕਰਨ 'ਤੇ ਉਸ ਨੂੰ ਤਸੀਹੇ ਦੇ ਕੇ ਕਤਲ ਕੀਤਾ ਜਾ ਸਕਦਾ ਹੈ ਪ੍ਰੰਤੂ ਅਛੂਤ ਸੰਤ ਰਵਿਦਾਸ ਕਹਿੰਦੇ ਹਨ ਕਿ ਇਕ ਕਰਤਾਰ ਦੀ ਅਜਿਹੀ ਸੁਗੰਧੀ ਮਨ ਵਿਚ ਵਸੀ ਹੈ ਕਿ ਮੈਂ ਨੀਚ ਰੁੱਖ ਨੂੰ ਲੱਗਾ ਵੀ ਭਾਵ ਢੇਡ ਅਛੂਤ ਕਿਹਾ ਤੇ ਮੰਨਿਆ ਗਿਆ ਬੰਦਾ ਵੀ ਉੱਚਾ ਹੋ ਗਿਆ ਹਾਂ। (ਭਾਵ ਮੈਂ ਬ੍ਰਹਮਾ ਦੀ ਰਚਨਾ ਅਨੁਸਾਰ ਪੈਰਾਂ ਤੋਂ ਜੰਮਿਆ ਸ਼ੂਦਰ ਜਾਂ ਅਤੀ ਸ਼ੂਦਰ ਨਹੀਂ ਰਹਿ ਗਿਆ ਸਗੋਂ ਬ੍ਰਾਹਮਣ ਦੇ ਬਰਾਬਰ ਦਾ ਹੋ ਗਿਆ ਹਾਂ।) (486)

ਗੁਰੂ ਅਰਜਨ : ਬ੍ਰਾਹਮਣੀ ਵੈਦਿਕ ਧਰਮ ਤੋਂ ਉਲਟ, ਨਾਮਦੇਉ (ਛੀਂਬੇ) ਦਾ ਗੋਬਿੰਦ ਨਾਲ ਮਨ ਮਿਲ ਗਿਆ ਹੈ। ਅੱਧੇ ਟਕੇ ਦਾ ਕਿਹਾ ਜਾਂਦਾ ਛੀਂਬਾ ਦੁਨੀਆਂ ਦੇ ਜ਼ਿਕਰ ਵਿਚ ਆ ਗਿਆ ਹੈ। ਬੁਣਨ-ਤਣਨ ਦੇ ਜਾਤੀ ਧੰਦੇ ਤੋਂ ਵਿਹਲ ਪਾ ਕੇ, ਇਕ

ਏਕੰਕਾਰ ਨਾਲ ਪ੍ਰੀਤ ਜੋੜ ਕੇ, ਨੀਚ ਕੁਲ 'ਚ ਪੈਦਾ ਹੋਇਆ ਕਬੀਰ ਜੁਲਾਹਾ ਗੁਣਾਂ ਦਾ ਖਜ਼ਾਨਾ ਹੋ ਗਿਆ ਹੈ। ਰਵਿਦਾਸ ਚਮਾਰ ਜੋ ਮਰੇ ਪਸ਼ੂ ਢੋਂਦਾ ਸੀ, ਉਸ ਨੇ ਛਾਵੇਂ ਬ੍ਰਾਹਮਣੀ ਧਰਮ ਦਾ ਮਾਇਆਜਾਲ ਤਿਆਗ ਕੇ ਸਾਧਸੰਗਤ ਵਿਚ ਅਜਿਹਾ ਪ੍ਰਗਟਾਵਾ ਕੀਤਾ ਹੈ ਕਿ ਉਸ ਨੇ ਹਰੀ ਕਰਤਾ ਨੂੰ ਪ੍ਰਤੱਖ ਦੇਖ ਲਿਆ ਹੈ ਤੇ ਬੁੱਤ ਘੜਨ ਵਾਲਾ ਸੈਣ ਨਾਈ ਵੀ ਪਾਰਬ੍ਰਹਮ ਦੀ ਪਛਾਣ ਕਰਨ ਉਪਰੰਤ ਘਰ-ਘਰ ਜਾਣਿਆ ਗਿਆ ਹੈ। ਧੰਨੇ ਜੱਟ ਨੇ ਵੀ ਉਸੇ ਤਰ੍ਹਾਂ ਗੁਸਾਈਂ ਨੂੰ ਪ੍ਰਤੱਖ ਸਮਝ ਲਿਆ ਹੈ।

(ਜਦੋਂ ਕਿ ਬ੍ਰਾਹਮਣੀ ਧਰਮ ਇਨ੍ਹਾਂ ਸ਼ੂਦਰਾਂ ਨੂੰ ਭਗਤੀ ਕਰਨ ਤਾਂ ਕੀ ਗੱਲ ਨੂੰ ਸੁਣਨ, ਪੜ੍ਹਨ, ਬੋਲਣ ਤੇ ਦੇਖਣ ਦੀ ਆਗਿਆ ਵੀ ਨਹੀਂ ਦਿੰਦਾ। ਪਰ ਹੁਣ ਉਲਟਾ ਵਾਪਰ ਗਿਆ ਹੈ। ਸ਼ੂਦਰਾਂ ਦੀ ਪੂਜਾ ਹੋਣ ਲੱਗੀ ਹੈ ਤੇ ਵੱਡੇ ਲੋਕ ਵੀ ਗੁਣਾਂ ਤੇ ਗਿਆਨ ਕਾਰਨ ਉਨ੍ਹਾਂ ਨੂੰ ਡੰਡੌਤ ਕਰਨ ਲੱਗੇ ਹਨ।) (487)

ਸੰਤ ਨਾਮਦੇਵ : ਬ੍ਰਾਹਮਣ ਤੇ ਉਸ ਦੇ ਮਾਰਗ 'ਤੇ ਤੁਰਦੇ ਲੋਕ ਇਕ ਪੱਥਰ ਨੂੰ ਤਾਂ ਪੂਜਦੇ ਹਨ ਪਰ ਦੂਜੇ ਪੱਥਰ 'ਤੇ ਪੈਰ ਰੱਖ ਕੇ ਖੜ੍ਹ ਜਾਂਦੇ ਹਨ। ਸੱਚ ਕਹਾਂ ਜੇ ਪੂਜਾ ਕਰਨ ਵਾਲਾ ਪੱਥਰ ਦੇਵਤਾ ਹੈ ਤਾਂ ਪੈਰਾਂ ਹੇਠਲਾ ਵੀ ਦੇਵਤਾ ਹੈ। ਇਸ ਕਰਕੇ ਆਪਾਂ ਮੂਰਤੀ ਪੂਜਾ ਛੱਡੀ ਤੇ ਸਭ ਦੇ ਕਰਤਾ ਹਰੀ ਦੀ ਸੇਵਾ ਵਿਚ ਆ ਗਏ। (ਹਿੰਦੂ ਧਰਮ ਦਾ ਤਿਆਗ ਕੀਤਾ ਤੇ ਮਾਨਵੀ ਕਲਿਆਣ ਦੇ ਧਰਮ ਨੂੰ ਨਿਭਾਉਣਾ ਸ਼ੁਰੂ ਕੀਤਾ)। (525)

ਸੰਤ ਤ੍ਰਿਲੋਚਨ : ਮਰਨ ਵੇਲੇ ਜਿਹੜਾ ਲਛਮੀ ਨੂੰ ਸਿਮਰਦਾ ਤੇ ਚਿੰਤਾ ਵਿਚ ਮਰਦਾ ਹੈ ਉਹ ਵਾਰ-ਵਾਰ ਸੱਪ ਦੀ ਜੂਨ ਪੈਂਦਾ ਹੈ। ਮਰਨ ਵੇਲੇ ਜੋ ਪਰਾਈ ਔਰਤ ਨੂੰ ਯਾਦ ਕਰਦਾ ਤੇ ਚਿੰਤਾ ਵਿਚ ਮਰਦਾ ਹੈ, ਉਹ ਵੇਸਵਾ ਦੀ ਜੂਨ ਵਿਚ ਮੁੜ-ਮੁੜ ਆਉਂਦਾ ਹੈ। ਅੰਤ ਵੇਲੇ ਜੋ ਮੰਦਰ ਸਿਮਰਦਾ ਤੇ ਚਿੰਤਾ ਕਰਦਾ ਮਰਦਾ ਹੈ ਉਹ ਪ੍ਰੇਤ ਜੂਨੀ ਵਿਚ ਮੁੜ-ਮੁੜ ਆਉਂਦਾ ਹੈ। (ਇਹ ਸ਼ਬਦ ਬ੍ਰਾਹਮਣੀ ਧਾਰਨਾਵਾਂ ਤੇ ਚਿੰਤਾਵਾਂ ਉੱਪਰ ਇਕ ਤਰ੍ਹਾਂ ਸਿੱਧਾ ਵਾਰ ਹੈ। ਉਨ੍ਹਾਂ ਨੂੰ ਤਿਆਗ ਦੇਣ ਦਾ ਮਕਸਦ ਹੈ) (526)

ਸੰਤ ਕਬੀਰ : ਵੇਦਾਂ ਪੁਰਾਣਾਂ ਦੇ ਸਾਰੇ ਮੱਤ ਸੁਣ ਕੇ ਜਿਸ ਨੇ ਬ੍ਰਾਹਮਣੀ ਕਰਮ ਕਾਂਡ ਦੀ ਇੱਛਾ ਕੀਤੀ, ਅੰਤ ਮਰ ਜਾਣ ਵਾਲੇ ਅਜੇਹੇ ਸਭ ਸਿਆਣੇ ਪੰਡਤ ਤੋਂ ਨਿਰਾਸ਼ ਹੋਏ ਹਨ। ਬਣਖੰਡ ਭਾਵ ਜੰਗਲਾਂ ਵਿਚ ਜਾ ਕੇ ਜੋਗ ਤੇ ਤਪ ਕਰਦਿਆਂ ਕੰਦਮੂਲ ਜੜ੍ਹਾਂ ਚੁਣ ਕੇ ਖਾਣ ਵਾਲੇ, ਨਾਦ ਵਜੋਂਉਣ ਵਾਲੇ, ਵੇਦ ਪੜ੍ਹਨ ਵਾਲੇ ਮੁਨੀ ਜਨ ਸਭ ਨੇ ਅਸਲ ਵਿਚ ਆਪਣੇ ਕਰਮਾਂ ਵਿਚ ਜਮਾਂ ਦੇ ਪਟੇ ਲਿਖਵਾ ਲਏ ਹਨ। (654)

ਦੇਖੋ ਇਹ ਹੈ ਅਰਥ ਵੇਦਾਂ ਸ਼ਾਸਤਰਾਂ ਦੇ ਖਿਆਲ ਨੂੰ ਬਾਰੂਦ ਨਾਲ ਉਡਾਉਣ ਦਾ ਕਿ ਬ੍ਰਾਹਮਣਾਂ ਤੇ ਉਸ ਦੇ ਪੈਰੋਕਾਰਾਂ ਸਭ ਨੂੰ ਜਮਦੂਤ ਪਟੇ ਠੋਕਣਗੇ।

ਮੈਂ ਕਬੀਰ ਕਹਿੰਦਾ ਹਾਂ ਕਿ ਮੁਕਤ ਓਹੀ ਹੋਏ ਜਿਨ੍ਹਾਂ ਨੇ ਮਨੁੱਖਾਂ ਨਾਲ ਪ੍ਰੇਮ ਕਰਨ ਦੀ ਭਗਤੀ ਭਾਵਨਾ ਜਾਣ ਲਈ ਹੈ। (655)

ਹਿਰਦੇ ਵਿਚ ਕਪਟ ਹੈ ਮੂੰਹੋਂ ਗਿਆਨੀ ਬਣਦੇ ਹਨ। ਝੂਠੇ ਲੋਕ ਪਾਣੀ ਰਿੜਕ ਰਹੇ ਹਨ। ਸਰੀਰ ਨੂੰ ਤੀਰਥਾਂ 'ਤੇ ਜਾ ਕੇ ਮਾਂਜਣ ਵਿਚ ਕੀ ਗੁਣ ਹੈ? ਜਦੋਂ ਕਿ ਸਰੀਰ ਦੇ ਅੰਦਰ ਮਾਂਜਣ ਸੰਵਾਰਨ ਤੇ ਨਿਰਮਲ ਕਰਨ ਵਾਲਾ ਹੈ, ਮਨ ਤੀਰਥ। ਇਹ ਦੇਹ ਅਠਾਹਠ ਤੀਰਥਾਂ 'ਤੇ ਨਹਾਉਂਦੀ ਫਿਰਦੀ ਹੈ ਪੁੱਤ੍ਰ ਉਚ ਨੀਚ ਤੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਦਾ ਕਉੜਾਪਣ ਮਨ 'ਚੋਂ ਫੇਰ ਵੀ ਨਹੀਂ ਜਾਂਦਾ। (ਜੋ ਮਨ ਦੇ ਵਿਕਾਰਾਂ ਨੂੰ, ਬੁਰਾਈਆਂ ਨੂੰ, ਧੋਅ ਨਹੀਂ ਸਕਦਾ, ਅਜੇਹੇ ਨਹਾਉਣ ਦਾ ਕੀ ਲਾਭ)। (656)

ਸੁਣ ਮੇਰੀ ਮਾਂ ਲੋਈ। ਭਰਮ ਭੁਲੇਖੇ 'ਚ ਨਹੀਂ ਰਹਿਣਾ ਚਾਹੀਦਾ। ਜੇ ਬੰਦੇ ਨੂੰ ਇਹ ਸਮਝ ਪੈ ਜਾਵੇ ਕਿ ਅਸੀ ਇਕੋ ਨਿਰੰਕਾਰ ਦੇ ਤੱਤਾਂ ਦੀ ਪੈਦਾਵਾਰ ਹਾਂ ਤੇ ਉਹ ਹਰ ਥਾਂ ਹੀ ਇਕ ਸਮਾਨ ਹੈ ਤਾਂ ਨਾ ਕਿਸੇ ਨੂੰ ਕਾਸ਼ੀ ਤੇ ਨਾ ਮਗਹਰ ਦੀ ਲੋੜ ਹੈ। ਇਹ ਇੰਦਰ ਤੇ ਸ਼ਿਵ ਜੇਹੇ ਲੋਕ ਜਿਨ੍ਹਾਂ ਨੇ ਕਹਿੰਦੇ ਬਹੁਤ ਤਪ ਕੀਤੇ, ਅੰਦਰੋਂ ਐਬਾਂ ਨਾਲ ਭਰੇ ਪਏ ਹਨ। ਜਿਹੜੀ ਚੀਜ਼ ਖੁਦ ਸਥਿਰ ਨਹੀ ਉਸਦਾ ਕੀ ਮੰਗਣਾ ਤੇ ਕੀ ਪੂਜਣਾ। (ਇਹ ਹੈ ਤਿਆਗ ਧਰਮ ਪ੍ਰਵਰਤਨ) (692)

ਸੰਤ ਨਾਮਦੇਵ : ਦੁਰਯੋਧਨ ਦੇ ਭਰਾ ਕੌਰਵ ਮੇਰੀ-ਮੇਰੀ ਕਰਦੇ ਰਹੇ। ਸੈਂਕੜੇ ਵਰ੍ਹੇ ਸਿਰ 'ਤੇ ਛਤਰ ਰਿਹਾ ਤੇ ਅੰਤ ਉਨ੍ਹਾਂ ਵੱਡਿਆਂ ਰਾਜਿਆਂ ਦੀਆਂ ਦੇਹਾਂ ਗਿੱਰਝਾਂ ਨੇ ਖਾਧੀਆਂ। (693)

ਸੰਤ ਰਵਿਦਾਸ : ਇਹ ਦੀਵਾ, ਇਹ ਤੇਲ, ਇਹ ਬੱਤੀ ਸਭ ਤੇਰੇ ਤੱਤਾਂ ਦੀ ਪੈਦਾਵਾਰ ਹਨ। ਤ੍ਰਿਭਵਣ ਅੰਦਰ ਜੋ ਜਗਮਗਾ ਰਿਹਾ ਹੈ ਇਹ ਤੇਰੇ ਨਾਂ ਦੀ ਜੋਤ ਜਗੀ ਜਾ ਰਹੀ ਹੈ। ਇਹ ਧਾਗਾ, ਫੁੱਲ, ਮਾਲਾ, ਅਠਾਰਾਂ ਪੁਰਾਣ, ਸਭ ਜੂਠੇ ਹਨ। ਤੇਰੀ ਬਣਾਈ ਚੀਜ਼ ਹੀ ਤੈਨੂੰ ਭੇਟ ਕਰਨਾ, ਕੀ ਮਖੌਲ ਹੈ। ਤੇਰੀ ਤਾਂ ਚੌਰ ਬਣ ਕੇ ਪਵਨ ਆਪੇ ਝੁਲ ਰਹੀ ਹੈ। ਅਠਾਰਾਂ ਪੁਰਾਣ, ਅਠਾਹਠ ਤੀਰਥ, ਚਾਰੇ ਵੇਦ, ਸਾਰੇ ਲੋਕ ਏਸੇ ਦੇ ਕਰਮਕਾਂਡ ਵਿਚ ਰੁੱਝੇ ਹੋਏ ਹਨ। ਪਰ ਮੇਰੇ ਰਵਿਦਾਸ ਵਾਸਤੇ ਤਾਂ ਤੇਰਾ ਨਾਂ, ਤੇਰੀ ਪਛਾਣ, ਤੇਰੀ ਸਮਝ, ਤੇਰੀ ਦਿੱਖ ਤੇਰਾ ਪਸਾਰਾ ਹੀ ਸੱਤ ਹੈ ਤੇ ਇਹੀ ਸੱਚ ਤੇਰਾ ਭੋਗ ਹੈ। ਬਾਕੀ ਸਭ ਫਜ਼ੂਲ। (ਭਾਵ ਅਸੀਂ ਫਜ਼ੂਲ ਨੂੰ ਤਿਆਗ ਦਿੱਤਾ ਤੇ ਸੱਚ ਪਾ ਲਿਆ। (694)

ਸੰਤ ਨਾਮਦੇਵ : ਕੋਈ ਬੈਠਾ ਕਹੀ ਜਾਂਦੈ ਕਿ ਰੱਬ ਬਹੁਤ ਨੇੜੇ ਹੈ। ਕੋਈ ਕਹੀ ਜਾਂਦੈ ਕਿ ਉਹ ਬਹੁਤ ਦੂਰ ਹੈ। ਸਭ ਨੇ ਆਪਣੇ-ਆਪਣੇ ਪਰਪੰਚ ਰਚੇ ਹੋਏ ਹਨ ਤੇ ਐਹੋ ਜਹੇ ਝੂਠ ਮਾਰ ਰਹੇ ਹਨ ਕਿ ਬੈਠੇ-ਬੈਠੇ ਪਾਣੀ ਦੀ ਮੱਛੀ ਨੂੰ ਖਜੂਰ 'ਤੇ ਚੜ੍ਹਾ ਦਿੰਦੇ ਹਨ। ਮੈਂ ਜਦੋਂ ਦਾ ਅਕਾਲਪੁਰਖ ਦੇ ਪਸਾਰੇ ਤੇ ਵਰਤਾਰੇ ਨੂੰ ਸਮਝ ਲਿਆ ਹੈ ਨਾ ਇਕਾਦਸ਼ੀ ਮੰਨਾਂ, ਨਾ ਤੀਰਥ ਜਾਵਾਂ ਕਿਉਂਕਿ ਸੁਕ੍ਰਿਤ ਕਰਨ, ਭਾਵ ਸੱਚ ਸਦਾਚਾਰ ਦੇ ਜੀਵਨ ਨਾਲ ਹੀ ਸੁਮੱਤ ਮਿਲ ਗਈ ਹੈ ਤੇ ਗੁਰੂ ਦੀ ਮੱਤ ਵੀ ਇਹੀ ਹੈ ਕਿ ਰਾਮ ਰਾਮ ਕਹਿ ਦੇਣ ਨਾਲ ਹੀ ਕੋਈ ਬੈਕੁੰਠ ਨਹੀਂ ਗਿਆ ਕਦੀ। (ਸੋ ਅਸੀਂ ਇਕਾਦਸ਼ੀ, ਤੀਰਥ, ਬੈਕੁੰਠ ਸਭ ਛੱਡੇ ਤੇ ਸੁਕ੍ਰਿਤ, ਸੁਮੱਤ ਨੂੰ ਅਪਨਾ ਲਿਆ) (718)

ਸੰਤ ਕਬੀਰ : ਮੈਂ ਘਰ ਦੇ ਦੇਵਤਿਆਂ ਤੇ ਪਿਤਰਾਂ ਦਾ ਕਰਮ ਛੱਡਿਆ ਅਤੇ ਸਭ ਪਾਪਾਂ ਤੋਂ ਮੁਕਤੀ ਦੇਣ ਵਾਲੇ ਸੰਤ ਪੁਰਖਾਂ ਦੀ ਸ਼ਰਨ੍ਹ ਆ ਗਿਆ ਹਾਂ। (ਭਾਵ ਹੁਣ ਹਿੰਦੂ ਵਾਂਗ ਨਹੀਂ ਮਰਾਂਗਾ) (856)

ਸੰਤ ਰਵਿਦਾਸ : ਨਾ ਕੋਈ ਵਰਨ ਹੈ ਨਾ ਅਵਰਨ। ਨਾ ਕੰਗਲਾ ਨਾ ਰਾਜਾ। ਸਾਰੇ ਜੱਗ ਪ੍ਰਾਣੀਆਂ ਵਿਚ ਵਾਸ਼ਨਾ ਵਾਂਗ ਸਮਾਏ ਇਕੋ ਪਾਰਬ੍ਰਹਮ ਦੇ ਓਹੀ ਤੱਤ ਹਨ। ਬ੍ਰਾਹਮਣ, ਵੈਸ਼, ਸ਼ੂਦਰ, ਖੱਤਰੀ, ਡੂਮ, ਚੰਡਾਲ, ਮਲੇਛ (ਹਿੰਦੂ ਦਾ ਮੁਸਲਮਾਨ ਨੂੰ ਕਿਹਾ ਸ਼ਬਦ) ਸਭ ਦਾ ਮਨ ਸਰੀਰ ਇਕ ਸਮਾਨ ਹੈ। ਜੇ ਸਮਾਨੰਤਰ ਪੈਦਾ ਕਰਨ ਵਾਲੇ ਭਗਵੰਤ ਨੂੰ ਸਮਝ ਲਈਏ ਤਾਂ ਪਵਿੱਤਰ ਹੋ ਜਾਈਦਾ ਹੈ। ਸਗੋਂ ਆਪ ਵੀ ਭੈਅ-ਭਰਮ ਸਾਗਰ 'ਚੋਂ ਪਾਰ ਲੰਘ ਜਾਈਦਾ ਹੈ ਤੇ ਕੁਲਾਂ ਵੀ ਤਰ ਜਾਂਦੀਆਂ ਹਨ। (ਅਧਰਮ ਰਾਹੀਂ ਮਨ ਵਿਚ ਪਾਏ ਡਰ, ਭਰਮ, ਭੁਲੇਖੇ, ਅੰਧਵਿਸ਼ਵਾਸ, ਝੂਠ ਤੇ ਦਵੈਤਾਂ ਹੀ ਅਸਲ ਵਿਚ ਭਵਸਾਗਰ ਹਨ) (658)

ਸੰਤ ਕਬੀਰ : ਜੇ ਸੰਤ ਪੁਰਖ (ਭਾਵ ਤਨੋਂ ਮਨੋਂ ਪਵਿੱਤਰ ਪੁਰਖ) ਮਿਲੇ ਤਾਂ ਉਸ ਨਾਲ ਬਾਤਚੀਤ ਕਰੋ। ਅਸੰਤ ਮਿਲੇ ਭਾਵ ਤਨੋਂ ਮਨੋਂ ਭੇਖੀ ਠੱਗ, ਸ਼ੈਤਾਨ, ਮਿਲ ਪਵੇ ਤਾਂ ਪਾਸਾ ਵੱਟ ਜਾਉ। ਨੇਕ ਸੰਤ ਪੁਰਖ ਨੂੰ ਮਿਲਣਾ ਉਪਕਾਰ ਹੈ। ਮੂਰਖਾਂ ਨੂੰ ਮਿਲਣਾ ਝੱਖ ਮਾਰਨਾ, ਜਿਨ੍ਹਾਂ ਨਾਲ ਬੋਲਦਿਆਂ, ਜਿਨ੍ਹਾਂ ਨੂੰ ਸੁਣਦਿਆਂ ਵਿਕਾਰ ਵਧਦੇ ਹਨ, ਸੰਵਰਦਾ ਕੁਝ ਨਹੀਂ। (870)

ਇਕ ਤਾਂ ਇਹ ਮੁੰਡੀਏ ਹਨ (ਭਾਵ ਸਿਰੋਂ ਮੁੰਨੇ-ਇਹ ਇਸ਼ਾਰਾ ਬ੍ਰਾਹਮਣ ਪੁਜਾਰੀਆਂ ਵੱਲ ਹੈ) ਜਿਨ੍ਹਾਂ ਕਰਕੇ ਮੌਤ ਦਾ ਭੈਅ ਹਰ ਵੇਲੇ ਸਿਰ 'ਤੇ ਚੜ੍ਹਿਆ ਰਹਿੰਦਾ ਹੈ। (ਬੰਦਾ ਡਰਦਾ ਮਾਰਾ ਪਾਠ ਪੂਜਾ ਤੇ ਪੁੰਨ ਦਾਨ ਵਿਚ ਲੱਗਾ ਰਹਿੰਦਾ ਹੈ) ਇਨ੍ਹਾਂ ਮੁੰਡੀਆਂ ਕਰਕੇ ਜੀਵਨ ਦਾ ਸਾਰਾ ਸੁਆਦ ਹੀ ਮਰ ਜਾਂਦਾ ਹੈ। ਆਉਂਦਾ ਜਾਂਦਾ ਬੰਦਾ ਨਿੱਤ ਨੱਕ ਰਗੜੀ ਜਾਂਦਾ ਹੈ।

ਇਕ ਦੂਜੇ ਮੁੰਡੀਏ ਹਨ (ਮਨ ਮੁੰਡੀਏ ਜਿਨ੍ਹਾਂ ਨੇ ਭੇੜ ਛੱਡ ਕੇ ਵਿਕਾਰ-ਮੁਕਤ ਹੋ ਕੇ, ਸੱਚ ਸਮਝ ਕੇ, ਪ੍ਰੇਮ ਤੇ ਬਰਾਬਰੀ ਦਾ ਪਾਠ ਪੜ੍ਹ ਕੇ ਮਨ ਪਵਿੱਤਰ ਕਰ ਲਿਆ ਹੈ ਤੇ ਪਰਉਪਕਾਰੀ ਹੋ ਗਏ ਹਨ। ਸਤਿਗੁਰ ਕਬੀਰ ਦਾ ਇਹ ਇਸ਼ਾਰਾ ਬੁੱਧ ਦੇ ਸਿਆਣੇ ਭਿਖਸ਼ੂਆਂ ਵੱਲ ਹੈ) ਮੇਰੀ ਤਾਂ ਇਨ੍ਹਾਂ ਨਾਲ ਸੁਰ ਹੋ ਗਈ ਹੈ। ਇਹ ਮੁੰਡੀਏ ਡੁਬਦੇ ਸੰਸਾਰ ਨੂੰ ਬਚਾਉਣ ਦੇ ਮਾਰਗ-ਦਰਸ਼ਕ ਹਨ। ਹੇ ਬੇਸਮਝ ਤੇ ਬੇਪੀਰ ਲੋਈ, ਮੇਰੀ ਮੰਨ ਤੇ ਇਨ੍ਹਾਂ ਮਨ ਮੁੰਡੀਅਨਾਂ ਭਾਵ ਅੰਦਰੋਂ ਬਾਹਰੋਂ ਪਵਿੱਤਰ ਤੇ ਪਰਉਪਕਾਰੀ ਮਨੁੱਖਾਂ ਦੀ ਸ਼ਰਨ ਪੈ। (871) ਸਾਨੂੰ ਖੋਜ ਤੋਂ ਪਤਾ ਲੱਗ ਰਿਹਾ ਹੈ ਕਿ ਸਤਿਗੁਰ ਨਾਮਦੇਵ ਤੇ ਕਬੀਰ ਹੀਨਯਾਨੀ ਬੋਧੀ ਸੰਸਥਾ ਦੇ ਭੀਖੂਆਂ ਦੇ ਸੰਪਰਕ ਵਿਚ ਆਏ ਤੇ ਉਹੀ ਵਿਚਾਰਧਾਰਾ ਨਵੇਂ ਰੂਪ ਵਿਚ ਪੇਸ਼ ਕੀਤੀ।

ਜੇ ਕੁੱਟਣਾ ਹੀ ਹੈ ਤਾਂ ਮਨ ਨੂੰ ਕੁੱਟੋ, ਸਵਾਰੋ, ਮਾਂਜੋ, ਪਵਿੱਤਰ ਕਰੋ। ਮਨ ਕੁੱਟਿਆ ਨਹੀਂ ਜਮਾਂ ਤੋਂ ਛੁੱਟੇ ਨਹੀਂ। ਮਨ ਸੰਵਾਰੋ, ਕਸਵੱਟੀ 'ਤੇ ਪਰਖੋ। ਮੁਕਤੀ ਤੁਰਤ ਮਿਲ ਜਾਵੇਗੀ। (872)

ਸੁਆਦ ਨਾਲ ਅੰਨ ਖਾਓ ਤੇ ਦੇਣ ਵਾਲੇ ਦਾ ਸ਼ੁਕਰ ਕਰੋ। ਨਿਰੰਕਾਰ ਵਾਂਗ, ਉਸਦਾ ਦਿੱਤਾ ਅੰਨ ਵੀ ਜਪਣ ਦੇ ਕਾਬਲ ਹੈ। ਜਿਹੜੀ ਔਰਤ ਜਾਂ ਬੰਦਾ (ਬ੍ਰਾਹਮਣਾਂ ਦੇ ਕਹੇ) ਅੰਨ ਛੱਡ ਦਿੰਦੇ ਹਨ ਉਹ ਤਾਂ ਤਿੰਨ ਭਵਨਾਂ ਦੇ (ਖਜ਼ਾਨੇ) ਹੁੰਦਿਆਂ ਵੀ ਆਪਣੀ ਜਾਨ ਦੇ ਖੌਅ ਬਣਦੇ ਹਨ। ਜਾਨ ਨੂੰ ਕੋਹਣ ਵਾਲੇ। ਅੰਨ ਛੱਡਦੇ ਹਨ (ਵਰਤ ਰੱਖਦੇ ਹਨ-ਫਾਕਾ ਕੱਟਦੇ ਹਨ) ਪਖੰਡ ਕਰਦੇ ਹਨ। ਅਜੇਹੀ ਔਰਤ ਜੋ ਅੰਨ ਛੱਡ ਕੇ ਵਰਤ ਰੱਖਦੀ ਹੈ, ਉਸ ਨੂੰ ਨਹੀਂ ਪਤਾ ਕਿ ਜਦੋਂ ਪਤੀ ਮਰਦਾ ਹੈ ਤਾਂ ਦੁੱਖ ਵਿਚ ਅੰਨ ਛੱਡ ਹੁੰਦਾ ਹੈ ਪਰ ਏਥੇ ਤਾਂ ਚੰਗੀ ਭਲੀ ਪਤੀ ਦੇ ਹੁੰਦਿਆਂ ਉਹ ਅੰਨ ਛੱਡੀ ਬੈਠੀ ਹੈ। ਉਸ ਨੂੰ ਸੁਹਾਗਣ ਕਹੀਏ ਜਾਂ ਰੰਡੀ? ਉਧਰ ਜੋ ਅੰਨ ਛੁਡਾਉਂਦੇ ਹਨ, ਜੋ ਆਪਣੇ ਆਪ ਨੂੰ ਅੰਨ-ਤਿਆਗੀ ਤੇ ਦੁੱਧਾਧਾਰੀ ਅਖਵਾਉਂਦੇ ਹਨ, ਲੁਕ-ਲੁਕ ਕੇ ਵੱਟਿਆ ਬਣਾਇਆ ਤੇ ਭੇਟ ਕੀਤਾ ਸਾਰਾ ਕੁਝ ਹੜੱਪ ਕਰ ਜਾਂਦੇ ਹਨ। ਅੰਨ ਤੋਂ ਬਿਨਾਂ ਤਾਂ ਮੌਤ ਵੀ ਬੁਰੀ ਆਉਂਦੀ ਹੈ। ਅੰਨ ਛੱਡ ਕੇ ਧਰਤੀ ਪਾਲਕ ਗੁਪਾਲ ਵੀ ਨਹੀਂ ਮਿਲਦਾ। ਮੈਨੂੰ ਕਬੀਰ ਨੂੰ ਤਾਂ ਇਹੋ ਸੱਚ ਸਮਝ ਪਿਆ ਹੈ। (873)

ਸੰਤ ਨਾਮਦੇਵ : (ਹਿੰਦੂ ਬੰਦਾ) ਗਇਆ ਤੀਰਥ 'ਤੇ ਜਾ ਕੇ ਪਿੰਡ ਦਾਨ ਕਰਦਾ ਹੈ। ਸੁਰਗ ਜਾਣ ਲਈ ਬਨਾਰਸ ਵਿਚ ਜਾ ਵਸਦਾ ਹੈ। ਮੂੰਹ ਤੋਂ ਚਾਰਾਂ ਵੇਦਾਂ ਦਾ ਪਾਠ ਕਰਦਾ ਹੈ। ਸਾਰਾ ਧਰਮ ਕਰਮ ਕਰਦਾ ਹੈ। ਗੁਰ ਗਿਆਨ (ਭਾਵ ਬ੍ਰਾਹਮਣ ਦਾ ਦਿੱਤਾ)

ਗਿਆਨ ਇੰਦਰੀਆਂ ਨੂੰ ਦਿਖਾਉਂਦਾ ਹੈ। ਖਟ ਕਰਮਾਂ ਭਾਵ ਝੂਠੇ ਕਰਮ ਨਾਲ ਜੀਵਨ ਬਸਰ ਕਰਦਾ ਹੈ। ਸ਼ਿਵ ਸ਼ਕਤੀ ਦਾ ਸੰਵਾਦ ਤੇ ਸਾਰੇ ਭਿੰਨ ਭੇਦ ਵਰਨ ਜਾਤ ਊਚ ਨੀਚ ਛੱਡ ਕੇ, ਬੰਦਿਆ ਜੇ ਤੈ ਸਾਗਰ ਲੰਘਣਾ ਹੈ ਤਾਂ ਸਭ ਦੇ ਸਾਂਝੇ ਇਕ ਗੋਬਿੰਦ ਕਰਤਾ ਨੂੰ ਸਮਝ, ਸਿਮਰ, ਯਾਦ ਕਰ। (ਉਸ ਨੂੰ ਸਮਝ ਕੇ ਸਾਰਾ ਜੰਜਾਲ ਕੱਟਿਆ ਜਾਂਦਾ ਹੈ, ਹਕੀਕਤਾਂ ਦਿਸ ਪੈਂਦੀਆਂ ਹਨ, ਝੂਠ ਛੁੱਟ ਜਾਂਦਾ ਹੈ)

ਜੇ ਸਤਿਗੁਰ ਦੀ ਸੱਚੀ ਬੁੱਧ, ਸੱਚਾ ਗਿਆਨ ਮਿਲ ਜਾਵੇ ਤਾਂ ਇਕ ਮਿੰਟ ਵਿਚ ਬੰਦਾ ਦੇਵਤਾ ਬਣ ਜਾਂਦਾ ਹੈ, ਪਰਉਪਕਾਰੀ ਭਲਾ ਪੁਰਖ ਹੋ ਜਾਂਦਾ ਹੈ ਤੇ ਮੈਂ ਜੋ ਆਮ ਬੰਦਾ ਸੀ, ਗੁਰੂ ਤੋਂ ਬੋਧ ਲਈ, ਸੱਚ ਪਾਇਆ, ਯਾਨੀ ਸੁਰਗ ਜਿੱਤ ਲਿਆ, ਦੁੱਖਾਂ ਦੀ ਅਸਲੀ ਦਵਾ ਪਾ ਲਈ। (873)

ਮੈਂ ਤਾਂ ਸਭ ਦਾ ਪਿਤਾ ਇਕ ਰਾਮ ਰਮੱਈਆ (ਸਭ ਵਿਚ ਰਮਿਆ ਹੋਇਆ) ਲੈ ਲਿਆ ਹੈ। ਉਸ ਦੇ ਬਦਲੇ, ਸਾਰੇ ਦੇਵਤੇ ਵਾਪਸ ਦੇ ਦਿੱਤੇ ਹਨ ਭਾਵ ਮਨੋਂ ਕੱਢ ਦਿੱਤੇ ਹਨ। ਜਿਹੜੇ ਬੰਦੇ ਸ਼ਿਵ-ਸ਼ਿਵ ਦਾ ਜਾਪ ਕਰਨਗੇ, ਬਲਦ 'ਤੇ ਚੜ੍ਹੇ ਡਉਰੂ ਵਜਾਉਣਗੇ ਮਹਾਂਮਾਈ ਦੀ ਪੂਜਾ ਕਰਨਗੇ, ਉਹ ਬੰਦੇ ਤੇ ਔਰਤਾਂ ਸਭ ਅਉਤਰੇ ਹੋਣਗੇ। (874)

ਪੰਡਤ ਮੈਂ ਤੇਰੀ ਗਾਇਤਰੀ ਨੂੰ ਇਕ ਕਿਸਾਨ ਲੋਧੇ ਦਾ ਖੇਤ ਚਰਦੀ ਵੇਖਿਆ। ਜਿਸ ਨੇ ਠੇਂਗਾ (ਲਾਠੀ) ਮਾਰ ਕੇ ਉਸ ਦੀ ਲੱਤ ਤੋੜ ਸੁੱਟੀ ਤੇ ਉਹ ਲੰਗੜੀ ਹੋਈ ਤੁਰੀ ਜਾਂਦੀ ਮੈਂ ਵੇਖੀ। (ਭਾਵ ਜੋ ਆਪਣਾ ਬਚਾਅ ਨਹੀਂ ਕਰ ਸਕਦੀ ਸਾਡਾ ਬਚਾਅ ਕੀ ਕਰੂ?) ਯਾਦ ਰੱਖੋ ਕਿ ਹਿੰਦੂ ਗਾਇਤ੍ਰੀ ਪਾਠ ਭਾਵ ਗਊ ਉਸਤਤ ਦਾ ਪਾਠ ਕਰਦੇ ਹਨ।

ਪੰਡਤਾ ਮੈਂ ਤੇਰਾ ਸ਼ਿਵਜੀ ਮਹਾਦੇਵ ਧੌਲੇ-ਬਲਦ 'ਤੇ ਚੜ੍ਹਿਆ ਆਉਂਦਾ ਵੇਖਿਆ। ਇਕ ਮੋਦੀ ਗਰੀਬ ਦੇ ਘਰ ਖਾਣਾ ਪੱਕ ਰਿਹਾ ਸੀ। ਉਸ ਮਹਾਂਦੇਵ ਨੇ ਉਸ ਦੇ ਲੜਕੇ ਨੂੰ ਹੀ ਮਾਰ ਸੁੱਟਿਆ (ਕਿਉਂਕਿ ਸ਼ੂਦਰ ਦੇ ਘਰ ਆਪਣਾ ਖਾਣਾ ਨਹੀਂ ਬਣ ਸਕਦਾ, ਉਸ ਨੂੰ ਜੂਠ ਹੀ ਖਾਣੀ ਹੁੰਦੀ ਹੈ) ਇਹ ਹੈ ਤੇਰਾ ਮਹਾਂਦੇਵ ਜੋ ਵਰਨ ਜਾਤ ਦੇ ਅਧਾਰ 'ਤੇ ਅਧਰਮ ਕਰਦਾ ਤੇ ਮਜ਼ਲੂਮਾਂ ਦੇ ਬੱਚੇ ਮਾਰ ਦਿੰਦਾ ਹੈ, ਉਹ ਵੀ ਇਕ ਖਾਣੇ ਬਦਲੇ ਜੋ ਕੁਦਰਤ ਦਾ ਦਿੱਤਾ ਹੈ।

ਪੰਡਤ ਜੀ ਮੈਂ ਤੇਰਾ ਰਾਮ ਚੰਦਰ ਵੀ ਆਉਂਦਾ ਵੇਖਿਆ। ਜਿਸ ਦੀ ਰਾਵਣ ਨਾਲ ਜੰਗ ਹੋਈ। ਸਿਰਫ ਇਸ ਕਰਕੇ ਕਿ ਰਾਵਣ ਉਸ ਦੀ ਔਰਤ ਨੂੰ ਉਠਾ ਕੇ ਲੈ ਗਿਆ ਸੀ ਤੇ ਇਸ ਭਗਵਾਨ ਨੇ ਆਪਣੀ ਜੋਰੂ ਗਵਾ ਲਈ। (ਕਹਿਣ ਦਾ ਭਾਵ ਹੈ ਕਿ ਜੋ ਭਗਵਾਨ ਆਪਣੀ ਔਰਤ ਦੀ ਰਾਖੀ ਕਰਨ ਦੇ ਸਮਰੱਥ ਨਹੀਂ, ਅਸੀਂ ਉਸ ਦੀ ਅਰਾਧਨਾ ਪੂਜਾ ਕਰਕੇ, ਉਸ ਤੋਂ ਕੀ ਲੈ ਲਵਾਂਗੇ।) ਦੇਖੋ ਹਰ ਸ਼ਬਦ ਦਾ ਮੂਲ ਹਿੰਦੂ ਧਰਮ ਦੇ ਤਿਆਗ ਵੱਲ ਜਦੋਂ ਵਧਦਾ ਹੈ ਤਾਂ ਪਹਿਲਾਂ ਉਸ ਦੇ ਕਾਰਨਾਂ ਦੀ ਵਿਆਖਿਆ ਕਰਦਾ ਹੈ, ਸੋਝੀ ਦਿੰਦਾ ਹੈ, ਸੱਚ ਦੀ ਪਛਾਣ ਕਰਾਉਂਦਾ ਹੈ ਤੇ ਫੇਰ ਪ੍ਰਵਰਤਨ ਲਈ ਤਿਆਰ ਕਰਦਾ ਹੈ।) (874)

ਸੰਤ ਕਬੀਰ : ਕੀ ਹੁੰਦੇ ਨਰਕ ਤੇ ਕੀ ਸੁਰਗ? ਇਨ੍ਹਾਂ ਦੀ ਕਾਹਦੀ ਵਿਚਾਰ ਕਰੀਏ। ਸੰਤਾਂ ਨੇ ਤਾਂ ਇਨ੍ਹਾਂ ਦੋਹਾਂ ਨੂੰ ਰੱਦ ਕਰ ਦਿੱਤਾ ਹੈ ਇਹ ਸਭ ਝੂਠ ਹੈ। ਗੁਰੂ ਨੇ ਐਸੀ ਦਇਆ ਕੀਤੀ ਹੈ ਐਸੀ ਸੁਮੱਤ ਦਿੱਤੀ ਹੈ ਕਿ ਅਸੀਂ ਨਰਕ ਸੁਰਗ ਨੂੰ ਮੰਨਣ ਵਾਲਿਆਂ ਦੀ ਮਕਾਣ ਵੀ ਨਹੀਂ ਜਾਂਦੇ। ਕਾਣ ਨਹੀਂ ਕੱਢਦੇ।

ਵਾਲਮੀਕ ਰਮਾਇਣ ਦੀ ਇਕ ਕਥਾ ਅਨੁਸਾਰ ਬ੍ਰਾਹਮਣਾਂ ਨੇ ਰਾਮ ਚੰਦਰ ਤੋਂ ਸੰਬੂਕ ਦਾ ਕਤਲ ਇਸ ਲਈ ਕਰਵਾ ਦਿੱਤਾ ਸੀ ਕਿ ਸ਼ੂਦਰ ਵੇਦਾਂ ਅਨੁਸਾਰ ਭਗਤੀ ਨਹੀਂ

ਕਰ ਸਕਦਾ। (969) ਉਸ ਦੇ ਜਵਾਬ ਵਿਚ ਸੰਤ ਸਤਿਗੁਰ ਕਬੀਰ ਕਹਿੰਦੇ ਹਨ : ਪ੍ਰਭ ਤਾਂ ਜਿਵੇਂ ਪਪੀਹੇ ਨੂੰ ਪਾਣੀ ਮਿਲ ਗਿਆ ਹੈ ਅਸੀਂ (ਅਛੂਤ) ਵੀ ਸਿੰਘਾਸਣ 'ਤੇ ਜਾ ਬੈਠੇ ਹਾਂ। ਸ੍ਰਿਸ਼ਟੀ ਦਾ ਕਰਤਾ ਰਾਮ ਤੇ ਕਬੀਰ ਅਜੇਹੇ ਇਕ ਹੋਏ ਹਨ ਕਿ ਕੋਈ ਦੋਹਾਂ ਵਿਚਕਾਰ ਫਰਕ ਨਹੀਂ ਕੱਢ ਸਕਦਾ। (ਜਦੋਂ ਕਿ ਬ੍ਰਾਹਮਣੀ ਹਿੰਦੂ ਰਾਜ ਵਿਚ ਸ਼ੂਦਰਾਂ ਨੂੰ ਭਗਤੀ ਕਰਨ ਜਾਂ ਮੰਦਰਾਂ ਦੇਵਤਿਆਂ ਨੂੰ ਛੋਹਣ ਦਾ ਵੀ ਕੋਈ ਅਧਿਕਾਰ ਨਹੀਂ ਸੀ) (869)

ਸੰਤ ਕਬੀਰ ਕਹਿੰਦੇ ਹਨ ਕਿ ਤੂੰ ਬ੍ਰਾਹਮਣ ਹੈਂ ਤੇ ਮੈਂ ਕਾਸ਼ੀ ਦਾ ਜੁਲਾਹਾ। ਤੇਰੀ ਮੇਰੀ ਬਰਾਬਰੀ ਕਿਵੇਂ ਬਣ ਸਕਦੀ ਹੈ? ਅਸੀਂ ਤਾਂ ਸਭ ਦੇ ਸਾਂਝੇ ਕਰਤਾ ਪਿਤਾ ਰਾਮ ਦੇ ਭਰੋਸੇ ਭੈਅ ਸਾਗਰ 'ਚੋਂ ਨਿਕਲ ਗਏ ਹਾਂ ਪ੍ਰੰਤੂ ਪੰਡਤ ਜੀ ਤੁਸੀਂ ਸਭ ਵੇਦਾਂ ਦੇ ਭਰੋਸੇ ਡੁੱਬ ਗਏ ਹੋ। ਤੁਹਾਡੇ ਮਨਾਂ ਵਿਚੋਂ ਭੈਅ-ਭਰਮ ਮਰਨ ਤੱਕ ਨਹੀਂ ਗਿਆ। (ਮਰਦੇ ਵੀ ਹੋ ਤਾਂ ਡਰ ਵਿਚ ਫਿਰ ਕਾਹਦੀ ਉੱਚਤਾ ਕਾਹਦਾ ਧਰਮ ਕਰਮ?)

ਤੂੰ ਆਪਣੇ ਆਪ ਨੂੰ ਊਚ ਕਹਾਉਂਦਾ ਹੈਂ ਪਰ ਨੀਚਾਂ ਦੇ ਘਰੋਂ ਭੋਜਨ ਕਰਦਾ ਹੈਂ। ਉਹ ਵੀ ਪੂਰੇ ਹੱਠ ਤੇ ਰੋਅਬ ਨਾਲ। ਚਉਦਸ ਮੱਸਿਆ ਪੁੰਨਿਆਂ ਆਦਿ ਦੀਆਂ ਤਿੱਥਾਂ ਰਚ ਕੇ, ਘਰ-ਘਰ ਜਾ ਕੇ ਮੰਗਦਾ ਹੈਂ। ਦੀਵਾ ਜਗਾਇਆ ਹੁੰਦਾ ਹੈ। ਰੋਸ਼ਨੀ ਕਰਕੇ ਵੀ ਅੰਤ ਮੂਰਖਤਾ ਦੇ ਖੂਹ ਵਿਚ ਜਾ ਡਿਗਦਾ ਹੈਂ। (970)

ਮੈਂ (ਕਬੀਰ) ਕਹਿੰਦਾ ਹਾਂ ਕਿ ਜਿਸ ਪਾਰਬ੍ਰਹਮ ਦਾ ਕੋਈ ਅੰਤ ਨਹੀਂ ਉਸ ਦੇ ਮੂਹਰੇ ਤੰਤਰ-ਮੰਤਰ ਨਹੀਂ ਚਲਦੇ। (ਸਿਰਫ ਸੱਚ ਚਲਦਾ ਹੈ, ਸੱਚ ਦੀ ਸੋਝੀ ਚਲਦੀ ਹੈ) (971)

ਸੰਤ ਨਾਮਦੇਵ : ਅਨੇਕ ਬੇਦ ਪੁਰਾਣ ਤੇ ਸ਼ਾਸਤਰ ਹਨ। ਮੈਂ ਇਨ੍ਹਾਂ ਵਿਚ ਰਚੇ ਗੀਤ ਕਬਿੱਤ ਨਹੀਂ ਗਾਵਾਂਗਾ। ਮੈਂ ਤਾਂ ਅਖੰਡ ਮੰਡਲ ਨਿਰੰਕਾਰ ਦੀ ਅਨਹਦ ਅਸੀਮ ਧੁਨ ਵਜਾਵਾਂਗਾ। ਤੀਰਥ ਦੇਖ ਕੇ ਪਾਣੀ ਵਿਚ ਨਹੀਂ ਵੜੂੰਗਾ, ਵਿਚ ਫਿਰਦੇ ਜੀਅ ਜੰਤਾਂ ਨੂੰ ਨਹੀਂ ਸਤਾਊਂਗਾ। ਗੁਰੂ ਨੇ ਹਿਰਦੇ ਵਿਚ ਹੀ, ਸਰੀਰ ਦੇ ਅੰਦਰ ਹੀ ਅਠਾਹਠ ਤੀਰਥ ਦਿਖਾ ਦਿੱਤੇ ਹਨ। ਏਥੇ ਹੀ ਨਹਾਊਂਗਾ। (ਇਹ ਹੈ ਬ੍ਰਾਹਮਣੀ ਸਿਸਟਮ ਦਾ ਤਿਆਗ ਜੋ ਸਿੱਖ ਜਾਂ ਬੋਧੀ ਬਣ ਰਹੇ ਲੋਕ ਨਹੀਂ ਕਰ ਸਕੇ। ਵੇਸ ਭੇਸ ਤਾਂ ਬਦਲੇ ਹਨ ਮਨ ਨਹੀਂ ਬਦਲੇ।) (972)

(ਹਿੰਦੂ ਬੰਦਾ) ਬਨਾਰਸ ਜਾ ਕੇ ਸੁਰਗ ਜਾਣ ਲਈ ਤਪ ਕਰਦਾ ਹੈ। ਉਲਟਾ ਘਰ ਬਾਹਰ ਛੱਡ ਕੇ ਤੀਰਥ 'ਤੇ ਮਰਨ ਆਉਂਦਾ ਹੈ। (ਸੁਰਗ ਦੇ ਲਾਲਚ ਵਿਚ) ਉਥੇ ਸਰੀਰ ਨੂੰ ਅੱਗ ਦੁਆ ਕੇ ਕਾਇਆ (ਸਰੀਰ ਦੀ ਗਤੀ) ਕਲਪ ਕਰਾਉਂਦਾ ਹੈ। ਫਿਰ ਅਸਮੇਧ ਜੱਗ ਕਰਦਾ ਹੈ। ਸੋਨਾ ਅਤੇ ਗਰਭ (ਭਾਵ ਔਰਤ) ਦਾ ਦਾਨ ਕਰਦਾ ਹੈ ਪ੍ਰੰਤੂ ਸਭ ਦੇ ਕਰਤਾ ਇਕ ਰਾਮ ਨੂੰ ਨਹੀਂ ਪੂਜਦਾ। ਓ ਪਖੰਡੀ, ਛੱਡ ਇਹ ਕੂੜ ਕਰਮ, ਮਨ ਵਿਚ ਕਪਟ ਕਿਉਂ ਕਰਦਾ ਹੈਂ। ਉਸ ਨੂੰ ਯਾਦ ਕਰ ਜਿਸ ਨੇ ਤੈਨੂੰ ਮੈਨੂੰ ਸਭ ਨੂੰ ਆਪਣੇ ਸਮਾਨ ਤੱਤਾਂ ਰਾਹੀਂ ਬਣਾਇਆ ਹੈ। (ਇਹ ਸਮਝ ਹੀ ਕਾਇਆਕਲਪ ਹੈ, ਗਤੀ-ਮੁਕਤੀ ਹੈ)

ਲੋਕ ਗੰਗਾ ਗੁਦਾਵਰੀ ਜਾਂਦੇ ਹਨ। ਕੁੰਭ ਤੇ ਕੇਦਾਰ ਨਹਾਉਂਦੇ ਹਨ। ਗੋਮਤੀ ਨਦੀ 'ਤੇ ਹਜ਼ਾਰਾਂ ਗਊਆਂ ਪੁੰਨ ਕਰਦੇ ਹਨ। ਅਨੇਕ ਤੀਰਥ ਇਸ਼ਨਾਨ ਕਰਦੇ ਹਨ, ਸਰੀਰ ਨੂੰ ਅਰਪਨ ਕਰਦੇ ਹਨ (ਹਵਾਲੇ ਗਾਰੇ) ਇਹ ਸਾਰੀ ਪੂਜਾ ਇਕ ਕਰਤਾ ਦੇ ਨਾਮ ਦੇ ਬਰਾਬਰ ਨਹੀਂ ਹੈ। ਹਿੰਦੂ ਬੰਦੇ, ਘੋੜੇ, ਹਾਥੀ, ਸੇਜ, ਨਾਰੀ ਤੇ ਭੂਮੀ ਆਦਿ ਦਾ ਦਾਨ ਨਿੱਤ-ਨਿੱਤ ਕਰਦੇ ਹਨ। ਆਤਮਾ ਨੂੰ ਨਿਰਮਲ ਕਰਨ ਲਈ ਪਾਣੀ ਨਾਲ ਪਾਪ ਧੋਣ ਲਈ, ਸਰੀਰ ਦੇ ਬਰਾਬਰ ਸੋਨਾ ਦਾਨ ਕਰਦੇ ਹਨ ਪ੍ਰੰਤੂ ਇਹ ਸਭ ਕੁਝ 'ਇਕ ਨਿਰੰਕਾਰ' ਦੇ

ਚੇਤ ਅਤੇ ਸਮਝ ਦੇ ਬਰਾਬਰ ਨਹੀਂ ਹੈ। (ਕਿਉਂਕਿ ਬ੍ਰਾਹਮਣ ਦਾ ਧਰਮ ਵਰਨ ਜਾਤ ਤੇ ਛੂਤ ਛਾਤ ਦਾ ਧਰਮ ਹੈ। ਇਸ ਨੂੰ ਕਾਇਮ ਰੱਖਣ ਲਈ ਹੀ ਉਸ ਨੇ ਅਗਲੇ ਪਿਛਲੇ ਜਨਮਾਂ ਦਾ ਚਿੰਨ੍ਹਾ ਤਿਆਰ ਕਰਨ ਦੀਆਂ ਵਿਧੀਆਂ ਬਣਾਈਆਂ ਹਨ ਅਤੇ ਮੁਕਤੀ ਦੇ ਪੁੰਨ ਦਾਨ ਘੜੇ ਹਨ। ਸਭ ਕੁਝ ਜਾਤ ਅਨੁਸਾਰ ਵਰਤਦਾ ਹੈ ਪ੍ਰੰਤੂ ਇਸ ਜੰਜਾਲ ਨੂੰ ਇਕ ਸਾਂਝੇ ਕਰਤਾਪੁਰਖ ਦੀ ਸੋਝੀ ਧੋਅ ਕੇ ਰੱਖ ਦਿੰਦੀ ਹੈ ਤੇ ਬੰਦਾ ਜਿਉਂਦਿਆਂ ਹੀ ਮੁਕਤ ਹੋ ਜਾਂਦਾ ਹੈ) (972)

ਸੰਤ ਰਵਿਦਾਸ : ਉੱਚ ਜਾਤੀਏ ਕਹਿੰਦੇ ਹਨ ਕਿ ਅਸੀਂ ਵੱਡੇ ਕਵੀ ਹਾਂ। ਅਸੀਂ ਉੱਚੇ ਵਰਨ ਦੇ ਕੁਲੀਨ ਹਾਂ। ਅਸੀਂ ਪੰਡਤ ਹਾਂ, ਜੋਗੀ ਸੰਨਿਆਸੀ ਹਾਂ। ਗਿਆਨੀ ਹਾਂ, ਗੁਣੀ ਹਾਂ, ਦਾਤੇ ਹਾਂ (ਬ੍ਰਾਹਮਣ ਲੋਕਾਂ ਦਾ) ਇਹ ਹੰਕਾਰ ਕਦੀ ਨਹੀਂ ਜਾਂਦਾ। (ਲੱਖ ਪਾਠ ਪੂਜਾ ਤੇ ਤਪ ਤਪੱਸਿਆ ਦੇ ਬਾਵਜੂਦ ਵੀ) (974)

ਸੰਤ ਕਬੀਰ : ਪੰਡਤ! ਤੂੰ ਕਿਹੜੀ ਕੁਮੱਤ ਕਰਨ ਲੱਗਿਆ ਹੈਂ। ਅਭਾਗੇ ਬੰਦੇ ਸੱਚ ਨੂੰ ਸਮਝੇ ਬਗੈਰ ਵਰਨ ਜਾਤ ਤੇ ਊਚ-ਨੀਚ ਦਾ ਹੰਕਾਰ ਕਰਦਿਆਂ ਸਣੇ ਪ੍ਰਵਾਰ ਡੁੱਬੇਂਗਾ। ਜਿਸ ਤਰ੍ਹਾਂ ਖੋਤੇ 'ਤੇ ਲੱਦੇ ਚੰਦਨ ਦਾ ਵੀ ਉਸ ਲਈ ਭਾਰ ਹੀ ਹੁੰਦਾ ਹੈ ਕੋਈ ਲਾਭ ਨਹੀਂ ਹੁੰਦਾ ਉਸੇ ਤਰ੍ਹਾਂ ਇਨ੍ਹਾਂ ਵੇਦਾਂ ਪੁਰਾਣਾਂ ਨੂੰ ਪੜ੍ਹਨ ਦਾ ਕੀ ਗੁਣ ਹੈ? ਸਭਨਾਂ ਦੇ ਇਕ ਕਰਤਾ ਰਾਮ ਦੀ ਸੋਝੀ ਨਾ ਪਾ ਕੇ ਪਾਰ ਕਿਵੇਂ ਲੰਘ ਜਾਵੇਂਗਾ। (ਭਾਵ ਤੇਰਾ ਵਰਣ ਜਾਤ ਤੇ ਊਚ ਨੀਚ ਦਾ ਸਿਧਾਂਤ ਹੀ ਕਰਤਾਪੁਰਖ ਕਰਤਾਰ ਦੀ ਸਿਰਜਣਾ ਤੋਂ ਉਲਟ ਹੈ) ਉਹ ਬਰਾਬਰ ਸਿਰਜਦਾ ਹੈ ਤੇ ਉੱਚੇ ਨੀਵੇਂ ਦੋਵੇਂ ਉਲਟ ਹਨ। ਊਚ ਨੀਚ ਦਾ ਸਿਧਾਂਤ ਛੱਡ ਕੇ, ਬਰਾਬਰੀ ਦਾ ਸਿਧਾਂਤ ਕਰਤਾਰੀ ਹੈ। (1102)

ਬ੍ਰਾਹਮਣ ਲੋਕੋ! ਜੀਆਂ ਨੂੰ ਮਾਰਦੇ ਹੋ, ਇਸ ਨੂੰ ਧਰਮ ਕਹਿ ਕੇ ਤਾਂ ਫਿਰ ਅਧਰਮ ਕੀ ਹੈ? ਇਜ (ਜੀਵਾਂ ਨੂੰ ਮਾਰ ਕੇ) ਵੀ ਆਪਣੇ ਆਪ ਨੂੰ ਮੁਨੀਵਰ ਥਾਪਦੇ ਹੋ ਤਾਂ ਕਸਾਈ ਕਿਸ ਨੂੰ ਕਹਿੰਦੇ ਹੋ। ਮਨ 'ਚ ਹਨੇਰਾ ਹੈ, ਆਪ ਨੂੰ ਕੁਝ ਪਤਾ ਸੁਰ ਨਹੀਂ ਦੂਜਿਆਂ ਨੂੰ ਮੱਤਾਂ ਦਿੰਦੇ ਹੋ। ਪੈਸਿਆਂ ਪਿੱਛੇ ਵੇਦ-ਵਿੱਦਿਆ ਵੇਚਦੇ ਹੋ ਤੇ ਜਨਮ ਨੂੰ ਮਾਇਆ ਚੱਕਰ ਵਿਚ ਬਿਅਰਥ ਗੁਆ ਦਿੰਦੇ ਹੋ। (1103)

ਉਹ ਇਕ ਕਰਤਾਪੁਰਖ ਹੀ ਸਭ ਵਿਚ ਭਾਵ ਬ੍ਰਾਹਮਣ, ਖੱਤਰੀ, ਵੈਸ਼ ਸ਼ੂਦਰ ਕਾਲੇ ਗੋਰੇ, ਹਿੰਦੂ, ਤੁਰਕ, ਔਰਤ, ਮਰਦ ਸਭ ਜੀਆਂ ਵਿਚ ਅਨੇਕ ਰੂਪ ਬਣ ਕੇ ਵਿਗਸਿਆ ਹੈ ਪਰ ਇਕ ਸਮਾਨ। ਜਦੋਂ ਉਸ ਦੀ ਸਾਰੀ ਸਮਾਨਤਾ ਦੀ ਸਮਝ ਪੈ ਗਈ ਹੈ ਤਾਂ ਫਿਰ ਹੁਣ ਭਰਮ ਕਾਹਦਾ? (ਭਾਵ ਮੁਕਤੀ ਮਿਲ ਗਈ, ਕਰਮਕਾਂਡ ਪੂਜਾ ਦਾਨ ਫਿਰ ਕਾਹਦੇ ਲਈ?) (1104)

ਮੈਨੂੰ ਤਾਂ ਖੀਰ ਅਤੇ ਸਾਗ ਸਬਜ਼ੀ ਵਿਚਲੇ ਸਮਾਨ ਤੱਤ ਗੁਣਾਂ ਦੀ ਸਮਝ ਪੈ ਗਈ ਹੈ। ਦਿਨ ਰਾਤ ਮੈਂ ਇਹੋ ਗੁਣ ਗਾਉਂਦਾ ਹਾਂ। ਮੇਰਾ ਠਾਕਰ ਤਾਂ ਹਰ ਇਕ ਥਾਂ ਇਕ ਸਮਾਨ ਵਸਿਆ ਹੈ। ਇਸ ਲਈ ਤੇਰੀ ਬਣਾਈ ਜਾਤਪਾਤ ਨੂੰ ਮੈਂ ਨਹੀਂ ਮੰਨਦਾ। (ਖੀਰ ਤੇ ਸਾਗ ਦੀ ਉਦਾਹਰਣ, ਬ੍ਰਾਹਮਣ ਦੇ ਖਾਣੇ ਤੇ ਸ਼ੂਦਰ ਦੇ ਖਾਣੇ ਦੀ ਬਰਾਬਰੀ ਲਈ ਦਿੱਤੀ ਗਈ ਹੈ ਕਿ ਅਸੀਂ ਖੀਰ ਨਹੀਂ ਖਾ ਸਕਦੇ ਤਾਂ ਇਸ ਦਾ ਅਰਥ ਇਹ ਨਹੀਂ ਕਿ ਅਸੀਂ ਅਪਵਿੱਤਰ ਹਾਂ। ਖੀਰ ਤੇ ਸਾਗ ਵਿਚ ਅੰਤਰ ਨਹੀਂ ਹੈ। ਬ੍ਰਾਹਮਣ ਤੇ ਜੁਲਾਹੇ ਵਿਚ ਅੰਤਰ ਨਹੀਂ ਹੈ) (1105)

ਸੰਤ ਨਾਮਦੇਵ : ਰਾਜੇ ਰਾਮ ਨੂੰ ਜਪਦਿਆਂ ਕੋਈ ਨਹੀਂ ਤਰਦਾ। ਸਾਧੂਆਂ ਦੀ ਸੰਗਤ ਵਿਚ ਪੂਰਨ ਗੁਰੂ ਦਾ ਗਿਆਨ ਉਪਦੇਸ਼ ਜਦੋਂ ਦਾ ਮਿਲਿਆ ਹੈ, ਉਸਦਾ ਜਸ

ਕਰਦਿਆਂ ਅਛੂਤ ਛੀਂਬੇ ਦੇ ਸਿਰ 'ਤੇ ਵੀ ਬਰਾਬਰੀ ਵਾਲਾ ਛਤਰ ਧਰਿਆ ਗਿਆ ਹੈ। ਉਹ ਵੀ (ਵਰਨ ਜਾਤ ਦੇ ਬੰਧਨ ਤੋਂ) ਮੁਕਤ ਹੋ ਗਿਆ ਹੈ। ਚਹੁੰਆਂ ਜੁਗਾਂ ਦਾ ਜਸ-ਕੀਰਤ ਜਾਣ ਗਿਆ ਹੈ। ਲੋਕ ਹੁਣ ਉਸ ਨੂੰ 'ਭਗਤ' 'ਭਗਤ' ਕਹਿ ਕੇ ਬੁਲਾਉਂਦੇ ਤੇ ਨਤਮਸਤਕ ਹੁੰਦੇ ਹਨ। ਸੰਖ, ਚੱਕਰ, ਮਾਲਾ, ਤਿਲਕ ਪਹਿਨੇ ਦੇਖ ਕੇ ਤਾਂ ਜਮਦੂਤ ਵੀ ਡਰਦੇ ਹਨ। ਸਾਨੂੰ ਨਿਰਭੈ ਰਾਮ ਮਿਲਿਆ ਹੈ, ਜਿਸ ਕਾਰਨ ਅਛੂਤ ਦੇ ਵਿਚੋਂ ਵੀ ਬਲ ਗੂੰਜ ਪਿਆ ਹੈ। ਮਰਨ ਦਾ ਭੈਅ ਲੱਥ ਗਿਆ ਹੈ।

(ਇਸ ਦਾ ਭਾਵ ਹੈ ਕਿ ਅਜਿਹੀ ਸ੍ਰਿਸ਼ਟੀ ਰਚਨਾ ਦੀ ਸਮਝ ਪੈ ਗਈ ਹੈ ਕਿ ਕੋਈ ਬ੍ਰਾਹਮਣ ਖੱਤਰੀ ਨਹੀਂ, ਕੋਈ ਸ਼ੂਦਰ ਨਹੀਂ। ਕੋਈ ਊਚ-ਨੀਚ ਨਹੀਂ ਤੇ ਨਾ ਕੋਈ ਪਵਿੱਤਰ ਅਪਵਿੱਤਰ ਹੈ। ਸਭ ਇਕ ਸਮਾਨ ਹਨ। ਇਸ ਸਮਝ ਨੇ ਅਛੂਤ ਅੰਦਰ ਵੀ ਉੱਚਤਾ ਦਾ ਬਲ ਭਰ ਦਿੱਤਾ ਹੈ ਤੇ ਉਸ ਨੂੰ ਲਗਦਾ ਹੈ ਕਿ ਉਹ ਵੀ ਬ੍ਰਾਹਮਣਾਂ ਤੇ ਸਵਰਨਾਂ ਵਾਂਗ ਛਤਰਪਤੀ ਹੀ ਹੈ।) (1105)

ਸੰਤ ਰਵਿਦਾਸ : ਮੇਰੇ ਲਾਲ, ਕਰਤਾਪੁਰਖ ਤੇਰੇ ਬਿਨਾਂ ਅਜੇਹਾ ਕੋਈ ਹੋਰ (ਦੇਵੀ ਦੇਵਤਾ ਅਵਤਾਰ ਜਾਂ ਭਗਵਾਨ) ਨਹੀਂ ਕਰ ਸਕਦਾ, ਤੂੰ ਗਰੀਬ-ਨਿਵਾਜ ਹੈਂ, ਤੇਰੇ ਕਰਕੇ ਮੇਰੇ ਅਛੂਤ ਦੇ ਸਿਰ 'ਤੇ ਵੀ ਵਡੱਪਣ ਦਾ ਛਤਰ ਆ ਟਿਕਿਆ ਹੈ। ਜਿਸ ਦੀ ਛੋਤ ਨਾਲ ਜਗਤ ਭਿੱਟਿਆ ਜਾਂਦਾ ਸੀ, ਤੇਰੀ ਉਸ 'ਤੇ ਦਇਆ ਹੋਈ ਹੈ ਭਾਵ ਉਸ ਨੂੰ ਸਾਰਾ ਭੇਦ ਸਮਝ ਪੈ ਗਿਆ ਹੈ ਤੇ ਇਸ ਸਮਝ ਕਾਰਨ ਪਤਾ ਲੱਗਾ ਹੈ ਕਿ ਸਾਡਾ ਗੋਬਿੰਦ ਨੀਚਾਂ ਨੂੰ ਊਚ ਕਰਨ ਵਾਲਾ ਹੈ ਤੇ ਅਜੇਹਾ ਕਰਦਿਆਂ ਉਹ ਕਿਸੇ ਬ੍ਰਾਹਮਣ ਜਾਂ ਉਸ ਦੇ ਸਰਾਪ ਤੋਂ ਡਰਦਾ ਨਹੀਂ। ਤੇਰੀ ਦਇਆ ਨਾਲ, ਗੁਰ-ਉਪਦੇਸ਼ ਨਾਲ, ਨਾਮਦੇਵ, ਕਬੀਰ, ਤਿਰਲੋਚਨ, ਸਧਨਾ ਤੇ ਸੈਣ ਵਰਗੇ ਅਛੂਤ ਵੀ ਭੈਅ-ਸਾਗਰ ਤੋਂ ਮੁਕਤ ਹੋ ਕੇ, 'ਭਗਤ' ਸੂਰਮੇ ਬਣ ਖੜ੍ਹੇ ਹਨ (ਹੁਣ ਕੋਈ ਰਾਮ ਉਨ੍ਹਾਂ ਨੂੰ ਸ਼ੂਦਰ ਜਾਣ ਕੇ ਕਤਲ ਨਹੀਂ ਕਰ ਸਕਦਾ) (1106)

ਸੰਤ ਕਬੀਰ : ਨਾ ਹੱਜ ਕਰਨ ਕਾਬੇ ਜਾਵਾਂ, ਨਾ ਤੀਰਥ 'ਤੇ ਇਸ਼ਨਾਨ ਜਾਂ ਪੂਜਾ ਕਰਨ ਜਾਵਾਂ। ਮੇਰਾ ਇਕੋ ਸੁਆਮੀ ਹੈ ਜੋ ਸਭ ਦਾ ਹੈ। (ਹਿੰਦੂ ਦਾ ਵੀ, ਤੁਰਕ ਦਾ ਵੀ, ਬ੍ਰਾਹਮਣ ਦਾ ਵੀ, ਅਛੂਤ ਦਾ ਵੀ, ਕਾਲੇ ਦਾ ਵੀ ਗੋਰੇ ਦਾ ਵੀ) ਮੇਰੀ ਉਸੇ ਨੂੰ ਨਮਸਕਾਰ ਹੈ। (1136)

ਨਾ ਮੈਂ ਹੁਣ ਹਿੰਦੂ ਹਾਂ ਤੇ ਨਾ ਮੁਸਲਮਾਨ। ਕਿਉਂਕਿ ਮੇਰਾ ਅੱਲਾ ਰਾਮ ਤੇ ਪਿੰਡ ਪਰਾਣ ਸਭ ਇਕ ਹੈ। ਇਹ ਇੱਕੋ ਅੱਲਾ ਮੇਰਾ ਗੁਸਾਈਂ ਹੈ ਜਿਸ ਨੂੰ ਸਮਝ ਕੇ ਹਿੰਦੂ ਤੇ ਤੁਰਕ ਦਾ ਭੇਦ ਹੀ ਮਿਟ ਗਿਆ ਹੈ ਕਿ ਫਰਕ ਹੈ ਹੀ ਕੋਈ ਨਹੀਂ।

ਮੱਥੇ 'ਤੇ ਤਿਲਕ ਹੈ ਹੱਥ 'ਤੇ ਮਾਲਾ ਲਪੇਟੀ ਹੈ। ਇਨ੍ਹਾਂ ਲੋਕਾਂ ਨੇ ਰੱਬ ਨੂੰ ਖਿਡੌਣਾ ਬਣਾ ਛੱਡਿਆ ਹੈ।

ਨਾ ਮੈਂ ਪੱਤੀਆਂ ਤੋੜਾਂ ਨਾ ਦੇਵਤਿਆਂ ਦੀ ਪੂਜਾ ਕਰਾਂ। ਕਿਉਂਕਿ 'ਇਕ ਰਾਮ' ਦੀ ਮੰਨਤ ਬਿਨਾਂ, ਬਾਕੀ ਸਭ ਕਰਮ ਧਰਮ ਸੇਵਾ ਨਿਹਫਲ ਹੈ। (1158)

ਮੈਂ ਤਾਂ ਝਗੜਾ ਹੀ ਮੁਕਾ ਛੱਡਿਆ ਹੈ। ਪੰਡਤ ਵੀ ਛੱਡਿਆ ਮੁੱਲਾਂ ਵੀ ਛੱਡਿਆ। ਪੰਡਤਾਂ ਤੇ ਮੁੱਲਾਂ ਮੁਲਾਣਿਆਂ ਨੇ ਜੋ ਲਿਖ ਦਿੱਤਾ ਹੈ, ਉਸ ਸਾਰੇ ਨੂੰ ਤਿਆਗਿਆ, ਛੱਡਿਆ। ਉਸ ਵਿਚੋਂ ਕੁਝ ਵੀ ਨਹੀਂ ਲਿਆ। (ਇਹ ਹੈ ਮੈਂ ਹਿੰਦੂ ਨਹੀਂ ਮਰੂੰਗਾ ਦਾ ਸਿੱਧਾ ਸਪਾਟ ਅਰਥ)। (1159)

ਗੁਰੂ ਅਰਜਨ (ਵਿਆਖਿਆ ਸ਼ਬਦ ਸੰਤ ਕਬੀਰ ਜੀ ਦੀ) : ਜੋ ਪੱਥਰ ਨੂੰ ਦੇਵਤਾ ਕਹਿੰਦੇ ਹਨ ਤੇ ਪੂਜਦੇ ਹਨ ਉਨ੍ਹਾਂ ਦੀ ਸਾਰੀ ਸੇਵਾ ਵਿਅਰਥ ਹੋ ਜਾਂਦੀ ਹੈ। ਜੋ ਪੱਥਰ ਦੇ ਪੈਰੀਂ ਪੈਂਦੇ ਹਨ ਉਨ੍ਹਾਂ ਦੀ ਸਾਰੀ ਘਾਲਣਾ ਅਜਾਈਂ ਜਾਂਦੀ ਹੈ। ਸਾਡਾ ਠਾਕਰ ਤਾਂ ਸਦਾ ਬੋਲਦਾ ਹੈ, ਜੋ ਸਭ ਜੀਆਂ ਨੂੰ ਖਾਣ ਪੀਣ ਪਹਿਨਣ, ਰਹਿਣ ਸਹਿਣ ਦਿੰਦਾ ਹੈ।

ਇਹ ਦੇਵ ਭਾਵ ਦੇਵਣਹਾਰ ਮਨ ਦੇ ਅੰਦਰ ਹੈ। ਜਿਸ ਨੂੰ ਅਕਲ ਦਾ ਅੰਨ੍ਹਾ ਬੰਦਾ ਵੇਖ ਨਹੀਂ ਸਕਦਾ। ਭਰਮ ਦਾ ਫੰਧਾ ਪਿਆ ਹੈ ਇਸ ਨੂੰ। ਪੱਥਰ ਨਾ ਬੋਲਦਾ ਹੈ ਨਾ ਕੁਝ ਦਿੰਦਾ ਹੈ ਪਰ ਬੰਦਾ ਫੋਕਟ ਕਰਮ ਕਰਦਾ ਹੈ। ਜਿਸ ਦਾ ਫਲ ਵੀ ਨਿਹਫਲ ਹੈ। ਮ੍ਰਿਤਕ ਨੂੰ ਚੰਦਨ ਚੜ੍ਹਾ ਕੇ ਕੀ ਫਲ ਮਿਲੂ? ਜੇ ਮ੍ਰਿਤਕ ਮਿੱਟੀ ਵਿਚ ਰੁਲ ਜਾਵੇ ਜਾਂ ਭਸਮ ਹੋ ਜਾਵੇ ਤਾਂ ਕੀ ਘਟ ਗਿਆ? ਮੈਂ ਕਬੀਰ ਪੁਕਾਰ ਪੁਕਾਰ ਕੇ ਕਹਿੰਦਾ ਹਾਂ ਗਵਾਰ ਬੰਦੇ! ਇਸ ਸੱਚ ਨੂੰ ਵੇਖ ਤੇ ਸਮਝ। (1160)

ਸਭ ਜਾ ਰਹੇ ਹਨ ਔਥੇ ਔਥੇ ਕਹਿੰਦੇ ਪਰੰਤੂ ਕੋਈ ਨਹੀਂ ਜਾਣਦਾ ਕਿ ਬੈਕੁੰਠ ਕਿਥੇ ਹੈ। ਬੰਦੇ ਨੇ ਆਪਣੇ ਸਰੀਰ ਤੇ ਇਸ ਦੀ ਬਣਤਰ ਦਾ ਤਾਂ ਭੇਦ ਨਹੀਂ ਜਾਣਿਆ। ਗੱਲਾਂ-ਗੱਲਾਂ ਵਿਚ ਹੀ ਬੈਕੁੰਠ ਬਣਾ ਧਰਦੇ ਹਨ। ਜਦੋਂ ਤੱਕ ਇਸ ਤਰ੍ਹਾਂ ਦੇ ਬੈਕੁੰਠ ਦੀ ਆਸ ਲੈ ਕੇ ਜੀਉਗੇ ਤਦ ਤੱਕ ਰੱਬ ਨਹੀਂ ਦਿਸੇਗਾ। (1161)

ਉਸ ਬ੍ਰਹਿਮੰਡ ਨੂੰ ਆਪਣੇ ਪਿੰਡੇ ਵਿਚ ਜਾਣ। ਇਸ ਪਿੰਡੇ ਅੰਦਰ ਹੈ ਮਾਨ ਸਰੋਵਰ, ਇਸ਼ਨਾਨ ਲਈ। ਜਿਸ ਦਾ ਜਾਪ ਹੈ : ਜੋ ਉਹ ਹੈ, ਓਹੀ ਅਸੀਂ ਹਾਂ। ਜੋ ਅਸੀਂ ਹਾਂ ਓਹੀ ਉਹ ਹੈ। ਸੋਹੰਸੋ॥ ਜੇ ਇਹ ਸਮਝ ਲਿਆ ਤਾਂ ਪਾਪ ਪੁੰਨ ਦੀ ਖੇਡ ਖਤਮ। ਫੇਰ ਨਾ ਕੋਈ ਵਰਨ ਨਾ ਅਵਰਨ। ਨਾ ਕੋਈ ਸਵੇਰ ਨਾ ਕੋਈ ਸ਼ਾਮ ਨਾ ਘਾਮ। (1162)

(ਬ੍ਰਾਹਮਣੀ ਧਰਮ ਮੁਲਕ ਦੀ ਨੱਬੇ ਫੀਸਦੀ ਦਲਿਤ ਅਬਾਦੀ ਨੂੰ ਸਵਰਨ ਹਿੰਦੂ ਦੇ ਅਧਿਕਾਰ ਨਹੀਂ ਦਿੰਦਾ। ਬਰਾਬਰੀ ਤੋਂ ਇਨਕਾਰ ਕਰਦਾ ਹੈ। ਪ੍ਰੰਤੂ ਅਸਲੀ ਕਰਤਾ ਦੀ ਸੋਝੀ ਉਸੇ ਅਛੂਤ ਨੂੰ ਇਹ ਕਹਿਣ ਦਾ ਬਲ ਦਿੰਦੀ ਹੈ ਕਿ ਜੋ ਤੂੰ ਹੈਂ ਓਹੀ ਮੈਂ ਹਾਂ। ਜੋ ਮੈਂ ਹਾਂ ਓਹੀ ਤੂੰ ਹੈਂ। ਭਾਵ ਉਹ ਅਛੂਤ ਜਾਂ ਨੀਚ ਨਹੀਂ, ਸਰਬਉੱਚ ਕਰਤਾਰ ਦਾ ਹੀ ਰੂਪ ਹਨ ਤੇ ਬ੍ਰਾਹਮਣਾਂ ਤੋਂ ਕਿਵੇਂ ਵੀ ਘੱਟ ਨਹੀਂ। ਇਹ ਹੈ ਉਹ ਸਮਾਜਕ ਕ੍ਰਾਂਤੀ ਜੋ ਊਚ ਨੀਚ ਦਾ ਬੀਜ ਨਾਸ ਕਰਨ ਦੇ ਵਿਗਿਆਨਕ ਅਧਾਰ ਸਥਾਪਤ ਕਰਦੀ ਹੈ।)

ਸੰਤ ਨਾਮਦੇਵ : ਜਿਸ ਦੇ ਮਨ ਵਿਚ ਭਿੰਨ ਭੇਦ ਹੈ। ਵਰਨ ਜਾਤ, ਰੰਗ ਨਸਲ, ਔਰਤ ਮਰਦ, ਊਚ-ਨੀਚ ਦਾ ਅੰਤਰ ਹੈ, ਉਹ ਬੰਦਾ ਨਹੀਂ ਪਸ਼ੂ ਹੈ। ਕਿਉਂਕਿ ਪਸ਼ੂਆਂ ਵਿਚ ਹੀ ਅਜੇਹੇ ਨਸਲੀ ਫਰਕ ਹੁੰਦੇ ਹਨ। (1163)

ਮੈਂ ਤਾਂ ਤੇਰੇ ਠਾਕਰ ਦੁਆਰੇ, ਹੱਸਦਾ ਖੇਡਦਾ ਭਗਤੀ ਕਰਨ ਆਇਆ ਸੀ ਤੇ ਤੂੰ ਨਾਮੇ ਨੂੰ ਅਛੂਤ ਜਾਣ ਭਗਤੀ ਕਰਦੇ ਨੂੰ ਬਾਹੋਂ ਫੜ ਕੇ ਉਠਾ ਦਿੱਤਾ, ਮੰਦਰੋਂ ਬਾਹਰ ਕੱਢ ਦਿੱਤਾ। ਕਿਉਂਕਿ ਤੇਰੇ ਹਿਸਾਬ-ਕਿਤਾਬ ਨਾਲ ਮੇਰੀ ਜਾਦਮਾਂ ਦੀ ਰਾਇਆ ਵਿਚ ਜਾਤ ਹੀਣੀ ਹੈ, ਨੀਵੀਂ ਹੈ। ਮੈਂ ਸੋਚਦਾ ਹਾਂ ਕਿ ਮੈਂ ਛੀਂਬੇ ਦੇ ਜਨਮ ਵਿਚ ਕਿਉਂ ਆਇਆ? (ਭਾਵ ਮੇਰਾ ਅਪਮਾਨ ਮੇਰੀ ਨੀਵੀਂ ਜਾਤ ਛੀਬਾ ਕਰਕੇ ਹੋਇਆ ਤਾਂ ਇਹ ਜਾਤ ਮੇਰੇ ਕਿਸ ਕੰਮ ਜੋ ਅਪਮਾਨ ਕਰਾਉਂਦੀ ਹੈ?) (1164)

(ਮਨ ਤਰਕ ਖਾ ਗਿਆ। ਗੈਰਤ ਮੰਨ ਗਿਆ। ਸਵੈਮਾਨ ਜਾਗ ਪਿਆ। ਗੱਲ ਦੀ ਸਮਝ ਪੈ ਗਈ। ਗੁਰੂ ਨੇ ਗੱਲ ਸਮਝਾ ਦਿੱਤੀ) ਫਿਰ ਆਪਣੀ ਕੰਬਲੀ ਚੁੱਕੀ ਤੇ ਨਾਮਦੇਵ ਬ੍ਰਾਹਮਣ ਦੇ ਕਹਿਣ ਤੋਂ ਉਲਟਾ ਚੱਲ ਪਿਆ। ਦੇਹੁਰੇ ਦੇ ਪਿਛਵਾੜੇ ਜਾ

ਬੈਠਿਆ (ਕਹਿਣ ਦਾ ਭਾਵ ਮੰਦਰ ਦੇ ਧਰਮ ਕਰਮ ਤੋਂ ਉਲਟ ਸਹੀ ਦਿਸ਼ਾ ਵੱਲ ਮੁੜ ਪਿਆ) ਤੇ ਜਿਹੜੀ ਬ੍ਰਹਿਮੰਡੀ ਗੁਣਾਂ ਦੀ ਗੱਲ ਗੁਰੂ ਨੇ ਸਮਝਾਈ ਸੀ ਕਿ ਸੋਹੰਸ ਜਾਕੋ ਹੈ ਜਾਪੁ। ਓਹੀ ਗਾਉਣਾ ਸ਼ੁਰੂ ਕਰ ਦਿੱਤਾ ਕਿ ਮੈਂ ਓਹੀ ਹਾਂ ਜੋ ਮੇਰਾ ਰੱਬ ਹੈ। ਜੋ ਮੇਰਾ ਰੱਬ ਹੈ ਮੈਂ ਓਹੀ ਹਾਂ। ਕਿਉਂਕਿ ਮੇਰੇ ਹਰੀ ਨੇ ਮੈਨੂੰ ਵੀ ਆਪਣੇ ਉਨ੍ਹਾਂ ਹੀ ਗੁਣਾਂ ਨਾਲ, ਤੱਤਾਂ ਨਾਲ ਬਣਾਇਆ ਹੈ, ਜਿਨ੍ਹਾਂ ਨਾਲ ਹੋਰਨਾਂ ਨੂੰ (ਭਾਵ ਬ੍ਰਾਹਮਣਾਂ ਨੂੰ) ਬਣਾਇਆ ਹੈ। ਇਸ ਲਈ ਸਭ ਸਮਾਨ ਹਨ। ਨਾ ਕੋਈ ਬ੍ਰਾਹਮਣ ਹੈ ਨਾ ਕੋਈ ਸ਼ੂਦਰ। ਜਿਉਂ-ਜਿਉਂ ਨਾਮਾ ਇਹ ਗੁਣ ਗਾਉਣ ਲੱਗਾ ਤਾਂ ਅਛੂਤ ਭਗਤਾਂ ਲਈ, ਮਨ ਵਿਚੋਂ ਬ੍ਰਾਹਮਣ ਦਾ ਦੇਹੁਰਾ ਘੁੰਮ ਗਿਆ, ਨਿਕਲ ਗਿਆ। ਭਾਵ ਉਸ ਦੀ ਕੋਈ ਝਾਕ ਹੀ ਛੱਡ ਦਿੱਤੀ। ਸਾਰੇ ਪਾਸੀਂ ਇਕ ਨਿਰੰਕਾਰ ਸਾਫ ਨਜ਼ਰ ਆ ਗਿਆ। ਨਾਮਦੇਵ ਨੂੰ ਤਾਂ ਉਸ ਨਾਲ ਪ੍ਰੀਤ ਹੋ ਗਈ ਕਿ ਗੋਬਿੰਦ ਦੇਹੁਰੇ ਵਿਚ ਨਹੀਂ ਮੇਰੇ ਮਨ ਵਿਚ ਵਸਦਾ ਹੈ। ਦੇਹੁਰਾ ਤਿਆਗਿਆ। ਸਭ ਵਾਲਾ ਇਕ ਰਾਮ ਪਾ ਲਿਆ। ਛਤਰਪਤੀ ਹੋ ਗਏ। ਬ੍ਰਾਹਮਣ ਤੋਂ ਵੀ ਉੱਤਮ ਦਰਜੇ ਦੇ ਮਾਲਕ।

ਸੋਝੀ ਪਾ ਖੁਦ ਸਤਿਗੁਰ ਹੋ ਨਾਮਦੇਵ ਬ੍ਰਾਹਮਣ ਤੇ ਉਸਦੇ ਧਰਮ ਕਰਮ ਦੀ ਵਿਆਖਿਆ ਕਰਦੇ ਕਹਿੰਦੇ ਹਨ ਤੁਸੀਂ ਉਸ ਨੂੰ ਵੇਖੋ ਭਗਵਾਨ ਦੇ ਠੇਕੇਦਾਰ ਨੂੰ ਜੋ ਘਰ ਦੀ ਔਰਤ ਨੂੰ ਛੱਡ ਕੇ ਬਿਗਾਨੀ ਔਰਤ ਨਾਲ ਧੰਦਾ ਕਰਦਾ ਹੈ। ਅਜੇਹੇ ਪਾਪੀ ਦਾ ਘਰ ਤਾਂ ਉਸ ਅੱਗ ਵਾਂਗ ਹੁੰਦਾ ਹੈ ਜੋ ਜਲਦੀ ਰਹਿੰਦੀ ਹੈ, ਬੁਝਦੀ ਕਦੀ ਨਹੀਂ। ਏਹੋ ਜਿਹੀ ਹਾਲਤ ਵਿਚ ਬੰਦਾ ਹਰੀ ਦੀ ਅਸਲੀ ਭਗਤੀ ਨੂੰ ਨਹੀਂ ਸਮਝ ਸਕਦਾ। ਸੱਚ ਦੇ ਮਾਰਗ ਨੂੰ ਛੱਡ ਕੇ ਪੁੱਠੇ ਰਾਹ ਚਲਦਾ ਹੈ। ਅਸਲੋਂ ਮੂਰਖ ਹੋ ਕੇ ਭਟਕਦਾ ਰਹਿੰਦਾ ਹੈ। ਅੰਮ੍ਰਿਤ ਛੱਡ ਕੇ ਜ਼ਹਿਰ ਪੀਂਦਾ ਹੈ। ਉਵੇਂ ਜਿਵੇਂ ਵੇਸਵਾ ਖਾੜਾ ਲਾਉਂਦੀ ਹੈ, ਸੋਹਣੇ ਕੱਪੜੇ ਪਾ ਕੇ ਸ਼ਿੰਗਾਰ ਕਰਦੀ ਹੈ, ਪੂਰੇ ਤਾਲ ਤੇ ਸਾਹੋ-ਸਾਹ ਨੱਚਦੀ ਹੈ ਤੇ ਨਰਕ ਭੋਗਦੀ ਹੈ। ਇਵੇਂ ਇਹ ਕੁਮਾਰਗੀ ਬੰਦਾ ਹੈ, ਜਿਸ ਨੇ ਪੁੱਠੇ ਕੰਮਾਂ ਕਰਕੇ ਜਮਾਂ ਦੀ ਫਾਂਸੀ ਗਲ ਵਿਚ ਲਟਕਾ ਰੱਖੀ ਹੈ। (ਭਾਵ ਇਹ ਪੁੱਠਾ ਕਰਮ-ਧਰਮ ਜਮਾਂ ਤੋਂ ਨਹੀਂ ਬਚਾ ਸਕਦਾ। ਛੁਟਕਾਰੇ ਦਾ ਇਕੋ ਰਸਤਾ ਹੈ ਇਸ ਕੁਮਾਰਗ ਦਾ ਤਿਆਗ ਤੇ ਸਭ ਦੀ ਇਕ ਸਮਾਨ ਸਿਰਜਣਾ ਦੇ ਮੂਲਮੰਤਰ ਦਾ ਜਾਪ। (1164)

ਇਕ ਵਾਰ ਬ੍ਰਾਹਮਣਾਂ ਨੇ, ਮਰੀ ਗਊ ਦਿਖਾ ਕੇ ਸੁਲਤਾਨ ਕੋਲ ਨਾਮਦੇਵ ਵਿਰੁੱਧ ਸ਼ਿਕਾਇਤ ਕਰ ਦਿੱਤੀ। ਸੁਲਤਾਨ ਨੇ ਨਾਮਦੇਵ ਨੂੰ ਬੁਲਾ ਲਿਆ ਕਿ ਲਿਆ, ਤੇਰਾ ਰਾਮ ਵੇਖੀਏ? ਬੀਠਲ ਵੇਖੀਏ? ਤੇ ਕਿਹਾ ਕਿ ਗਊ ਨੂੰ ਜਿਉਂਦੀ ਕਰ, ਨਹੀਂ ਤਾਂ ਗਰਦਨ ਕੱਟ ਦਿੱਤੀ ਜਾਵੇਗੀ। (1165)

ਨਾਮਦੇਵ ਨੇ ਉੱਤਰ ਦਿੱਤਾ : ਬਾਦਸ਼ਾਹ ਇਹ ਕਿਵੇਂ ਹੋ ਸਕਦਾ ਹੈ? ਅੱਲਾ ਦੇ ਕੀਤੇ ਨੂੰ, ਭਾਵ ਅੱਲਾ ਦੀ ਦਿੱਤੀ ਮੌਤ ਨੂੰ ਮੈਂ ਕਿਵੇਂ ਜੀਵਤ ਕਰਾਂ। ਮੇਰਾ ਕੀਤਾ ਤਾਂ ਕੁਝ ਨਹੀਂ ਹੁੰਦਾ। ਅੱਲਾ ਰਾਮ ਦਾ ਕੀਤਾ ਹੀ ਹੁੰਦਾ ਹੈ। ਬਾਦਸ਼ਾਹ ਨੂੰ ਕ੍ਰੋਧ ਚੜ੍ਹ ਗਿਆ। ਨਾਮਦੇਵ 'ਤੇ ਹਾਥੀ ਚੜ੍ਹਾ ਦਿੱਤਾ। ਨਾਮਦੇਵ ਦੀ ਮਾਂ ਰੋਈ ਤੇ ਕਹਿਣ ਲੱਗੀ ਕਿ ਰਾਮ ਦੀ ਥਾਂ ਖੁਦਾ ਕਹਿ ਛੱਡ। ਨਾਮਦੇਵ ਨੇ ਮਾਂ ਨੂੰ ਇਨਕਾਰ ਕਰ ਦਿੱਤਾ। ਮੁਸੀਬਤ ਵਿਚ ਵੀ ਸਰਬਸਾਂਝੇ ਹਰੀ ਦੇ ਗੁਣ ਹੀ ਗਾਏ। ਭਾਵ ਤੇਰੀ ਦਿੱਤੀ ਮੌਤ ਨੂੰ ਮੈਂ ਜੀਵਤ ਕਿਵੇਂ ਕਰ ਸਕਦਾ ਹਾਂ। ਹਾਥੀ ਨੇ ਸੁੰਡ ਦੀ ਚੋਟ ਕੀਤੀ, ਨਾਮਦੇਵ ਬਚ ਗਏ। ਜਿਨ੍ਹਾਂ ਨੂੰ ਕਾਜ਼ੀ ਮੁੱਲਾਂ ਸਲਾਮਾਂ ਕਰਦੇ ਹਨ ਨਾਮਦੇਵ ਨੇ ਕਿਹਾ ਕਿ ਇਨ੍ਹਾਂ ਹਿੰਦੂਆਂ ਨੇ ਮੇਰਾ ਮਾਨ ਸਨਮਾਨ ਹੀ ਮਲ ਸੁੱਟਿਆ ਹੈ। ਇਕ ਹੋਰ ਸ਼ਬਦ ਅਨੁਸਾਰ, ਇਹ ਪੰਡੇ ਮੈਨੂੰ ਢੇਡ ਕਹਿੰਦੇ ਹਨ ਤੇ ਮਾਰਦੇ ਹਨ।

ਨਾਮਦੇਵ ਨੂੰ ਹੱਥੀਂ ਬੇੜੀਆਂ ਪਾ ਦਿੱਤੀਆਂ ਪ੍ਰੰਤੂ ਉਸ ਨੇ ਹਰੀ ਗੁਣ ਗਾਉਣੇ ਨਾ ਛੱਡੇ। ਗੰਗਾ ਜਮਨਾ ਉਲਟੀ ਵਹਿੰਦੀ ਰਹੀ। (ਇਸ ਤੋਂ ਅੱਗੇ ਮਰੀ ਗਊ ਨੂੰ ਜੀਵਾਉਣ ਦੀ ਅਤੇ ਨਾਮਦੇਵ ਦੁਆਰਾ ਸੁਲਤਾਨ ਨੂੰ ਸੱਚ ਅਤੇ ਸ਼ੀਲ ਦੇ ਰਸਤੇ 'ਤੇ ਚੱਲਣ ਦੀ ਕਥਾ ਹੈ ਭਾਵ ਉਹ ਮਾਰਗ ਜੋ ਬ੍ਰਾਹਮਣੀ ਮਾਰਗ ਤੋਂ ਉਲਟ ਹੈ। ਜੋ ਅਸੀਂ ਦੇਖ ਆਏ ਹਾਂ ਕਿ ਪਿਤਾਮਾ ਬੁੱਧ ਦਾ ਦਰਸਾਇਆ ਮਾਰਗ ਹੈ।) ਉਹ ਮਾਰਗ ਹੈ ਹਿੰਦੂ ਧਰਮ ਨੂੰ ਤਿਆਗ ਦੇਣ ਦਾ। (1166)

ਸੰਤ ਕਬੀਰ : ਏਥੇ ਬ੍ਰਾਹਮਣ ਦੇ ਸੁੱਚ ਦੇ ਸਿਧਾਂਤ ਵਿਰੁੱਧ ਕੁਦਰਤ ਦੇ ਜੂਠ ਦੇ ਸਿਧਾਂਤ ਦਾ ਵਰਨਣ ਹੈ ਕਿ ਕੁਦਰਤ ਦੀ ਬਣਾਈ ਹਰ ਸ਼ੈਅ ਜੂਠੀ ਹੈ ਭਾਵ ਕਿਸੇ ਦੂਸਰੀ ਵਸਤੂ ਨਾਲ ਜੁੜੀ ਹੈ। ਕਿਸੇ ਚੀਜ਼ ਵਿਚ ਕੋਈ ਸੁੱਚਮ ਨਹੀਂ ਹੈ। ਸੰਤ ਸਤਿਗੁਰ ਕਬੀਰ ਕਹਿੰਦੇ ਹਨ ਕਿ ਮਾਂ-ਬਾਪ, ਬੱਚੇ ਸਭ ਜੂਠੇ ਹਨ। ਭਾਵ ਸਭ ਵਸਤੂਆਂ ਵਿਚ ਰਲਾਅ ਹੈ। ਆਉਣ ਜਾਣ ਜੂਠਾ ਹੈ। ਜੂਠ ਵਿਚ ਹੀ ਮਰਨਾ ਹੈ। ਇਸ ਲਈ ਕਬੀਰ ਸਾਹਿਬ ਬ੍ਰਾਹਮਣ ਨੂੰ ਪੁੱਛਦੇ ਹਨ ਕਿ ਤੂੰ ਹੀ ਦੱਸ ਕਿ ਕਿਹੜੀ ਥਾਂ ਸੁੱਚੀ ਹੈ ਜਿਥੇ ਬੈਠ ਕੇ ਭੋਜਨ ਖਾਧਾ ਜਾ ਸਕਦਾ ਹੈ? ਝੂਠ ਬੋਲਣ ਵਾਲੀ ਜੀਭ ਜੂਠੀ ਹੈ। ਇਵੇਂ ਗਲਤ-ਮਲਤ ਸੁਣਨ ਵੇਖਣ ਵਾਲੇ ਕੰਨ ਤੇ ਨੇਤਰ ਵੀ ਜੂਠੇ ਹਨ। ਕਾਮ ਇੰਦਰੀ ਦੀ ਜੂਠ ਤਾਂ ਕਦੀ ਉਤਰਦੀ ਹੀ ਨਹੀਂ ਬ੍ਰਹਮ ਦੀ ਅੱਗ ਨਾਲ ਭਰੀ ਪਈ ਹੈ ਇਹ। ਅਗਨੀ ਖੁਦ ਜੂਠੀ ਹੈ। ਪਾਣੀ ਵੀ ਜੂਠਾ ਤੇ ਉਹ ਥਾਂ ਵੀ ਜੂਠੀ ਹੈ, ਜਿਥੇ ਬੈਠ ਕੇ ਭੋਜਨ ਪੱਕਿਆ। ਕੜਛੀ ਤੇ ਉਸ ਦੀ ਲੱਕੜ ਵੀ ਜੂਠੀ ਹੈ। ਪਰੋਸ ਕੇ ਜੋ ਖਾਣ ਲੱਗਾ ਹੈ, ਉਹ ਵੀ ਜੂਠਾ ਹੈ। ਗੋਹਾ ਵੀ ਜੂਠਾ ਹੈ, ਚੌਕਾ ਵੀ ਜੂਠਾ ਹੈ ਤੇ ਜਿਹੜੀ ਲਕੀਰ ਕੱਢੀ ਹੈ, ਉਹ ਵੀ ਤਾਂ ਜੂਠੀ ਹੈ।

ਭਾਵ ਹਰ ਵਸਤੂ ਕਿਸੇ ਦੂਜੀ ਵਸਤੂ ਨਾਲ ਭਿੱਟੀ ਹੋਈ ਹੈ। ਕਿਸੇ ਦੇ ਹੱਥ, ਕਿਸੇ ਦੇ ਪੈਰ, ਕਿਸੇ ਦਾ ਸਾਹ, ਕਿਸੇ ਦੇ ਬੋਲ, ਕਿਸੇ ਦੀ ਨਜ਼ਰ ਹਰ ਵਸਤੂ ਦੂਜੀ ਨਾਲ ਛੋਹੀ ਹੋਈ ਹੈ। ਸਾਰਾ ਬ੍ਰਹਿਮੰਡ ਇਕ ਦੂਜੇ ਨਾਲ ਭਿੱਟਿਆ ਹੋਇਆ ਹੈ। ਬੰਦਾ ਝੂਠ ਨਾਲ ਭਿੱਟਿਆ ਹੈ। ਕੋਈ ਥਾਂ ਸੁੱਚੀ ਨਹੀਂ। ਕੋਈ ਭੋਜਨ ਸੁੱਚਾ ਨਹੀਂ। ਇਹ ਕੁਦਰਤ ਦਾ ਨਿਯਮ ਹੈ, ਜਿਸ ਤੋਂ ਖਿਲਾਫ ਹੇ ਬ੍ਰਾਹਮਣ ਤੂੰ ਸੁੱਚਮ ਕਰਦਾ ਹੈਂ। ਭਾਵ ਹਰ ਵਸਤੂ ਕਿਸੇ ਦੂਜੀ ਵਸਤੂ ਦੀ ਮਿਲਾਵਟ ਨਾਲ ਜੂਠੀ ਹੈ। ਖਿਆਲ ਮਾੜੇਪਣ ਨਾਲ ਜੂਠੇ ਹਨ। (1195)

ਸੱਚ ਕਹਾਂ ਤਾਂ ਸਿਰਫ ਓਹੀ ਲੋਕ ਸੁੱਚੇ ਹਨ, ਜਿਨ੍ਹਾਂ ਦੇ ਮਨ ਵਿਚ ਸੱਚੀ ਵਿਚਾਰਧਾਰਾ ਵੱਸ ਗਈ ਹੈ, ਜਿਨ੍ਹਾਂ ਨੇ ਸੱਚ ਸਮਝ ਲਿਆ ਹੈ ਤੇ ਮਨ ਵਿਚ ਵਸਾ ਲਿਆ ਹੈ। ਸੱਚ ਇਹ ਹੈ ਕਿ ਤੂੰ ਪਵਿੱਤਰ ਨਹੀਂ। ਬਾਕੀ ਅਪਵਿੱਤਰ ਨਹੀਂ। ਜੇ ਬਾਕੀ ਸਭ ਭਿੱਟਿਆ ਹੋਇਆ ਹੈ ਤਾਂ ਤੇਰਾ ਵੀ ਕੁਝ ਸੁੱਚਾ ਨਹੀਂ। ਤੂੰ ਵੀ ਕੁਦਰਤ ਦੇ ਨਿਯਮ ਅਨੁਸਾਰ ਜੂਠਾ ਹੈਂ, ਸੁੱਚਾ ਓਹੀ ਹੈ ਜਿਸ ਨੂੰ ਜੂਠ ਦਾ ਸੱਚ ਸਮਝ ਪੈ ਗਿਆ।

ਸੰਤ ਰਵਿਦਾਸ : ਮੈਂ ਰਵਿਦਾਸ ਕਹਿੰਦਾ ਹਾਂ ਕਿ ਜੋ ਮਨੁੱਖ ਇਸ ਸੱਚੀ ਵਿਚਾਰਧਾਰਾ ਵਾਲਾ ਨਾਮ ਜਪਦਾ ਹੈ ਉਸ ਦਾ ਜਾਤ ਨਾਲੋਂ, ਜਨਮ ਤੇ ਜੂਨੀ ਚੱਕਰ ਨਾਲੋਂ ਰਿਸ਼ਤਾ ਨਾਤਾ ਹੀ ਖਤਮ ਹੋ ਜਾਂਦਾ ਹੈ। ਮੁਕਤੀ ਮਿਲ ਜਾਂਦੀ ਹੈ ਉਸਨੂੰ। (ਇਸ ਦਾ ਅਰਥ ਹੈ ਸੱਚੀ ਵਿਚਾਰਧਾਰਾ ਨੂੰ ਜਾਨਣਾ, ਜਾਤ ਜਨਮ ਤੇ ਜੂਨੀ ਚੱਕਰ ਤੋਂ ਮੁਕਤੀ, ਛੁਟਕਾਰਾ, ਮੋਕਸ਼।) (1196)

ਸੰਤ ਨਾਮਦੇਵ : ਹੇ ਮੇਰੇ ਬੀਠਲਾ। ਦੱਸ ਕੀ ਕਰਾਂ, ਇਨ੍ਹਾਂ ਪੰਡਤਾਂ ਨੇ ਮੈਨੂੰ ਸੂਦਰ-ਸੂਦਰ ਕਹਿ ਕੇ ਮਾਰਿਆ ਹੈ। ਇਹ ਮਰੇ ਨੂੰ ਮੁਕਤੀ ਦੇਣ ਦੇ ਦਾਅਵੇ ਕਰਦੇ ਹਨ ਪਰ ਮੈਨੂੰ

ਐਹੋ ਜਿਹੀ ਮੁਕਤੀ ਦੀ ਲੋੜ ਨਹੀਂ। ਇਹ ਪੰਡੇ ਤਾਂ ਮੈਨੂੰ ਢੇੜ ਕਹਿੰਦੇ ਹਨ। ਪਰ ਤੇਰੀ ਮਿਹਰ ਹੈ ਮੇਰੇ 'ਤੇ। ਤੂੰ ਦਿਆਲੂ ਹੈਂ, ਕਿਰਪਾ ਕਰਨ ਵਾਲਾ ਅਤਭੁਜੀ, ਅਪਾਰ ਭਾਵ ਬੇਅੰਤ ਹੈਂ।

ਤੂੰ ਨਾਮੇ ਵਾਸਤੇ ਦੇਹੁਰਾ (ਠਾਕਰ ਦੁਆਰਾ ਮੰਦਰ) ਫੇਰ ਦਿੱਤਾ ਭਾਵ ਮੰਦਰ ਨੂੰ ਮੇਰੀ ਸੋਚ ਵਿਚੋਂ ਹੀ ਕੱਢ ਮਾਰਿਆ ਹੈ ਤੇ ਤੇਰੀ ਕਿਰਪਾ ਨਾਲ (ਭਾਵ ਸੱਚ ਦੇ ਅਨੁਭਵ ਨਾਲ, ਸੱਚੇ ਗਿਆਨ ਨਾਲ) ਮੈਂ ਪੰਡਤਾਂ ਨੂੰ ਹੀ ਪਛਾੜ ਦਿੱਤਾ ਹੈ (ਭਾਵ ਮਨੋਂ ਕੱਢ ਦਿੱਤਾ ਹੈ। ਭਾਵ ਉਨ੍ਹਾਂ ਦੇ ਮੰਦਰ ਦੀ ਉਨ੍ਹਾਂ ਦੀ ਕੋਈ ਗੱਲ ਹੁਣ ਮੇਰੇ ਮਨ ਨੂੰ ਚੰਗੀ ਨਹੀਂ ਲੱਗਦੀ। ਪੰਡਤ ਦਾ ਸਭ ਕੁਝ ਤਿਆਗ ਦਿੱਤਾ।) (1296)

ਇਹ ਗੱਲ ਚੰਗੀ ਲਗਦੀ ਹੈ ਕਿ ਤੂੰ ਜਿਵੇਂ ਬ੍ਰਾਹਮਣਾਂ ਵਿਚ ਹੈਂ ਉਵੇਂ ਮੇਰੇ ਵਿਚ। ਬ੍ਰਾਹਮਣ ਝੂਠ ਬੋਲਦਾ ਹੈ ਕਿ ਉਹ ਉੱਚਾ ਹੈ ਤੇ ਬਾਕੀ ਨੀਵੇਂ। ਪਰ ਤੇਰੀ ਬਣਤ ਵਿਚ ਨਾ ਬ੍ਰਾਹਮਣ ਉੱਚਾ ਹੈ ਤੇ ਨਾ ਮੈਂ ਛੀਂਬਾ ਨੀਵਾਂ। ਗੱਲ ਇਸ ਕਦਰ ਸਮਝ ਪੈ ਗਈ ਹੈ ਕਿ ਮੈਂ ਮੰਦਰ ਤੇ ਬ੍ਰਾਹਮਣ ਦੋਹਾਂ ਨੂੰ ਹੀ ਮਨੋਂ ਵਿਸਾਰ ਦਿੱਤਾ ਹੈ। ਜਦੋਂ ਕਿ ਪਹਿਲਾਂ ਮੈਂ ਮੰਦਰ ਵਿਚ ਪੰਡਤਾਂ ਕੋਲ ਉਨ੍ਹਾਂ ਦੇ ਦੇਵਤੇ ਸਾਹਮਣੇ ਭਜਨ ਗਾਉਣ ਗਿਆ ਸੀ ਤੇ ਜਦੋਂ ਮੈਨੂੰ ਉਨ੍ਹਾਂ ਨੇ ਸੂਦਰ-ਸੂਦਰ ਆਖ ਕੇ ਮਾਰਿਆ ਤਾਂ ਮੈਨੂੰ ਉਨ੍ਹਾਂ ਦੀ ਇਹ ਸਾਰੀ ਗੱਲ ਝੂਠ ਲੱਗੀ। ਮੈਂ ਸੋਚਿਆ, ਸਮਝਿਆ, ਗੁਰੂ ਤੋਂ ਪੁੱਛਿਆ ਜਿਸ ਨੇ ਦੱਸ ਦਿੱਤਾ, ਸਮਝਾ ਦਿੱਤਾ ਕਿ ਨਾ ਬ੍ਰਾਹਮਣ ਉੱਚਾ ਹੈ, ਨਾ ਮੈਂ ਨੀਵਾਂ। ਦੋਹਾਂ ਨੂੰ ਨਿਰੰਕਾਰ ਦੇ ਇਕੋ ਜਿਹੇ ਤੱਤ ਮਿਲੇ ਹਨ। ਦੇਵਤਾ ਜਿਹੜਾ ਨਾ ਹਿਲਦਾ ਹੈ, ਨਾ ਬੋਲਦਾ, ਨਾ ਖਾਂਦਾ ਹੈ, ਨਾ ਪੀਂਦਾ ਹੈ, ਨਾ ਸੁਣਦਾ ਹੈ, ਮੈਂ ਇਸ ਸਭ ਕੁਝ ਨੂੰ ਮਨੋਂ ਪਛਾੜ ਦਿੱਤਾ ਹੈ, ਤਿਆਗ ਦਿੱਤਾ ਹੈ ਤੇ ਬ੍ਰਾਹਮਣ ਦਾ ਸਾਰਾ ਧਰਮ ਕਰਮ ਛੱਡ ਦਿੱਤਾ ਹੈ। (ਇਸ ਸਾਰੇ ਦਾ ਸਮੁੱਚਾ ਭਾਵ ਇਹੀ ਹੈ ਕਿ ਮੈਂ ਹੁਣ ਹਿੰਦੂ ਨਹੀਂ ਮਰੂੰਗਾਂ) .

ਸੰਤ ਰਵਿਦਾਸ : ਬਨਾਰਸ ਦੇ ਰਾਜੇ ਨਾਗਰ ਮੱਲ ਵਲੋਂ ਗੁਰੂ ਰਵਿਦਾਸ ਨੂੰ, ਪੰਡਤਾਂ ਦੁਆਰਾ ਕੀਤੀ ਸ਼ਿਕਾਇਤ 'ਤੇ ਬੁਲਾ ਕੇ ਪੁੱਛ-ਤਾਛ ਕਰਨ ਉਪਰੰਤ ਗੁਰੂ ਜੀ ਨੇ ਕਿਹਾ, ਕਿ ਰਾਜਾ ਨਾਗਰ ਜਨ, ਮੈਨੂੰ ਜਾਤੀ ਤੌਰ 'ਤੇ ਚਮਾਰ ਵਖਿਆਨ ਕੀਤਾ ਗਿਆ ਹੈ (ਜਿਵੇਂ ਬ੍ਰਾਹਮਣ ਦੀ ਸ਼ਿਕਾਇਤ 'ਤੇ ਰਾਮ ਚੰਦਰ ਨੇ ਸ਼ੰਬੂਕ ਰਿਸ਼ੀ ਨੂੰ ਪੁੱਛਿਆ ਸੀ ਕਿ ਤੂੰ ਕੌਣ ਹੈਂ ਜੋ ਭਗਤੀ ਕਰ ਰਿਹੈਂ? ਤਾਂ ਸ਼ੰਬੂਕ ਨੇ ਕਿਹਾ ਸੀ ਰਾਜਾ, ਮੈਂ ਸ਼ੰਬੂਕ ਸ਼ੂਦਰ ਹਾਂ ਤੇ ਭਗਤੀ ਕਰ ਰਿਹਾਂ ਹਾਂ) ਉਵੇਂ ਗੁਰੂ ਜੀ ਕਹਿੰਦੇ ਹਨ ਕਿ ਮੈਨੂੰ ਜਾਤ ਦਾ ਚਮਾਰ ਕਹਿੰਦੇ ਹਨ ਅਤੇ ਮੇਰੇ ਹਿਰਦੇ ਵਿਚ ਸਭ ਦਾ ਸਿਰਜਣਹਾਰ ਰਾਮ ਹੈ (ਦਸ਼ਰਥ ਦਾ ਪੁੱਤਰ ਰਾਮ ਨਹੀਂ)। ਮੈਂ ਉਸ ਦੇ ਗੁਣਾਂ ਦਾ ਸਾਰ ਸਮਝਣ ਦੀ ਕੋਸ਼ਿਸ਼ ਕਰਦਾ ਹਾਂ ਕਿ ਸਾਨੂੰ ਸਭ ਨੂੰ ਉਸ ਨੇ ਬਰਾਬਰ ਬਣਾਇਆ ਹੈ। (ਕਹਿਣ ਦਾ ਭਾਵ ਇਸ ਸੱਚ ਨੂੰ ਬ੍ਰਾਹਮਣ ਨਹੀਂ ਮੰਨਦੇ ਇਹ ਆਪ ਉੱਚੇ ਬਣਦੇ ਹਨ ਬਾਕੀਆਂ ਨੂੰ ਨੀਵੇਂ ਤੇ ਅਛੂਤ ਕਹਿੰਦੇ ਹਨ, ਇਹ ਗੱਲ ਰਵਿਦਾਸ ਨੂੰ ਪ੍ਰਵਾਨ ਨਹੀਂ ਕਿਉਂਕਿ ਬ੍ਰਾਹਮਣ, ਖੱਤਰੀ, ਵੈਸ਼, ਸੂਦਰ, ਹਿੰਦੂ, ਤੁਰਕ, ਮੁਸਲਮਾਨ ਦੀ ਬਣਤਰ ਵਿਚ ਸੂਈ ਜਿੰਨਾ ਵੀ ਫਰਕ ਨਹੀਂ ਹੈ।)

ਰੌਲਾ ਅਸਲ ਇਹ ਹੈ ਕਿ ਮੇਰੀ ਜਾਤ ਕੁਟ ਬਾਂਢਲਾ ਬਣਾ ਰੱਖੀ ਹੈ, ਇਨ੍ਹਾਂ ਬ੍ਰਾਹਮਣਾਂ ਨੇ ਤੇ ਮੈਂ ਬਨਾਰਸ ਦੇ ਆਸ-ਪਾਸ ਮਰੇ ਪਸ਼ੂ ਢੋਂਦਾ ਹਾਂ। ਹਾਲਤ ਇਹ ਬਣ ਗਈ ਹੈ, ਮੈਨੂੰ ਗਿਆਨ ਦੀ ਜੋ ਸੋਝੀ ਮਿਲੀ ਹੈ, ਉਸ ਨੂੰ ਸੁਣ ਕੇ, ਆਮ ਲੋਕ ਤਾਂ ਕੀ ਬ੍ਰਾਹਮਣ ਪ੍ਰਧਾਨ (ਭਾਵ ਉੱਚੇ ਲੋਕ) ਵੀ ਆ ਕੇ ਮੈਨੂੰ ਡੰਡੌਤ ਕਰਨ ਲੱਗ ਪਏ ਹਨ ਤੇ ਮੈਂ ਇਕੋ ਜਿਹੇ ਮਨੁੱਖ ਸਿਰਜਣ ਵਾਲੇ ਦੀ ਸ਼ਰਨ ਪੈਂਦਾ ਹਾਂ (ਭਾਵ ਕਿਸੇ ਅਵਤਾਰ ਜਾਂ ਦੇਵੀ ਦੇਵਤੇ ਦੀ

ਸ਼ਰਨ ਨਹੀਂ ਪੈਂਦਾ, ਜਿਨ੍ਹਾਂ ਨੇ ਇਹ ਜਾਤ-ਪਾਤ ਤੇ ਉਚ-ਨੀਚ ਬਣਾਈ ਹੈ)।

(ਇਕ ਪਾਸੇ ਰੋਲ ਵਿਛੋੜਾ ਹੈ ਦੂਜੇ ਪਾਸੇ ਸੁਮੇਲ ਜਿਸ ਦੀ ਪੁਸ਼ਟੀ ਕਰਦਾ ਹੈ ਬਾਬਾ ਸਾਹਿਬ ਦਾ ਐਲਾਨਨਾਮਾ।)

ਗੁਰੂ ਜੀ ਨੇ ਅੱਗੇ ਕਿਹਾ ਰਾਜਾ ਵੇਖ ਜਿਸ ਗੰਗਾ ਦੀ ਇਹ ਬ੍ਰਾਹਮਣ ਪੂਜਾ ਕਰਦੇ ਹਨ ਉਸੇ ਦੇ ਪਾਣੀ ਨਾਲ ਸ਼ਰਾਬ ਬਣਦੀ ਹੈ। ਇਸ ਨੂੰ ਸੰਤ ਨਹੀਂ ਪੀਂਦੇ। ਮੈਂ ਵੀ ਨਹੀਂ ਪੀਂਦਾ। ਸ਼ਰਾਬ ਅਪਵਿੱਤਰ ਹੈ (ਜਿਸ ਨੂੰ ਉੱਚੀ ਜਾਤ ਦੇ ਪਵਿੱਤਰ ਬੰਦੇ ਸੁਰਾ ਕਹਿ ਕੇ ਪੀਂਦੇ ਹਨ ਤੇ ਭੇਂਟ ਕਰਦੇ ਹਨ। ਤਾਂ ਗੰਗਾ ਜਲ ਨਾਲ ਬਣੀ ਸੁਰਾ ਸ਼ਰਾਬ ਭੇਂਟ ਰੋਕਦੀ ਕਿਉਂ ਨਹੀਂ? ਪ੍ਰਸ਼ਨ ਅਜਿਹਾ ਹੈ) ਭਾਵੇਂ ਇਹ ਹੋਰ ਪਾਣੀਆਂ ਨਾਲ ਵੀ ਬਣੀ ਹੋਵੇ। ਗੰਗਾ ਜਲ ਨਾਲ ਮਿਲ ਕੇ ਇਹ ਪੀਣ ਯੋਗ ਜਾਂ ਪਵਿੱਤਰ ਨਹੀਂ ਬਣ ਜਾਂਦੀ। ਤਰ (ਤਾੜ) ਦੇ ਰੁੱਖ ਤੋਂ ਬਣੀ ਤਾੜੀ ਦੀ ਸ਼ਰਾਬ ਨੂੰ ਇਹ ਲੋਕ ਅਪਵਿੱਤਰ ਮੰਨਦੇ ਹਨ। ਪਰ ਰੁੱਖ ਤੋਂ ਤਾਂ ਵਿਚਾਰ ਕਰਨ ਲਈ ਕਾਗਜ਼ ਵੀ ਬਣਦਾ ਹੈ। ਉਹ ਕਾਗਜ਼ ਅਪਵਿੱਤਰ ਕਿਉਂ ਨਹੀਂ? ਜੇ ਤਾੜ ਦੇ ਦਰੱਖਤ ਤੋਂ ਬਣੀ ਸ਼ਰਾਬ ਅਪਵਿੱਤਰ ਹੈ ਤਿਵੇਂ ਗੰਗਾ ਜਲ ਨਾਲ ਬਣੀ ਸ਼ਰਾਬ ਵੀ ਅਪਵਿੱਤਰ ਹੈ। ਪਰ ਜੋ ਉਸੇ ਰੁੱਖ ਤੋਂ ਕਾਗਜ਼ ਬਣਦਾ ਹੈ ਉਸ ਉੱਤੇ ਭਗਤ ਲੋਕ ਵਿਚਾਰ ਲਿਖਦੇ ਹਨ, ਸਿਫਤਾਂ ਲਿਖਦੇ ਹਨ, ਉਸ ਨੂੰ ਪੂਜਦੇ ਹਨ ਤੇ ਨਮਸਕਾਰ ਕਰਦੇ ਹਨ। ਭਾਵੇਂ ਤਾੜ ਦੇ ਰੁੱਖ ਵਾਂਗ ਮੇਰੀ ਜਾਤ ਕੁਟ ਬਾਂਢਲਾ ਹੈ ਪ੍ਰੰਤੂ ਮੈਂ ਕਾਗਜ਼ 'ਤੇ ਲਿਖੇ ਪਵਿੱਤਰ ਵਿਚਾਰ ਵਾਂਗ ਹਾਂ, ਬਨਾਰਸ ਵਿਚ ਮਰੇ ਪਸ਼ੂ ਢੋਂਦਾ ਹਾਂ ਪਰ ਮੇਰੇ ਸੁੰਦਰ ਵਿਚਾਰਾਂ ਕਰਕੇ ਬ੍ਰਾਹਮਣ ਵੀ ਮੈਨੂੰ ਆ ਕੇ ਡੰਡੌਤ ਕਰਦੇ ਹਨ। ਮੈਂ ਗੰਗਾ ਦੇ ਪਾਣੀ ਤੋਂ ਬਣੀ ਸ਼ਰਾਬ ਨਾ ਪੀਂਦਾ ਹਾਂ, ਨਾ ਇਸ ਨੂੰ ਪਵਿੱਤਰ ਮੰਨਦਾ ਹਾਂ। ਮੈਂ ਉਸ ਦੀ ਸ਼ਰਨ ਹਾਂ, ਉਸ ਦਾ ਦਾਸ ਹਾਂ, ਜੋ ਇਕ ਤੋਂ ਅਨੇਕ, ਹੋਰ ਅਨੇਕ ਭਰਪੂਰ ਰੂਪਾਂ ਹੋਨ, ਵਿਸਥਾਰ ਵਿਚ ਹੈ ਤੇ ਜਿਸ ਦੇ ਗੀਤ ਸਿਫਤਾਂ ਲਿਖਦਿਆਂ, ਜਿਸ ਨੇ ਹੋਰ ਦੂਜਾ ਨਾ ਮੰਨਿਆ ਹੈ, ਨਾ ਵੇਖਿਆ ਹੈ, ਉਸ ਦੀ ਜਾਤ ਹੈ ਅਛੂਤ (ਅਛੋਪ ਛੀਂਪਾ) ਛੀਂਬਾ (ਭਾਵ ਸੰਤ ਸਤਿਗੁਰ ਨਾਮਦੇਵ)। ਯਾਦ ਰੱਖੋ ਕਿ ਗੁਰੂ ਰਵਿਦਾਸ ਆਪਣੇ ਗੁਰੂਆਂ ਭਾਵ ਕਬੀਰ, ਤ੍ਰਿਲੋਚਨ ਦਾ ਜ਼ਿਕਰ ਵਾਰ-ਵਾਰ ਕਰਦੇ ਹਨ ਤੇ ਨਾਲ ਹੀ ਆਪਣੇ ਪੈਰੋਕਾਰ ਸਾਥੀਆਂ ਦਾ ਵੀ ਜਿਵੇਂ ਸਦਨਾ ਸੈਣ ਆਦਿ।

ਦੂਜਾ ਪਰਮ-ਮਨੁੱਖ ਹੈ ਸੰਤ ਕਬੀਰ ਜਿਸ ਦੇ ਲੋਕ ਈਦ ਬਕਰੀਦ ਗਊਬੱਧ ਕਰਦੇ ਹਨ। ਸ਼ੇਖਾਂ ਪੀਰਾਂ ਨੂੰ ਮੰਨਦੇ ਹਨ। ਜਿਸ ਦਾ ਬਾਪ ਵੀ ਇਹੋ ਹੀ ਕਰਦਾ ਸੀ ਪ੍ਰੰਤੂ ਜੋ ਕਬੀਰ ਜੀ ਨੇ ਕੀਤਾ ਉਸ ਨਾਲ ਉਹ ਤਿੰਨਾਂ ਭਵਨਾਂ ਵਿਚ, ਭਾਵ ਪਹਾੜ, ਧਰਤੀ ਤੇ ਪਾਣੀਆਂ ਵਿਚ ਰਹਿੰਦੇ ਲੋਕਾਂ ਵਿਚ ਪ੍ਰਸਿੱਧ ਹੈ। ਉਨ੍ਹਾਂ ਦੀ ਦਿੱਤੀ ਸੋਝੀ ਮੇਰੇ ਪਾਸ ਹੈ ਖਜ਼ਾਨੇ ਵਾਂਗ। ਇਹ ਦੋਵੇਂ ਅਛੂਤ ਹਨ ਤੇ ਮੈਂ ਵੀ ਉਨ੍ਹਾਂ ਦੇ ਉਸੇ ਮਾਰਗ 'ਤੇ ਜਾ ਰਿਹਾ ਹਾਂ, ਜਿਸ ਕਰਕੇ ਕੁਟੰਬ ਸਮੇਤ ਢੋਰ ਢੋਣ ਵਾਲੇ ਚਮਾਰ ਨੂੰ, ਬੜੇ ਸਤਿਕਾਰ ਨਾਲ ਬਿਪਰ ਪ੍ਰਧਾਨ (ਪ੍ਰਧਾਨ ਬ੍ਰਾਹਮਣ) ਵੀ ਡੰਡੌਤ ਕਰਦੇ ਹਨ ਜੋ ਖੁਦ ਦਾਸਾਂ ਦਾ ਦਾਸ ਹੈ। (ਸੁਆਲ ਸੋਚ ਤੇ ਉਸ ਦੀ ਸੋਝੀ ਦਾ ਹੈ)।

ਇਹ ਸ਼ਬਦ ਦੋ ਵਿਚਾਰਧਾਰਕ ਤੇ ਸਮਾਜੀ ਪਰੰਪਰਾਵਾਂ ਵਿਚਕਾਰ ਸਿੱਧਾ ਅੰਤਰ ਸਪੱਸ਼ਟ ਕਰਦਾ ਹੈ। ਇਕ ਪਾਸੇ ਪਵਿੱਤਰ ਬ੍ਰਾਹਮਣ ਤੇ ਗੰਗਾ ਜਲ ਹੈ, ਦੂਜੇ ਪਾਸੇ ਅਛੂਤ ਨਾਮਦੇਵ, ਕਬੀਰ ਤੇ ਰਵਿਦਾਸ ਸੰਤ ਹਨ। ਇਕ ਪਾਸੇ ਗੰਗਾ ਦੇ ਪਾਣੀ ਤੋਂ ਬਣੀ ਸ਼ਰਾਬ ਹੈ; ਦੂਜੇ ਪਾਸੇ ਤਾੜ ਦੇ ਦਰੱਖਤ ਤੋਂ ਬਣੇ ਕਾਗਜ਼ 'ਤੇ ਲਿਖੀ ਮਨੁੱਖੀ ਸਮਾਨਤਾ ਦੀ ਵਿਚਾਰਧਾਰਾ। ਇਕ ਪਾਸੇ ਊਚ-ਨੀਚ ਦੀ ਸਿਰਜਣਾ, ਦੂਜੇ ਪਾਸੇ ਸਭ ਨੂੰ ਸਮਾਨ

ਸਿਰਜਣ ਵਾਲਾ ਪਾਰਬ੍ਰਹਮ। ਇਕ ਨੂੰ ਤਿਆਗਣਾ ਹੈ ਤੇ ਦੂਜੇ ਨੂੰ ਪਾਉਣਾ)। (1293)

ਜਿਸ ਬਾਰੇ ਸੰਤ ਸਤਿਗੁਰੂ ਨਾਮਦੇਵ ਅੱਗੇ ਲਿਖਦੇ ਹਨ :

ਸੰਤ ਨਾਮਦੇਵ: ਸਾਡਾ ਪਾਰਬ੍ਰਹਮ ਕਰਤਾ, ਘਟ-ਘਟ ਵਿਚ ਵਸਦਾ ਹੈ। ਜਿਸ ਨੂੰ ਛੀਂਬੇ ਨਾਲ ਵੀ ਓਨਾ ਹੀ ਲੈਣਾ-ਦੇਣਾ ਹੈ, ਜਿੰਨਾ ਕਿਸੇ ਹੋਰ ਪਵਿੱਤਰ ਕਹਾਉਂਦੇ ਬੰਦੇ ਨਾਲ। ਇਸ ਕਰਤਾ ਨੂੰ ਸਮਝ ਲਿਆ ਜਾਵੇ ਤਾਂ ਤੁਰਤ ਆਦਮੀ ਵਿਤਕਰਿਆਂ ਤੇ ਮਾਇਆਜਾਲ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ ਤੇ ਜਾਤ ਤਾਂ ਕਿਧਰੇ ਦਿਸਦੀ ਨਹੀਂ। ਜਿਵੇਂ ਅਸੀਂ ਪਾਣੀ ਵਿਚ ਆਪਣਾ ਆਪ ਵੇਖ ਲੈਂਦੇ ਹਾਂ ਤਿਵੇਂ ਇਸ ਬ੍ਰਹਿਮੰਡ ਵਿਚੋਂ ਸਾਨੂੰ ਆਪਣਾ-ਆਪ ਸਾਫ ਦਿਸ ਪੈਂਦਾ ਹੈ। ਨਾ ਪਾਣੀ ਸਾਡੀ ਸ਼ਕਲ ਬਦਲਦਾ ਹੈ, ਨਾ ਬ੍ਰਹਿਮੰਡ। (1318)

ਇਸੇ ਕਰਕੇ, ਸੰਤ ਸਤਿਗੁਰ ਕਬੀਰ ਕਹਿੰਦੇ ਹਨ :

ਸੰਤ ਕਬੀਰ : ਸੁਣੋ ਭਾਈ ਇਕ ਦੀ ਸ਼ਰਨ ਆ ਜਾਵੋ। ਇਕ ਹੋ ਜਾਵੋ, ਪ੍ਰੀਤ ਕਰੋ, ਇਹੀ ਨਾਮ ਹੈ। ਕਿਉਂਕਿ ਇਕੋ ਇਕ ਅੱਲਾ ਨੇ ਆਪਣੇ ਇਕ ਨੂਰ ਤੋਂ ਸਾਰੇ ਮਨੁੱਖ ਬਰਾਬਰ ਬਣਾਏ ਹਨ, ਕੋਈ ਉੱਚਾ-ਨੀਵਾਂ ਜਾਂ ਪਵਿੱਤਰ ਅਪਵਿੱਤਰ ਨਹੀਂ ਹੈ। ਮਿੱਟੀ ਇਕ ਹੈ, ਬ੍ਰਹਿਮੰਡ ਦਾ ਇਕੋ ਤੱਤਸਾਰ ਹੈ। ਸਿਰਫ ਅਕਾਰ ਵੱਖਰੇ ਹਨ। ਅੰਦਰੋਂ ਸਭ ਸਮਾਨ ਹੈ, ਫਿਰ ਵਿਤਕਰੇ ਕਿਉਂ? ਨਫਰਤ ਕਿਉਂ? ਊਚ ਨੀਚ ਕਿਉਂ? (1349)

ਸੰਤ ਨਾਮਦੇਵ : ਜਿਵੇਂ ਮਿੱਟੀ ਤੋਂ ਘੜਾ ਬਣ ਗਿਆ ਤਿਵੇਂ ਬੀਠਲ, ਖੁਦ ਆਪ ਹੀ ਆਦਮੀ ਹੈ। ਇਹ ਬੀਠਲ ਨਾ ਬ੍ਰਾਹਮਣ ਹੈ ਨਾ ਸੂਦ।'ਇਸ ਬੰਦੇ ਦੀ ਜੋਤ ਭਾਵ ਤੱਤ ਸਮਾਨਤਾ ਨੂੰ ਤਾਂ ਕੋਈ ਸਮਝਦਾ ਨਹੀਂ ਪਰ ਜੋ ਤੂੰ-ਮੈਂ ਕੀਤਾ ਹੈ ਉਹ ਮਾਲੂਮ ਹੈ। ਭਾਵ ਜੋ ਜਾਤ-ਪਾਤ ਊਚ-ਨੀਚ ਰੰਗ-ਨਸਲ ਬੰਦਿਆਂ ਨੇ ਬਣਾਈ ਹੈ, ਉਹ ਸਭ ਜਾਣਦੇ ਹਨ (ਜਦੋਂ ਕਿ ਜਾਨਣਾ ਤਾਂ ਇਹ ਜ਼ਰੂਰੀ ਹੈ ਕਿ ਬੀਠਲ ਖੁਦ ਹੀ ਮਿੱਟੀ ਹੈ ਤੇ ਖੁਦ ਹੀ ਘੜਾ ਹੈ। ਘੜੇ ਤੇ ਮਿੱਟੀ 'ਚ ਕੋਈ ਅੰਤਰ ਨਹੀਂ। ਫਿਰ ਇਹ ਬ੍ਰਾਹਮਣ ਜਾਂ ਛੀਂਬਾ, ਜੁਲਾਹਾ, ਚਮਾਰ ਤੇ ਨਾਈ ਆਦਿ ਕਿਵੇਂ ਹੋ ਗਏ?) ਇਹ ਝੂਠ ਹੈ, ਮਨਘੜਤ ਹੈ, ਇਸ ਰਚਨਾ ਨਾਲ ਇਕ ਏਕੰਕਾਰ ਦਾ ਕੋਈ ਰਿਸ਼ਤਾ-ਨਾਤਾ ਨਹੀਂ ਹੈ। (ਇਉਂ ਝੂਠ ਦਾ ਤਿਆਗ ਤੇ ਸੱਚ ਨੂੰ ਪਰਨਾਉਣ ਦਾ ਸਿਧਾਂਤ ਹੈ, ਮੈਂ ਹਿੰਦੂ ਨਹੀਂ ਮਰੂੰਗਾ ਦਾ ਐਲਾਨਨਾਮਾ) (1351)

ਸੰਤ ਕਬੀਰ : ਸੰਤ ਸਤਿਗੁਰ ਕਹਿੰਦੇ ਹਨ ਕਿ ਜੇ ਦੁਬਿਧਾ ਦੂਰ ਕਰਨੀ ਹੈ, ਭੇਦ ਮਿਟਾਉਣਾ ਹੈ, ਆਪਸੀ ਨਫਰਤ ਮਾਰਨੀ ਹੈ, ਝਗੜਾ ਮੁਕਾਉਣਾ ਹੈ, ਸੁਖ ਅਨੰਦ ਨਾਲ ਜੀਵਨ ਬਸਰ ਕਰਨਾ ਹੈ ਤਾਂ ਕੇਵਲ 'ਇਕ' ਨਾਲ ਪ੍ਰੀਤ ਕਰੋ। ਬਾਕੀ ਸਭ ਝੂਠ ਹੈ। ਚਾਹੇ ਕੋਈ ਲੰਬੇ ਕੇਸ ਕਰੀ ਫਿਰੇ ਤੇ ਚਾਹੇ ਕੋਈ ਸਿਰ ਨੂੰ ਘਰੜ ਮੁੰਨਾਈ ਫਿਰੇ। ਇਉਂ ਪਖੰਡ ਕਰਨ ਨਾਲ ਸੱਚ ਦੀ ਸਮਝ ਨਹੀਂ ਪੈਂਦੀ। (ਕੇਸ ਰੱਖਣ ਜਾਂ ਮੁੰਨਣ ਨਾਲ ਸੋਝੀ ਨਹੀਂ ਆਉਂਦੀ। ਸੋਝੀ ਤਾਂ ਸੱਚਾ ਗੁਰੂ ਦਿੰਦਾ ਹੈ ਜੋ ਸਭ ਨੂੰ ਬਰਾਬਰ ਦੇਖਣ ਦੀ ਦ੍ਰਿਸ਼ਟੀ ਰੱਖਦਾ ਹੈ) (1365)

ਮਨ ਤਾਂ ਮੁੰਨਿਆਂ ਨਹੀਂ, ਸਾਧਿਆ ਨਹੀਂ, ਪਾਪ-ਰਹਿਤ ਨਹੀਂ ਕੀਤਾ, ਧੋਤਾ ਨਹੀਂ, ਮਾਂਜਿਆ ਨਹੀਂ, ਸਵਾਰਿਆ ਨਹੀਂ, ਕੇਸਾਂ ਦਾ ਮੁੰਡਨ ਕਰਨ ਨਾਲ ਭਲਾ ਕੀ ਹੋ ਜਾਵੇਗਾ? ਜੋ ਕਰਨਾ ਹੈ ਜਾਂ ਕਰਦਾ ਹੈ ਉਹ ਤਾਂ ਮਨ ਹੈ। ਸਿਰਾਂ ਦਾ ਮੁੰਨਣਾ ਤਾਂ ਵਿਅਰਥ ਹੈ। ਸਿਰ ਮੁੰਨਣ ਜਾਂ ਨਾ ਮੁੰਨਣ ਨਾਲ ਮਨ 'ਤੇ ਕੀ ਅਸਰ ਹੋਵੇਗਾ ਭਲਾ? (1369)

ਕਬੀਰ ਕਹਿੰਦੇ ਹਨ,

ਮੈਂ ਤਾਂ ਕਹਿੰਦਾ ਹਾਂ ਕਿ ਐਹੋ ਜਿਹੇ ਗੁਰੂ ਦੀ ਮਾਂ ਮੁੰਨ ਦਿਉ ਜਿਹੜਾ ਮਨ ਦਾ

ਭਰਮ ਨਹੀ ਖਤਮ ਕਰ ਸਕਦਾ। ਮਨ ਵਿਚੋਂ ਕੂੜ ਨਹੀਂ ਕੱਢ ਸਕਦਾ। ਇਹ ਗੁਰੂ ਆਪ ਤਾਂ ਵੇਦਾਂ ਵਿਚ ਫੁੱਬ ਗਏ ਹਨ ਤੇ ਬੇਸ਼ੁਮਾਰ ਚੇਲੇ ਇਨ੍ਹਾਂ ਨੇ ਲੋਕਾਂ ਨੂੰ ਡੋਬਣ ਲਈ ਬਹਾ ਛੱਡੇ ਹਨ। (1369-70)

ਇਕ ਹਰੀ ਦਾ ਸਿਮਰਨ ਛੱਡ ਕੇ ਜੇ ਔਰਤ ਅਹੋਈ (ਭਾਵ ਜੋ ਹੋਈ ਹੀ ਨਹੀਂ) ਵਰਤ ਰੱਖੂਗੀ, ਗਧੀ ਬਣ ਕੇ ਅਉਤਰੀ ਜਾਊਗੀ, ਗ੍ਰੰਥਾਂ ਦਾ ਚਾਰ ਮਣ ਬੇਮਤਲਬ ਭਾਰ ਸਹਿੰਦੀ ਹੋਈ। (ਜਿਸ ਨੂੰ ਸੱਚ ਦੀ ਸੋਝੀ ਨਹੀਂ ਬੱਸ ਧਰਮ-ਗ੍ਰੰਥਾਂ ਅਨੁਸਾਰ ਕਰਮਕਾਂਡ ਵਿਚ ਮਸਤ ਹੈ) (1370)

ਮੈਂ ਤਾਂ ਸਤਿਗੁਰ ਦੀ ਕ੍ਰਿਪਾ ਨਾਲ ਨਰਕ ਤੇ ਸੁਰਗ ਦੋਹਾਂ ਤੋਂ ਮੁਕਤ ਹੋ ਗਿਆ ਹਾਂ। (ਤਿਆਗ) (1370)

ਸੱਚੇ-ਸੁੱਚੇ ਸੰਤ ਪੁਰਖਾਂ ਦਾ ਲੜ ਨਾ ਛੱਡੋ, ਉਨ੍ਹਾਂ ਦੇ ਦੱਸੇ ਮਾਰਗ 'ਤੇ ਚਲੋ। ਜਿਨ੍ਹਾਂ ਨੂੰ ਵੇਖਦਿਆਂ ਹੀ ਪਵਿੱਤਰ ਹੋ ਜਾਈਏ ਅਤੇ ਭੇਟਾ ਕਰਨ 'ਤੇ, ਮਨ ਵਿਚ ਸੱਚੀ ਵਿਚਾਰਧਾਰਾ ਦਾ ਨਾਮ ਜਾਪ ਸ਼ੁਰੂ ਹੋ ਜਾਵੇ ਭਾਵ ਝੂਠ ਤੇ ਕੂੜ ਦੀ ਸੋਚ ਮਨ 'ਚੋਂ ਨਿਕਲ ਜਾਵੇ। (1371)

ਸੰਤ ਕਬੀਰ ਕਹਿੰਦੇ ਹਨ ਕਿ ਇਹ ਤਾਂ ਓਹੀ ਕੁਝ ਹੈ ਜੋ ਇਕ ਕਰਤਾਰ ਨੇ ਕੀਤਾ ਹੈ ਕਿ ਬ੍ਰਹਿਮੰਡ ਦੇ ਹਿੱਸੇ ਸੂਰਜ 'ਚੋਂ ਧਰਤੀ ਟੁੱਟੀ। ਗੈਸਾਂ ਰਲੀਆਂ ਮਿਲੀਆਂ ਠੰਡੀਆਂ ਹੋਈਆਂ, ਮਿੱਟੀ ਬਣੀਆਂ। ਦੋ ਗੈਸਾਂ ਤੋਂ ਪਾਣੀ ਬਣਿਆ, ਪਾਣੀ ਤੋਂ ਜੰਗਲ ਬੇਲੇ ਤੇ ਜੀਵ ਬਣਿਆ ਤੇ ਇਹ ਜੀਵ ਜੋ ਚਾਰ ਗੈਸਾਂ ਦਾ ਸੁਮੇਲ ਹੈ, ਬੰਦਾ ਬਣ ਗਿਆ। ਇਹ ਵਿਸਥਾਰ ਹੋਇਆ ਹੈ। ਇਕ ਕਰਤਾ ਦਾ ਕੀਤਾ, ਆਪਣੇ ਆਪ ਹੋਇਆ।

ਉਸ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ (ਜਿਵੇਂ ਬ੍ਰਾਹਮਣ ਦਸਦਾ ਹੈ ਕਿ ਬ੍ਰਹਮਾ ਨੇ ਸਿਰ, ਬਾਹਾਂ, ਲੱਤਾਂ ਤੇ ਪੈਰਾਂ ਤੋਂ ਉੱਚੇ ਨੀਵੇਂ ਵਰਨ ਬਣਾਏ, ਬੰਦੇ ਬਣਾਏ) ਇਹ ਸਭ ਝੂਠ ਹੈ ਪ੍ਰੰਤੂ ਪਾਰਬ੍ਰਹਮ ਕਰਤਾ ਤੋਂ ਜੋ ਵਿਸਥਾਰ ਹੋਇਆ ਓਹੀ ਸੱਚ ਹੈ ਜੁਗੋ ਜੁਗ ਸੱਚ। (1371) ਮੈਂ (ਕਬੀਰ) ਕਹਿੰਦਾ ਹਾਂ ਕਿ ਜਿਥੇ ਗਿਆਨ ਹੈ ਧਰਮ ਸਿਰਫ ਉਥੇ ਹੈ। ਜਿਥੇ ਝੂਠ ਹੈ ਉਥੇ ਧਰਮ ਨਹੀਂ ਸਿਰਫ ਪਾਪ ਹੈ। ਜਿਥੇ ਲੋਭ ਹੈ ਉਥੇ ਹਰ ਵਕਤ ਮੌਤ ਦਿਸਦੀ ਹੈ। ਮੌਤ ਦਾ ਡਰ ਸਤਾਉਂਦਾ ਹੈ ਪ੍ਰੰਤੂ ਜਿਥੇ ਦਇਆ ਹੈ, ਸਮਾਨ ਦ੍ਰਿਸ਼ਟੀ ਹੈ ਉਥੇ ਰੱਬ ਆਪ ਆ ਖੜ੍ਹਦਾ ਹੈ। (1372) ਕਾਮੀ, ਕ੍ਰੋਧੀ, ਲੋਭੀ, ਹੰਕਾਰੀ ਤੇ ਝੂਠਾ ਸੰਸਾਰ, ਲੱਕੜ ਦੀ ਕੋਠੜੀ ਵਾਂਗ ਹੈ ਜਿਸ ਨੂੰ ਚਾਰੋਂ ਤਰਫ ਦਸਾਂ ਦਿਸ਼ਾਵਾਂ ਤੋਂ ਹੀ ਅੱਗ ਲੱਗੀ ਹੈ ਤੇ ਸਭ ਨੂੰ ਇਸ ਦਾ ਸੇਕ ਲੱਗ ਰਿਹਾ ਹੈ।

ਸੰਤ ਕਬੀਰ ਕਹਿੰਦੇ ਹਨ ਕਿ ਇਸ ਜਲਦੀ ਹੋਈ ਕਾਠ ਦੀ ਕੋਠੜੀ ਵਿਚ ਪੰਡਤ-ਪੰਡਤ ਇਕੱਲੇ ਜਲ ਕੇ ਮਰ ਗਏ ਹਨ ਤੇ ਜਿਨ੍ਹਾਂ ਨੂੰ ਪੰਡਤ ਮੂਰਖ ਕਹਿੰਦਾ ਹੈ ਉਹ ਭੱਜ ਕੇ ਬਚ ਨਿਕਲੇ ਹਨ। ਗੱਲ ਸਿਖਰ 'ਤੇ ਪੁੱਜ ਗਈ ਹੈ। (ਏਥੇ ਜਲਦੀ ਹੋਈ, ਸੜਦੀ ਹੋਈ ਕੋਠੀ ਤੇ ਉਸ ਦੇ ਤਿਆਗ ਨੂੰ ਚੰਗੀ ਤਰ੍ਹਾਂ ਸਮਝੋ) (1373) ਤੇ ਇਸੇ ਦਾ ਅਰਥ ਹੈ ਕਿ ਮੈਂ ਹਿੰਦੂ ਨਹੀਂ ਮਰੂੰਗਾ।

ਤੇ ਇਹ ਸਲੋਕ ਪੜ੍ਹੋ :

- ਕਬੀਰ ਬਾਮਨ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥
  ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥
- ਬੂਡਤ ਡੋਬਹਿ ਅੰਧ ਗਤਿ ਅਰੁ ਚੀਨਤ ਨਾਹੀ ਸੰਤ।

ਕਹਿ ਨਾਮਾ ਕਿਉ ਪਾਈਐ ਬਿਨ ਭਗਤਹੁ ਭਗਵੰਤ॥ (1377)

- ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

(ਏਥੇ ਦੋਜਖ ਜਾਂ ਨਰਕ ਕਰਮਕਾਂਡੀਆਂ ਵਾਸਤੇ ਹੈ ਨਾ ਕਿ ਸੱਤ ਮਾਰਗੀਆਂ ਵਾਸਤੇ। ਜੋ ਨਰਕ ਸੁਰਗ ਨੂੰ ਰੱਦ ਕਰਦੇ ਹਨ) ਗੁਰੂ ਨਰਕ ਤੇ ਸੁਰਗ ਨੂੰ ਕੇਵਲ ਬ੍ਰਾਹਮਣਵਾਦੀਆਂ ਦੇ ਪ੍ਰਸੰਗ ਵਿਚ ਹੀ ਲਿਖਦੇ ਹਨ।

ਗੁਰੂ ਗ੍ਰੰਥ ਵਿਚ ਇਕੋ ਥਾਂ ਆਏ ਇਹ ਤਿੰਨੇ ਸਲੋਕ ਬ੍ਰਾਹਮਣਵਾਦੀ ਸਿਸਟਮ ਦੇ ਤਿਆਗ ਉਪਰੰਤ ਨਵਾਂ ਮਾਰਗ ਸਥਾਪਤ ਕਰ ਦਿੰਦੇ ਹਨ ਜਿਸ ਦਾ ਸਿੱਧਾ ਅਰਥ ਹੈ ਕਿ ਹਿੰਦੂ ਬ੍ਰਾਹਮਣੀ ਸਮਾਜ ਵਿਚ ਪੈਦਾ ਹੋਏ, ਹਿੰਦੂ ਸਮਾਜ ਦੀਆਂ ਰੀਤਾਂ ਅਨੁਸਾਰ ਜੰਮੇ ਪਲੇ ਤੇ ਵੱਡੇ ਹੋਏ, ਉਨ੍ਹਾਂ ਅੰਤ ਸੱਚ ਨੂੰ ਸਮਝ ਕੇ ਹਿੰਦੂ ਧਰਮ ਦੀ ਹਰ ਚੀਜ਼ ਦਾ ਤਿਆਗ ਕਰ ਦਿੱਤਾ। ਤਿਆਗ ਕੀਤਾ ਹੀ ਨਹੀਂ ਲਿਖ ਦਿੱਤਾ, ਐਲਾਨ ਕਰ ਦਿੱਤਾ ਜਿਸ ਦੇ ਆਧਾਰ 'ਤੇ ਬਾਬਾ ਸਾਹਿਬ ਨੇ ਕਿਹਾ ਕਿ, 'ਉਹ ਹਿੰਦੂ ਰਹਿੰਦਿਆਂ ਮਰਨਗੇ ਨਹੀਂ।'

ਇਹ ਸਤਰ ਵਰਨ ਜਾਤ ਵਿਵਸਥਾ ਵਿਰੁੱਧ ਪੂਰਨ ਇਨਕਲਾਬ ਹੈ। ਇਸ ਇਨਕਲਾਬ ਨੂੰ ਸਮਝਣ ਲਈ ਭਾਰਤ ਦੇ ਉੱਚ-ਜਾਤੀ, ਬੁੱਧੀਜੀਵੀਆਂ ਅਤੇ ਨੀਵੀਂ ਜਾਤ ਦੇ ਪਿਛਲੱਗੂ ਤੇ ਚਾਪਲੂਸ ਬੁੱਧੀਜੀਵੀਆਂ ਨੇ ਸਮਝਣ ਵੱਲ ਕੋਈ ਧਿਆਨ ਨਹੀਂ ਦਿੱਤਾ। ਸਗੋਂ ਇਸ ਇਨਕਲਾਬ ਨੂੰ ਰੋਕਣ ਲਈ ਹਰ ਸੰਭਵ ਸ਼ੈਤਾਨੀ ਭਰਿਆ ਯਤਨ ਕੀਤਾ। ਇਹ ਉਮੀਦ ਕਮਿਊਨਿਸਟਾਂ ਤੋਂ ਕੀਤੀ ਜਾ ਸਕਦੀ ਸੀ ਪ੍ਰੰਤੂ ਇਨ੍ਹਾਂ ਨੇ ਬੁੱਧ ਨੂੰ, ਬਾਣੀ ਨੂੰ ਅਤੇ ਅੰਬੇਡਕਰ ਨੂੰ ਕੋਈ ਨਾ ਕੋਈ ਬਹਾਨਾ ਘੜ ਕੇ, ਖਾਸ ਕਰਕੇ ਪੜ੍ਹਨ-ਲਿਖਣ ਆਏ ਸੋਚਵਾਨ ਸਮਾਜ ਕੋਲੋਂ ਦੂਰ ਵਗਾਹ ਮਾਰਿਆ। ਭਾਰਤੀ ਕਮਿਊਨਿਸਟਾਂ ਨੇ ਬ੍ਰਾਹਮਣਾਂ ਦੀ ਅਗਵਾਈ ਵਿਚ, ਦਰੜੀ ਪਿਸੀ ਤੇ ਅਪਮਾਨਤ ਜਨਤਾ ਨੂੰ ਇਸ ਸੱਚ ਤੋਂ ਕੋਰੇ ਰੱਖ ਕੇ ਇਕ ਵੱਡਾ ਛਲ ਕੀਤਾ, ਜਿਸ ਨੂੰ ਭੁਲਾਇਆ ਨਹੀਂ ਜਾ ਸਕਦਾ। ਕਮਿਊਨਿਸਟਾਂ ਨੇ ਹੋਰ ਤਾਂ ਹੋਰ ਭਾਰਤੀ ਸੰਵਿਧਾਨ, ਲੋਕਤੰਤਰ, ਬੁਨਿਆਦੀ ਅਧਿਕਾਰ ਅਤੇ ਵੋਟ ਦੇ ਅਧਿਕਾਰ ਨੂੰ ਰੱਜ ਕੇ ਭੰਡਿਆ, ਰੱਜ ਕੇ ਅਣਗੌਲਿਆਂ ਕੀਤਾ ਕਿ ਪੰਜਾਹ ਵਰ੍ਹਿਆਂ ਵਿਚ ਉਹ ਇਨ੍ਹਾਂ ਮੂਲ ਵਿਸ਼ਿਆਂ ਵੱਲ ਪਰਤਣ ਤੋਂ ਇਨਕਾਰੀ ਬਣੇ ਰਹੇ। ਵਿਦਿਅਕ ਪਾਠ ਤਾਂ ਉਸੇ ਦਾ ਹੋਣਾ ਸੀ ਜਿਸ ਦਾ ਰਾਜ ਹੁੰਦਾ ਹੈ ਤੇ ਜਿਨ੍ਹਾਂ ਨੇ ਬੁੱਧ ਨੂੰ ਸੰਭਾਲਿਆ, ਜਿਨ੍ਹਾਂ ਨੇ ਅੰਬੇਡਕਰ ਤੇ ਬਾਣੀ ਨੂੰ ਸੰਭਾਲਿਆ, ਜਿਨ੍ਹਾਂ ਨੇ ਸੰਵਿਧਾਨ ਨੂੰ ਸੰਭਾਲਿਆ ਸਭ ਨੇ ਕੋਈ ਨਾ ਕੋਈ ਢੰਗ-ਤਰੀਕਾ ਲਾਗੂ ਕਰਕੇ, ਅਸਲੀ ਮੁੱਦੇ ਦਾ ਮੂੰਹ ਮੁਹਾਂਦਰਾ ਵਿਗਾੜ ਕੇ ਸਮਾਜਕ ਇਨਕਲਾਬ ਨੂੰ ਪੁੱਠਾ ਮੋੜਿਆ। ਸੋਚ ਬਣਨ ਹੀ ਨਹੀਂ ਦਿੱਤੀ।

ਜਿਨ੍ਹਾਂ ਤੋਂ ਇਹ ਉਮੀਦ ਬਣੀ ਸੀ, ਜਿਹੜੇ ਇਸੇ ਉਮੀਦ ਨਾਲ ਖੜ੍ਹੇ ਹੋਏ ਤੇ ਅੱਗੇ ਵਧੇ ਸੀ, ਜਿਨ੍ਹਾਂ ਦਾ ਮੂਲ ਅਧਾਰ ਹੀ ਬੁੱਧ, ਬਾਣੀ, ਅੰਬੇਡਕਰ ਤੇ ਭਾਰਤੀ ਸੰਵਿਧਾਨ ਦਾ ਮੂਲ ਢਾਂਚਾ ਸੀ, ਉਨ੍ਹਾਂ ਨੇ ਵੀ ਜਿਉਂ-ਜਿਉਂ ਰਾਜਨੀਤਕ ਪੌੜੀ ਦੇ ਟੰਬੇ ਚੜ੍ਹਨੇ ਸ਼ੁਰੂ ਕੀਤੇ, ਖ਼ੁਦਗਰਜ਼ ਲਾਲਸਾ ਅਧੀਨ ਸਮਾਜਕ ਇਨਕਲਾਬ ਦੀ ਪੈਦਾ ਹੋ ਰਹੀ, ਬਣ ਰਹੀ, ਜੰਮ ਰਹੀ, ਵਧ ਰਹੀ, ਫੈਲ ਰਹੀ ਤੇ ਤਾਕਤ ਫੜ ਰਹੀ ਮਨੋਬਿਰਤੀ ਨੂੰ ਲਾਂਭੇ ਸੁੱਟ ਕੇ ਸਗੋਂ ਲਤਾੜ ਕੇ ਕੇਵਲ ਰਾਜਸੀ ਲਾਭਾਂ ਵੱਲ ਨੂੰ ਧੂੰਸ ਵੱਟ ਲਈ।

ਇਸ ਕਰਕੇ ਭਾਰਤ ਦਾ ਖਾਸ ਕਰਕੇ ਦੱਬਿਆ-ਕੁਚਲਿਆ ਵਰਗ, ਪੜ੍ਹਿਆ-ਲਿਖਿਆ ਵਰਗ, ਬੁੱਧੀਮਾਨ ਹੋ ਰਿਹਾ ਵਰਗ, ਰਾਜਸੀ ਜੜ੍ਹਾਂ ਜਮਾ ਰਿਹਾ ਵਰਗ ਇਹ

ਨਹੀਂ ਸਮਝ ਸਕਿਆ ਕਿ ਕਿਸੇ ਵੀ ਸਮਾਜਕ ਕ੍ਰਾਂਤੀ ਦੀਆਂ ਜੜ੍ਹਾਂ, ਪੈਦਾ ਹੁੰਦੀ ਸਮਾਜਕ ਮਨੋਬਿਰਤੀ ਵਿਚ ਹੁੰਦੀਆਂ ਹਨ। ਜੋ ਦੋਸ਼ ਅੰਬੇਡਕਰੀ ਬਣਦੀਆਂ ਸਫਾਂ ਵਲੋਂ ਕੀਤਾ ਗਿਆ ਹੈ ਇਹ ਕਮਿਊਨਿਸਟਾਂ ਤੋਂ ਵਧੇਰੇ ਗੰਭੀਰ ਹੈ। ਕਿਉਂਕਿ ਹਰ ਬਦਲਾਅ ਵਿਚਾਰਧਾਰਕ ਸੋਚ ਅਤੇ ਬਦਲਾਅ ਵਿਚ ਹੀ ਛੁਪਿਆ ਹੁੰਦਾ ਹੈ। ਇਸ ਖਿਆਲ ਨੂੰ ਤਿਆਗ ਕੇ ਬੱਜਰ ਗੁਨਾਹ ਕੀਤਾ ਹੈ ਲਾਲਚੀ ਲੋਕਾਂ ਨੇ।

ਇਸ ਵੇਲੇ ਜਦੋਂ ਭਾਰਤੀ ਦਲਿਤ ਸਾਹਿਤ, ਸਮਾਜਕ ਇਨਕਲਾਬ ਦਾ ਮੋਹਰੀ ਬਣਿਆ ਨਜ਼ਰ ਆ ਰਿਹਾ ਹੈ, ਵਿੱਦਿਅਕ ਖੇਤਰਾਂ ਵਿਚ ਵੀ, ਬਹੁਜਨ ਦੀ ਦੁਰਦਸ਼ਾ ਅਤੇ ਜ਼ਾਲਮ ਜਮਾਤਾਂ ਦੀ ਪਛਾਣ ਉੱਘੜ ਰਹੀ ਹੈ ਤਾਂ ਠੀਕ ਉਸ ਸਮੇਂ ਅੱਗੇ ਲੱਗੇ ਨਿਮਨ ਜਾਤੀਆਂ ਦੇ ਖਾਸ ਸਮੂਹ ਇਨਕਲਾਬੀ ਮਨੋਬਿਰਤੀਆਂ ਪੈਦਾ ਕਰਨ ਦੀ ਜ਼ਰੂਰਤ ਤੋਂ ਪਾਸਾ ਵੱਟ ਗਏ ਹਨ। ਅਸੀਂ ਇਸ ਕਮਜ਼ੋਰੀ ਨੂੰ ਨਾ ਛੁਪਾ ਕੇ, ਇਨਕਲਾਬੀ ਮਨੋਬਿਰਤੀ ਨੂੰ ਕਾਇਮ ਰੱਖਣ ਲਈ ਵਿਚਾਰਧਾਰਕ ਕ੍ਰਾਂਤੀ ਨੂੰ ਉਭਾਰਨ ਦੇ ਯਤਨਾਂ ਵਿਚ ਹਾਂ ਤੇ ਇਹ ਮੰਨ ਕੇ ਚੱਲ ਰਹੇ ਹਾਂ ਕਿ ਇਨਕਲਾਬ ਕੇਵਲ ਬੰਦੂਕ ਦੀ ਨਾਲੀ ਵਿਚੋਂ ਨਹੀਂ ਸਮਾਜਕ ਇਨਕਲਾਬ ਦੀਆਂ ਦੁਸ਼ਮਣ ਜਮਾਤਾਂ ਦੇ, ਸਿਸਟਮ ਦੇ ਹਰੇਕ ਪਹਿਲੂ ਨਾਲ ਸਖਤ ਘਿਰਣਾ ਵਿਚੋਂ ਪੈਦਾ ਹੁੰਦਾ ਹੈ।

ਜਿਵੇਂ ਸੰਤ ਕਬੀਰ ਕਹਿੰਦੇ ਹਨ,

- ਜਬ ਹਮ ਏਕੋ ਏਕੁ ਕਰਿ ਜਾਨਿਆ॥
  ਤਬ ਲੋਗਹ ਕਾਹੇ ਦੁਖੁ ਮਾਨਿਆ॥

ਸਹੀ ਗੱਲ ਹੀ ਤਾਂ ਦੁਸ਼ਮਣ ਨੂੰ ਦੁਖੀ ਕਰੇਗੀ। ਪੁੱਤ੍ਰ ਇਨਕਲਾਬ, ਬਣੇ ਹੋਏ ਭੈੜੇ ਸਿਸਟਮ ਨਾਲ ਵਿਰੋਧ ਤੇ ਘਿਰਣਾ ਦੀ ਬਿਰਤੀ ਵਿਚ ਹੈ, ਜਿਵੇਂ ਗੁਰੂ ਰਵਿਦਾਸ ਕਹਿੰਦੇ ਹਨ : ਤੇਰਾ ਮੇਰਾ (ਭਾਵ ਪਾਰਬ੍ਰਹਮ ਕਰਤਾ ਦਾ) ਅੰਤਰ ਕੈਸਾ ਹੈ? ਜੇਹੋ ਜੇਹਾ ਅੰਤਰ ਸੋਨੇ ਅਤੇ ਗਹਿਣੇ ਵਿਚ ਹੈ। ਜੇਹੋ ਜੇਹਾ ਅੰਤਰ ਪਾਣੀ ਤੇ ਉਸ ਦੀ ਲਹਿਰ ਵਿਚ ਹੈ। ਜੇਹੋ ਜੇਹਾ ਅੰਤਰ ਮਿੱਟੀ ਅਤੇ ਘੜੇ ਵਿਚ ਹੈ। (ਭਾਵ ਕੋਈ ਅੰਤਰ ਨਹੀਂ, ਬ੍ਰਾਹਮਣ, ਸ਼ੂਦਰ, ਕਾਲਾ, ਗੋਰਾ, ਤੀਵੀਂ, ਮਰਦ ਸਭ ਬਰਾਬਰ ਹਨ)।

ਸੰਤ ਕਬੀਰ : ਉਸ ਦਾ ਕਾਹਦਾ ਜਪ, ਕਾਹਦਾ ਤਪ, ਕਾਹਦੀ ਬਰਤ ਪੂਜਾ ਜਿਸ ਦੇ ਸੀਨੇ ਵਿਚ ਵਰਨ ਜਾਤ ਜਾਂ ਰੰਗ ਨਸਲ ਦਾ ਦੂਜਾ ਭਾਉ ਭਾਵ ਵਿਤਕਰਾ ਭਰਿਆ ਹੋਇਆ ਹੈ? ਨਫਰਤ ਭਰੀ ਪਈ ਹੈ। ਉਨ੍ਹਾਂ ਦਾ ਧਰਮ-ਕਰਮ, ਪੂਜਾ-ਪਾਠ ਕਿਸ ਕੰਮ? ਜਦੋਂ ਕਿ ; ਜਮ ਤੇ ਉਲਟਿ ਭਏ ਹੈ ਰਾਮ॥

ਕਿ ਪਾਰਬ੍ਰਹਮ ਦੀ ਸਮਝ ਤਾਂ ਧਰਮਰਾਜ ਦੇ ਜਮ ਸਿਧਾਂਤ ਤੋਂ ਹੈ ਹੀ ਉਲਟ। ਭਾਵ ਧਰਮਰਾਜ, ਜਮਦੂਤ ਤੇ ਨਰਕ ਦਾ ਡਰ ਤਾਂ ਹੈ ਹੀ ਵਰਨ ਜਾਤੀ ਸਿਸਟਮ ਦੀ ਉਪਜ। ਜਦੋਂ ਨਰਕ ਤੇ ਸੁਰਗ ਹੀ ਨਹੀਂ ਹਨ ਤਾਂ ਫਿਰ ਧਰਮਰਾਜ ਤੇ ਜਮਦੂਤ ਕਿਵੇਂ ਹੋਏ? ਜੇ ਜਮਦੂਤ ਨਹੀਂ ਤਾਂ ਭੈਅ ਸਾਗਰ ਦਾ ਡਰ ਕਾਹਦਾ? ਜੇ ਡਰ ਨਹੀਂ ਤਾਂ ਵਰਤ, ਪੂਜਾ, ਦਾਨ, ਵੇਦ, ਪਾਠ, ਪੁੰਨ, ਸ਼ਰਾਧ, ਦੇਵ ਪੂਜਾ, ਤੀਰਥ ਇਸ਼ਨਾਨ ਕਾਹਦੇ ਲਈ? ਜੇ ਇਸ ਤਾਣੇ-ਬਾਣੇ ਨੂੰ ਮੰਨ ਲਿਆ ਤਾਂ ਹਿੰਦੂ, ਜੇ ਇਕ ਰਾਮ ਦੀ ਰਚਨਾ ਨੂੰ ਮੰਨ ਲਿਆ ਤਾਂ ਮੁਕਤਾ।

ਜਿਵੇਂ ਕਬੀਰ ਸਤਿਗੁਰ ਕਹਿੰਦੇ ਹਨ ਕਿ

- ਅਬ ਮਨੁ ਉਲਟਿ ਸਨਾਤਨੁ ਹੂਆ॥

ਕਿ ਹੁਣ ਮਨ ਨੇ ਪਛਾਣਿਆ ਹੈ ਮੂਲ, ਆਪਣਾ ਸਨਾਤਨ ਰੂਪ।

• ਤਬ ਜਾਨਿਆ ਜਬ ਜੀਵਤ ਮੂਆ॥

ਇਹ ਗੱਲ ਵੀ ਉਦੋਂ ਸਮਝ ਪਈ ਜਦੋਂ ਮਰਿਆ ਮਨ ਜਿਉਂਦਾ ਹੋ ਉੱਠਿਆ। ਸੁੱਤਾ ਜਾਗ ਪਿਆ, ਅਕਲ ਖਾਨੇ ਆ ਵੜੀ। ਗਿਆਨ ਪ੍ਰਕਾਸ਼ ਹੋਇਆ। ਬੁੱਧੀ ਬਲ ਜਗ ਉੱਠਿਆ ਤਾਂ ਸਭ ਸਿੱਧੀਆਂ ਹੋ ਗਈਆਂ। ਪਹਿਲਾਂ ਸ਼ੂਦਰ ਸੀ, ਨਾ ਅਕਲ ਤੇ ਨਾ ਮੱਤ। ਚੁਰਾਸੀ ਦਾ ਗੇੜ ਸੀ, ਸਾਰੀ ਉਮਰ। ਡਰ ਭੈਅ ਸੀ, ਹਰ ਪਲ, ਹਰ ਘੜੀ। ਜਦ ਸਮਝ ਪਈ ਤਾਂ ਹਨੇਰਾ ਚੁੱਕਿਆ ਗਿਆ। ਅੰਦਰ ਗਿਆਨ ਦੇ ਦੀਪ ਲਟ-ਲਟ ਬਲ ਉੱਠੇ। ਅਸੀਂ ਮਰੇ ਜਿਉਂਦੇ ਹੋ ਗਏ। ਸਨਾਤਨ ਤੇ ਪੁਰਾਤਨ ਕਥਾ ਕਹਾਣੀ ਸਭ ਪੱਲੇ ਪੈ ਗਈ। ਰੋਸ਼ਨੀ ਫੈਲ ਗਈ, ਸੱਚ ਦਿਸ ਪਿਆ।

• ਗਇਆ ਭਰਮੁ, ਰਹਿਆ ਪਰਮਾਨੰਦਾ॥

• ਕਹਿ ਕਬੀਰ ਇਕ ਬੁਧਿ ਬੀਚਾਰੀ॥
ਕਿਆ ਬਸੁ ਜਉ ਬਿਖ ਦੇ ਮਹਤਾਰੀ॥

ਬੁੱਧੀ ਤੋਂ ਕੰਮ ਲਿਆ, ਸੁੱਤਾ ਮਨ ਜਾਗਿਆ ਤਾਂ ਭਰਮ ਮਿਟ ਗਿਆ। (ਜਮਦੂਤਾਂ ਤੇ ਨਰਕ ਦੇ ਡਰ ਦੀ ਥਾਂ) ਪਰਮ ਅਨੰਦ ਮਿਲ ਗਿਆ। ਜਦੋਂ ਬਿਖ ਦੇ ਵੱਸ ਪਏ ਸੀ ਵਰਨ ਜਾਤ ਤੇ ਕਰਮਕਾਂਡ ਦੀ ਜ਼ਹਿਰ ਦੇ ਮਤਾਹਿਤ ਸੀ ਤਾਂ ਭੈਅ ਹਰ ਵੇਲੇ ਦੁਖੀ ਕਰਦਾ ਸੀ।

• ਬਿਖਿਆ ਬਿਆਪਿਆ ਸਗਲ ਸੰਸਾਰੁ॥
ਬਿਖਿਆ ਲੈ ਡੂਬੀ ਪਰਵਾਰ॥

ਸਾਰੇ ਮੁਲਕ ਨੂੰ, ਸਾਰੇ ਸਮਾਜ ਨੂੰ, ਸਾਰੀ ਦੁਨੀਆਂ ਨੂੰ, ਵਰਨ-ਜਾਤ ਤੇ ਰੰਗ-ਨਸਲ ਦੀ ਜ਼ਹਿਰ ਨੇ ਖਾ ਲਿਆ ਹੈ। ਹਰ ਪਰਵਾਰ ਡੱਸ ਲਿਆ ਹੈ, ਇਸ ਜ਼ਹਿਰ ਨੇ। ਪ੍ਰੰਤੂ ਜਦੋਂ ਗੁਰੂ ਦਾ ਗਿਆਨ ਮਿਲਿਆ, ਬੁੱਧ ਪ੍ਰਕਾਸ਼ ਭਈ, ਹਨੇਰਾ ਮੁੱਕਿਆ ਤਾਂ ਹੋਇਆ ਕੀ?

• ਕਹਤ ਕਬੀਰ ਭਲੇ ਅਸਵਾਰਾ॥
ਬੇਦ ਕਤੇਬ ਤੇ ਰਹੇ ਨਿਆਰਾ॥

ਅਜੇਹੇ ਸੁਘੜ ਸਵਾਰ ਬਣੇ ਕਿ ਵੇਦਾਂ ਕਤੇਬਾਂ ਦੇ ਜਾਲ ਤੋਂ ਮੁਕਤ ਹੋ ਗਏ।

• ਹਮ ਦੇਖਤ ਜਿਨਿ ਸਭੁ ਜਗੁ ਲੂਟਿਆ॥
ਕਹੁ ਕਬੀਰ ਮੈ ਰਾਮ ਕਹਿ ਛੂਟਿਆ॥

ਕਿਸ ਦੀ ਦਇਆ ਨਾਲ? ਕਿਸ ਦੀ ਕਿਰਪਾ ਨਾਲ? ਕਿਸ ਦੇ ਗਿਆਨ ਨਾਲ?

• ਗੁਰ ਪਰਸਾਦੀ ਜੈ ਦੇਉ ਨਾਮਾਂ॥
ਭਗਤਿ ਕੈ ਪ੍ਰੇਮ ਇਨ ਹੀ ਹੈ ਜਾਨਾਂ॥

ਸਿੱਖਿਆ ਮਿਲੀ ਸੰਤ ਜੈ ਦੇਵ ਤੋਂ। ਗਿਆਨ ਮਿਲਿਆ ਸੰਤ ਸਤਿਗੁਰ ਨਾਮ ਦੇਵ ਤੋਂ। ਇਨ੍ਹਾਂ ਤੋਂ ਮਿਲੀ ਪ੍ਰੇਮ ਤੇ ਭਗਤੀ ਦੀ ਅਸਲੀ ਸੋਖਿਆ।

• ਸਤਿਗੁਰ ਕੀਨੋ ਪਰਉਪਕਾਰ॥
ਕਾਢਿ ਲੀਨ ਸਾਗਰ ਸੰਸਾਰ॥

ਡੁੱਬੇ ਪਏ ਸੀ, ਮੋਏ ਹੋਏ, ਅਗਿਆਨੀ, ਅੰਧਵਿਸ਼ਵਾਸੀ, ਮੂਰਖ, ਢੋਰ, ਕਬੁੱਧੇ। ਸਤਿਗੁਰ ਨੇ ਪਰਉਪਕਾਰ ਕੀਤਾ, ਸਾਨੂੰ ਭੈਅ ਸਾਗਰ 'ਚੋਂ ਕੱਢ ਲਿਆ। ਬ੍ਰਾਹਮਣ ਦੇ ਬ੍ਰਹਮ-ਵਰਨ-ਪ੍ਰਬੰਧ ਤੋਂ ਮੁਕਤੀ ਮਿਲ ਗਈ।

ਹੁਣ ਬ੍ਰਾਹਮਣ ਨੂੰ ਪੁੱਛੀ ਖੜ੍ਹੇ ਹਾਂ ਕਿ, ਦੱਸ ਪੰਡਤ!

• ਰਾਮੁ ਬਡਾ ਕੈ ਰਾਮਹਿ ਜਾਨਿਆਂ॥

- ਬ੍ਰਹਮਾ ਬਡਾ ਕਿ ਜਾਸੁ ਉਪਾਇਆ॥
  ਤੀਰਥੁ ਬਡਾ ਕਿ ਹਰਿ ਕਾ ਦਾਸ॥

ਕਿ ਰਾਮ ਚੰਦਰ ਵੱਡਾ ਹੈ ਕਿ ਜਿਸ ਨੇ ਰਾਮ ਨੂੰ ਸਮਝ ਲਿਆ ਉਹ? ਬ੍ਰਹਮਾ ਵੱਡਾ ਹੈ ਜਾਂ ਬ੍ਰਹਮਾ ਨੂੰ ਪੈਦਾ ਕਰਨ ਵਾਲਾ ਪਾਰਬ੍ਰਹਮ ਕਰਤਾ ਵੱਡਾ ਹੈ? ਦੱਸ, ਤੀਰਥ ਵੱਡਾ ਹੈ ਜਾਂ ਫਿਰ ਏਕਓਂਕਾਰ ਕਰਤਾਰ ਨੂੰ ਮੰਨਣ ਵਾਲਾ ਦਾਸ-ਸ਼ੂਦਰ?

ਤੁਸੀਂ ਤਾਂ :

- ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ॥

ਪਰੰਤੂ :

- ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥
- ਬ੍ਰਿੰਦਾਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ॥
- ਜਾਕਾ ਠਾਕੁਰੁ ਤੁਹੀ ਸਾਰਿੰਗ ਧਰ ਮੋਹਿ ਕਬੀਰਾ ਨਾਊ ਰੇ॥

ਭਾਵ ਬਿੰਦਰਾ ਬਣ ਵਿਚ ਗੋਪੀਆਂ ਗਵਾਲਿਆਂ ਦੇ ਮਨਾਂ ਨੂੰ ਮੋਹ ਲੈਣ ਵਾਲਾ, ਹਰਨ ਵਾਲਾ ਕ੍ਰਿਸ਼ਨ ਗਊਆਂ ਚਰਾ ਰਿਹਾ ਹੈ। (ਹਿੰਦੂ) ਲੋਕ ਉਸ ਨੂੰ ਭਗਵਾਨ ਕਹਿੰਦੇ ਹਨ। ਬ੍ਰਾਹਮਣ ਵੇਦ ਤੇ ਗਊ ਰਖਸ਼ਕ। ਪ੍ਰੰਤੂ ਕਬੀਰ ਜਿਸ ਦਾ ਠਾਕੁਰ ਉਹ ਸਭ ਦਾ ਇਕ ਕਰਤਾ ਹੈ, ਉਸ ਦਾ ਭਗਵਾਨ ਇਹ ਕ੍ਰਿਸ਼ਨ ਨਹੀਂ ਹੈ। ਕਿੰਨੀ ਸਪੱਸ਼ਟ ਹੈ ਗੱਲ ਕਿ ਹਿੰਦੂ ਜਨਮ ਲੈਣਾ ਵੱਸ ਵਿਚ ਨਹੀਂ ਸੀ ਪ੍ਰੰਤੂ ਹਿੰਦੂ ਰਹਿੰਦਿਆਂ ਨਾ ਮਰਨਾ ਇਹ ਤਾਂ ਵੱਸ ਵਿਚ ਹੈ। ਇਹ ਹੈ ਇਕ ਅਮਾਨਵੀ ਵਿਚਾਰਧਾਰਾ ਦਾ ਪੂਰਨ ਤਿਆਗ।

ਇਕ ਪਾਸੇ :

- ਪੰਡਿਤ ਲੋਗਹ ਕਉ ਬਿਉਹਾਰ॥
  ਗਿਆਨਵੰਤ ਕਉ ਤਤੁ ਬੀਚਾਰ॥
  ਪੰਦ੍ਰਹ ਥਿਤੀ ਸਾਤ ਵਾਰ॥
  ਕਹਿ ਕਬੀਰ ਉਰਵਾਰ ਨ ਪਾਰ॥

ਦੂਜੇ ਪਾਸੇ :

- ਜੀਵਤ ਪਾਵਹੁ ਮੋਖ ਦੁਆਰ॥
  ਅਨਭਉ ਸਬਦੁ ਤਤੁ ਨਿਜੁ ਸਾਰ॥
- ਪਾਂਚੈ ਪੰਚ ਤਤ ਬਿਸਥਾਰ॥

ਅਤੇ

- ਨੀਚ ਊਚ ਨਹੀ ਮਾਨ ਅਮਾਨ॥
  ਬਿਆਪਿਕ ਰਾਮ ਸਗਲ ਸਾਮਾਨ॥

ਜਦੋਂ ਬਾਬਾ ਸਾਹਿਬ ਇਹ ਕਹਿੰਦੇ ਹਨ ਕਿ ਉਨ੍ਹਾਂ ਦੇ ਦੂਜੇ ਗੁਰੂ ਸੰਤ ਕਬੀਰ ਹਨ ਤਾਂ ਇਸ ਦਾ ਸਾਫ ਅਰਥ ਕਬੀਰ ਸਾਹਿਬ ਦੀ ਵਿਚਾਰਧਾਰਾ ਹੈ, ਜਿਸ ਨੂੰ ਉਹ ਗੁਰੂ ਕਹਿੰਦੇ ਹਨ, ਜੋ ਇਕ ਵਿਸ਼ੇਸ਼ ਵਿਅਕਤੀ ਰਾਹੀਂ ਪ੍ਰਗਟ ਹੋਈ ਤੇ ਫਲੀ ਫੁੱਲੀ, ਜੋ ਪੂਰੀ ਬਾਣੀ ਵਿਚ ਵਾਰ-ਵਾਰ ਵਿਦਮਾਨ ਹੋਈ।

ਸਤਿਗੁਰ ਰਵਿਦਾਸ ਬੇਗਮਪੁਰਾ ਸ਼ਬਦ ਵਿਚ ਜੋ ਸੰਕਲਪ ਪੇਸ਼ ਕਰਦੇ ਹਨ ਉਹ ਪੂਰਨ ਰੂਪ ਵਿਚ ਬ੍ਰਾਹਮਣੀ ਵਰਨ ਜਾਤੀ ਦੇ ਦੁੱਖ ਸੰਤਾਪ ਤੋਂ ਮੁਕਤ ਹੈ :

- ਕਾਇਮੁ ਦਾਇਮੁ ਸਦਾ ਪਾਤਿਸਾਹੀ॥

ਦੋਮ ਨ ਸੇਮ ਏਕ ਸੋ ਆਹੀ॥
ਕਹਿ ਰਵਿਦਾਸ ਖਲਾਸ ਚਮਾਰਾ॥ (ਪੂਰੀ ਤਰ੍ਹਾਂ ਮੁਕਤ ਮਨੁੱਖ)
ਜੋ ਹਮ ਸਹਰੀ ਸੁ ਮੀਤ ਹਮਾਰਾ॥

(ਹਮ ਸਹਿਰੀ ਹੋਣਾ ਤੇ ਮੀਤ ਹੋਣਾ ਹੀ ਬ੍ਰਾਹਮਣਵਾਦ ਦੇ ਵਰਨ ਜਾਤ ਤੋਂ ਮੁਕਤ ਹੋਣ ਦਾ ਮਾਰਗ ਹੈ)

ਦੂਜੇ ਪਾਸੇ :

- ਸਨਕ ਸਨੰਦ ਅੰਤੁ ਨਹੀ ਪਾਇਆ॥
  ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ॥

ਇਹ ਸਤਰ ਉਸ ਬ੍ਰਹਮਾ ਦੇ ਵਿਰੁੱਧ ਫਤਵਾ ਹੈ, ਜਿਸ ਨੂੰ ਹਿੰਦੂ ਧਰਮ ਅਨੁਸਾਰ ਸ੍ਰਿਸ਼ਟੀ ਦਾ ਰਚਨਹਾਰ ਕਿਹਾ ਗਿਆ ਹੈ। ਏਥੇ ਬ੍ਰਹਮਾ ਦੀ ਸਾਰੀ ਕੀਤੀ ਕਰਾਈ ਨੂੰ ਬੇਅਰਥ ਮੰਨਿਆ ਗਿਆ ਹੈ। ਨਾਲ ਹੀ ਲਿਖ ਦਿੱਤਾ ਕਿ :

- ਸਰਪਨੀ ਤੇ ਊਪਰਿ ਨਹੀ ਬਲੀਆ॥ (ਬਲੀ)
  ਜਿਨਿ ਬ੍ਰਹਮਾ ਬਿਸਨੁ ਮਹਾਦੇਊ ਛਲੀਆ॥

ਹਿੰਦੂ ਧਰਮ ਅਨੁਸਾਰ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ (ਸ਼ਿਵ ਜੀ) ਸ੍ਰਿਸ਼ਟੀ ਨੂੰ ਤਿੰਨੇ ਆਪਣੀ ਮਰਜ਼ੀ ਅਨੁਸਾਰ ਚਲਾਉਂਦੇ ਹਨ। ਬ੍ਰਹਮਾ ਸ੍ਰਿਸ਼ਟੀ ਰਚਦਾ ਹੈ। ਵਿਸ਼ਨੂੰ ਸ੍ਰਿਸ਼ਟੀ ਦੀ ਪਾਲਣਾ ਕਰਦਾ ਹੈ। ਤੇ ਮਹੇਸ਼ ਇਸ ਦਾ ਨਾਸ਼ ਕਰਦਾ ਹੈ। ਪਰੰਤੂ ਸੰਤ ਸਤਿਗੁਰ ਕਹਿੰਦੇ ਹਨ ਕਿ ਇਹ ਤਿੰਨੇ ਤ੍ਰੈਗੁਣ ਰੋਗੀ ਹਨ।

ਬ੍ਰਾਹਮਣਾਂ ਤੇ ਹਿੰਦੂਆਂ ਦੁਆਰਾ ਜਿਸ ਗੱਲ ਨੂੰ ਗੁਣ ਕਿਹਾ ਜਾਂਦਾ ਹੈ ਇਹ ਅਸਲ ਵਿਚ ਇਕ ਭਰਮ ਰੋਗ ਹੈ। ਇਨ੍ਹਾਂ ਤਿੰਨਾਂ ਨੂੰ ਹੀ ਬਲੀ ਮਾਇਆ ਭਾਵ ਕਾਮ, ਕ੍ਰੋਧ ਤੇ ਹੰਕਾਰ ਨੇ ਵਲਿਆ ਹੋਇਆ ਹੈ। ਅਸਲ ਵਿਚ ਸੱਚ ਤਾਂ ਇਹ ਹੈ ਕਿ :

- ਈਭੈ ਬੀਠਲੁ ਊਭੈ ਬੀਠਲੁ
  ਬੀਠਲ ਬਿਨੁ ਸੰਸਾਰੁ ਨਹੀ॥
  ਥਾਨ ਥਨੰਤਰਿ ਨਾਮਾ ਪ੍ਰਣਵੈ
  ਪੂਰਿ ਰਹਿਓ ਤੂ ਸਰਬ ਮਾਹੀ॥
  ਸਭੁ ਗੋਬਿਦੁ ਹੈ ਸਭੁ ਗੋਬਿਦੁ ਹੈ
  ਗੋਬਿਦ ਬਿਨੁ ਨਹੀ ਕੋਈ॥

ਭਾਵ ਧਰਤੀ ਨੂੰ ਪਾਲਣਹਾਰ ਕੁਦਰਤ ਹੈ। ਇਹੀ ਗੋਬਿੰਦ ਹੈ। ਕਰਤਾ, ਪਾਲਕ ਤੇ ਕਾਲ ਕਰਤ। ਜਿਸ ਬਾਰੇ ਬਾਣੀ ਦਾ ਕਥਨ ਹੈ ਕਿ ਕੁਦਰਤ ਨੇ ਸਾਰਾ ਧਨ ਜੀਵਾਂ ਨੂੰ ਖਾਣ-ਪੀਣ, ਪਹਿਨਣ, ਰਹਿਣ-ਸਹਿਣ ਵਾਸਤੇ ਦਿੱਤਾ ਹੈ ਪ੍ਰੰਤੂ ਸ਼ੈਤਾਨ, ਮੂਰਖ ਲੋਕਾਂ ਨੇ ਇਹ ਧਾਰਨਾ ਬਣਾ ਲਈ ਹੈ ਕਿ 'ਇਹ ਧਨ' ਉਨ੍ਹਾਂ ਦਾ ਹੈ। ਇਸੇ ਲਈ ਧਰਤੀ 'ਤੇ ਉਨ੍ਹਾਂ ਨੇ ਬਹੁਤ ਦੁੱਖ ਪੈਦਾ ਕੀਤੇ ਹੋਏ ਹਨ।

ਯਾਦ ਰੱਖਣਾ ਸਾਡੇ ਖਿਆਲ ਵਿਚ ਜੋ ਪਾਰਬ੍ਰਹਮ ਕਰਤਾ ਬਾਣੀ ਅਨੁਸਾਰ ਹੈ, ਉਹ ਪੂਰੇ ਅਨੰਤ ਬ੍ਰਹਿਮੰਡ ਦਾ ਸਰੂਪ ਹੈ ਜੋ ਆਪਣੇ ਆਪ ਤੋਂ ਹੈ, ਜਿਸ ਨੂੰ ਕੋਈ ਦੇਵੀ-ਦੇਵਤਾ ਨਹੀਂ ਬਣਾ ਸਕਦਾ। ਉਸ ਤੋਂ ਹੀ ਆਪਣੇ ਆਪ ਸਭ ਅਕਾਰ ਬਣ ਰਹੇ ਹਨ। ਆਪਣੇ ਆਪ ਮਿਟ ਰਹੇ ਹਨ। ਆਦਮੀ ਜਾਂ ਜੀਵ ਦੀ ਪੈਦਾਵਾਰ ਅਰਬਾਂ ਸਾਲ ਦੀ ਪ੍ਰਕਿਰਿਆ ਹੈ। ਇਸ ਦਾ ਬ੍ਰਹਮਾ, ਵਿਸ਼ਨੂੰ, ਮਹੇਸ਼, ਰਾਮ, ਕ੍ਰਿਸ਼ਨ, ਇੰਦਰ ਜਾਂ ਹੋਰ ਕਿਸੇ

ਦੇਵ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਜਿਨ੍ਹਾਂ ਨੂੰ ਸ੍ਰਿਸਟੀ ਦਾ ਕਰਤਾ-ਧਰਤਾ ਅਤੇ ਭੂਦੇਵ ਕਿਹਾ ਜਾਂਦਾ ਹੈ ਉਨ੍ਹਾਂ ਦਾ ਹਾਲ ਇਉਂ ਹੈ :

- ਬੇਦ ਪੜੇ ਪੜਿ ਪੰਡਿਤ ਮੂਏ
  ਰੂਪ ਦੇਖਿ ਦੇਖਿ ਨਾਰੀ॥

(ਜਾਂ)

- ਊਚੇ ਮੰਦਰ ਸੁੰਦਰ ਨਾਰੀ॥
  ਰਾਮ ਨਾਮ ਬਿਨ ਬਾਜੀ ਹਾਰੀ॥

ਦੂਜੇ ਪਾਸੇ :

- ਰਵਿਦਾਸੁ ਜਪੈ ਰਾਮ ਨਾਮਾ॥
  ਮੋਹਿ ਜਮੁ ਸਿਉ ਨਾਹੀ ਕਾਮਾ॥

ਏਥੇ ਰਾਮ ਨਾਮ ਮੂਲ ਰੂਪ ਜਮਾਂ ਦੇ ਹਿਦੂ ਸਿਧਾਂਤ ਦਾ ਤਿਆਗ ਹੈ।
ਕਿਉਂਕਿ

- ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ॥
  ਕਮਲਾ ਪਤਿ ਕਵਲਾ ਨਹੀ ਜਾਨਾ॥ (ਸੰਤ ਕਬੀਰ)
- ਇੰਦ੍ਰ ਲੋਕ ਸਿਵ ਲੋਕਹਿ ਜੈਬੋ॥ (ਜੇਹੇ ਲੋਕ)
  ਓਛੇ ਤਪ ਕਰਿ ਬਾਹਰਿ ਐਬੋ॥ (ਭੇੜ)
- ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥
  ਹਮ ਕਹੀਅਤ ਕਲਿਜੁਗ ਕੇ ਕਾਮੀ॥
  ਕਹਿ ਰਵਿਦਾਸ ਸਭੈ ਜਗੁ ਲੂਟਿਆ॥
  ਹਮ ਤਉ ਏਕ ਰਾਮੁ ਕਹਿ ਛੂਟਿਆ॥

(ਜੱਗ ਲੁੱਟਣ ਦੇ ਪ੍ਰਬੰਧ ਨੂੰ ਤਿ[illegible] ਹੀ ਛੁਟਕਾਰਾ ਹੈ। ਮੋਕਸ਼ ਹੈ। ਨਿਰਬਾਣ ਪਦ ਹੈ) ਇਹ ਮੁਕਤੀ, ਇਹ ਬੰਦਖਲਾਸੀ, ਇਹ ਨਿਰਬਾਣ ਪਦ, ਇਹ ਪਹੁੰਚ, ਇਹ ਸਮਝ ਬੋਧ, ਇਹ ਗਿਆਨ ਪ੍ਰਕਾਸ਼ ਹੀ ਹੈ ਜਿਸ ਨੂੰ ਬਾਬਾ ਸਾਹਿਬ ਨੇ ਜਾਨਣ ਉਪਰੰਤ ਹੀ ਕਿਹਾ ਕਿ ਉਹ ਹਿਦੂ ਰਹਿੰਦਿਆਂ ਨਹੀਂ ਮਰਨਗੇ।

ਇਕ ਪਾਸੇ ਬ੍ਰਾਹਮਣਾਂ ਦੇ ਕਹੇ ਹਿੰਦੂ ਭਗਵਾਨ ਰਾਜਾ ਰਾਮ ਚੰਦਰ ਸ਼ੰਭੂਕ ਨੂੰ ਭਗਤੀ ਕਰਨ ਦੇ ਗੁਨਾਹ ਕਾਰਨ ਕਤਲ ਕਰਦਾ ਹੈ ਦੂਜੇ ਪਾਸੇ ਸੰਤ ਬਾਣੀ ਦਾ ਖਿਆਲ ਹੈ ਕਿ : ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰ ਅਉਰੁ ਨ ਕੋਇ॥

ਕਿ ਚਾਹੇ ਕੋਈ ਬ੍ਰਾਹਮਣ ਹੈ, ਚਾਹੇ ਖੱਤਰੀ, ਸੂਰਮਾ ਜਾਂ ਛਤਰਪਤੀ ਚੱਕਰਵਰਤੀ ਰਾਜਾ ਇਨ੍ਹਾਂ 'ਚੋਂ ਇਕ ਵੀ ਭਗਤ ਬਰਾਬਰ ਨਹੀਂ ਹੈ। ਜਦੋਂ ਕਿ ਹਿਦੂ ਧਰਮ ਅਨੁਸਾਰ ਸ਼ੂਦਰ ਨੂੰ ਭਗਤੀ ਕਰਨ 'ਤੇ ਕਤਲ ਕੀਤਾ ਜਾਂਦਾ ਹੈ।

ਤੇ ਸੰਤ ਸਤਿਗੁਰ ਦਾ ਉਪਦੇਸ਼ ਹੈ ਕਿ ਮਾਂ ਚਾਹੇ ਕੋਈ ਵੀ ਹੋਵੇ, ਉਸ ਨੂੰ ਇਨਕਲਾਬੀ ਭਗਤ, ਦਇਆਵਾਨ ਦਾਤਾ ਜਾਂ ਦੀਨ ਦੁਖੀ ਦੇ ਹਿਤ ਲਈ ਲੜਨ ਮਰਨ ਵਾਲਾ ਯੋਧਾ ਪੈਦਾ ਕਰਨਾ ਚਾਹੀਦਾ ਹੈ। ਨਹੀਂ ਤਾਂ ਉਹ ਆਪਣੀ ਕੁੱਖ ਦਾ ਨੂਰ ਖਰਾਬ ਨਾ ਕਰੇ। ਅਜਾਈ [illegible] ਗੁਆਵੇ।

ਪੂਰੇ ਗੁਰੂ ਗ੍ਰੰਥ ਸਾਹਿਬ ਵਿਚ ਇਕ ਸਤਰ ਵਿਚ ਵੀ ਇਹ ਭਾਵਨਾ ਨਹੀਂ ਹੈ ਕਿ ਕੋਈ ਮਾਂ, ਕਿਸੇ ਬ੍ਰਹਮਾ, ਵਿਸ਼ਨੂੰ, ਮਹੇਸ਼, ਇੰਦਰ, ਰਿਸ਼ੀ, ਮੁਨੀ, ਬ੍ਰਾਹਮਣ, ਖੱਤਰੀ, ਰਾਮ,

ਕ੍ਰਿਸ਼ਨ ਆਦਿ ਜੇਹੇ ਪੈਦਾ ਕਰੇ ਪ੍ਰੰਤੂ ਉਸ ਦਾ ਇਹੀ ਸੰਕਲਪ ਹੈ ਕਿ ਹਰ ਮਾਂ ਕੋਈ ਭਗਤ, ਦਾਤਾ ਜਾਂ ਸੂਰਮਾ ਪੈਦਾ ਕਰੇ।

ਸੂਰਮਾ ਕਿਹੋ ਜੇਹਾ :

- ਸੂਰਾ ਸੋ ਪਹਿਚਾਨੀਐ ਜੁ ਲਰੈ (ਲੜੇ) ਦੀਨ ਕੇ ਹੇਤ॥
  ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥ (ਸੰਤ ਕਬੀਰ)

ਸੂਰਮਾ, ਖੱਤਰੀ ਅਜਿਹਾ ਨਾ ਹੋਵੇ ਜੋ ਸਿਰਫ ਬ੍ਰਾਹਮਣ ਤੇ ਉਸ ਦੇ ਵੇਦਾਂ ਸ਼ਾਸਤਰਾਂ ਲਈ ਲੜੇ ਮਰੇ। ਸਗੋਂ ਦੀਨ ਦੁਖੀ ਦੇ ਹਿਤ ਲਈ ਲੜੇ ਮਰੇ। ਦੁੱਖ ਹਰਨ ਲਈ, ਸੁਖ ਪੈਦਾ ਕਰਨ ਲਈ ਲੜੇ। ਮਨੁੱਖੀ ਕਲਿਆਣ ਲਈ ਲੜੇ

ਅਜਿਹਾ ਭਗਤ ਨਾ ਹੋਵੇ ਕਿ

- ਅਬਰਨ ਬਰਨ ਸਿਉ ਮਨ ਹੀ ਪ੍ਰੀਤਿ॥
  ਹਉਮੈ ਗਾਵਨਿ ਗਾਵਹਿ ਗੀਤ॥

ਭਾਵ ਅਜੇਹਾ ਸੂਰਮਾ ਨਾ ਹੋਵੇ ਕਿ ਉਹ ਜਾਤ ਵਰਨ ਨਾਲ ਪ੍ਰੀਤ ਕਰੇ ਤੇ ਜਾਤੀ ਹੰਕਾਰ ਦੇ ਗੀਤ ਗਾਵੇ। ਅਜੇਹੇ ਭਗਤਾਂ ਸੂਰਮਿਆਂ ਦਾ ਕੋਈ ਸੰਕਲਪ ਬਾਣੀ ਵਿਚ ਨਹੀਂ ਹੈ। ਟੀ.ਵੀ. ਤੇ ਹਿੰਦੂ ਸਾਧੂਆਂ ਦੀਆਂ ਕਥਾਵਾਂ ਸੁਣੋ ਉਹ ਸਭ ਵਰਨ ਜਾਤ ਦੇ ਪੈਰੋਕਾਰ ਹਨ। ਦੇਵੀ-ਦੇਵਤਿਆਂ ਤੇ ਹਿੰਦੂ ਭਗਵਾਨਾਂ ਦੇ ਗੀਤ ਗਾਉਣ ਵਾਲੇ। ਨਰਕ ਤੋਂ ਬਚਾ ਕੇ ਸੁਰਗ ਲੈ ਜਾਣ ਵਾਲੇ।

ਪ੍ਰੰਤੂ ਗੁਰੂ ਕਹਿੰਦੇ ਹਨ ਕਿ :

- ਜਿਨ ਕੈ ਭੀਤਰਿ ਹੈ ਅੰਤਰਾ॥
  ਜੈਸੇ ਪਸੁ ਤੈਸੇ ਓਇ ਨਰਾ॥

ਕਿ ਜਾਤ ਵਰਨ ਦਾ ਭੇਦ ਮੰਨਣ ਵਾਲਾ ਬੰਦਾ ਪਸ਼ੂ ਹੈ, ਆਦਮੀ ਨਹੀਂ।

- ਬੇਦ ਪੁਰਾਨ ਸਭ ਦੇਖੇ ਜੋਇ॥
  ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥

ਇਹ ਈਹਾਂ ਤੇ ਊਹਾਂ ਵਿਚ ਜੋ ਅੰਤਰ ਹੈ, ਇਹ ਇਸ ਖਿਆਲ ਜਾਂ ਨਿਰਣੇ ਦਾ ਸਮਰੂਪ ਹੈ ਕਿ ਇਕ ਹਿੰਦੂ ਰਹਿੰਦਿਆਂ ਮਰਨਾ ਤੇ ਜੰਮਣਾ, ਦੂਜਾ ਹਿੰਦੂ ਰਹਿੰਦਿਆਂ ਮਰਨ ਅਤੇ ਜਿਉਣ ਦਾ ਪੂਰਨ ਤਿਆਗ ਕਰਨਾ। ਇਹ ਦੋ ਵਿਰੋਧੀ ਧਰੁਵਾਂ ਹਨ। ਕਾਟਵੀਆਂ ਦਿਸ਼ਾਵਾਂ। ਜੋ ਈਹਾਂ ਤੇ ਊਹਾਂ ਦਾ ਸਾਰ ਹਨ। ਊਹਾਂ ਹਿੰਦੂ ਦੇ ਧਰਮ ਲਈ ਹੈ ਤੇ ਈਹਾਂ ਮਨ ਵਿਚ ਵਸਦੇ ਬੋਲਦੇ ਪਾਰਬ੍ਰਹਮ ਲਈ।

- ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥
  ਪੰਡਿਤ ਰਾਜੇ ਭੂਪਤੀ ਆਵਹਿ ਕਉਨੇ ਕਾਮ॥ (ਕਿਸ ਕੰਮ?)

ਇਸ ਸਮੁੱਚੇ ਸੰਕਲਪ ਵਿਚੋਂ ਜਿਸ ਮੁਕਾਮ 'ਤੇ ਬੰਦੇ ਨੇ ਪਹੁੰਚਣਾ ਹੈ, ਉਸ ਦੀ ਤਸਵੀਰ ਜ਼ਰਾ ਧਿਆਨ ਨਾਲ ਵੇਖੋ ਤੇ ਵਿਚਾਰੋ :

- ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥
  ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥

(ਏਥੇ ਗੰਗਾ ਦੀ ਬ੍ਰਾਹਮਣੀ ਪਵਿੱਤਰਤਾ ਨਹੀਂ ਇਕ ਕਹਾਵਤ ਬਣ ਗਿਆ ਹੈ ਗੰਗਾ ਦਾ ਪਾਣੀ)

(ਏਥੇ ਤਾਂ ਹਰੀ ਵੀ ਅਛੂਤ ਕਬੀਰ ਦੇ ਪਿੱਛੇ ਉਸ ਨੂੰ ਅਵਾਜ਼ਾਂ ਦਿੰਦਾ ਫਿਰਦਾ

ਹੈ। ਉਹ ਹਰੀ ਓਮ ਰਾਮ ਕ੍ਰਿਸ਼ਨ ਜਿਸ ਨੂੰ ਭਾਲਣ ਲਈ ਮਨੁੱਖ ਨੂੰ ਪੂਰਾ ਜੀਵਨ ਬ੍ਰਾਹਮਣ ਦਾ ਦਿੱਤਾ ਦਰਸਾਇਆ ਧਰਮ ਕਰਮ ਤੇ ਪੂਜਾ ਪਾਠ ਕਰਦਿਆਂ ਲੰਘਾਉਣਾ ਪੈਂਦਾ ਹੈ ਉਸ ਦੀ ਥਾਂ ਸੱਚਾ ਪਾਰਬ੍ਰਹਮ ਕਰਤਾਪੁਰਖ ਖੁਦ ਉਸ ਦਾ ਸੱਚ ਜਾਨਣ ਉਪਰੰਤ, ਅਛੂਤਾਂ ਨੂੰ ਅਵਾਜਾਂ ਮਾਰਦਾ ਮਗਰ-ਮਗਰ ਦੌੜਿਆ ਫਿਰਦਾ ਹੈ। ਇਹ ਹੈ ਵਿਰੋਧੀ ਵਿਚਾਰਧਾਰਾ। ਇਕ ਖੁਦਗਰਜੀ, ਲੋਭ, ਹੰਕਾਰ, ਜਾਤ ਵਰਣ ਤੇ ਪਵਿੱਤਰਤਾ ਦੇ ਪਖੰਡ ਨਾਲ ਲੱਦੀ ਹੋਈ ਗਿਧ ਦੀ ਤਰ੍ਹਾਂ ਹੈ। ਦੂਜੀ ਨਿਰਮਲ ਤੇ ਕਲਿਆਣਮਈ ਪ੍ਰੇਮ ਭਰੀ। ਇਕ ਨੂੰ ਤਿਆਗ ਕੇ ਦੂਜੀ ਉਪਕਾਰੀ ਨੂੰ ਅਪਨਾ ਲੈਣ ਦਾ ਹੀ ਅਰਥ ਹੈ, ਮੈਂ ਹਿੰਦੂ ਨਹੀਂ ਮਰੂੰਗਾ। ਇਸ ਦ੍ਰਿਸ਼ਟੀ ਤੋਂ ਸੰਤ ਸਤਿਗੁਰਾਂ ਦੇ ਵਿਚਾਰ ਦੇਖੋ, ਪੜ੍ਹੋ, ਸਮਝੋ ਤੇ ਵਿਚਾਰੋ ਕਿ ਉਹ ਕਿਸ ਤਰ੍ਹਾਂ ਸੁੱਚੇ ਮਾਰਗ ਵੱਲ ਸਿੱਧੇ ਇਸ਼ਾਰੇ ਕਰਦੇ ਹਨ ਕਿ ਪ੍ਰਵਰਤਨ ਕੀ ਹੈ ਤੇ ਪ੍ਰਵਰਤਨ ਕਾਹਦੇ ਲਈ।

- ਕਬੀਰ ਹਰ ਕੀ ਪੀਰ ਤਨੁ ਹਰੈ ਚੂਨ ਚਿਹਨੁ ਨ ਰਹਾਇ॥
  ਬਲਿਹਾਰੀ ਇਹ ਪ੍ਰੀਤਿ ਕਉ ਜਿਹ ਜਾਤਿ ਬਰਨੁ ਕੁਲੁ ਜਾਇ॥

(ਹਿੰਦੂ ਧਰਮ ਦਾ ਤਿਆਗ ਹੈ ਜਾਤ ਵਰਨ ਤੇ ਕੁਲ ਤੋਂ ਮੁਕਤੀ। ਸਮਾਨ ਦ੍ਰਿਸ਼ਟੀ)

- ਕਬੀਰ ਨ ਮੋਹਿ ਛਾਨਿ ਨ ਛਾਪਰੀ ਨ ਮੋਹਿ ਘਰੁ ਨਹੀ ਗਾਉ॥
  ਮਤ ਹਰਿ ਪੂਛੈ ਕਉਨੁ ਹੈ ਮੇਰੇ ਜਾਤਿ ਨ ਨਾਉ॥

(ਜਾਤ ਵਰਨ ਦਾ ਨਾਂ ਥੇਹ ਹੀ ਨਹੀਂ ਰਿਹਾ)

- ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪ੍ਰਸਾਦਿ॥
  ਚਰਨ ਕਮਲ ਕੀ ਮਉਜ ਮਹਿ ਰਹਉ ਅੰਤ ਅਰੁ ਆਦਿ॥
- ਕਬੀਰ ਸਾਚਾ ਸਤਿਗੁਰ ਕਿਆ ਕਰੈ ਜਉ ਸਿਖਾ ਮਹਿ ਚੂਕ॥
  ਅੰਧਲੇ ਏਕ ਨਾ ਲਾਗਈ ਜਿਉ ਬਾਂਸੁ ਬਜਾਈਐ ਫੂਕ॥
- ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ॥
  ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥
- ਕਬੀਰ ਕੋਠੀ ਕਾਠ ਕੀ ਦਹਦਿਸਿ ਲਾਗੀ ਆਗਿ॥
  ਪੰਡਿਤ ਪੰਡਿਤ ਜਲਿ ਮੁਏ ਮੂਰਖ ਉਬਰੇ ਭਾਗਿ॥

ਕੋਈ ਸਧਾਰਨ ਮਨੁੱਖ ਵੀ ਉਸ ਪੂਰਨ ਤਿਆਗ ਨੂੰ ਇਨ੍ਹਾਂ ਸਲੋਕਾਂ ਵਿਚੋਂ ਦੇਖ ਸਕਦਾ ਹੈ, ਜਿਸ ਕਾਰਨ ਬਾਬਾ ਸਾਹਿਬ ਨੇ ਕਿਹਾ ਉਹ ਹਿੰਦੂ ਨਹੀਂ ਮਰਨਗੇ।

❑

ਭਾਗ ਚੌਥਾ

ਸਮਾਜਕ ਤੇ ਧਾਰਮਕ ਇਨਕਲਾਬ ਦੇ ਪ੍ਰਸੰਗ ਵਿਚ

ਬਾਣੀ ਗੁਰੂ ਨਾਨਕ, ਗੁਰੂ ਅਰਜਨ ਤੇ ਹੋਰ ਗੁਰੂ ਸਾਹਿਬਾਨ

ਇਸ ਤੋਂ ਬਾਅਦ ਅਸੀਂ ਇਕ ਅਸਲੋਂ ਨਿਰਾਲਮ ਵਿਚਾਰ ਪੇਸ਼ ਕਰਨਾ ਹੈ, ਜੋ ਪਹਿਲੇ ਨਾਲੋਂ ਇਸ ਗੱਲ ਵਿਚ ਵੱਖਰਾ ਹੈ ਕਿ ਅਛੂਤ ਸੰਤਾਂ ਨੂੰ ਤਾਂ ਜ਼ਰੂਰਤ ਸੀ ਕਿ ਉਹ ਉਸ ਸਮੁੱਚੀ ਸਮਾਜਕ ਜਾਂ ਧਾਰਮਕ ਧਾਰਨਾ ਵਿਰੁੱਧ ਸੰਘਰਸ਼ ਕਰਦੇ, ਜਿਸ ਨੇ ਉਨ੍ਹਾਂ ਨੂੰ ਨੀਚ ਬਣਾਇਆ, ਜਿਵੇਂ ਗੁਰੂ ਰਵਿਦਾਸ ਨੇ ਕਿਹਾ ਹੈ ਕਿ :

ਇਕ ਨਰਪਤੀ (ਛਤਰਪਤੀ), ਆਪਣੇ ਸਿੰਘਾਸਣ 'ਤੇ ਸੁੱਤਾ ਹੋਇਆ ਹੈ, ਜੋ ਸੁਪਨੇ ਵਿਚ ਭਿਖਾਰੀ ਹੋ ਗਿਆ, ਜਿੰਨੀ ਪੀੜਾ ਉਸ ਸਮੇਂ ਉਸ ਨੇ ਸਹਿਣ ਕੀਤੀ ਕਿ ਉਹ ਛਤਰਪਤੀ ਤੋਂ ਮੰਗਤਾ ਬਣ ਗਿਆ ਬਿਲਕੁਲ ਇਸੇ ਤਰ੍ਹਾਂ ਅਛੂਤਾਂ ਕੋਲੋਂ ਜਦੋਂ ਦਾ ਰਾਜ ਖੁੱਸਿਆ ਹੈ, ਉਦੋਂ ਤੋਂ ਪੂਰੇ ਮੁਲਕ ਵਿਚ ਇਨ੍ਹਾਂ ਦੀ ਦੁਰਦਸ਼ਾ ਹੋ ਗਈ ਹੈ। ਅਛੂਤ ਸੰਤ ਜਦੋਂ ਇਹ ਲਿਖਦੇ ਹਨ ਤਾਂ ਇਹ ਪੂਰਾ ਵਾਜਬ ਹੈ। ਹੱਕ ਬਜਾਨਬ ਹੈ।

ਪ੍ਰੰਤੂ ਜਦੋਂ ਖੱਤਰੀ ਜਾਤੀ ਦੇ, ਜੋ ਬ੍ਰਾਹਮਣ ਤੋਂ ਬਾਅਦ ਦੂਜੇ ਦਰਜੇ ਦਾ ਵਰਨ ਅਧਿਕਾਰ ਰੱਖਦੇ ਹਨ, ਬ੍ਰਾਹਮਣ ਦੀ ਬਣਾਈ ਉਸ ਧਾਰਮਕ ਤੇ ਸਮਾਜਕ ਵਿਵਸਥਾ ਵਿਰੁੱਧ ਬਗ਼ਾਵਤ ਕਰਨ ਤਾਂ ਇਹ ਕਮਾਲ, ਇਕ ਅਨੋਖਾ ਕਮਾਲ ਹੈ, ਜੋ ਭਾਰਤ ਵਿਚ ਪਹਿਲੀ ਵਾਰ ਵਾਪਰਿਆ। ਭਾਵੇਂ ਇਹ ਵੀ ਭਿਆਨਕ ਦੁਖਾਂਤ ਹੈ ਕਿ ਖੱਤਰੀ ਗੁਰੂਆਂ ਦੀ ਸਮਾਜਕ ਕ੍ਰਾਂਤੀ ਨੂੰ ਮਹਿਜ਼ ਪੂਜਾ-ਪਾਠ ਤੇ ਇੱਛਾ ਪੂਰਨ ਦਾ ਸਾਧਨ ਬਣਾ ਲਿਆ ਸਿੱਖ ਸਮਾਜ ਨੇ।

ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਹਿੰਦੂ ਵਿਵਸਥਾ ਵਿਰੁੱਧ, ਦੂਜੇ ਦਰਜੇ 'ਤੇ ਸਥਾਪਤ ਹਿੰਦੂ ਵਰਗ ਵਿਚੋਂ ਸਮਾਜਕ ਕ੍ਰਾਂਤੀ ਲਈ ਇਕ ਧਿਰ ਐਨੀ ਨਿਪੁੰਨ ਅਤੇ ਜ਼ੋਰਾਵਰ ਹੋ ਕੇ ਨਿਕਲੀ ਕਿ ਪੜ੍ਹ ਕੇ ਮਨ ਗਦ-ਗਦ ਹੋ ਉਠਦਾ ਹੈ। ਬਾਬਾ ਸਾਹਿਬ ਕਹਿੰਦੇ ਹੁੰਦੇ ਸੀ ਕਿ ਬ੍ਰਾਹਮਣਾਂ ਵਿਚੋ ਕੋਈ ਵਾਲਟੇਅਰ ਪੈਦਾ ਨਹੀਂ ਹੋ ਸਕਦਾ ਪ੍ਰੰਤੂ ਅਸੀਂ ਖੱਤਰੀ ਜਾਤੀਆਂ ਵਿਚੋ ਵਾਲਟੇਅਰ ਤੋਂ ਅੱਗੇ ਨਿਕਲੇ ਮਹਾਂ-ਮਾਨਵ ਪੈਦਾ ਹੋਏ ਵੇਖੇ ਹਨ। ਬ੍ਰਾਹਮਣਾਂ ਤੇ ਖੱਤਰੀਆਂ ਵਿਚਕਾਰ ਲਗਾਤਾਰ ਜੰਗਾਂ ਦਾ ਇਤਿਹਾਸ ਰਿਹਾ ਹੈ, ਭਾਰਤ। ਰਾਮ ਚੰਦਰ ਦੇ ਸਮਿਆਂ ਵਿਚ ਪਰਸ਼ੂ ਰਾਮ ਬ੍ਰਾਹਮਣ ਦਾ ਖੱਤਰੀਆਂ ਵਿਰੁੱਧ 21 ਵਾਰ ਭਿਆਨਕ ਹਮਲੇ ਤੇ ਕਤਲੇਆਮ ਕਰਨਾ, ਖੱਤਰੀਆਂ ਦਾ ਖੁਰਾਖੋਜ ਮਿਟਾਉਣ ਲਈ ਮਹਾਂਭਾਰਤ ਵਾਪਰਨਾ, ਦੋ ਵੱਡੀਆਂ ਉਦਾਹਰਣਾਂ ਹਨ।

ਮੈਨੂੰ ਖੱਤਰੀਆਂ ਦੁਆਰਾ ਬ੍ਰਾਹਮਣਾਂ ਤੇ ਉਸ ਦੇ ਵਰਤਾਰੇ ਵਿਰੁੱਧ ਸਭ ਤੋਂ ਜ਼ਬਰਦਸਤ ਵਿਚਾਰਧਾਰਕ, ਸਭਿਆਚਾਰਕ, ਸਮਾਜਕ, ਰਾਜਨੀਤਕ ਅਤੇ ਵਿੱਦਿਅਕ

ਜੰਗ ਭਾਰਤ ਵਿਚ ਜੇ ਕੋਈ ਨਜ਼ਰ ਆਉਂਦੀ ਹੈ ਤਾਂ ਉਹ ਗੁਰੂ ਨਾਨਕ ਤੇ ਬਾਕੀ ਗੁਰੂਆਂ ਦੀ ਹੈ, ਜੋ ਜੀਵਤ ਰਹਿ ਕੇ ਲੜੇ ਅਤੇ ਇਹੋ ਸਮਾਜਕ ਜੰਗ, ਉਨ੍ਹਾਂ ਨੂੰ ਮਿਲੀਆਂ ਭਿਆਨਕ ਸਜ਼ਾਵਾਂ ਦਾ ਕਾਰਨ ਬਣੀ।

ਇਸ ਸਮਾਜਕ ਕ੍ਰਾਂਤੀ ਦੇ ਪਿੱਛੇ ਜੋ ਸਿਧਾਂਤਕ ਵਿਚਾਰਧਾਰਾ ਹੈ, ਉਹ ਹੈ ਸੰਤ ਨਾਮਦੇਵ, ਸੰਤ ਕਬੀਰ, ਸੰਤ ਰਵਿਦਾਸ ਅਤੇ ਸੰਤ ਸੈਣ ਦੀ। ਸੰਤ ਤ੍ਰਿਲੋਚਨ ਕਿਉਂਕਿ ਸੰਤ ਨਾਮਦੇਵ ਦੇ ਪੈਰੋਕਾਰ ਸਨ, ਉਨ੍ਹਾਂ ਦਾ ਜ਼ਿਕਰ ਵੀ ਵਾਰ-ਵਾਰ ਆਉਂਦਾ ਹੈ ਪ੍ਰੰਤੂ ਉਨ੍ਹਾਂ ਦੀ ਸਿਧਾਂਤਕ ਬਾਣੀ ਦੀ ਉਸੇ ਤਰ੍ਹਾਂ ਅਣਹੋਂਦ ਹੈ ਜਿਵੇਂ ਸੰਤ ਸੈਣ ਜੀ ਦੀ ਅਤੇ ਸੰਤ ਜੈ ਦੇਵ ਜੀ ਦੀ ਬਾਣੀ ਦੀ।

ਇਹ ਗੱਲ ਅਸੀਂ ਹੁਣ ਵਾਰ-ਵਾਰ ਸਪੱਸ਼ਟ ਕਰ ਚੁੱਕੇ ਹਾਂ ਕਿ ਗੁਰੂਆਂ ਦੀ ਬਾਣੀ ਮੂਲ ਰੂਪ ਵਿਚ ਸੰਤ ਬਾਣੀ ਦੇ ਸਿਧਾਂਤਕ ਰੂਪ ਦੀ ਖੁੱਲ੍ਹੀ ਵਿਆਖਿਆ ਹੈ। ਉਸ ਦਾ ਵਿਸਥਾਰ ਅਤੇ ਉਸ ਦੀ ਭਰਵੀਂ ਸਿਫ਼ਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂਆਂ ਦੀ ਬਾਣੀ ਦੇ ਸਾਰੇ ਸ਼ਬਦ ਅੰਤ ਸੰਤ, ਸਾਧੂ, ਭਗਤ, ਸਤਿਗੁਰ ਤੇ ਗੁਰੂ ਦੀ ਭਰਪੂਰ ਉਸਤਤ ਵਿਚ ਖ਼ਤਮ ਹੁੰਦੇ ਹਨ, ਜਿਸ ਦੀ ਵਿਆਖਿਆ ਅਸੀਂ ਲਗਾਤਾਰ ਕਰ ਰਹੇ ਹਾਂ।

ਇਸ ਛੋਹੇ ਹੋਏ ਵਿਸ਼ੇ ਵਿਚ ਸਾਡੇ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਡਾ: ਅੰਬੇਡਕਰ ਦੋ ਗੱਲਾਂ ਲਿਖਦੇ ਹਨ : ਪਹਿਲੀ ਕਿ ਸੰਤ ਕਬੀਰ ਉਨ੍ਹਾਂ ਦੇ ਗੁਰੂ ਹਨ। ਦੂਜਾ ਉਪਦੇਸ਼ ਕਰਦੇ ਹਨ ਕਿ ਤੁਹਾਨੂੰ ਵਰਨ ਜਾਤ ਦੀ ਬ੍ਰਾਹਮਣੀ ਵਿਚਾਰਧਾਰਾ ਨੂੰ ਉਸੇ ਤਰ੍ਹਾਂ ਤਹਿਸ-ਨਹਿਸ ਕਰਨਾ ਹੋਵੇਗਾ ਜਿਵੇਂ ਮਹਾਨ ਬੁੱਧ ਅਤੇ ਗੁਰੂ ਨਾਨਕ ਨੇ ਕੀਤਾ।

ਅਸੀਂ ਹੁਣ ਤੱਕ ਪਿਤਾਮਾ ਬੁੱਧ ਅਤੇ ਸੰਤ ਸਤਿਗੁਰ ਕਬੀਰ ਅਤੇ ਉਨ੍ਹਾਂ ਦੇ ਗੁਰੂ ਸੰਤ ਸਤਿਗੁਰ ਨਾਮਦੇਵ ਅਤੇ ਸ਼ਿਸ਼ ਸੰਤ ਸਤਿਗੁਰ ਰਵਿਦਾਸ ਦੀ ਉਸ ਵਿਚਾਰਧਾਰਾ ਦੀ ਵਿਆਖਿਆ ਕੀਤੀ ਹੈ, ਜੋ ਇਸ ਉਦੇਸ਼ ਨੂੰ ਪੂਰਾ ਕਰਦੀ ਹੈ ਕਿ ਕੋਈ ਹਿੰਦੂ ਜਨਮ ਲੈਂਦਾ ਹੈ, ਇਹ ਉਸ ਦੇ ਵੱਸ ਦੀ ਗੱਲ ਨਹੀਂ ਹੁੰਦੀ ਪ੍ਰੰਤੂ ਕੋਈ ਹਿੰਦੂ ਰਹੇ ਜਾਂ ਨਾ ਰਹੇ, ਇਹ ਤਾਂ ਉਸਦੇ ਵੱਸ ਦੀ ਗੱਲ ਹੈ। ਸੰਤ ਨਾਮਦੇਵ, ਸੰਤ ਕਬੀਰ, ਸੰਤ ਰਵਿਦਾਸ ਨੇ ਸਾਫ਼ ਲਿਖ ਦਿੱਤਾ ਹੈ ਕਿ ਉਨ੍ਹਾਂ ਨੂੰ ਬ੍ਰਹਮਾ, ਵਿਸ਼ਨੂੰ, ਮਹੇਸ਼, ਇੰਦਰ, ਗਜਿੰਦਰ, ਰਿਸ਼ੀ, ਮੁਨੀ, ਸਾਕਤ, ਸਾਧੂ, ਮੰਦਰ, ਮੂਰਤੀ, ਤੀਰਥ, ਜਪ, ਤੱਪ, ਵੇਦ, ਸ਼ਾਸਤਰ, ਪੁਰਾਣ, ਰਮਾਇਣ, ਬ੍ਰਾਹਮਣ, ਕਰਮ, ਧਰਮ, ਨੇਮ, ਵਰਤ, ਪੂਜਾ, ਊਚ, ਨੀਚ, ਛੂਤ-ਛਾਤ, ਜਾਤ-ਪਾਤ, ਵਰਨ, ਅਵਰਨ, ਭਗਵਾਨ, ਦੇਵੀ, ਦੇਵਤੇ, ਅਵਤਾਰ ਮੂਲੋਂ ਹੀ ਮਨਜ਼ੂਰ ਨਹੀਂ ਹਨ। ਬ੍ਰਾਹਮਣ ਜਗਤ ਗੁਰੂ ਹੋ ਸਕਦਾ ਹੈ ਪਰੰਤੂ ਉਹ 'ਭਗਤਨ ਕਾ ਗੁਰ' ਨਹੀਂ ਹੈ।

ਇਸ ਵਿਚਾਰ ਦਾ ਨਾਂ ਹੈ ਬਾਣੀ। ਬਾਣੀ ਦਾ ਅਰਥ ਅਛੂਤ ਸੰਤਾਂ ਅਤੇ ਗੁਰੂਆਂ ਦੁਆਰਾ ਕਾਵਿ ਰੂਪ ਵਿਚ ਲਿਖੀ ਸਮਾਜਕ ਤੇ ਧਾਰਮਕ ਵਿਚਾਰਧਾਰਾ। ਇਸ ਵਿਚਾਰਧਾਰਾ ਦਾ ਹੀ ਦੂਜਾ ਨਾਂ ਹੈ ਨਾਮ ਤੇ ਨਾਮ ਦਾ ਅਰਥ ਹੈ ਯਾਦ ਰੱਖਣਾ, ਰਟਣਾ, ਸਿਮਰਨ ਕਰਨਾ ਭਾਵ ਕਦੀ ਨਾ ਭੁੱਲਣਾ। ਕਦੀ ਨਾ ਭਟਕਣਾ, ਕਦੀ ਨਾ ਛੱਡਣਾ। ਮਰਨ ਤੀਕ ਸਵਾਸ-ਸਵਾਸ ਚੇਤੇ ਰੱਖਣਾ। ਇਸ ਸੱਚੀ ਵਿਚਾਰਧਾਰਾ ਨੂੰ, ਜਿਹੜੀ ਸੰਤ ਸਤਿਗੁਰਾਂ ਦੁਆਰਾ ਕਾਵਿ ਸ਼ਬਦਾਂ ਵਿਚ ਲਿਖੀ ਗਈ ਹੈ। ਇਹੀ ਸ਼ਬਦ ਗੁਰੂ ਦਾ ਸਿਧਾਂਤ ਹੈ। ਸ਼ਬਦ ਜੋ ਅੱਖਰਾਂ ਤੋਂ ਬਣੇ ਹਨ। ਅੱਖਰ ਜੋ ਪੰਜਾਬੀ ਦੇ ਹਨ : ਊੜਾ-ਆੜਾ-ਈੜੀ। ਜੋ ਭਾਰਤ ਦੇ ਲੋਕਾਂ ਦੀ ਮੂਲ ਲੋਕ-ਬੋਲੀ ਹੈ। ਪਾਲੀ ਦੀ ਜਠੇਰੀ ਧੀ। ਹਿੰਦੀ ਦੀ ਸਕੀ ਭੈਣ।

ਇਨ੍ਹਾਂ ਅੱਖਰਾਂ ਤੋਂ ਸ਼ਬਦ ਬਣੇ ਹਨ। ਸ਼ਬਦਾਂ ਦੇ ਅਰਥ ਹੁੰਦੇ ਹਨ ਤੇ ਅਰਥਾਂ ਨੂੰ

ਸਮਝੇ ਬਗੈਰ ਇਨ੍ਹਾਂ ਨੂੰ ਚੇਤੇ ਰੱਖਣ ਦਾ ਕੋਈ ਅਰਥ ਨਹੀਂ। ਸ਼ਬਦਾਂ ਵਿਚ ਇਕ ਪੂਰਨ ਇਨਕਲਾਬ ਹੋਇਆ। ਇਨ੍ਹਾਂ ਸ਼ਬਦਾਂ ਨੂੰ ਰਟਣਾ ਤੇ ਸਦਾ ਚੇਤੇ ਰੱਖ ਕੇ ਅਮਲ ਕਰਨਾ ਹੀ ਨਾਮ ਹੈ ਤੇ ਬਾਣੀ ਵਿਚ ਨਾਮ 'ਰਾਮ ਰਾਮ' ਕਰੀ ਜਾਣ ਦਾ ਕੋਈ ਮਸਲਾ ਹੀ ਨਹੀਂ ਹੈ। ਇਹ ਰਟਣ ਬ੍ਰਾਹਮਣਵਾਦੀ ਧਾਰਨਾ ਹੈ। ਇਹ ਸੱਚੀ ਵਿਚਾਰਧਾਰਾ ਨੂੰ ਸਦਾ ਚੇਤੇ ਰੱਖਣ ਤੇ ਉਸੇ ਅਨੁਸਾਰ ਜੀਵਨ ਨੂੰ ਬਦਲ ਕੇ ਸਥਾਪਤ ਕੀਤੇ ਉਦੇਸ਼ ਪੂਰੇ ਕਰਨ ਦੀ ਪ੍ਰਕਿਰਿਆ ਹੈ। ਉਹ ਇਹ ਹੈ, ਖਾਸ ਕਰਕੇ ਭਾਰਤ ਵਿਚ ਕਿ ਬੰਦਾ ਹਿੰਦੂ ਜੰਮਿਆ, ਇਹ ਉਸ ਦੇ ਵੱਸ ਦੀ ਗੱਲ ਨਹੀਂ ਪ੍ਰੰਤੂ ਉਹ ਹਿੰਦੂ ਮਰੇਗਾ ਨਹੀਂ, ਇਹ ਉਸ ਦੇ ਵੱਸ ਵਿਚ ਹੈ। ਗੌਤਮ ਸਿਧਾਰਥ ਪੈਦਾ ਹੋਏ ਤਾਂ ਸਮਾਜ ਬ੍ਰਾਹਮਣ ਦੀ ਅਗਵਾਈ ਵਿਚ ਸੀ, ਉਸ ਦਾ ਆਰੀਆ ਵੈਦਿਕ ਧਰਮ ਸਮਾਜ 'ਤੇ ਭਾਰੂ ਸੀ। ਵੇਦ ਅਨੁਸਾਰ ਬ੍ਰਹਮਾ ਦੇ ਸਰੀਰ ਵਿਚੋਂ ਬੰਦਾ ਬ੍ਰਾਹਮਣ, ਖੱਤਰੀ, ਵੈਸ਼ ਜਾਂ ਸ਼ੂਦਰ ਜਨਮ ਲੈਂਦਾ ਸੀ। ਪ੍ਰੰਤੂ ਗੌਤਮ ਜਵਾਨੀ ਦੀ ਉਮਰ ਵਿਚ ਮੌਕੇ 'ਤੇ ਪ੍ਰਚੱਲਤ ਸਾਰੀਆਂ ਸਮਾਜਕ ਤੇ ਧਾਰਮਕ ਵਿਚਾਰਧਾਰਾਵਾਂ ਦੇ ਅਧਿਐਨ ਤੋਂ ਬਾਅਦ ਬ੍ਰਾਹਮਣੀ ਤਪੱਸਿਆ ਦੇ ਤਸੀਹੇ ਝੱਲਣ ਉਪਰੰਤ ਜਦੋਂ ਗਿਆਨਵਾਨ ਹੋ ਕੇ ਨਿਕਲੇ, ਬੁੱਧ ਹੋ ਗਏ ਤਾਂ ਉਦੋਂ ਉਹ ਵੈਦਿਕ ਧਰਮੀ ਨਹੀਂ ਰਹੇ। ਵੈਦਿਕ ਆਰੀਆ ਧਰਮ ਤਿਆਗਣ ਦਾ ਫੈਸਲਾ ਲੈਂਦਿਆਂ ਜੋ ਫੈਸਲਾ ਉਨ੍ਹਾਂ ਕੀਤਾ ਤੇ ਸਾਰਨਾਥ (ਕਾਸ਼ੀ ਬਨਾਰਸ) ਵਿਚ ਜੋ ਉਪਦੇਸ਼ ਦੇ ਕੇ ਉਨ੍ਹਾਂ ਨੇ ਪੰਜ ਭਿਕਸ਼ੂ ਦੁਨੀਆਂ ਵੱਲ ਤੋਰੇ ਉਹ ਬੁੱਧ ਬਾਣੀ ਸੀ ਤੇ ਇਹ ਬੁੱਧ ਬਾਣੀ ਵੈਦਿਕ ਆਰੀਆ ਧਰਮ ਦੇ ਵਿਰੁੱਧ, ਮਨੁੱਖਤਾ ਦੇ ਕਲਿਆਣ ਦਾ ਮਾਰਗ ਸੀ। ਪ੍ਰੇਮ ਤੇ ਬਰਾਬਰੀ ਦਾ ਮਾਰਗ।

ਇਹੀ ਕ੍ਰਾਂਤੀ ਕੁਝ ਨਵੇਂ ਰੂਪ ਵਿਚ ਸੰਤ ਜੈ ਦੇਵ ਰਾਹੀਂ ਸਿੱਖ ਸਮਾਜਕ ਲਹਿਰ ਦੇ ਪ੍ਰਥਮ ਚਿੰਤਕ ਸੰਤ ਨਾਮਦੇਵ ਦਾ ਨਾਮ ਸਿਮਰਨ ਬਣਿਆ। ਇਹ ਗੱਲ ਸਾਨੂੰ ਇਸ ਹੱਦ ਤੱਕ ਸਮਝ ਪੈ ਗਈ ਹੈ ਕਿ ਮੰਨਣ ਤੋਂ ਇਲਾਵਾ ਦੂਜਾ ਕੋਈ ਵਿਚਾਰ ਬਾਕੀ ਨਹੀਂ ਰਿਹਾ।

ਅਛੂਤ ਸੰਤ, ਹਿੰਦੂ ਸਮਾਜ ਵਿਚ ਜਨਮੇ। ਅਵਰਨ ਹਿੰਦੂ ਵਾਂਗ ਉਹ ਨੀਵੇਂ ਦਰਜੇ ਦੇ ਸਨ। ਬ੍ਰਾਹਮਣ ਉਨ੍ਹਾਂ ਦਾ ਮਾਰਗ ਦਰਸ਼ਕ ਸੀ। ਬ੍ਰਾਹਮਣ ਦੀ ਸਮਾਜਕ ਤੇ ਧਾਰਮਕ ਸਿਰਜਣਾ ਉਨ੍ਹਾਂ ਦੀ ਮਾਰਗ ਦਰਸ਼ਕ ਸੀ। ਪ੍ਰੰਤੂ ਇਕ ਦਿਨ ਉਨ੍ਹਾਂ ਨੇ ਵੀ ਸਤਿਗੁਰ ਦੀ ਕ੍ਰਿਪਾ ਨਾਲ ਅਕਲ ਨਾਲ ਚੇਤ ਲਿਆ, ਬੁੱਧ ਬਦਲੀ, ਸਿੱਧ ਪਾਈ ਤੇ ਉਨ੍ਹਾਂ ਸਿੱਧਾ ਸਿੱਧਾ ਕਹਿ ਦਿੱਤਾ ਕਿ ਵੇਦ ਸ਼ਾਸਤਰ ਪੁਰਾਣ ਸਿਮਰਤੀਆਂ, ਬ੍ਰਾਹਮਣ ਗੁਰੂ, ਤੀਰਥ, ਦੇਵੀ, ਦੇਵਤੇ, ਵਰਨ, ਜਾਤ, ਅਵਤਾਰ, ਭਗਵਾਨ ਨਾਲ ਉਨ੍ਹਾਂ ਦਾ ਕੋਈ ਰਿਸ਼ਤਾ ਨਾਤਾ ਨਹੀਂ। ਇਉਂ ਉਹ ਹਿੰਦੂ ਨਹੀਂ ਰਹੇ। ਬੁੱਧ ਹੋ ਗਏ ਤੇ ਇਕ ਨਵੀਂ ਕਲਿਆਣ ਭਰੀ ਮਨੁੱਖੀ ਵਿਚਾਰਧਾਰਾ ਨਾਲ ਭਰੇ ਸ਼ਬਦ ਉਨ੍ਹਾਂ ਦਾ ਨਾਮ ਹੋ ਗਿਆ ਤੇ ਕਰਤਾਪੁਰਖ ਕਰਤਾਰ ਸਗੋਂ ਉਨ੍ਹਾਂ ਦੇ ਪਿੱਛੇ-ਪਿੱਛੇ ਦੌੜਨ ਲੱਗਾ। ਬੁੱਧ ਬਦਲ ਗਈ। ਪੁੱਠੀਆਂ ਪਈਆਂ ਸਿੱਧੀਆਂ ਹੋ ਗਈਆਂ। ਬੁੱਧੀ ਬਲ ਜੋਰਾਵਰ ਬਿਬੇਕ ਬਣ ਗਿਆ।

ਹੁਣ ਪ੍ਰਸ਼ਨ ਹੈ ਕਿ ਹਿੰਦੂ ਜੰਮੇ, ਹਿੰਦੂ ਧਰਮ ਦੀ ਦੂਜੀ ਕਤਾਰ ਦੇ ਰਖਸ਼ਕ ਖੱਤਰੀ ਸਵਰਨ ਸਮਾਜ ਵਿਚ ਪੈਦਾ ਹੋਏ ਗੁਰੂ ਨਾਨਕ ਤੇ ਬਾਕੀ ਗੁਰੂਆਂ ਨੇ ਅਨੋਖਾ ਕੀ ਕੀਤਾ? ਖੱਤਰੀ ਹੋ ਕੇ ਉਨ੍ਹਾਂ ਵੇਦ ਤੇ ਬ੍ਰਾਹਮਣ ਦਾ ਖੱਤਰੀ ਧਰਮ ਨਿਭਾਇਆ ਜਾਂ ਬ੍ਰਾਹਮਣ ਤੋਂ ਉਲਟ ਦੀਨ ਦੁਖੀ ਦੇ ਹੇਤ ਵਿਚ ਪੁਰਜਾ-ਪੁਰਜਾ ਕੱਟ ਮਰਨ ਦਾ ਧਰਮ, ਬ੍ਰਾਹਮਣ, ਦੇਵੀ, ਦੇਵਤੇ, ਵਰਨ ਜਾਤ ਤੇ ਵੇਦ ਪੁਰਾਣਾਂ ਨਾਲ ਧਰਮ ਦੀ ਜੰਗ। ਉਹ ਤਾਂ ਜਨਮ ਤੋਂ ਹਿੰਦੂ ਜੰਮੇ ਸਨ ਪ੍ਰੰਤੂ ਅਸੀਂ ਇਸ ਭਾਗ ਵਿਚ ਵੇਖਣਾ ਤਾਂ ਇਹ ਹੈ ਕੀ ਉਹ ਹਿੰਦੂ ਰਹੇ? ਕੀ ਉਹ

ਹਿੰਦੂ ਵਜੋਂ ਹੀ ਕਾਲਵੱਸ ਹੋਏ? ਜਾਂ ਸੱਚੀ ਵਿਚਾਰਧਾਰਾ ਦਾ ਨਾਮ ਸਿਮਰਨ ਉਨ੍ਹਾਂ ਲਈ ਮਾਰਗ ਬਣਿਆ।

ਗੁਰੂ ਗ੍ਰੰਥ ਸਾਹਿਬ ਇਸ ਗੱਲ ਦੀ ਸੈਂਕੜੇ ਵਾਰ ਦੁਹਰਾਈ ਜਾਂਦੀ ਪੱਕੀ ਗਵਾਹੀ ਹੈ ਕਿ ਖੱਤਰੀ ਗੁਰੂਆਂ ਦਾ ਪਹਿਲਾ ਬੁਨਿਆਦੀ ਇਨਕਲਾਬ ਸੀ ਕਿ ਉਨ੍ਹਾਂ ਨੇ ਅਛੂਤ ਸੰਤ ਭਗਤਾਂ ਦੀ ਬਾਣੀ-ਵਿਚਾਰਧਾਰਾ ਦੇ ਨਾਮ ਨੂੰ ਸੰਸਾਰ ਦੀ 'ਊੱਤਮ (ਉਤਮ) ਤੇ ਸੱਚੀ ਬਾਣੀ' ਪ੍ਰਵਾਨ ਕੀਤਾ, ਉਸ ਨੂੰ ਗਾਇਆ, ਦੁਨੀਆਂ ਵਿਚ ਵੰਡਿਆ ਤੇ ਅਛੂਤ ਭਗਤਾਂ ਨੂੰ ਸਾਧੂ ਸਤਿਗੁਰ ਪ੍ਰਵਾਨ ਕਰਦਿਆਂ ਉਨ੍ਹਾਂ ਤੋਂ ਮਾਰਗ ਦਰਸ਼ਨ ਲਿਆ ਹੀ ਨਹੀਂ, ਲਿਖਿਆ ਅਤੇ ਸਾਫ-ਸਾਫ ਕਿਹਾ ਕਿ ਉਨ੍ਹਾਂ ਸਭ ਤੋਂ ਥੱਲੇ ਵਾਲਿਆਂ ਨਾਲ ਸਾਂਝ ਪਾ ਕੇ, ਸਭ ਨੂੰ ਬਰਾਬਰ ਜਾਣ ਕੇ, ਸਮਝ ਕੇ, ਬ੍ਰਾਹਮਣੀ ਵਿਚਾਰਧਾਰਾ ਵਿਰੁੱਧ ਚੱਲ ਰਹੀ ਸਮਾਜਕ ਜੰਗ ਨੂੰ ਪ੍ਰਵਾਨ ਕਰ ਲਿਆ ਹੈ। ਮਨੁੱਖੀ ਬਰਾਬਰੀ ਅਤੇ ਕਲਿਆਣ ਖਾਤਰ ਉਨ੍ਹਾਂ ਦਾ ਇਹ ਦੂਜਾ ਵੱਡਾ ਸਮਾਜਕ ਇਨਕਲਾਬ ਸੀ। ਉਨ੍ਹਾਂ ਦਾ ਸਵਰਨ ਖੱਤਰੀ ਹੋਣ ਨੂੰ ਤਿਆਗਣਾ ਇਹ ਮੰਨਣਾ , ਕਹਿਣਾ ਤੇ ਅਮਲ ਵਿਚ ਲਿਆਉਣਾ ਕਿ ਨਾ ਉਹ ਹਿੰਦੂ ਹਨ, ਨਾ ਮੁਸਲਮਾਨ, ਨਾ ਉਨ੍ਹਾਂ ਨੂੰ ਬ੍ਰਾਹਮਣ ਦੀ ਵਿਚਾਰਧਾਰਾ ਅਤੇ ਵਰਨ ਜਾਤ ਦੀ ਕੋਈ ਜ਼ਰੂਰਤ ਹੈ, ਉਨ੍ਹਾਂ ਨੇ ਉਸ ਨਾਮ ਨੂੰ ਪ੍ਰਵਾਨ ਕਰ ਲਿਆ ਹੈ, ਜੋ ਮਨੁੱਖੀ ਪ੍ਰੇਮ ਤੇ ਬਰਾਬਰੀ ਅਤੇ ਮਨੁੱਖੀ ਕਲਿਆਣ ਦਾ ਮਾਰਗ ਹੈ। ਇਹ ਉਨ੍ਹਾਂ ਕਿਹਾ ਨਹੀਂ, ਕਰਕੇ ਵਿਖਾਇਆ ਤੇ ਜੋ ਪ੍ਰਮਾਣ ਉਨ੍ਹਾਂ ਨੇ ਪੇਸ਼ ਕੀਤੇ ਉਹ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਅਸੀਂ ਜਿਸ ਦੇ ਅਰਥ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਦੇ ਕੇ ਕਰਾਂਗੇ।

ਗੁਰੂ ਗ੍ਰੰਥ ਸਾਹਿਬ ਦਾ ਮੂਲਮੰਤਰ ਹੈ ;

ੲੇਕਓਂਕਾਰ 'ਸਭ ਦਾ ਸਿਰਜਕ ਇਕ ਹੈ' ਸਿਰਫ ਇਕ, ਉਸ ਦਾ ਨਾਮ ਹੀ ਸੱਚ ਹੈ, ਜੋ ਕਰਤਾ ਹੈ, ਸਿਰਜਕ ਹੈ, ਜਿਸ ਦੇ ਗੁਣ ਹਨ ; ਉਹ ਨਿਰਭਉ ਹੈ, ਬੇਡਰ, ਬੇਖੌਫ,

ਜਿਸ ਨੂੰ ਕੋਈ ਬ੍ਰਾਹਮਣ ਸਰਾਪ ਦੇਣ ਦੀ ਹਿੰਮਤ ਹੀ ਨਹੀਂ ਕਰ ਸਕਦਾ।

ਕੀ ਪੂਰਨ ਬ੍ਰਹਿਮੰਡ ਨੂੰ ਡਰਾਉਣ ਧਮਕਾਉਣ ਦਾ ਕੋਈ ਮਸਾਲਾ ਹੈ ਕਿਸੇ ਕੋਲ? ਬ੍ਰਾਹਮਣ ਜਾਂ ਹੋਰ ਕਿਸੇ ਕੋਲ? ਜਿਵੇਂ ਭਗਵਾਨ ਦੇਵਤਿਆਂ ਦੇ ਅਧੀਨ ਹੈ, ਦੇਵਤੇ ਮੰਤਰਾਂ ਦੇ ਅਧੀਨ ਹਨ ਤੇ ਮੰਤਰ ਬ੍ਰਾਹਮਣ ਦੇ ਅਧੀਨ। ਇਉਂ ਬ੍ਰਾਹਮਣ ਭੂਪਤੀ ਹੈ, ਦੇਵਨ ਦੇਵ ਹੈ, ਜਿਸ ਦੀ ਮਰਜ਼ੀ ਭਗਵਾਨ 'ਤੇ ਵੀ ਚਲਦੀ ਹੈ, ਜਿਸ ਨੂੰ ਉਸ ਦੇ ਸਰਾਪ ਕਾਰਨ ਧਰਤੀ 'ਤੇ ਆ ਕੇ ਸਰਾਪੀ ਜੂਨ ਭੋਗਣੀ ਪੈਂਦੀ ਹੈ।

ਕੀ ਵਿਸ਼ਵ ਭਰ ਦਾ ਕੋਈ ਆਦਮੀ, ਕੋਈ ਸ਼ੈਅ, ਕੋਈ ਸ਼ਕਤੀ ਬੇਅੰਤ ਪਾਰਬ੍ਰਹਮ ਨੂੰ ਡਰਾਉਣ ਦੀ ਸਮਰੱਥਾ ਰੱਖਦੇ ਹਨ? ਨਹੀਂ ਕੋਈ ਨਹੀਂ। ਉਹ ਬੇਡਰ ਹੈ, ਬੇਖੌਫ ਹੈ। ਦਰਅਸਲ ਅਨੰਤ ਕਰਤਾਪੁਰਖ ਕਿਸੇ ਬ੍ਰਾਹਮਣ ਦੇ ਭੈਅ ਅਧੀਨ ਨਹੀਂ ਹੈ।

ਉਹ ਨਿਰਵੈਰ ਹੈ। ਕਿਸੇ ਨਾਲ ਸਿਰਜਣਾ ਕਰਨ ਸਮੇਂ ਇਹ ਦੇਖ ਕੇ ਵੈਰ ਨਹੀਂ ਕਰਦਾ ਕਿ ਉਹ ਗੋਰਾ ਹੈ, ਕਾਲਾ ਹੈ, ਮਰਦ ਹੈ, ਔਰਤ ਹੈ, ਬੰਦਾ ਹੈ, ਪਸ਼ੂ ਹੈ, ਪੰਛੀ ਹੈ ਜਾਂ ਹੋਰ ਜੀਵ। ਨਾ ਇਹ ਦੇਖ ਕੇ ਕਿ ਉਹ ਬ੍ਰਾਹਮਣ ਹੈ, ਖੱਤਰੀ ਹੈ, ਵੈਸ਼ ਹੈ, ਸ਼ੂਦਰ ਹੈ ਜਾਂ ਅਤੀ ਸ਼ੂਦਰ। ਉਹ ਹਰੇਕ ਜੀਵ ਨੂੰ ਬੰਦੇ ਨੂੰ ਰੰਗ ਨਸਲ ਤੇ ਵਰਨ ਜਾਤ ਦੇ ਕਿਸੇ ਵੀ ਭੇਦ ਤੋਂ ਬਿਨਾਂ ਆਪਣੇ ਪੰਜਾਂ ਤੱਤਾਂ ਨਾਲ ਹੀ, ਸਿਰਜਦਾ ਹੈ। ਉਹ ਹਵਾ ਰਾਹੀਂ, ਪਾਣੀ ਰਾਹੀਂ, ਮਿੱਟੀ ਰਾਹੀਂ, ਅੱਗ ਰਾਹੀਂ ਤੇ ਇਕ ਅਦਿੱਖ ਸੂਖਮ ਤੱਤ ਰਾਹੀਂ ਜੀਵ ਨੂੰ ਸਿਰਜਦਾ ਹੈ। ਇਕ ਸਮਾਨ। ਬਿਨਾਂ ਵੈਰ ਕੀਤਿਆਂ। ਕੀ ਬੰਦਾ ਜਾਂ ਜੀਵ ਇਸੇ ਤਰ੍ਹਾਂ ਪਾਰਬ੍ਰਹਮ ਦੇ ਤੱਤਾਂ ਤੋਂ

ਪੈਦਾ ਨਹੀਂ ਹੁੰਦਾ? ਕੀ ਸਮਾਨ ਕਰਤਾਰੀ ਤੱਤ, ਰੰਗ, ਨਸਲ, ਬ੍ਰਾਹਮਣ, ਸ਼ੂਦਰ ਤੇ ਮਰਦ ਔਰਤ ਦੇ ਭੇਦ ਨੂੰ ਮੰਨਦੇ ਹਨ?

ਹਾਂ ਬ੍ਰਾਹਮਣ ਦਾ ਭਗਵਾਨ ਬ੍ਰਹਮਾ ਇਹ ਵੈਰ ਕਰਦਾ ਹੈ, ਚਾਰ ਵਰਨ ਉਚ-ਨੀਚ ਦੇ ਅਧਾਰ 'ਤੇ ਪੈਦਾ ਕਰਕੇ। ਹੋਰ ਤਾਂ ਹੋਰ ਉਹ ਆਪਣੇ ਜਿਸਮ ਵਿਚੋਂ ਬ੍ਰਾਹਮਣੀ, ਖਤਰਾਣੀ, ਸ਼ੂਦਰਾਣੀ ਜਾਂ ਵੈਸ਼ਿਆਣੀ ਨੂੰ ਪੈਦਾ ਹੀ ਨਹੀਂ ਕਰਦਾ। ਸਿਰਫ ਮਰਦਾਂ ਨੂੰ ਜਨਮ ਦਿੰਦਾ ਹੈ। ਔਰਤ ਨਾਲ ਵੈਰ ਕਰਦਾ ਹੈ। ਵਿਸ਼ਨੂੰ ਇਹ ਵੈਰ ਕਰਦਾ ਹੈ ਵਰਨ ਦੇ ਅਧਾਰ 'ਤੇ ਸ੍ਰਿਸ਼ਟੀ ਦਾ ਪਾਲਣ ਪੋਸਣ ਕਰਕੇ। ਉਹ ਬ੍ਰਾਹਮਣਾਂ, ਖੱਤਰੀਆਂ ਤੇ ਵੈਸ਼ਾਂ ਨੂੰ, ਸ਼ੂਦਰਾਂ ਪਾਸੋਂ ਜੀਵਨ ਜਿਉਣ ਦੀ ਹਰ ਵਸਤੂ ਖੋਹਣ ਦੇ ਅਧਿਕਾਰ ਦਿੰਦਾ ਹੈ। ਸ਼ੂਦਰ ਨੂੰ ਜੂਠ 'ਤੇ ਫਟੇ ਕੱਪੜੇ ਤੇ ਗੁਲਾਮੀ ਦਿੰਦਾ ਹੈ। ਇਸੇ ਤਰ੍ਹਾਂ ਮਹੇਸ਼ ਵੈਰ ਕਰਦਾ ਹੈ ਬ੍ਰਾਹਮਣ ਨੂੰ ਬ੍ਰਾਹਮਣ ਤੇ ਸ਼ੂਦਰ ਨੂੰ ਸ਼ੂਦਰ ਵਜੋਂ ਮੌਤ ਦੇ ਕੇ। ਉਸ ਦਾ ਕਾਲ ਬਰਾਬਰ ਨਹੀਂ ਵਰਤਦਾ। ਇਹ ਬ੍ਰਾਹਮਣ ਦਾ ਧਰਮ ਕਹਿੰਦਾ ਹੈ। ਹਾਲਾਂ ਕਿ ਇਜ ਹੁੰਦਾ ਕੁਝ ਵੀ ਨਹੀਂ।

ਬਾਣੀ ਦਾ ਪਾਰਬ੍ਰਹਮੀ ਕਰਤਾਰ ਇਸ ਵੈਰ ਤੋਂ ਪਰ੍ਹੇ ਹੈ। ਉਹ ਸਭ ਨੂੰ ਹੱਡ, ਲਹੂ, ਮਾਸ, ਹਵਾ, ਪਾਣੀ, ਤਾਪ, ਮਿੱਟੀ ਸਭ ਇਕ ਸਮਾਨ ਦਿੰਦਾ ਹੈ। ਉਹ ਅਕਾਲਮੂਰਤ ਹੈ। ਦਿਸਦਾ ਹੈ, ਦੇਖੋ ਕਿਵੇਂ ਫੈਲਿਆ ਹੈ ਅਨੰਤ ਤੱਕ। ਪ੍ਰੰਤੂ ਇਹ ਕਦੀ ਵੀ ਮਰਦਾ ਨਹੀਂ। ਸਿਰਫ ਅਕਾਰ ਬਦਲਦਾ ਹੈ। ਜੋ ਕਲ੍ਹ ਸੀ, ਅੱਜ ਨਹੀਂ, ਜੋ ਅੱਜ ਹੈ ਉਹ ਕਲ੍ਹ ਹੋਰ ਦਿਸੇਗਾ ਪ੍ਰੰਤੂ ਰਹੇਗਾ ਬ੍ਰਹਿਮੰਡ ਰੂਪ। ਇਸ ਦੀ ਕੋਈ ਮੌਤ ਨਹੀਂ। ਅੱਜ ਨਾ ਪਿਛਲਾ ਕੋਈ ਬ੍ਰਾਹਮਣ ਹੈ ਨਾ ਬ੍ਰਹਮਾ ਵਿਸ਼ਨੂੰ ਤੇ ਮਹੇਸ਼। ਨਾ ਰਿਸ਼ੀ, ਨਾ ਮੁਨੀ ਪ੍ਰੰਤੂ ਅਕਾਲਪੁਰਖ ਹੈ, ਇਹ ਸਦਾ ਰਹੇਗਾ। ਇਹ ਅਮਰ ਹੈ ਅਨੰਤ ਕਾਲ ਤੋਂ ਅਨੰਤ ਤੱਕ। ਕੀ ਇਉਂ ਨਹੀਂ?

ਇਹ ਅਜੂਨੀ ਹੈ। ਭਾਵ ਕੋਈ ਮਾਂ ਇਸ ਨੂੰ ਕ੍ਰਿਸ਼ਨ ਜਾਂ ਰਾਮ ਵਾਂਗ ਜਨਮ ਨਹੀਂ ਦਿੰਦੀ ਸਗੋਂ ਹਰ ਮਾਂ ਦਾ ਕਰਤਾਰ ਦੇ ਤੱਤ ਲੈ ਕੇ ਜਨਮਣਾ ਲਾਜ਼ਮੀ ਹੈ। ਕੋਈ ਮਾਂ ਰਾਮ, ਕ੍ਰਿਸ਼ਨ, ਪਰਸ਼ੂ ਰਾਮ, ਰਿਸ਼ੀ ਮੁਨੀ, ਬ੍ਰਾਹਮਣ ਦੇ ਅਵਤਾਰ ਤਾਂ ਪੈਦਾ ਕਰ ਸਕਦੀ ਹੈ, ਉਹ ਵੀ ਬ੍ਰਾਹਮਣਾਂ ਦੀਆਂ ਜ਼ਰੂਰਤਾਂ ਅਨੁਸਾਰ, ਖੁਸ਼ੀ ਤੇ ਸੰਕਟ ਦੀਆਂ ਜ਼ਰੂਰਤਾਂ ਅਨੁਸਾਰ ਪ੍ਰੰਤੂ ਕੋਈ ਮਾਂ ਪਾਰਬ੍ਰਹਮ ਨੂੰ ਪੈਦਾ ਨਹੀਂ ਕਰ ਸਕਦੀ। ਉਹ ਅਜੂਨੀ ਹੈ। ਹਾਂ ਪਾਰਬ੍ਰਹਮ ਦੇ ਤੱਤਾਂ ਦੇ ਵਿਕਾਸ ਲਈ ਉਹ ਇਕ ਸਾਧਨ ਹੈ ਕਿ ਮਾਤਾ-ਪਿਤਾ ਬਿਨਾਂ ਬਾਲ ਪੈਦਾ ਨਹੀਂ ਹੁੰਦਾ। ਪ੍ਰੰਤੂ ਪਾਰਬ੍ਰਹਮ ਕਦੀ ਵੀ ਕਿਸੇ ਮਾਂ ਦੇ ਪੇਟੋਂ ਬ੍ਰਾਹਮਣ, ਵੇਦ ਤੇ ਗਊ ਦੀ ਰੱਖਿਆ ਲਈ ਅਵਤਾਰ ਨਹੀਂ ਧਾਰਦਾ। ਜਿਵੇਂ ਹਿੰਦੂ ਧਰਮ ਵਿਚ ਹੁੰਦਾ ਹੈ। ਭਾਵ ਕੋਈ ਅਵਤਾਰ ਜਾਂ ਨੰਦ ਲਾਲ ਜਾਂ ਦਸ਼ਰਥ ਪੁੱਤਰ ਰਾਮ ਪੈਦਾ ਹੁੰਦਾ ਹੈ ਪਰ ਉਹ ਪਾਰਬ੍ਰਹਮ ਨਹੀਂ ਜੋ ਕੇਵਲ ਆਪਣੇ ਆਪ ਤੋਂ ਹੀ ਹੈ। ਕੋਈ ਦੂਸਰੀ ਸ਼ਕਤੀ ਉਸ ਨੂੰ ਨਹੀਂ ਬਣਾਉਂਦੀ। ਬ੍ਰਾਹਮਣ ਦਾ ਬਣਾਇਆ ਸਿਰਜਿਆ ਇਕ ਵੱਖਰਾ ਸਿਸਟਮ ਹੈ ਜਿਸ ਦਾ ਇਸ ਸੱਚੇ ਅਕਾਲਪੁਰਖ ਨਾਲ ਕੋਈ ਲੈਣਾ-ਦੇਣਾ ਨਹੀਂ। ਸਗੋਂ ਅਕਾਲਪੁਰਖ ਤੋਂ ਉਲਟ ਹੈ।

- ਬੇਦ ਕਤੇਬ ਨਹੀਂ ਸਙ੍ਰਿਤਿ ਸਾਸਤ੍ਰ ਤਹਾਂ ਵਸੈ ਨਿਰੰਕਾਰਾ॥

ਜੋ ਪਹਿਲਾਂ ਆਪਣੇ ਤੱਤਾਂ ਤੋਂ ਮਾਂ ਨੂੰ ਭਾਵ ਮਾਦਾ ਨੂੰ ਬਣਨ ਦਿੰਦਾ ਹੈ। ਫਿਰ ਇਹ ਮਾਂ ਬਾਪ ਦੇ ਰੂਪ ਵਿਚ ਆਪਣੇ ਤੱਤਾਂ ਤੋਂ ਹੋਰ ਜੀਵ, ਆਂਡੇ, ਜੇਰ, ਮਿੱਟੀ ਤੇ ਸਿੱਲ੍ਹ ਤੋਂ ਪੈਦਾ ਹੋਣ ਦਿੰਦਾ ਹੈ। ਉਸੇ ਦਾ ਵਿਸਥਾਰ ਹੁੰਦਾ ਹੈ, ਉਸੇ ਦੀ ਮੌਤ। ਭਾਵ ਬਦਲਾਅ। ਜਿਵੇਂ, ਆਪ ਮਰੇ ਮਾਰੇ ਭੀ ਆਪੁ॥ ਜਦੋਂ ਉਹ ਜੀਵ ਨੂੰ ਮਾਰਦਾ ਹੈ ਤਾਂ ਉਸ ਵਿਚ ਆਪ ਵੀ ਮਰ ਜਾਂਦਾ ਹੈ।

ਉਹ ਸੈਭੰ ਹੈ। ਸਿਰਫ ਆਪਣੇ ਆਪ ਤੋਂ। ਕਿਸੇ ਨੇ ਨਹੀਂ ਬਣਾਇਆ ਇਹ ਬ੍ਰਹਿਮੰਡ ਪਸਾਰ। ਇਹ ਖੁਦ ਤੋਂ ਹੈ, ਖੁਦ ਬਦਲਦਾ ਹੈ। ਖੁਦ ਬਣਾਉਂਦਾ ਹੈ ਸਾਰਾ ਪਸਾਰਾ। ਉਸ ਦੀ ਆਪਣੇ ਆਪ ਵਰਤ ਰਹੀ ਖੇਡ ਹੈ। ਕੋਈ ਬੈਠੀ ਬਿਠਾਈ ਸ਼ਕਤੀ ਇਸ ਖੇਡ ਨੂੰ ਨਹੀਂ ਚਲਾ ਰਹੀ। ਸਭ ਜੀਵਾਂ ਤੋਂ ਵਧ ਕੇ ਬੰਦਾ ਉਸ ਦੇ ਭਰਪੂਰ ਕਰਤਾਰੀ ਗੁਣਾਂ ਨਾਲ ਲੈਸ ਹੈ। ਬੰਦਾ ਉਨ੍ਹਾਂ ਗੁਣਾਂ ਦੀ ਸ਼ਕਤੀ ਜੋੜ ਕੇ ਕਦੀ ਕਦੀ ਬ੍ਰਹਮ ਦਾ ਗਿਆਨ ਪੈਦਾ ਕਰਕੇ, ਉਸ ਕਰਤਾਰ ਵਰਗੀਆਂ ਸ਼ਕਤੀਆਂ ਦੀ ਸਿਰਜਣਾ ਕਰਦਾ ਹੈ ਪ੍ਰੰਤੂ ਇਹ ਸ਼ਕਤੀਆਂ ਪਾਰਬ੍ਰਹਮ ਦੀਆਂ ਹੀ ਹਨ। ਪਾਰਬ੍ਰਹਮ ਦੀ ਸ਼ਕਤੀ ਹੀ ਬੰਦੇ ਪਾਸ ਮੌਜੂਦ ਹੈ। ਬੰਦਾ ਤਾਂ ਬਣਦਾ ਹੈ ਪ੍ਰੰਤੂ ਪਾਰਬ੍ਰਹਮ ਅਕਾਲਪੁਰਖ ਬੰਦੇ ਵਾਂਗ ਨਾ ਬਣਦਾ ਹੈ ਨਾ ਮਿਟਦਾ ਹੈ। ਆਦਿ ਜੁਗਾਦਿ ਦਾ ਇਹੋ ਸੱਚ ਹੈ। ਉਸ ਨੂੰ ਬਣਾਉਣ ਜਾਂ ਚਲਾਉਣ ਵਾਲੀ ਬ੍ਰਹਮਾ ਵਿਸ਼ਨੂੰ, ਮਹੇਸ਼ ਜਾਂ ਬ੍ਰਾਹਮਣ ਜੇਹੀ ਕੋਈ ਸ਼ਕਤੀ ਨਹੀਂ। ਇਹ ਗੱਲ ਬ੍ਰਾਹਮਣ ਦੀ ਹੈ ਕਿ ਬ੍ਰਹਮਾ ਵਰਨ ਜਾਤੀ ਸਿਸਟਮ ਦਾ ਕਰਤਾ ਹੈ ਪ੍ਰੰਤੂ ਉਸ ਦੇ ਕਹਿਣ 'ਤੇ ਇਹ ਅਨੰਤ ਕਰਤਾ ਨਹੀਂ ਚਲਦਾ। ਸੱਚੇ ਸਤਿਗੁਰ ਭਾਵ ਮਾਰਗਦਾਤਾ ਦੇ ਸਮਝਾਉਣ ਬੁਝਾਉਣ ਅਤੇ ਗਿਆਨ ਪ੍ਰਕਾਸ਼ ਦੇਣ ਨਾਲ ਹੀ ਸਮਝ ਪੈਂਦਾ ਹੈ, ਇਹ ਕਰਤਾਪੁਰਖ ਕਰਤਾਰ। ਵਰਨਾ ਬੰਦਾ ਵੀ ਢੋਰ ਵਾਂਗ ਹੈ। ਗਿਆਨਹੀਣ।

ਗੁਰੂ ਗ੍ਰੰਥ ਸਾਹਿਬ ਦਾ ਇਹ ਪਹਿਲਾ ਮੂਲ ਮੰਤਰ ਬ੍ਰਾਹਮਣੀ ਸਿਸਟਮ ਦੇ ਵਿਰੁੱਧ ਸੱਚਾ ਤੇ ਵਿਗਿਆਨਕ ਫਤਵਾ ਹੈ, ਜਿਸ ਨੂੰ ਬ੍ਰਾਹਮਣੀ ਕਰਤਾਰੀ ਸ਼ਕਤੀਆਂ ਦੇ ਪ੍ਰਸੰਗ ਵਿਚ ਰੱਖੇ ਬਿਨਾਂ ਨਹੀਂ ਸਮਝਿਆ ਜਾ ਸਕਦਾ। ਜਿਸ ਬਾਰੇ ਗੁਰੂ ਨਾਨਕ ਕਹਿੰਦੇ ਹਨ :

- ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

(ਗੁਰੂ ਗ੍ਰੰਥ ਸਾਹਿਬ, ਪੰਨਾ-15)

ਇਸ ਸਤਰ ਦਾ ਅਰਥ ਟੇਢਾ ਹੈ ਕਿ ਬ੍ਰਾਹਮਣ ਦੇ ਹੁਕਮ ਅਨੁਸਾਰ ਨੀਚ ਸ਼ੂਦਰ ਨਾ ਭਗਤੀ ਕਰ ਸਕਦਾ ਹੈ, ਨਾ ਸੁਰਗ ਜਾ ਸਕਦਾ ਹੈ ਕਿਉਂਕਿ ਬ੍ਰਹਮਾਂ ਨੇ ਸ੍ਰਿਸ਼ਟੀ ਦੀ ਰਚਨਾ ਕਰਨ ਸਮੇਂ ਉਸ ਨੂੰ ਮਨੁੱਖੀ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ। ਉਸ ਨਾਲ ਵਿਤਕਰਾ ਕੀਤਾ। ਪ੍ਰੰਤੂ ਬੁੱਧ ਸਮੇਂ ਇਸ ਬ੍ਰਾਹਮਣੀ ਕਰਤਾ ਨੂੰ ਅਸਲੋਂ ਹੀ ਰੱਦ ਕਰਕੇ ਇਸ ਦਾ ਮੰਨਣਾ-ਮਨਾਉਣਾ ਲਾਂਭੇ ਕਰ ਦਿੱਤਾ ਪ੍ਰੰਤੂ ਪੰਜ ਤੱਤਾਂ ਦੀ ਰਚਨਾ ਨੂੰ ਪ੍ਰਵਾਨ ਕਰਦਿਆਂ। ਕਿਸੇ ਵੀ ਬੈਠੇ ਬਿਠਾਏ ਰੱਬ ਨੂੰ ਲਾਂਭੇ ਕੀਤਾ। ਬਾਣੀ ਦੇ ਰੱਬ ਨੂੰ ਪੂਰਾ ਪੜ੍ਹੋ। ਇਥੇ ਵੀ ਓਹੀ ਧਾਰਨਾ ਪੈਦਾ ਹੋਈ ਹੈ, ਪ੍ਰੰਤੂ ਨਿਰੰਕਾਰ ਦਾ ਨਾਂ ਲੈ ਕੇ।

ਇਸ ਉਪਰੋਕਤ ਤੁਕ ਵਿਚ ਸ਼ੂਦਰ ਜਾਂ ਆਮ ਅਧਿਕਾਰਹੀਣ ਬੰਦੇ ਨੂੰ ਕਿਹਾ ਗਿਆ ਹੈ ਕਿ ਤੇਰਾ ਵੀ ਰੱਬ ਹੈ, ਜੋ ਤੇਰੇ 'ਤੇ ਮੇਹਰਬਾਨ ਹੈ। ਸਗੋਂ ਉਹ ਉਤਲੀਆਂ ਜਾਤਾਂ ਵਾਲਿਆਂ, ਵੱਡਿਆਂ, ਹੰਕਾਰੀਆਂ ਦਾ ਵਿਰੋਧੀ ਹੈ। ਇਹ ਸੋਚ, ਹਿੰਮਤ, ਹੌਸਲਾ ਤੇ ਬਰਾਬਰੀ ਦੀ ਭਾਵਨਾ ਪੈਦਾ ਕਰਨ ਵਾਲੀ ਮਜ਼ਲੂਮਾਂ ਨੂੰ ਇਕ ਸੂਤਰ ਵਿਚ ਪਰੋਏ ਜਾਣ ਅਤੇ ਸੰਗਠਤ ਕਰਨ ਦੀ ਧਾਰਨਾ ਬਣਾਉਂਦੀ ਹੈ। ਇਸ ਦਾ ਸਿੱਧਾ ਅਰਥ ਕਰਨ ਦਾ ਕੋਈ ਮੰਤਵ ਨਹੀਂ ਹੈ। ਜੇ ਰਾਮ ਰਾਮ ਹੀ ਕਰਨਾ ਹੈ ਤਾਂ ਹਿੰਦੂਆਂ ਦਾ ਭਗਵਾਨ ਹੋਵੇ ਜਾਂ ਕੋਈ ਹੋਰ, ਕੋਈ ਫਰਕ ਨਹੀਂ। ਸੁਆਲ ਤਾਂ ਧਰਤੀ ਨੂੰ ਪਾਲਣ ਵਾਲੇ ਗੋਬਿੰਦ ਦਾ ਹੈ ਅਤੇ ਅਧਿਕਾਰਹੀਣ ਮਨੁੱਖ ਨੂੰ ਬਰਾਬਰ ਅਧਿਕਾਰ ਯੁਕਤ ਬਣਾਉਣ ਦਾ। ਉਸ ਅੰਦਰ ਬਰਾਬਰੀ ਦੀ ਭਾਵਨਾ ਪੈਦਾ ਕਰਨ ਦਾ ਹੈ। ਜੋ ਬਾਣੀ ਦਾ ਰਾਮ ਕਰਦਾ ਹੈ ਕਿ ਉਹ ਨੀਚਾਂ ਦਾ ਸਹਾਰਾ ਹੈ, ਜਿਸ ਦੀ ਵੱਡੇ ਜਾਤ ਹੰਕਾਰੀਆਂ ਨਾਲ ਨਹੀਂ ਬਣਦੀ। ਉਨ੍ਹਾਂ ਕਰਤਾਵਾਂ

ਨਾਲ ਨਹੀਂ ਬਣਦੀ ਜੋ ਇਕ ਵਿਸ਼ਾਲ ਵਰਗ ਨੂੰ ਪੈਰਾਂ ਤੋਂ ਪੈਦਾ ਕਰਕੇ, ਸਵਰਨ ਜਾਤੀਆਂ ਦੀ ਗੁਲਾਮੀ ਕਰਨ ਲਈ ਮਜਬੂਰ ਕਰਦੇ ਹਨ। ਇਸ ਕਰਤਾਪੁਰਖ ਦੇ ਗੁਣਾਂ ਵਿਚ ਮਜ਼ਲੂਮਾਂ, ਨੀਚਾਂ ਦੀ ਬਰਾਬਰੀ ਦੀ ਭਾਵਨਾ ਹੈ। ਜ਼ਰਾ ਵੇਖੋ :

ਗੁਰੂ ਅਮਰਦਾਸ :

- ਸਭ ਮਹਿ ਇਕੁ ਵਰਤਦਾ ਏਕੋ ਰਹਿਆ ਸਮਾਇ॥

ਹੁਣ ਸਭ ਮਹਿ ਦਾ ਅਰਥ ਹੀ ਅਲੱਗ ਹੈ ਕਿ ਉੱਚੀਆਂ ਜਾਤਾਂ ਜਾਂ ਨਸਲਾਂ ਕੋਲ ਤਾਂ ਪਹਿਲਾਂ ਹੀ ਹੈ ਸਭ ਕੁਝ। ਜਿਨ੍ਹਾਂ ਕੋਲ ਨਹੀਂ ਉਹ ਸਭ ਕੌਣ ਹਨ, ਅਧਿਕਾਰਹੀਣ ਲੋਕ। ਜਿਨ੍ਹਾਂ ਨੂੰ ਅਧਿਕਾਰ-ਰਹਿਤ ਬਣਾਇਆ ਗਿਆ। ਗੁਰੂ ਕਹਿੰਦੇ ਹਨ ਉਨ੍ਹਾਂ ਵਿਚ ਵੀ ਓਹੀ ਵਰਤਦਾ ਹੈ ਜੋ ਬ੍ਰਾਹਮਣ ਜਾਂ ਖੱਤਰੀ ਵਿਚ। ਉਹ ਨੀਵੇਂ 'ਚ ਵੀ ਹੈ ਜੋ ਉੱਚਿਆਂ 'ਚ ਹੈ। ਨੀਵੇਂ ਉੱਚਿਆਂ ਨਾਲੋਂ ਘੱਟ ਨਹੀਂ। ਗੱਲ ਤਾਂ ਸੱਚ ਨੂੰ ਸਮਝਣ ਦੀ ਹੈ।

ਪ੍ਰਸ਼ਨ ਤਾਂ ਹੌਸਲਾ, ਹਿੰਮਤ, ਬਰਾਬਰੀ ਤੇ ਸੰਗਠਨ ਦੀ ਸ਼ਕਤੀ ਪੈਦਾ ਕਰਨ ਦੀ ਹੈ। ਪਾਠ ਪੂਜਾ ਦਾ ਮਸਲਾ ਤਾਂ ਹੈ ਹੀ ਨਹੀਂ। ਏਥੇ ਬਰਾਬਰੀ ਪੈਦਾ ਕਰਨ ਦਾ ਮਾਮਲਾ ਹੈ ਤੇ ਇਹ ਬਰਾਬਰੀ ਪੈਦਾ ਕਰਦੇ ਹਨ, ਸਿਰਜਣਾ ਦੇ ਕਰਤਾਰੀ ਤੱਤ ਜੋ ਸਭ ਵਿਚ ਸਮਾਨ ਹਨ। (27)

ਇਸ ਤੋਂ ਉਲਟੇ ਪਾਸੇ ਕੀ ਹੋ ਰਿਹੈ, ਦੇਖੋ :

ਗੁਰੂ ਅਮਰਦਾਸ :

- ਪੰਡਿਤੁ ਪੜੈ ਬੰਧਨ ਮੋਹ ਬਾਧਾ ਨਾ ਬੂਝੈ ਬਿਖਿਆ ਪਿਆਰਿ॥

ਬ੍ਰਾਹਮਣ ਨਹੀਂ ਜਾਣਦਾ ਕਿ ਜਾਤ ਵਰਨ ਦੀ ਬਿਖਿਆ ਕੀ ਹੈ। ਇਹ ਜ਼ਹਿਰ ਐਸੀ ਹੈ ਜੋ ਮਰਨ ਵੀ ਨਹੀਂ ਦਿੰਦੀ, ਜਿਊਣ ਵੀ ਨਹੀਂ ਦਿੰਦੀ। ਮੋਹ ਦਾ ਬੰਧਨ ਹੈ। ਜਿਸ ਨੂੰ ਬ੍ਰਾਹਮਣ ਪੜ੍ਹਦਾ ਪੜ੍ਹਾਉਂਦਾ ਹੈ ਪ੍ਰੰਤੂ ਇਸ ਵਿਚਲੀ ਬਿਖਿਆ ਨੂੰ ਨਹੀਂ ਸਮਝਦਾ।

ਗੁਰੂ ਨਾਨਕ : ਪੰਡਤ ਪੋਥੀਆਂ ਤਾਂ ਵਿਚਾਰਦਾ ਹੈ ਪ੍ਰੰਤੂ ਵਿਚਾਰ ਭਾਵ ਅਸਲੀ ਗੱਲ ਨਹੀਂ ਸਮਝਦਾ। ਦੂਜਿਆਂ ਨੂੰ ਮੱਤਾਂ ਦਿੰਦਾ ਹੈ, ਝੂਠ ਮਾਰਦਾ ਹੈ, ਜੱਗ ਨੂੰ ਚੰਗੀ ਲਗਦੀ ਹੈ। ਰੋਲਾ ਉਸਦਾ ਧਨ ਦੌਲਤ ਪੈਦਾ ਕਰਨ ਦਾ ਹੈ। ਪੰਡਤ ਤੇ ਜੋਤਸ਼ੀ ਕਿੰਨੇ ਹੀ ਵੇਦਾਂ ਦਾ ਵਿਚਾਰ ਕਰਦੇ ਹਨ। ਵਾਦ ਵਿਰੋਧ ਤੇ ਆਉਣ ਜਾਣ ਦਾ ਸਿਲਸਿਲਾ ਕਰਦੇ ਹਨ ਪ੍ਰੰਤੂ ਬਿਨਾਂ ਸਤਿਗੁਰ ਦੇ ਗਿਆਨ ਤੋਂ ਮੁਕਤੀ ਨਹੀਂ ਹੁੰਦੀ। (56/57)

ਗੁਰੂ ਨਾਨਕ : ਇਸ ਦਾ ਇਲਾਜ ਕੀ ਹੈ। ਸੱਚ ਤੋਂ ਸਭ ਕੁਝ ਥੱਲੇ ਹੈ, ਛੋਟਾ ਹੈ ਪ੍ਰੰਤੂ ਸੱਚ ਤੋਂ ਉੱਪਰ ਹੈ, ਸੱਚਾ ਜਿਊਣਾ। ਤੇ ਉਹ ਜਿਊਣਾ ਕੀ ਹੈ। ਸਭ ਨੂੰ (ਭਾਵ ਸ਼ੂਦਰਾਂ ਨੀਚਾਂ ਨੂੰ ਵੀ) ਉੱਚਾ ਕਹੋ। ਕੋਈ ਬੰਦਾ ਵੀ ਨੀਚ ਨਹੀਂ ਦੇਖਣਾ। ਕਿਉਂਕਿ ਇਕੋ ਕਰਤਾ ਪੁਰਖ ਨੇ ਇਹ ਸਭ ਭਾਂਡੇ ਬਣਾਏ ਹਨ ਤੇ ਓਹੀ ਇਕੋ ਹੈ ਸਭ ਅੰਦਰ। ਸਭ ਬਰਾਬਰ ਹਨ। (ਭਾਵ ਵਰਨ ਜਾਤ ਦੀ ਬਕਵਾਸ ਬੇਮਤਲਬ ਹੈ, ਝੂਠ ਹੈ) (62/46)

ਕਿਉਂਕਿ :

ਗੁਰੂ ਅਮਰਦਾਸ :

- ਪੰਡਿਤ ਪੜਿ ਪੜਿ ਵਾਦ ਵਖਾਣਹਿ ਬਿਨੁ ਗੁਰ ਭਰਮਿ ਭੁਲਾਇ॥

ਭਾਵ ਭਰਮਾਂ ਵਿਚ ਭੁੱਲਿਆ ਪੰਡਤ, ਗ੍ਰੰਥ ਪੜ੍ਹ-ਪੜ੍ਹ ਕੇ ਅਨੇਕ ਪ੍ਰਕਾਰ ਦੇ ਵਾਦ ਖੜ੍ਹੇ ਕਰਦਾ ਹੈ। ਇਸ ਦਾ ਹੱਲ ਹੈ, ਜੋ ਕੀਤਾ ਜਾਣਾ ਜ਼ਰੂਰੀ ਹੈ, ਜੋ ਮੰਨਣਾ ਜ਼ਰੂਰੀ ਹੈ, ਉਹ ਇਹ ਕਿ ਗੁਰਬਾਣੀ, ਜੋ ਇਸ ਜੱਗ ਵਿਚ ਚਾਨਣ ਦਾ ਮਾਰਗ ਹੈ, ਜੋ ਚੰਗੇ ਕਰਮ

ਨਾਲ ਹੀ ਮਿਲਦੀ ਹੈ, ਜਿਸ ਨੂੰ ਜਪਣ ਨਾਲ ਸੁਖ ਮਿਲਦਾ ਹੈ, ਭਾਵ ਸਮਝਣ ਨਾਲ ਛੁਟਕਾਰੇ ਦਾ ਰਸਤਾ ਮਿਲਦਾ ਹੈ।

ਇਹ ਬਾਣੀ ਕਿਸਦੀ ਹੈ :

- ਨਾਮਾ ਛੀਬਾ ਕਬੀਰੁ ਜੋਲਾਹਾ ਪੂਰੇ ਗੁਰ ਤੇ ਗਤਿ ਪਾਈ॥
  ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥

ਇਹ ਹੈ ਨਾਮਦੇਵ ਛੀਬਾ ਤੇ ਕਬੀਰ ਜੁਲਾਹਾ, ਜਿਨ੍ਹਾਂ ਨੂੰ ਪੂਰੇ ਗੁਰੂ ਨੇ ਸੋਝੀ ਦਿੱਤੀ ਹੈ। ਇਹ ਬ੍ਰਹਮ ਨਾਲ ਇਕ-ਮਿਕ ਹਨ। ਜਿਨ੍ਹਾਂ ਨੇ ਗੁਰੂ ਤੋਂ ਸ਼ਬਦ ਸਾਰ ਜਾਣ ਲਿਆ ਹੈ ਤੇ ਜਾਤੀ ਹਉਮੈ 'ਤੇ ਜ਼ਬਰਦਸਤ ਹਮਲਾ ਕਰ ਦਿੱਤਾ ਹੈ। ਜਦੋਂ ਕਿ ਬ੍ਰਾਹਮਣੀ ਧਰਮ ਅਨੁਸਾਰ ਅਛੂਤ ਸ਼ੂਦਰ ਅਧਿਕਾਰਾਂ ਤੋਂ ਹੀਣ ਹਨ। ਏਥੇ ਬ੍ਰਾਹਮਣ ਦੁਆਰਾ ਪੈਦਾ ਕੀਤੇ ਭਰਮ ਤੇ ਵਾਦ ਦਾ ਹੱਲ ਅਛੂਤ ਸੰਤ ਦੱਸਦੇ ਹਨ। ਗੰਗਾ ਉਲਟੀ ਵਗਦੀ ਹੈ।

ਇਹ ਹਨ ਉਹ ਸਤਿਗੁਰ ਮਨੁੱਖ, ਜਿਨ੍ਹਾਂ ਦੀ ਬਾਣੀ ਦੇਵਤੇ ਤੇ ਆਦਮੀ ਸਭ ਗਾਉਂਦੇ ਹਨ, ਜਿਸ ਨੂੰ ਕੋਈ ਝੂਠ ਨਹੀਂ ਕਰ ਸਕਦਾ। ਗੁਰੂ ਕਹਿੰਦੇ ਹਨ ਕਿ ਜੇ ਇਸ ਸੱਚੀ ਬਾਣੀ ਨਾਲ ਪ੍ਰੀਤ ਹੋ ਜਾਵੇ ਤਾਂ ਆਉਣ ਜਾਣ ਦਾ ਝਗੜਾ ਮੁੱਕ ਜਾਂਦਾ ਹੈ ਤੇ ਮਨੋ-ਬਿਰਤੀ ਮੁਕਤ ਹੋ ਜਾਂਦੀ ਹੈ, ਡਰ ਭਉ ਲਹਿ ਜਾਂਦਾ ਹੈ, ਭਰਮ ਮਿਟ ਜਾਂਦੇ ਹਨ।

(67/1-5)

- ਭਗਤਾ ਮਨ ਅਨੰਦੁ ਹੈ ਸਬਦਿ ਰੰਗਿ ਰਾਤੇ॥

ਏਥੇ ਗੁਰੂ ਨਿਮਨ ਜਾਤੀ ਭਗਤਾਂ ਦੀ ਸੱਚੀ ਬਾਣੀ ਦੇ ਮਾਰਗ ਦਰਸ਼ਨ ਨੂੰ ਮੰਨਣ ਤੇ ਉਸ 'ਤੇ ਚੱਲਣ ਦਾ ਉਪਦੇਸ਼ ਦਿੰਦੇ ਹਨ ਪ੍ਰੰਤੂ ਬ੍ਰਾਹਮਣੀ ਧਰਮ ਵਿਚ ਬ੍ਰਾਹਮਣਾਂ ਦੇ ਕਹਿਣ 'ਤੇ ਰਾਜੇ ਸ਼ੂਦਰ ਭਗਤਾਂ ਨੂੰ ਕਤਲ ਕਰਦੇ ਹਨ। ਅਧਿਕਾਰਹੀਣ, ਗੁਲਾਮ ਬਣਾ ਕੇ ਰੱਖਣ ਲਈ। (69/4)

ਇਹ ਗੁਰਮੁਖ ਹਨ ਜੋ ਅੰਮ੍ਰਿਤਬਾਣੀ ਬੋਲਦੇ ਹਨ, ਜਿਨ੍ਹਾਂ ਨੇ ਸਰੀਰ ਵਿਚੋਂ ਆਤਮ ਰਾਮ ਨੂੰ ਸਹਿਜ ਹੀ ਤੁਰੰਤ ਲੱਭ ਲਿਆ ਹੈ, ਬਿਨਾਂ ਝੰਜਟ, ਬਿਨਾਂ ਪਾਠ ਪੂਜਾ, ਬਿਨਾਂ ਪਖੰਡ, ਬਿਨਾਂ ਕਰਮਕਾਂਡ, ਬਿਨਾਂ ਪੁੰਨ ਦਾਨ। (69/4)

ਵਿਰੋਧੀ ਵਿਚਾਰਧਾਰਾ, ਜਿਸ ਨੂੰ ਤਿਆਗਣਾ ਹੈ ਉਸ ਦਾ ਹੱਲ ਵਰਨਣ ਬਾਣੀ ਵਿਚ ਇਜ ਹੈ :

ਗੁਰੂ ਅਰਜਨ :

- ਸਾਸਤ ਸਿਮ੍ਰਿਤਿ ਬੇਦ ਚਾਰਿ ਮੁਖਾਗਰਿ ਬਿਚਰੇ॥
  ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ॥
- ਖਟ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ॥
  ਰੰਗੁ ਨਾ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ॥ (70/4-5)

ਦੇਖੋ ਬ੍ਰਾਹਮਣ ਦਾ ਸਾਰਾ ਮਾਰਗ ਨਰਕ ਨੂੰ ਜਾਣ ਦਾ ਮਾਰਗ ਹੈ ਤੇ ਸੰਤ ਮਾਰਗ ਧਰਮ ਦੀ ਪੌੜੀ ਹੈ ਅਤੇ ਮੁਕਤੀ ਦੀ ਕਲਾ। ਗੁਰੂ ਇਕ ਨੂੰ ਛੱਡਣ ਤੇ ਤਿਆਗਣ ਦਾ ਮੱਤ ਦਿੰਦੇ ਹਨ, ਦੂਜੇ ਨੂੰ ਅਪਨਾਉਣ ਦਾ।

- ਭਗਤ ਨਵੇਂ ਪਰਕਾਰਾ॥ (3) ਪੰਡਿਤ ਵੇਦੁ ਪੁਕਾਰਾ॥ (4)

ਨਵੇਂ ਤੇ ਪੁਰਾਣੇ ਵਿਚ ਟਕਰਾਅ।

ਨਵੇਂ ਵਿਚ ਪਾਰਬ੍ਰਹਮ ਦੀ ਅੰਮ੍ਰਿਤਬਾਣੀ ਭਗਤਾਂ ਭਾਵ ਨਾਮਦੇਵ (ਛੀਬਾ),

ਕਬੀਰ (ਜੁਲਾਹਾ), ਰਵਿਦਾਸ (ਚਮਾਰ) ਅਤੇ ਸੈਣ (ਨਾਈ) ਦੇ ਮਨ ਵਿਚ ਰਹਿੰਦੀ ਹੈ। (72/11) ਜਿਨ੍ਹਾਂ ਨੂੰ ਬ੍ਰਾਹਮਣੀ ਧਰਮ ਵਿਚ ਅਧਿਕਾਰਹੀਣ ਮੰਨਿਆ ਗਿਆ। ਬ੍ਰਾਹਮਣੀ ਸਿਸਟਮ ਵਿਚ, ਇਸ ਲਈ ਏਥੇ :

- ਗਿਆਨੁ ਧਿਆਨ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ॥
- ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮ ਧਰਮ ਨਹੀ ਪੂਜਾ॥

ਗੁਰੂ ਨਾਨਕ (75/1)

ਗੁਰੂ ਅਮਰਦਾਸ :

- ਪੰਡਿਤੁ ਪੜਿ ਪੜਿ ਉੱਚਾ ਕੂਕਦਾ ਮਾਇਆ ਮੋਹਿ ਪਿਆਰੁ॥
  ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ॥ (86/1)
- ਅੰਤਰਿ ਕਪਟੁ ਭਗਉਤੀ ਕਹਾਏ
  ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ॥ (88/3)

ਇਕ ਪਾਸੇ ਸ਼ੂਦਰ ਭਗਤ ਦਾ ਕਤਲ ਹੁੰਦਾ ਹੈ ਦੂਜੇ ਪਾਸੇ ਸਮਾਜਕ ਇਨਕਲਾਬ ਵਿਚ ; ਸਾਲਾਹਿਹੁ ਭਗਤਹੁ ਕਰਿ ਜੋੜਿ (ਹੱਥ ਜੋੜ ਭਗਤਾਂ ਦੀ ਸਿਫਤ ਸਲਾਹ ਕਰੋ) ਕਿਉਂਕਿ : ਹਰਿ ਭਗਤ ਜਨ ਤਾਰਦਾ॥ (90/18)

ਵਿਰੋਧੀ ਧਿਰ ਦਾ ਵਰਤਾਰਾ ਜਿਵੇਂ ਹੈ, ਉਸ ਦੀ ਤਸਵੀਰ ਵੇਖੋ :

- ਖਟੁ ਸਾਸਤ ਬਿਚਰਤ ਮੁਖਿ ਗਿਆਨਾ॥
  ਪੂਜਾ ਤਿਲਕ ਤੀਰਥ ਇਸਨਾਨਾ॥
- ਨਿਵਲੀ ਕਰਮ (ਯੋਗਾ) ਆਸਨ ਚਉਰਾਸੀ
  ਇਨ ਮਹਿ ਸਾਂਤਿ ਨ ਆਵਹਿ ਜੀਉ॥ ਗੁਰੂ ਅਰਜਨ (98/1-2)

ਗੁਰੂ ਅਮਰਦਾਸ :

- ਸਿੰਮ੍ਰਿਤਿ ਸਾਸਤ ਬੇਦ ਵਖਾਣੈ॥
  ਭਰਮੇ ਭੂਲਾ ਤਤੁ ਨ ਜਾਣੈ॥ (114/7)

ਮਨਮੁਖ ਪੜਹਿ ਪੰਡਿਤ ਕਹਾਵਹਿ॥ (ਬਾਣੀ ਵਿਚ ਮਨਮੁਖ ਬ੍ਰਾਹਮਣ ਦਾ ਦੂਜਾ ਨਾਂ ਹੈ)

- ਦੂਜੇ ਭਾਇ (ਦਵੈਤ ਕਰਕੇ) ਮਹਾ ਦੁਖੁ ਪਾਵਹਿ॥
  ਵੇਦੁ ਪੜਹਿ ਹਰਿ ਰਸੁ ਨਹੀ ਆਇਆ॥
  ਵਾਦੁ ਵਖਾਣਹਿ ਮੋਹੇ ਮਾਇਆ॥ (127-28)

ਵੇਦ ਪੜ੍ਹਦਾ ਹੈ ਪਰ ਹਰਿ ਤੱਤ ਨਹੀਂ ਸਮਝਿਆ, ਨਹੀਂ ਜਾਣਿਆ। ਵਰਨ ਵਾਦ ਚਲਾਉਂਦਾ ਹੈ ਸਿਰਫ ਦੌਲਤ ਖਾਤਰ, ਮਾਇਆ ਖਾਤਰ।

- ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ॥
  ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ॥
  ਵੇਦ ਪੁਕਾਰੇ ਤ੍ਰਿਬਿਧਿ ਮਾਇਆ॥

ਅਕਾਲ ਪੁਰਖ ਦੇ ਤੱਤ ਨੂੰ ਜਾਣਦਾ ਨਹੀਂ ਪਰ ਤ੍ਰੈਗੁਣਾਂ ਨੂੰ ਬਹੁਤ ਉਛਾਲਦਾ ਹੈ ਕਿ ਬ੍ਰਹਮਾਂ ਨੇ ਸ੍ਰਿਸ਼ਟੀ ਰਚੀ। ਵਿਸ਼ਨੂੰ ਪਾਲਣਾ ਕਰਦਾ ਹੈ। ਮਹੇਸ਼ ਕਾਲ ਕਰਦਾ ਹੈ। ਉਹ ਇਨ੍ਹਾਂ ਨੂੰ ਗੁਣ ਦੱਸਦਾ ਹੈ ਪੁੱਤ੍ਰ ਹੈ ਇਹ ਝੂਠ ਕਿਉਂਕਿ ਸ੍ਰਿਸ਼ਟੀ ਦੀ ਰਚਨਾ ਤਾਂ ਬ੍ਰਹਿਮੰਡ ਦੇ ਤੱਤ ਵਿਧਾਨ ਤੋਂ ਹੋਈ ਹੈ। ਉਹ ਵੀ ਕਰੋੜਾਂ ਵਰ੍ਹਿਆਂ ਵਿਚ। ਇਹ ਲੋਕ ਮੂਲੋਂ ਹੀ ਗਲਤ

ਹਨ। ਤਿਨ ਵਿਧੀਆਂ ਦੀ ਸਿਰਜੀ ਮਾਇਆ ਖਾਤਰੋਂ ਛੰਦ ਪੜ੍ਹਦੇ ਤੇ ਪੁਕਾਰਦੇ ਹਨ।

ਜੇ ਸਹੀ ਦੇਖੀਏ ਤਾਂ ;

- ਤਤੁ ਪਛਾਣੈ ਪੰਡਿਤੁ ਹੋਈ॥
  ਆਪਿ ਤਰੈ ਸਗਲੀ ਕੁਲ ਤਾਰੈ
  ਹਰਿ ਨਾਮੁ ਮੰਨਿ ਵਸਾਵਣਿਆ (1)

ਪੰਡਤ ਹੈ ਕੌਣ? ਕਿਸੇ ਬ੍ਰਾਹਮਣੀ ਦਾ ਜਾਇਆ ਨਹੀਂ। ਬ੍ਰਹਮਾਂ ਦੇ ਸਿਰ 'ਚੋਂ ਉਪਜਿਆ ਨਹੀਂ। ਜਿਸ ਨੇ ਤੱਤ ਵਿਧਾਨ ਪਛਾਣ ਲਿਆ, ਓਹੀ ਅਸਲੀ ਗਿਆਤਾ ਪੰਡਤ ਹੈ। ਓਹੀ ਸੱਚਾ ਪੰਡਤ ਹੈ। ਚਾਹੇ ਉਹ ਨਾਮਾ ਛੀਬਾ ਹੋਵੇ, ਕਬੀਰ ਜੁਲਾਹਾ ਜਾਂ ਰਵਿਦਾਸ ਚਮਾਰ ਹੋਵੇ। ਜਾਂ ਕੋਈ ਵੀ ਹੋਰ। ਜਿਸ ਨੂੰ ਸੋਝੀ ਹੋ ਗਈ ਬ੍ਰਾਹਮਣ ਔਰਤ ਦੇ ਪੇਟੋਂ ਪੈਦਾ ਹੋਣਾ ਉਸ ਦੀ ਕੋਈ ਜ਼ਰੂਰਤ ਨਹੀਂ। ਉਹ ਮਨੁੱਖ ਜਿਸ ਦਾ ਮਕਸਦ ਹੋਵੇ ਇਕ ਕਰਤਾਪੁਰਖ ਨੂੰ ਮੰਨ ਕੇ, ਆਪ ਵੀ ਮੁਕਤ ਹੋਵੇ ਦੂਜਿਆਂ ਨੂੰ ਵੀ ਮੁਕਤ ਕਰੇ, ਓਹੀ ਅਸਲੀ ਪੰਡਤ ਹੈ ਬਾਣੀ ਅਨੁਸਾਰ।

ਤੇ ਉਹ ਜੋ ਮੰਨੇ ;

- ਜਾਤੀ ਦੈ ਕਿਆ ਹਥਿ ਸਚੁ ਪਰਖੀਐ।
  ਮਹੁਰਾ ਹੋਵੈ ਹਥਿ ਮਰੀ ਚਖੀਐ॥ (ਗੁਰੂ ਨਾਨਕ-142/10)

ਕਿ ਜਾਤੀ ਦੇ ਹੱਥ ਤਾਂ ਕੁਝ ਵੀ ਨਹੀਂ। ਸੱਚ ਦੀ ਪਰਖ ਕਰੋ ਕਿ ਕੀ ਅਕਾਲ ਪੁਰਖ ਦਾ ਤੱਤ ਵਿਧਾਨ ਬ੍ਰਾਹਮਣੀ, ਵਰਨ-ਜਾਤ ਪੈਦਾ ਕਰਨ ਦੀ ਵਿਧੀ ਹੈ ਜਾਂ ਇਕ ਸਮਾਨ ਮਨੁੱਖੀ ਸ੍ਰਿਸ਼ਟੀ?

ਜਾਤ ਤਾਂ ਜ਼ਹਿਰ ਹੈ, ਮਹੁਰਾ ਹੈ। ਚੱਖੋਗੇ ਤਾਂ ਮਰੋਗੇ। (ਤੁਸੀਂ ਦੇਖੋ ਕਿ ਜਾਤ ਵਰਨ ਨੇ ਪੂਰੇ ਮੁਲਕ ਨੂੰ ਕਿਵੇਂ ਤਬਾਹ ਕੀਤਾ ਹੋਇਆ ਹੈ। ਮੁਲਕ ਨੂੰ ਗੁਲਾਮ ਬਣਾਉਣ, ਕਮਜ਼ੋਰ ਕਰਨ ਵਿਚ ਇਸੇ ਦਾ ਹੱਥ ਹੈ। ਲੋਕਾਂ ਅੰਦਰ ਨਫਰਤ ਇਸੇ ਨਾਲ ਫੈਲੀ ਹੋਈ ਹੈ। ਇਸੇ ਨੇ ਬੰਦੇ ਤੋਂ ਸੁਖ ਚੈਨ ਖੋਹ ਲਿਆ ਹੈ। ਉਤਲੀਆਂ ਜਾਤਾਂ ਬਾਕੀ ਸਭ ਨੂੰ ਚੈਨ ਨਾਲ ਜਿਉਣ ਨਹੀਂ ਦਿੰਦੀਆਂ। ਲੁੱਟ ਤੇ ਜ਼ੁਲਮ ਦਾ ਧੰਦਾ ਫੜ ਰੱਖਿਆ ਹੈ ਉਤਲਿਆਂ ਨੇ। ਬਹੁ-ਗਿਣਤੀ ਲੋਕਾਂ ਨੂੰ ਪ੍ਰੇਸ਼ਾਨ ਅਤੇ ਮਜ਼ਲੂਮ ਬਣਾ ਕੇ ਰੱਖਣ ਲਈ।

ਸੰਤ ਅਤੇ ਗੁਰੂ ਇਸ ਜ਼ਹਿਰ ਦੇ ਵਿਰੁੱਧ ਖੜ੍ਹੇ ਹਨ। ਇਹ ਜਾ[illegible] ਕ੍ਰਾਂਤੀ ਹੈ। ਸਮਾਜਕ ਇਨਕਲਾਬ। ਬਰਾਬਰੀ ਲਈ ਪ੍ਰੇਮ ਭਾਈਚਾਰੇ ਤੇ ਅਜ਼ਾ[illegible] ਲਈ। ਸਮੂਹਿਕ ਕਲਿਆਣ ਲਈ, ਸੁਖ ਅਨੰਦ ਲਈ। ਨਿਰਬਾਣ ਦਾ ਮਾਰਗ। ਮਨੁੱਖਤਾ ਦੇ ਭਲੇ ਖਾਤਰ। ਦੋ ਮਾਰਗ ਹਨ। ਇਕ ਮਾਰਗ ਤੇ ਇਕ ਕੁਮਾਰਗ। ਦੋਹਾਂ ਵਿਚਕਾਰ ਟਕਰਾਅ ਹੈ। ਇਕ ਜ਼ਹਿਰ ਵਾਂਗ ਹੈ ਦੂਜਾ ਅੰਮ੍ਰਿਤ ਵਾਂਗ। ਇਕ ਦੁੱਖ ਦੇਣ ਵਾਲਾ ਹੈ ਦੂਜਾ ਸੁਖ ਅਨੰਦ। ਇਕ ਥੋੜ੍ਹੇ ਜੇਹੇ ਉਤਲੇ ਲੋਕਾਂ ਦਾ ਮਾਇਆ ਦਾ ਵਪਾਰ ਹੈ, ਦੂਜਾ ਸਭ ਦੇ ਭਲੇ ਦਾ ਸੰਕਲਪ। ਕਿਵੇਂ? ਦੇਖੋ :

- ਚਾਰਿ ਪਦਾਰਥ ਕਹੈ ਸਭੁ ਕੋਈ॥
  ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ॥
  ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ॥
  ਮੁਕਤਿ ਪਦਾਰਥੁ ਭਗਤਿ ਹਰਿ ਪਾਇਆ॥ ਗੁਰੂ ਨਾਨਕ (154/2)

ਮੁਕਤੀ ਦੀਆਂ ਗੱਲਾਂ ਸਭ ਕਰਦੇ ਹਨ। ਚਾਰ ਪਦਾਰਥਾਂ ਦਾ ਜ਼ਿਕਰ ਸਭ ਕਰਦੇ

ਹਨ ਪ੍ਰੰਤੂ ਬਿਨਾਂ ਸਹੀ ਗੁਰੂ ਕਿਸੇ ਨੂੰ ਨਾ ਅਰਥ ਦਾ ਪਤਾ ਲਗਦਾ ਹੈ, ਨਾ ਵਿਚਾਰ ਦਾ। ਗੁਰੂ ਨਾਨਕ ਕਹਿੰਦੇ ਹਨ ਇਹ ਮੁਕਤੀ ਪਦਾਰਥ ਸਿਰਫ ਭਗਤਾਂ ਨੇ ਪਾਇਆ ਹੈ। ਉਹ ਹੈ ਹਰੀ, ਦੁਖ ਹਰਤਾ ਕਿ ਸਭ ਦਾ ਸਿਰਜਣਹਾਰ ਏਕੰਕਾਰ ਹੈ। ਇਸ ਲਈ ਸਭ ਭੈਣ-ਭਰਾ ਹਨ। ਕੋਈ ਉਚ-ਨੀਚ ਤੇ ਜਾਤ-ਵਰਨ ਨਹੀਂ ਹੈ। ਇਹ ਜਾਤ-ਵਰਨ ਤਾਂ ਬਿਖ ਹੈ, ਝੂਠ ਹੈ। ਸਭ ਇਕ-ਦੂਜੇ ਦੇ ਬਰਾਬਰ ਹਨ। ਇਹੀ ਸੋਚ ਇਕ ਅਨੰਦ ਹੈ, ਜਿਸ ਨੂੰ ਭਗਤਾਂ ਨੇ ਸਮਝਿਆ ਹੈ। ਇਕ ਹਰੀ ਦੀ ਭਗਤੀ ਕਰਕੇ ਭਾਵ ਪੜ੍ਹ ਵਿਚਾਰ ਕੇ, ਸੋਚ ਸਮਝ ਕੇ। ਗੁਰੂ ਰਾਮਦਾਸ ਉਸ ਭਗਤ ਮਾਰਗ ਦੀ ਪੁਸ਼ਟੀ ਕਰਦੇ ਹਨ ਕਿ ਇਕ ਕਿਵੇਂ ਬਿਖ ਹੈ ਤੇ ਦੂਜਾ ਕਿਵੇਂ ਅੰਮ੍ਰਿਤ ਹੈ।

- ਪੰਡਿਤੁ ਸਾਸਤ ਸਿਮ੍ਰਿਤਿ ਪੜਿਆ॥
  ਜੋਗੀ ਗੋਰਖੁ ਗੋਰਖੁ ਕਰਿਆ॥

(ਮੂਰਖ-ਭਾਵ ਜਿਸ ਨੂੰ ਬ੍ਰਾਹਮਣੀ ਸਿਧਾਂਤ ਅਨੁਸਾਰ ਮੂਰਖ ਤੇ ਕੁਰਾਹੀਆ ਕਿਹਾ ਜਾਂਦਾ ਹੈ ਅਸਲ ਵਿਚ ਉਹ ਸੁਮਾਰਗੀ ਮਨੁੱਖ ਹੈ।)

'ਮੂਰਖ' ਹਰਿ ਹਰਿ ਜਪੁ ਪੜਿਆ॥ (163/1)

ਯਾਦ ਰੱਖਣਾ ਕਿ ਬਾਣੀ ਵਿਚ ਹਰੀ ਪੂਜਾ ਲਈ ਨਹੀਂ ਹੈ। ਸਿਰਫ ਸੱਚ ਸਮਝਣ ਲਈ ਅਤੇ ਸਾਰੇ ਮਨੁੱਖਾਂ ਦੀ ਬਰਾਬਰੀ ਸਿਰਜਣ ਦਾ ਵਿਧਾਨ ਹੈ। ਸਮਝਣ ਲਈ ਇੱਕ ਸੱਚ, ਜੋ ਬ੍ਰਾਹਮਣ ਦੇ ਸਿਧਾਂਤ ਤੋਂ ਉਲਟਾ ਹੈ। ਜਿਸਦੀ ਕਾਇਨਾਤ ਵਿਚ ਜਾਤ, ਨਰਕ, ਰੰਗ, ਨਸਲ ਤੇ ਲਿੰਗ ਭੇਦ ਨਹੀਂ ਹੋ ਸਕਦਾ। ਇਸ ਲਈ ਮੱਤ ਸਮਝਣਾ ਕਿ ਬਾਣੀ ਦਾ ਰੱਬ ਪਾਠ-ਪੂਜਾ ਕਰਨ ਅਤੇ ਮਾਲਾ ਫੇਰਨ ਲਈ ਹੈ। ਇਸ ਦਾ ਕੋਈ ਨਰਕ ਸੁਰਗ ਜਾਂ ਬੈਕੁੰਠ ਨਹੀਂ ਹੈ। ਇਹ ਇਕ ਸੱਚਖੰਡ ਹੈ, ਗਿਆਨ ਦਾ ਖੰਡ। ਸੱਚਖੰਡਿ ਵਸੈ ਨਿਰੰਕਾਰ। ਭਾਵ ਜਿਥੇ ਸੱਚ ਹੈ, ਸੱਚ ਦਾ ਪ੍ਰਕਾਸ਼ ਹੈ, ਸੱਚ ਦਾ ਗਿਆਨ ਹੈ, ਸੱਚੀ ਬੋਧ ਹੈ, ਉਥੇ ਨਿਰੰਕਾਰ ਦਿਸਦਾ ਹੈ। ਇਹ ਨਿਰੰਕਾਰ ਪੂਜਣ ਲਈ ਨਹੀਂ ਗੱਲ ਤੇ ਸੱਚ ਸਮਝਣ ਲਈ ਹੈ। ਪਾਠ ਪੂਜਾ ਵਾਲਿਆਂ ਨੇ ਇਸ ਦਾ ਬ੍ਰਾਹਮਣੀਕਰਨ ਕਰਕੇ ਮਹਾਂਪਾਪ ਕੀਤਾ ਹੈ। ਜਿਥੇ ਵੇਦ ਸ਼ਾਸਤਰ ਹਨ, ਉਥੇ ਇਹ ਨਿਰੰਕਾਰ ਨਹੀਂ ਹੈ।

ਇਸੇ ਲਈ ਗੁਰੂ ਅਰਜਨ ਕਹਿੰਦੇ ਹਨ :

- ਆਨ ਨ ਸੁਨੀਐ ਕਤਹੂ ਜਾਈਐ।
  ਸਾਧ ਸੰਗਤਿ ਵਡਭਾਗੀ ਪਾਈਐ॥ (180/2)

ਬਸ, ਭਾਵ ਉਨ੍ਹਾਂ ਸੰਤਪੁਰਖਾਂ ਦੀ ਸੱਤ ਸੰਗਤ ਪਾਉਣੀ ਹੈ, ਜਿਨ੍ਹਾਂ ਕੋਲ ਸੱਚ ਤੋਂ ਬਿਨਾਂ ਹੋਰ ਕੁਝ ਨਹੀਂ, ਜਿਨ੍ਹਾਂ ਨੇ ਬ੍ਰਾਹਮਣੀ ਕਰਮ-ਧਰਮ ਤੇ ਪਾਠ ਪੂਜਾ ਤੇ ਇੱਛਾ ਨੂੰ ਤਿਆਗ ਦਿੱਤਾ ਹੈ ਤੇ ਮੁਕਤੀ ਪਾ ਲਈ ਹੈ ਪ੍ਰੰਤੂ ਇਹ ਮੁਕਤੀ ਵੀ ਮਨੁੱਖੀ ਭਲਾਈ ਵਾਸਤੇ ਨਾ ਕਿ ਸੁਰਗ ਵਾਸਤੇ ਜਾਂ ਬ੍ਰਹਮਪੁਰੀ, ਇੰਦਰਪੁਰੀ ਜਾਂ ਸਿਵਪੁਰੀ ਵਾਸਤੇ।

ਕਿਉਂਕਿ :

- ਸਾਧ ਕੈ ਸੰਗਿ ਪਾਰਬ੍ਰਹਮ ਪਛਾਣਾ॥ (183/2)
- ਸਾਧ ਸੰਗਿ ਕੀਰਤਨ ਫਲੁ ਪਾਇਆ॥
  ਜਮ ਕਾ ਮਾਰਗੁ ਦ੍ਰਿਸਟਿ ਨ ਆਇਆ॥ (197/2)

ਅਤੇ

- ਸਾਧ ਸੰਗਿ ਮਿਟਿ ਜਾਤ ਬਿਕਾਰ॥

ਸਭ ਤੇ ਊਚ ਏਹ ਉਪਕਾਰ॥ (198/3)

ਗੁਰੂ ਕਹਿੰਦੇ ਹਨ ਕਿ ਜਾਤ ਦੇ ਬਿਕਾਰਾਂ ਦਾ ਮਿਟ ਜਾਣਾ ਜਾਂ ਮਿਟਾ ਦੇਣਾ ਹੀ ਸਭ ਤੋਂ ਉੱਤਮ ਉਪਕਾਰ ਹੈ। ਉਸ ਤੋਂ ਉਲਟਾ ਮਾਰਗ ਕੀ ਹੈ?

- ਗੁਰੂ ਅਰਜਨ ਦਸਦੇ ਹਨ :

  ਧੋਤੀ ਖੋਲਿ ਵਿਛਾਏ ਹੇਠਿ॥
  ਗਰਧਪ (ਗਧੇ) ਵਾਂਗੂ ਲਾਹੇ ਪੇਟ॥
  ਇਨ ਕਰਤੂਤੀ ਮੁਕਤਿ ਨ ਪਾਈਐ॥
  ਮੁਕਤਿ ਪਦਾਰਥ ਨਾਮੁ ਧਿਆਈਐ॥ (201/1-3)
  ਪੂਜਾ ਤਿਲਕ ਕਰਤ ਇਸਨਾਨਾ॥
  ਛੁਰੀ ਕਾਢਿ ਲੇਵੈ ਹਥਿ ਦਾਨਾ॥ (ਛੁਰੀ ਦਿਖਾ ਕੇ ਦਾਨ ਲੈਂਦਾ ਹੈ)
  ਬੇਦੁ ਪੜੈ ਮੁਖਿ ਮੀਠੀ ਬਾਣੀ॥
  ਜੀਆਂ ਕੁਹਤ ਨ ਸੰਗੈ ਪਰਾਣੀ॥ (ਓਹੀ)

ਇਸ਼ਨਾਨ ਕਰਕੇ, ਤਿਲਕ ਲਾ ਕੇ ਪੂਜਾ ਕਰਦਾ ਹੈ। ਕੋਈ ਨਾ ਦੇਵੇ ਤਾਂ ਛੁਰੀ ਦਿਖਾ ਕੇ ਦਾਨ ਲੈਂਦਾ ਹੈ। ਹੱਥ ਛੁਰੀ ਰੱਖਦਾ ਹੈ, ਮੂੰਹੋਂ ਬੇਦਾਂ ਦੀ ਮਿੱਠੀ ਬਾਣੀ ਪੜ੍ਹਦਾ ਹੈ। ਬਲੀਆਂ ਦੇ ਨਾਂ ਜੀਵਾਂ ਨੂੰ ਕੋਂਹਦਾ ਜ਼ਰਾ ਨਹੀਂ ਸੰਗਦਾ, ਇਹ ਬੰਦਾ।

ਗੁਰੂ ਅਰਜਨ :

- ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ॥ (ਭੈੜ)

  ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ॥
  ਸਿਵਪੁਰੀ ਬ੍ਰਹਮ ਇੰਦ੍ਰਪੁਰੀ ਨਿਹਚਲੁ ਕੋ ਥਾਉ ਨਾਹਿ॥
  ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ॥ (214/1-3)

(ਸਾਕਤ ਸਾਧੂ ਇਕ ਐਸੀ ਸੰਸਥਾ ਹੈ ਜਿਸ ਨੂੰ ਸਾਰੇ ਕੁਕਰਮ ਕਰਨ ਦਾ ਹੱਕ ਹੈ) ਇਸ ਸ਼ਬਦ ਵਿਚ ਸਾਰੇ ਸਿਸਟਮ ਦੀ ਵਿਆਖਿਆ ਤੇ ਉਸ ਦਾ ਵਿਰੋਧ ਹੈ।

ਬਾਬਾ ਸਾਹਿਬ ਕਹਿੰਦੇ ਹਨ ਕਿ ਉਹ ਹਿੰਦੂ ਮਰਨਗੇ ਨਹੀਂ। ਤੁਸੀਂ ਦੇਖੋ ਕਿ ਉਨ੍ਹਾਂ ਨੇ ਆਪਣੀ ਗੱਲ ਹੀ ਨਹੀਂ ਕੀਤੀ ਸਗੋਂ ਪਿਤਾਮਾ ਬੁੱਧ, ਸੰਤ ਸਤਿਗੁਰੂ ਤੇ ਖੱਤਰੀ ਗੁਰੂਆਂ ਦੇ ਮਿਸ਼ਨ ਦੀ ਪੁਸ਼ਟੀ ਕੀਤੀ। ਕੀ ਨਹੀਂ ਕੀਤੀ? ਕੀ ਤੁਸੀਂ ਇਸ ਅਟੱਲ ਸੱਚ ਨੂੰ ਝੂਠ ਕਰ ਸਕਦੇ ਹੋ? ਸਾਰੀ ਬਾਣੀ, ਜਿਸ ਚੀਜ਼ ਦਾ ਤਿਆਗ ਕਰਨਾ ਹੈ, ਉਸ ਦੀ ਸਾਰੀ ਰੂਪ ਰੇਖਾ ਪਹਿਲਾਂ ਵਾਰ-ਵਾਰ ਬਿਆਨ ਕਰਦੀ ਹੈ ਤੇ ਫੇਰ ਸਹੀ ਮਾਰਗ ਤਹਿ ਕਰਦੀ ਹੈ। ਆਪਣਾ ਅੰਤਮ ਫੈਸਲਾ ਸੁਣਾਉਂਦੀ ਹੈ। ਏਥੇ ਅਸੀਂ ਖੱਤਰੀ ਗੁਰੂ ਵਾਰ-ਵਾਰ ਲਿਖ ਰਹੇ ਹਾਂ ਕਿਉਂਕਿ ਸੰਤ ਸਤਿਗੁਰਾਂ ਦਾ ਇਕ ਨਿਰਨਾ ਹੈ ਕਿ ਸੂਰਮਾ ਖੱਤਰੀ ਓਹੀ ਹੈ ਜੋ ਦੀਨ ਦੁਖੀਆਂ ਖਾਤਰ ਲੜਦਾ ਹੈ। ਪੁਰਜਾ ਪੁਰਜਾ ਕੱਟ ਮਰਦਾ ਹੈ ਪਰੰਤੂ ਸੰਘਰਸ਼ ਨੂੰ ਨਹੀਂ ਤਿਆਗਦਾ। ਗੁਰੂ ਖੱਤਰੀ ਹਨ ਤੇ ਦੀਨ ਦੁਖੀ ਲਈ ਉਹ ਪੁਰਜਾ-ਪੁਰਜਾ ਕੱਟ ਮਰਨ ਦੀ ਪ੍ਰਵਾਹ ਕੀਤੇ ਬਿਨਾਂ ਲੜਦੇ ਰਹੇ। ਉਨ੍ਹਾਂ ਨੇ ਬ੍ਰਾਹਮਣ ਵਾਲੇ ਕਸ਼ੱਤਰੀ ਦਾ ਨਹੀਂ ਸੰਤਾਂ ਵਾਲੇ ਸੂਰਮੇ ਦਾ ਪਰਮੋ ਧਰਮ ਜੀਅ ਜਾਨ ਨਾਲ ਨਿਭਾਇਆ ਇਸੇ ਲਈ ਅਸੀਂ ਉਨ੍ਹਾਂ ਨੂੰ ਨਾਮਾਂ ਛੀਂਬਾ, ਕਬੀਰ ਜੁਲਾਹਾ, ਰਵਿਦਾਸ ਚਮਾਰ ਤੇ ਸੈਣ ਨਾਈ ਵਾਂਗ ਖੱਤਰੀ ਗੁਰੂ ਕਹਿ ਰਹੇ ਹਾਂ।

ਜੋ ਸੰਤਾਂ ਤੇ ਗੁਰੂਆਂ ਨੂੰ ਮੰਨਣ ਵਾਲਿਆਂ ਨੇ ਇਹ ਕੁਝ ਨਹੀਂ ਸਮਝਿਆ, ਨਹੀਂ ਮੰਨਿਆ, ਨਹੀਂ ਕੀਤਾ ਤਾਂ ਉਹ ਸਿੱਖ ਨਹੀਂ ਬ੍ਰਾਹਮਣੀਧਾਰਾ ਦੇ ਲੋਕ ਹਨ। ਸ਼ਕਲ ਤੋਂ ਨਾ

ਸਹੀ ਅਕਲ ਤੋਂ ਤਾਂ ਹਨ। ਜਿਸ ਕਰਕੇ ਅੱਜ ਤੱਕ ਜਾਤ ਵਰਨ ਨਹੀਂ ਟੁੱਟੇ। ਜਿਨ੍ਹਾ ਨੇ ਗੁਰੂ ਦੀ ਇਹ ਗੱਲ, ਨਾ ਪੜ੍ਹੀ, ਨਾ ਸੁਣੀ, ਨਾ ਸਮਝੀ ਨਾ ਮੰਨੀ ਕਿ :

- ਪੋਥੀ ਪੰਡਿਤ ਬੇਦ ਖਜੰਤਾ ਜੀਉ॥
  ਹੋਇ ਬੈਰਾਗੀ ਤੀਰਥ ਨਾਵੰਤਾ ਜੀਉ॥
  ਗੀਤ ਨਾਦ ਕੀਰਤਨੁ ਗਾਵੰਤਾ ਜੀਉ॥ (216/3)

ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ :

- ਤੀਰਥਿ ਨਾਇ ਅਰੁ ਧਰਨੀ (ਧਰਤੀ) ਭ੍ਰਮਤਾ ਆਗੈ ਠਉਰ ਨ ਪਾਵੈ॥
  ਊਹਾਂ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ॥ (216/2)

ਭਾਵ ਇਹ ਤੀਰਥ ਇਸ਼ਨਾਨ, ਭਰਮਣ, ਵੇਦ, ਪਾਠ ਕਿਸੇ ਕੰਮ ਨਹੀਂ, ਲੋਕਾਂ ਨੂੰ ਪਤਿਆਉਣ, ਰਿਝਾਉਣ ਦੀ ਵਿਧੀ ਹੈ, ਸਿਰਫ਼ ਮਾਇਆ ਵਾਸਤੇ।

ਇਨ੍ਹਾਂ ਦੀ ਅਸਲ ਦਸ਼ਾ ਕੀ ਹੈ?

ਗੁਰੂ ਨਾਨਕ :

- ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ॥
  ਬਿਨ ਗੁਰ ਪੰਥ ਨ ਸੁਝਈ ਕਿਤੁ ਬਿਧਿ ਨਿਰਬਹੀਐ॥
  ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ॥
  ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ॥
  ਸੂਤੇ ਕਉ ਜਾਗਤ ਕਹੈ ਜਾਗਤ ਕਉ ਸੂਤਾ॥

(ਭਾਵ ਜੋ ਅੱਖਾਂ ਮੀਚ ਅੰਦਰ ਵੜ ਕੇ ਮਾਲਾ ਫੜ ਕੇ ਰਾਮ-ਰਾਮ ਕਰਨ ਬਹਿ ਗਿਆ ਉਸ ਲਈ ਉਹ ਜਾਗਦਾ ਹੈ ਪਰ ਜਿਸ ਨੂੰ ਸੱਚ ਦੀ ਸਮਝ ਪੈ ਗਈ ਹੈ ਉਸ ਨੂੰ ਮੂਰਖ ਅਨਜਾਣ ਦਸਦਾ ਹੈ, ਬੇਅਕਲ ਕਹਿੰਦਾ ਹੈ, ਕੁਰਾਹੀਆ ਦੱਸਦਾ ਹੈ)

- ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ॥

(ਜਿਉਂਦਿਆਂ ਨੂੰ ਮਰੇ ਸਮਝਦਾ ਹੈ, ਮਰ ਗਏ 'ਤੇ ਰੋਂਦਾ ਨਹੀਂ। ਖੁਸ਼ ਹੁੰਦਾ ਹੈ ਕਿ ਹੁਣ ਪਿੰਡ ਦਾਨ ਹੋਵੇਗਾ)

- ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ॥

(ਸਹੀ ਥਾਂ 'ਤੇ ਆਉਣ ਵਾਲੇ ਦੀ ਨਿੰਦਿਆ ਕਰਦਾ ਹੈ, ਜੋ ਕੰਮੋਂ ਗਿਆ, ਮੰਦ ਬੁਧੀ ਹੋ ਕੇ ਪੈਰੀਂ ਪੈ ਗਿਆ, ਉਸ ਲਈ ਉਹ ਟਿਕਾਣੇ ਆ ਗਿਆ।)

- ਪਰ ਕੀ ਕਉ ਅਪੁਨੀ ਕਹੈ ਅਪਨੋ ਨਹੀ ਭਾਇਆ॥

(ਬਿਗਾਨੀਆਂ 'ਤੇ ਅਧਿਕਾਰ ਰੱਖਦਾ ਹੈ, ਆਪਣਿਆਂ ਦੀ ਪ੍ਰਵਾਹ ਨਹੀਂ ਕਰਦਾ)

- ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ॥

(ਸੱਚ ਕੌੜਾ ਲਗਦਾ ਹੈ, ਜੋ ਕੂੜ ਹੈ, ਝੂਠ ਹੈ, ਕਪਟ ਹੈ, ਉਸ ਲਈ ਮਿੱਠਾ ਹੈ)

- ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ॥

(ਜਿਸ ਨੇ ਇਕ ਰੱਬ ਨਾਲ ਪ੍ਰੀਤ ਜੋੜ ਲਈ ਉਸ ਦੀ ਨਿੰਦਿਆ ਕਰਦਾ ਹੈ। ਇਹ ਹੈ ਹਾਲ ਕਰਮ ਧਰਮ ਦਾ)

- ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ॥

(ਪੱਥਰਾਂ ਦੀ ਸੇਵਾ ਕਰਦਾ ਹੈ, ਵਰਤਦੇ ਠਾਕਰ ਨੂੰ ਨਹੀਂ ਦੇਖਦਾ)

- ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ॥

(ਉਹ ਇਹ ਗੱਲ ਨਹੀ ਸਮਝਦਾ ਕਿ ਪਾਣੀ ਰਿੜਕਣ ਨਾਲ ਮੱਖਣ ਨਹੀਂ ਨਿਕਲ ਆਉਂਦਾ) (229/7)

ਜੋ ਧੱਤਰੀ ਗੁਰੂ ਅਛੂਤ ਸੰਤ ਭਗਤਾਂ ਨੂੰ ਆਪਣੇ ਰਹਿਬਰ ਜਾਂ ਮਾਰਗ ਦਰਸ਼ਨ ਮੰਨ ਕੇ ਚਲਦੇ ਹਨ ਤਾਂ ਉਸ ਦਾ ਸਬੂਤ ਵੀ ਦਿੰਦੇ ਹਨ, ਉਸ ਸਿਧਾਂਤ ਦੀ ਪੁਸ਼ਟੀ ਕਰਕੇ ਜੋ ਸੰਤ ਬਾਣੀ ਵਿਚ ਪੇਸ਼ ਹੋਏ।

ਉਸ ਮਾਰਗ ਨੂੰ ਸੁਣਦਿਆਂ, ਮੰਨਦਿਆਂ, ਗਾਉਂਦਿਆਂ ਤੇ ਪ੍ਰਵਾਨ ਕਰਦਿਆਂ ਸਵਰਨ ਜਾਤੀ ਵਿਚ ਪੈਦਾ ਹੋਏ ਗੁਰੂਆਂ ਨੇ ਇਹ ਸਾਬਤ ਕੀਤਾ ਕਿ ਉਹ ਹਿੰਦੂ ਪੈਦਾ ਜ਼ਰੂਰ ਹੋਏ ਪ੍ਰੰਤੂ ਉਹ ਹਿੰਦੂ ਬਣੇ ਨਹੀਂ ਰਹਿਣਗੇ। ਜਿਸ ਦੇ ਸਬੂਤ ਵਜੋਂ ਪੇਸ਼ ਹੈ ਇਹ ਸ਼ਬਦ:

ਗੁਰੂ ਅਰਜਨ :

- ਇੰਦ੍ਰ ਪੁਰੀ ਮਹਿ ਸਰਪਰ ਮਰਣਾ॥
  ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ॥
  ਸਿਵ ਪੁਰੀ ਕਾ ਹੋਇਗੋ ਕਾਲਾ॥
  ਤ੍ਰੈਗੁਣ ਮਾਇਆ ਬਿਨਸਿ ਬਿਤਾਲਾ॥
  ਦਿਨਸ ਰੈਣਿ ਧਰਤ ਅਰੁ ਭੇਦਾ॥
  ਸਾਸਤ ਸਿੰਮ੍ਰਿਤ ਬਿਨਸਹਿਗੇ ਬੇਦਾ॥
  ਤੀਰਥ ਦੇਵ ਦੇਹੁਰਾ ਪੋਥੀ॥
  ਮਾਲਾ ਤਿਲਕੁ ਸੋਚ ਪਾਕ ਹੋਤੀ॥
  ਧੋਤੀ ਡੰਡਉਤਿ ਪਰਸਾਦਨ ਭੋਗਾ॥
  ਗਵਨੁ ਕਰੈਗੋ ਸਗਲੋ ਲੋਗਾ॥
  ਜਾਤਿ ਵਰਨ ਤੁਰਕ ਅਰੁ ਹਿੰਦੂ
  ਸਗਲ ਪਾਸਾਰੁ ਦੀਸੈ ਪਾਸਾਰਾ॥
  ਬਿਨਸਿ ਜਾਇਗੋ ਸਗਲ ਆਕਾਰਾ॥ (237/1-5)

ਇਹ ਪੂਰਾ ਖਿਆਲ ਸੰਤ ਬਾਣੀ ਵਿਚ ਵਾਰ-ਵਾਰ ਪ੍ਰਗਟ ਹੁੰਦਾ ਹੈ, ਜਿਸ ਦੇ ਅਨੇਕ ਦ੍ਰਿਸ਼ਟਾਂਤ ਅਸੀਂ ਵੇਖ ਆਏ ਹਾਂ।

ਅਰਥ ਦੇਖੋ ਕਿ ਇੰਦਰਪੁਰੀ ਸਿਰ ਧਰਨੇ ਪਵੇਗੀ, ਬ੍ਰਹਮਪੁਰੀ ਨੇ ਰਹਿਣਾ ਨਹੀਂ, ਸ਼ਿਵਪੁਰੀ ਦਾ ਖੁਦ ਦਾ ਕਾਲ ਹੋਏਗਾ। ਕਾਲ ਕਰਤਾ ਸ਼ਿਵਜੀ ਉਸ ਨੂੰ ਬਚਾਅ ਨਹੀਂ ਸਕੇਗਾ। ਸ੍ਰਿਸ਼ਟੀ ਦੀ ਰਚਨਾ ਕਰਨ, ਇਸ ਨੂੰ ਪਾਲਣ ਤੇ ਇਸ ਦਾ ਕਾਲ ਕਰਨ ਦੀ ਤ੍ਰੈਗੁਣੀ ਮਾਇਆ ਬਿਨਸ ਜਾਵੇਗੀ। ਦਿਨ ਰਾਤ, ਬਰਤ ਤੇ ਭਿੰਨ-ਭੇਦ ਸਭ ਖਤਮ ਹੋਣਗੇ। ਜਦੋਂ ਸ਼ਾਸਤਰ ਸਿਮਰਤੀਆਂ ਬੇਦ ਵੀ ਖਤਮ ਹੋ ਜਾਣਗੇ। ਤੀਰਥ ਦੇਵਤੇ ਮੰਦਰ ਤੇ ਪੋਥੀਆਂ ਧੋਤੀ, ਡੰਡੌਤ ਪਰਸਾਦ, ਭੋਗ, ਮਾਲਾ, ਤਿਲਕ, ਪਾਕ ਮੰਨੀ ਗਈ ਸੋਚ ਸਭ ਨੇ ਖਤਮ ਹੋ ਜਾਣਾ ਹੈ। ਜਾਤ ਵਰਨ, ਤੁਰਕ ਤੇ ਹਿੰਦੂ, ਸਗਲ ਪਸਾਰਾ, ਸਗਲ ਅਕਾਰ, ਸਭ ਨੇ ਹੀ ਇਕ ਦਿਨ ਮਿਟ ਜਾਣਾ ਹੈ।

ਇਸ ਦਾ ਸਿੱਧਾ ਭਾਵ ਹੈ ਕਿ ਜਿਸ ਨੇ ਖੁਦ ਮਿਟ ਜਾਣਾ ਹੈ, ਜੋ ਖੁਦ ਆਪਣੇ ਸਦਾ ਰਹਿਣ ਦਾ ਬੰਦੋਬਸਤ ਨਹੀਂ ਕਰ ਸਕਦਾ, ਜਿਸ ਦੀ ਖੁਦ ਦੀ ਮੌਤ ਹੋ ਜਾਣੀ ਹੈ, ਉਹ ਬਾਕੀ ਲੋਕਾਂ ਨੂੰ ਮੁਕਤੀ ਕਿਵੇਂ ਦੇਣਗੇ, ਜਿਸ ਨੂੰ ਆਪਣਾ ਭਰੋਸਾ ਨਹੀਂ ਉਹ ਬਾਕੀਆਂ ਨੂੰ ਕੀ ਭਰੋਸਾ ਦੇ ਸਕਦੇ ਹਨ। ਜੇ ਭਰੋਸਾ ਨਹੀਂ ਦੇ ਸਕਦੇ ਉਨ੍ਹਾਂ ਦਾ ਕੀ

ਮੰਨਣਾ ਤੇ ਕੀ ਪੂਜਣਾ। ਇਸ ਝੂਠ ਨੂੰ ਤਿਆਗ ਦੇਣਾ ਹੀ ਅਸਲ ਧਰਮ ਹੈ।

ਤਾਂ ਫਿਰ ਇਸ ਦਾ ਹੱਲ ਕੀ ਹੈ। ਇਹ ਦੁੱਖ ਕਿਵੇਂ ਮਿਟੇਗਾ। ਮੁਕਤੀ ਕਿਵੇਂ ਮਿਲੇਗੀ? ਉਸ ਦਾ ਜਵਾਬ ਹੈ :

- ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥
  ਭਗਤ ਜਨਾ ਕੈ ਮਨਿ ਬਿਸ੍ਰਾਮੁ॥ (262/2)
- ਸਗਲ ਮਤਾਂਤ ਕੇਵਲ ਹਰਿ ਨਾਮੁ॥
  ਗੋਬਿਦ ਭਗਤ ਕੈ ਮਨਿ ਬਿਸ੍ਰਾਮ॥ (296/6-7)

ਕਿਉਂਕਿ :

- ਨਿਰਮਲ ਸੋਭਾ ਅੰਮ੍ਰਿਤ ਤਾਕੀ ਬਾਨੀ॥
  ਏਕ ਨਾਮੁ ਮਨ ਮਾਹਿ ਸਮਾਨੀ॥
  ਜਿਨ੍ਹਾਂ ਨੂੰ ਪੜ੍ਹ ਕੇ, ਸੁਣ ਕੇ, ਸਮਝ ਕੇ :
  ਦੂਖ ਰੋਗ ਬਿਨਸੇ ਭੈ ਭਰਮ॥
  ਸਾਧ ਨਾਮ ਨਿਰਮਲ ਤਾਕੇ ਕਰਮ॥
  ਸਭ ਤੇ ਊਚ ਤਾਕੀ ਸੋਭਾ ਬਨੀ॥
  ਨਾਨਕ ਇਹ ਗੁਣਿ ਨਾਮੁ ਸੁਖਮਨੀ॥

ਭਾਵ ਇਲਾਜ ਹੈ ਸੰਤਾਂ-ਭਗਤਾਂ ਦੀ ਅੰਮ੍ਰਿਤ ਬਾਣੀ ਵਿਚ ਉਨ੍ਹਾਂ ਦਾ ਸ਼ਬਦ। ਉਨ੍ਹਾਂ ਦੀ ਜੀਵਨ ਜਾਚ, ਉਨ੍ਹਾਂ ਦਾ ਦੱਸਿਆ ਸੱਚ, ਉਨ੍ਹਾਂ ਦਾ ਖੋਜਿਆ ਬ੍ਰਹਮ। ਇਲਾਜ ਹੈ, ਫੈਲਾਏ ਗਏ ਦੁੱਖਾਂ, ਰੋਗਾਂ, ਡਰਾਂ ਤੇ ਭਰਮਾਂ ਦਾ। ਇਸ ਲਈ ਗੁਰੂ ਜੀ ਕਹਿੰਦੇ ਹਨ ਕਿ;

- ਦੁਰਮਤਿ ਹਰੀ ਸੇਵਾ ਕਰੀ ਭੇਟੇ ਸਾਧ ਕ੍ਰਿਪਾਲ॥ (299/12)
- ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥ (ਗੁਰੂ ਰਾਮਦਾਸ-306/72)

ਇਸ ਲਈ,

- ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥ (349/1)
- ਆਪਿ ਤਰੈ ਸੰਗਤਿ ਕੁਲ ਤਾਰੈ।
  ਸਤਿਗੁਰ ਸੇਵ ਤਤੁ ਵੀਚਾਰੈ॥
  ਹਮਰੀ ਜਾਤਿ ਪਤਿ ਸਚੁ ਨਾਉ॥
  ਕਰਮ ਧਰਮ ਸੰਜਮੁ ਸਤ ਭਾਉ॥ (353/4-14)

ਗੁਰੂ ਪੰਡਤਾਂ ਨੂੰ ਵੀ ਸਲਾਹ ਦਿੰਦੇ ਹਨ

ਗੁਰੂ ਨਾਨਕ : ਕਿ ਪੰਡਤਾ ਸੱਚ ਇਹ ਹੈ ਕਿ ਸਾਡਾ ਇਹ ਸਰੀਰ ਹੀ ਬ੍ਰਹਮਾ ਹੈ ਤੇ ਇਸ ਵਿਚਲਾ ਮਨ ਧੋਤੀ ਹੈ ਜੋ ਬੰਦੇ ਦਾ ਨੰਗ ਢੰਗ ਢੱਕੀ ਰੱਖਦਾ ਹੈ। ਜਨੇਊ ਦਾ ਕੋਈ ਅਰਥ ਨਹੀਂ ਇਸ ਦੀ ਥਾਂ ਗਿਆਨ ਨੂੰ ਸਰੀਰ 'ਤੇ ਚੜ੍ਹਾਈ ਰੱਖਣਾ ਚਾਹੀਦਾ ਹੈ। ਧਿਆਨ ਬਣਾਈ ਰੱਖਣ ਦੀ ਕੁਸਪਾਤੀ ਰੱਖਣੀ ਜ਼ਰੂਰੀ ਹੈ। ਪੰਡਤਾ ਅਜੇਹਾ ਬ੍ਰਹਮ ਵਿਚਾਰ ਕਿਉਂਕਿ ਉਸ ਦੇ ਸਿਮਰਨ ਵਿਚ ਸੱਚ ਹੈ, ਵਿੱਦਿਆ ਹੈ ਅਤੇ ਜ਼ਿੰਦਗੀ ਦਾ ਚੱਜ ਅਚਾਰ ਹੈ। ਪਾਰਬ੍ਰਹਮ ਦੀ ਜੋਤ ਹੀ ਜਨੇਊ ਦੀ ਤਰ੍ਹਾਂ ਸਾਡੇ ਨਾਲ ਹੈ। ਉਸ ਦਾ ਨਾਮ ਧੋਤੀ ਤੇ ਟਿੱਕੇ ਵਾਂਗ ਹਰ ਵਕਤ ਨਾਲ ਰਹਿਣਾ ਚਾਹੀਦਾ ਹੈ।

ਗਗਨ ਦੇ ਤੱਤਾਂ ਦੀ ਪਰਖ ਕਰ ਜੋ ਸਰੀਰ ਦੇ ਦਸਾਂ ਦੁਆਰਾਂ ਰਾਹੀਂ ਪ੍ਰਗਟ ਹਨ। ਹਰੀ ਦੇ ਦਿੱਤੇ ਮੁਖ ਰਾਹੀਂ ਪਾਠ ਨੂੰ ਪੜ੍ਹ ਅਤੇ ਵਿਚਾਰ ਕਰ। ਜਿਸ ਤਰ੍ਹਾਂ ਮੱਥੇ 'ਤੇ ਤਿਲਕ

ਦੀ ਧਾਰ ਹੈ, ਇਉਂ ਸਭਨਾਂ ਵਿਚ ਇਕੋ ਪ੍ਰਭੂ ਨੂੰ ਬਰਾਬਰ ਜਾਣ। ਬਿਬੇਕ ਬੁੱਧ ਨਾਲ ਅੰਦਰ ਵਸਦੇ ਬ੍ਰਹਮ ਨੂੰ ਬੁੱਝ। ਇਹ ਜੋ ਤੇਰਾ ਕਰਮਕਾਂਡ ਜਾਂ ਚੱਜ ਅਚਾਰ ਹੈ ਇਸ ਨਾਲ ਉਹ ਨਹੀਂ ਮਿਲਦਾ। ਬੇਦ ਪਾਠ ਪੜ੍ਹਨ ਨਾਲ ਉਸ ਦੀ ਕੀਮਤ ਨਹੀਂ ਉੱਤਰਦੀ। ਅਠਾਰਾਂ ਪੁਰਾਣ ਵੀ ਉਸਦੀ ਹਕੀਕਤ ਨਹੀਂ ਜਾਣ ਸਕੇ। ਤੂੰ ਨਹੀਂ, ਇਹ ਸਤਿਗੁਰ ਹੈ, ਜਿਸ ਨੇ ਮੈਨੂੰ ਬ੍ਰਹਮ ਦਿਖਾ ਦਿੱਤਾ ਹੈ।

ਸਤਿਗੁਰ ਦੀ ਵਿੱਦਿਆ ਲਈ, ਉਸ 'ਤੇ ਵਿਚਾਰ ਕੀਤਾ ਤਾਂ ਜੀਵਨ ਦਾ ਉਦੇਸ਼, ਆਪਣਾ ਤੇ ਸਭ ਦਾ ਭਲਾ ਬਣਾ ਲਿਆ। ਆਪ ਲੋਭ ਤਜ ਕੇ ਉਪਕਾਰ ਦਾ ਰਾਹ ਫੜ ਲਿਆ। ਆਪਣਾ ਤੇ ਸਭ ਦਾ ਕਲਿਆਣ ਕਰਨ ਦਾ ਸੰਘਰਸ਼ ਅਪਨਾ ਲਿਆ।

ਗੁਰੂ ਅਰਜਨ ਬ੍ਰਾਹਮਣ ਨੂੰ ਸਿੱਧਾ ਸੰਬੋਧਨ ਹੁੰਦੇ ਹਨ :

- ਦਾਨ ਦੇਇ ਕਰਿ ਪੂਜਾ ਕਰਨਾ॥
  ਲੈਤ ਦੇਤ ਉਨ ਮੂਕਰਿ ਪਰਨਾ॥
  ਜਿਤੁ ਦਰਿ ਤੁਮ੍ਹ ਹੈ ਬ੍ਰਾਹਮਣ ਜਾਣਾ॥
  ਤਿਤੁ ਦਰਿ ਤੂੰਹੀ ਹੈ ਪਛੁਤਾਣਾ॥
  ਐਸੇ ਬ੍ਰਾਹਮਣ ਡੂਬੇ ਭਾਈ॥

ਕਿਉਂਕਿ :

- ਨਿਰਾਪਰਾਧ ਚਿਤਵਹਿ ਬੁਰਿਆਈ॥

(ਕਿ ਉਸ ਨੂੰ ਅਪਰਾਧ ਕਰਨ ਤੇ ਬੁਰਿਆਈ ਚਿਤਵਣ ਤੋਂ ਬਿਨਾਂ ਹੋਰ ਕੰਮ ਹੀ ਨਹੀਂ)

- ਅੰਤਰਿ ਲੋਭੁ ਫਿਰਹਿ ਹਲਕਾਏ॥
  ਨਿੰਦਾ ਕਰਹਿ ਸਿਰ ਭਾਰੁ ਉਠਾਏ॥
  ਮਾਇਆ ਮੂਠਾ ਚੇਤੈ ਨਾਹੀ।
  ਭਰਮੇ ਭੂਲਾ ਬਹੁਤੀ ਰਾਹੀ॥
  ਬਾਹਰਿ ਭੇਖ ਕਰਹਿ ਘਨੇਰੇ।
  ਅੰਤਰਿ ਬਿਖਿਆ ਉਤਰੀ ਘੇਰੇ॥
  ਅਵਰ ਉਪਦੇਸੈ, ਆਪਿ ਨ ਬੂਝੈ।
  ਐਸਾ ਬ੍ਰਾਹਮਣ ਕਹੀ ਨ ਸੀਝੈ॥
  'ਮੂਰਖ ਬ੍ਰਾਹਮਣ' ਪ੍ਰਭੂ ਸਮਾਲਿ॥
  ਦੇਖਤ ਸੁਨਤ ਤੇਰੈ ਹੈ ਨਾਲਿ॥ (372/1-4)

ਬੜੇ ਸਾਫ ਸ਼ਬਦਾਂ ਵਿਚ ਗੁਰੂ ਜੀ ਨੇ ਬ੍ਰਾਹਮਣ ਅਤੇ ਉਸ ਦੇ ਧਰਮ ਕਰਮ ਦਾ ਧੋਬੀ ਪਟੜਾ ਲਾਇਆ ਹੈ। ਉਸ ਦੀਆਂ ਸਾਰੀਆਂ ਮੂਰਖਤਾਵਾਂ ਦਾ ਖੁਲਾਸਾ ਕਰਦਿਆਂ ਉਸ ਨੂੰ ਵਰਜਿਆ ਹੈ ਪ੍ਰੰਤੂ ਇਸ ਹਕੀਕਤ ਨੂੰ ਨਾ ਸਮਝ ਕੇ, ਨਾ ਪੜ੍ਹ ਕੇ, ਨਾ ਮੰਨ ਕੇ ਖਾਸ ਕਰਕੇ ਬੁੱਧੀਮਾਨਾਂ ਨੇ ਆਮ ਸਮਾਜ ਨੂੰ ਬਲਦੀ ਬੂਥੇ ਡਹੇ ਰਹਿਣ ਤੋਂ ਨਹੀਂ ਰੋਕਿਆ। ਜਿਸ ਕਰਮ ਧਰਮ ਤੇ ਬ੍ਰਾਹਮਣ ਦੇ ਵਿਰੋਧ ਵਿਚ ਸਤਿਗੁਰੂ ਵਿਚਾਰਧਾਰਾ ਉੱਠੀ, ਉਸੇ ਨੂੰ ਸਿੱਖਾਂ ਨੇ, ਸਿੱਖ ਇਨਕਲਾਬ ਨੂੰ ਖਾ ਜਾਣ ਦੀ ਖੁਲ੍ਹੀ ਆਗਿਆ ਦਿੱਤੀ। ਕਿਉਂਕਿ ਇਹ ਖਾਸ ਕਰਕੇ ਉੱਚੀ ਜਾਤੀ ਦੇ ਲੋਕ ਆਪਣੀ ਜਾਤ ਦਾ ਘੁਮੰਡ ਤਿਆਗਣ ਦੀ ਥਾਂ ਇਸ ਜਾਤ ਨੂੰ ਪਾਲਣ ਅਤੇ ਬਰਕਰਾਰ ਰੱਖਣ ਵਿਚ ਡਟੇ ਰਹੇ। ਜਿਸ ਦਾ ਨਤੀਜਾ ਇਹ

ਨਿਕਲਿਆ ਕਿ ਸਿੱਖ ਇਨਕਲਾਬ ਦਾ ਸਿਧਾਂਤ ਸ਼ਾਂਤ ਹੋ ਗਿਆ ਤੇ ਪਾਠ-ਪੂਜਾ, ਕਰਮ ਕਾਂਡ, ਇਸ਼ਨਾਨ, ਅੰਧਵਿਸ਼ਵਾਸ, ਅਗਿਆਨ, ਮਨੂੰਵਾਦ, ਮੰਦਰਾਂ ਵਾਂਗ ਗੁਰੂ ਦੇ ਘਰਾਂ ਅਤੇ ਡੇਰਿਆਂ ਵਿਚ ਅਤੁੱਟ ਲੰਗਰ ਵਾਂਗ ਵਰਤਿਆ। ਅੱਜ ਜਦੋਂ ਅਸੀਂ ਨਿੱਘਰ ਗਈ ਬੁਰੀ ਹਾਲਤ ਨੂੰ ਵੇਖਦੇ ਹਾਂ ਤਾਂ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ। ਬਾਬਾ ਸਾਹਿਬ ਡਾਕਟਰ ਅੰਬੇਡਕਰ ਦੀ ਪੈਰੋਕਾਰੀ ਦੀਆਂ ਡੀਂਗਾਂ ਮਾਰਨ ਵਾਲਿਆਂ ਨੇ, ਬਾਣੀ ਦੇ ਮਾਨਵੀ ਤੇ ਬ੍ਰਾਹਮਣਵਾਦ-ਵਿਰੋਧੀ ਸਿਧਾਂਤ ਵੱਲ ਅੱਖ ਪੁੱਟ ਕੇ ਨਹੀਂ ਵੇਖਿਆ। ਇਉਂ ਸਿੱਖ ਇਨਕਲਾਬ ਤੀਹਰੀ ਮਾਰ ਖਾ ਗਿਆ।

ਅੱਜ ਜਦੋਂ ਅਸੀਂ ਇਕ ਪ੍ਰਮੁੱਖ ਵਿਸ਼ੇ 'ਤੇ 2600 ਸਾਲ ਦਾ ਇਤਿਹਾਸ ਕੇਂਦਰਤ ਕਰ ਰਹੇ ਹਾਂ ਤਾਂ ਇਹ ਖਿਆਲ ਉਸੇ ਤਰ੍ਹਾਂ ਕੰਬਣੀ ਵਿਚ ਹੈ ਕਿ ਕੀ ਇਸ ਸੱਚ ਨੂੰ ਲੋਕ ਪੜ੍ਹ ਕੇ ਮੰਨਣ ਲਈ ਤਿਆਰ ਵੀ ਹੋਣਗੇ ਜਾਂ ਨਹੀਂ। ਪਰ ਇਉਂ ਸੱਚ ਨੂੰ ਨਾ ਲਿਖਣਾ ਵੀ ਤਾਂ ਇਕ ਹੋਰ ਪਾਪ ਹੋਵੇਗਾ।

ਗੁਰੂ ਅਰਜਨ ਦੇਵ ਕਹਿੰਦੇ ਹਨ ਕਿ :

- ਗੁਰਿ ਪੂਰੇ ਪਰਗਟੁ ਮਾਰਗੁ ਦਿਖਾਇਆ॥
  ਬੁਧਿ ਪ੍ਰਗਾਸੁ ਭਈ ਮਤਿ ਪੂਰੀ॥
  ਤਾ ਤੇ ਬਿਨਸੀ ਦੁਰਮਤਿ ਦੂਰੀ॥ (377)

ਕੀ ਸਾਡੇ ਆਮ ਲੋਕ ਵੀ ਇਸ ਸੱਚ ਨੂੰ ਪ੍ਰਵਾਨ ਕਰਨ ਤੇ ਸਹਿਣ ਦੀ ਜੁਰਅਤ ਕਰਨਗੇ? ਕੀ ਉਹ ਸਮਝਣ ਸੋਚਣ ਤੇ ਵਿਚਾਰਨ ਦਾ ਯਤਨ ਕਰਨਗੇ ਕਿ ਹਿੰਦੂ ਰਹਿੰਦਿਆਂ ਨਾ ਮਰਨ ਦਾ ਅਸਲ ਵਿਚ ਅਰਥ ਕੀ ਹੈ ਤੇ ਇਸ ਇਕ ਕਥਨ ਪਿੱਛੇ ਭਾਰਤ ਦੀ ਧਰਤੀ 'ਤੇ ਵਾਪਰੇ ਕਿੰਨੇ ਸਮਾਜਕ ਇਨਕਲਾਬਾਂ ਦਾ ਇਤਿਹਾਸ ਮੌਜੂਦ ਹੈ। ਸ਼ਾਇਦ ਅਸੀਂ ਉਸ ਨੂੰ ਪੂਰਨ ਰੂਪ ਵਿਚ ਸਮਝਣ ਦੀਆਂ ਨਿਸ਼ਾਨ-ਦੇਹੀਆਂ ਕਰ ਸਕੀਏ ਜੋ ਸਾਡੇ ਕੰਮ ਆ ਸਕਣ।

ਗੁਰੂ ਅਰਜਨ ਬ੍ਰਾਹਮਣਾਂ ਬਾਰੇ ਕਹਿੰਦੇ ਹਨ :

- ਤੀਰਥ ਜਾਉ ਤ ਹਉ ਹਉ ਕਰਤੇ॥
  ਪੰਡਿਤ ਪੂਛਉ ਤ ਮਾਇਆ ਰਾਤੇ॥
  ਸਾਸਤ੍ਰ ਬੇਦ ਪਾਪ ਪੁੰਨ ਵੀਚਾਰ॥
  ਨਰਕਿ ਸੁਰਗਿ ਫਿਰਿ ਫਿਰਿ ਅਵਤਾਰ॥ (385/1-4)

ਇਸ ਸਿਸਟਮ ਵਿਰੁੱਧ ਜੋ ਇਨਕਲਾਬ ਵਾਪਰਿਆ ਉਹ ਕੀ ਸੀ ਦੇਖੋ :

- ਜਿਸ ਨੀਚੁ ਕਉ ਕੋਈ ਨ ਜਾਨੈ॥
  ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥
  ਜਾ ਕੈ ਨਿਕਟਿ ਨਾ ਆਵੈ ਕੋਈ॥
  ਸਗਲ ਸ੍ਰਿਸਟਿ ਊਆ ਕੇ ਚਰਨ ਮਲਿ ਧੋਈ॥ (386/1-2)

ਇਹ ਸ਼ਬਦ ਗੁਰੂ ਅਰਜਨ ਦਾ ਹੈ ਕਿ ਜਿਨ੍ਹਾਂ ਨੂੰ ਲੋਕ ਨੀਚ ਕਹਿੰਦੇ ਹਨ, ਜਿਨ੍ਹਾਂ ਦੇ ਲੋਕ ਨੇੜੇ ਨਹੀਂ ਸੀ ਢੁਕਦੇ ਉਨ੍ਹਾਂ ਨੇ ਅਛੂਤਾਂ ਨੇ, ਪਾਰਬ੍ਰਹਮ ਦਾ ਅਜੇਹਾ ਅਨੋਖਾ ਤੇ ਸੱਚਾ ਗਿਆਨ ਜਾਣਿਆ ਕਿ ਲੋਕ ਉਨ੍ਹਾਂ ਦੇ ਚਰਨ ਧੋਣ ਲੱਗ ਪਏ।

- ਜਿਹ ਪੈਡੈ ਲੂਟੀ ਪਨਿਹਾਰੀ॥ (ਲੋਕਾਈ)
  ਸੋ ਮਾਰਗੁ ਸੰਤਨ ਦੂਰਾਰੀ॥ (393/1)

ਇਕ ਲੁੱਟ ਦਾ ਮਾਰਗ ਹੈ। ਝੂਠ ਦਾ ਮਾਰਗ ਹੈ। ਦੂਜਾ ਉਸ ਤੋਂ ਉਲਟ ਦੂਰ ਦਾ ਮਾਰਗ। ਸੰਤ ਇਸ ਮਾਰਗ ਤੋਂ ਬਹੁਤ ਦੂਰ ਹਨ ਜਿਸ ਨੇ ਇਕ ਸਾਰੀ ਦੁਨੀਆਂ ਧਰਮ ਦੇ ਨਾਂ 'ਤੇ ਲੁੱਟ ਲਈ ਹੈ। ਇਕ ਮਾਰਗ ਹਿੰਦੂ ਰਹਿਣ ਦਾ ਹੈ ਦੂਜਾ ਹਿੰਦੂ ਨਾ ਰਹਿਣ ਦਾ।

ਹਿੰਦੂ ਦਾ ਮਾਰਗ ਹੈ :

- ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ॥
  ਬੋਲੈ ਕਊੜਾ ਜਿਹਬਾ ਕੀ ਫੂੜਿ॥
  ਪਾਇ ਠਗਉਲੀ ਸਭੁ ਜਗੁ ਜੋਹਿਆ॥
  ਬ੍ਰਹਮਾ ਬਿਸਨੁ ਮਹਾਦੇਉ ਮੋਹਿਆ॥ (394)

ਚਾਰੇ ਵੇਦ ਬ੍ਰਹਮਾਂ ਨੂੰ ਦਿੱਤੇ। ਪੜ੍ਹ-ਪੜ੍ਹ ਜਿਨ੍ਹਾਂ ਨੂੰ ਲੋਕ ਭਾਵ ਪੰਡਤ ਵਿਚਾਰ ਕਰਦੇ ਹਨ ਹਿੰਦੂ ਵਿਚਾਰ ਕਰਦੇ ਹਨ ਪਰ ਉਹ ਅਕਾਲਪੁਰਖ ਕਰਤਾਰ ਦਾ ਅਸਲੀ ਹੁਕਮ ਨਹੀਂ ਬੁਝਦੇ। ਮੂਰਖ ਨਰਕ ਸੁਰਗ ਦੇ ਚੱਕਰ ਵਿਚ ਅਵਤਾਰ ਧਾਰਦੇ ਰਹਿੰਦੇ ਹਨ।

ਅਸਲ ਵਿਚ ਇਹ ਅਵਤਾਰ ਸਮੇਂ ਸਮੇਂ ਦੇ ਜੁਗਾਂ ਵਿਚ ਹੋਏ ਰਾਜੇ ਹਨ, ਜਿਨ੍ਹਾਂ ਨੂੰ ਬ੍ਰਾਹਮਣ ਅਵਤਾਰ ਕਹਿੰਦੇ ਹਨ।

- ਜੁਗਾ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ।

ਉਨ੍ਹਾਂ ਨੇ ਵੀ ਪਾਰਬ੍ਰਹਮ ਦੀ ਰਚਨਾ ਦੀ, ਖੇਡ ਦੀ ਸਮਝ ਨਹੀਂ ਪਾਈ। ਕੀ ਕਹਿ ਕੇ ਤੁਹਾਨੂੰ ਵਿਚਾਰਨ ਲਾਇਆ ਜਾਵੇ?

ਬੱਸ ਇਕ ਗੱਲ :

- ਸੁਣਿ ਮਨ ਮੇਰੇ ਤਤੁ ਗਿਆਨ॥ (423)

ਇਸ ਪ੍ਰਸੰਗ ਵਿਚ ਗੁਰੂ ਰਾਮਦਾਸ ਨੇ ਚਾਰਾਂ ਜੁਗਾਂ ਦੀ ਕਥਾ ਨੂੰ ਬਹੁਤ ਹੀ ਕਮਾਲ ਨਾਲ ਬਿਆਨਿਆ ਹੈ ਜਿਸ ਨੂੰ ਸਮਝਣ ਦਾ ਅਸੀਂ ਮੂਰਖਾਂ ਨੇ ਕਦੀ ਯਤਨ ਹੀ ਨਹੀਂ ਕੀਤਾ। (445/14)

ਪਹਿਲਾਂ ਸਤਿਯੁਗ ਸੀ। ਸੰਤੋਖ ਦਾ ਯੁੱਗ। ਗੁਣ ਗਿਆਨ ਦਾ ਯੁੱਗ। ਧਰਮ ਦਾ ਯੁੱਗ। ਸੁਖ ਪਾਉਣ ਦਾ ਸਮਾਂ। ਮਨੁੱਖ ਸੰਤੋਖ ਵਿਚ, ਧਰਮ ਵਿਚ, ਸੁਖ ਵਿਚ ਸਨ।

ਫਿਰ ਤਰੇਤਾ ਆ ਗਿਆ (ਦੂਜਾ ਯੁਗ ਕਹਿੰਦੇ ਬਦਲ ਗਿਆ) ਜ਼ੋਰ ਚੜ੍ਹਨ ਲੱਗਾ। ਜਤ ਸਤ ਸੰਜਮ ਦਾ ਕਰਮ ਸ਼ੁਰੂ ਹੋਇਆ। ਚੌਥਾ ਪੈਰ ਖਿਸਕ ਗਿਆ ਤੀਜਾ ਟਿਕ ਗਿਆ। ਹਿਰਦੇ ਵਿਚ ਕ੍ਰੋਧ ਨੇ ਥਾਂ ਮੱਲ ਲਈ। ਕ੍ਰੋਧ ਵਿਰੋਧ ਦੀ ਲੜਾਈ ਸ਼ੁਰੂ ਹੋਈ। ਦੁੱਖ ਫੈਲਿਆ। ਮਮਤਾ ਦਾ ਰੋਗ ਲੱਗਿਆ। ਹਉਮੈਂ ਹੰਕਾਰ ਵਧਿਆ। ਇਸ ਤੋਂ ਇੰਜ ਜਾਪਦਾ ਹੈ ਕਿ ਰਾਮ ਚੰਦਰ ਦਾ ਸਮਾਂ ਹੈ ਇਹ।

ਇਸ ਤੋਂ ਬਾਅਦ ਦੁਆਪਰ ਯੁੱਗ ਦਾ ਵਰਨਣ ਹੈ। ਭਰਮ ਭਰਿਆ ਯੁੱਗ। ਕ੍ਰਿਸ਼ਨ ਤੇ ਗੋਪੀਆਂ ਦਾ ਯੁੱਗ। ਜੱਗ, ਜਪ, ਤਪ, ਪੁੰਨ, ਦਾਨ ਤੇ ਕਰਮਕਾਂਡ ਦਾ ਯੁੱਗ। ਹੰਕਾਰ ਵਿਚ ਹੋਏ ਯੁੱਧਾਂ ਦਾ ਯੁੱਗ।

ਗੁਰੂ ਦੁਆਰਾ ਵਰਨਣ ਕੀਤੇ ਪਹਿਲਾਂ ਸਤਿਯੁਗ ਵਿਚ ਬ੍ਰਾਹਮਣ ਜਾਂ ਬ੍ਰਹਮਾ ਦਾ ਕੋਈ ਜ਼ਿਕਰ ਨਹੀਂ ਹੈ। ਸਤ ਸੰਤੋਖ, ਧਰਮ, ਗੁਣ, ਗਿਆਨ, ਧਿਆਨ, ਈਸ਼ਵਰੀ ਸਮਾਨਤਾ ਅਤੇ ਸੁਖ ਅਨੰਦ ਦਾ ਜ਼ਿਕਰ ਹੈ। ਇਸ ਵਿਚ ਵੇਦਾਂ ਸ਼ਾਸਤਰਾਂ ਸਿਮਰਤੀਆਂ ਜਾਂ ਬ੍ਰਾਹਮਣਾਂ ਦਾ ਕੋਈ ਜ਼ਿਕਰ ਨਹੀਂ। ਇਹ ਸਪੱਸ਼ਟ ਹੁੰਦਾ ਹੈ ਕਿ ਸਤ ਸੰਤੋਖ, ਧਰਮ, ਗੁਣ, ਗਿਆਨ, ਧਿਆਨ ਤੇ ਬਰਾਬਰੀ ਅਤੇ ਸੁਖ ਸ਼ਾਂਤੀ ਦਾ ਯੁੱਗ 'ਬੁੱਧ ਦਾ ਯੁੱਗ' ਹੈ

ਜਿਸ ਨੂੰ ਗੁਰੂ ਜੀ ਨੇ ਸਤਿਯੁਗ ਵਜੋਂ ਬਿਆਨਿਆ ਹੈ।

ਤਰੇਤੇ ਵਿਚ ਗੁਰੂ ਜੀ ਸਿੱਧਾ ਜੋਰੁ, ਜਤ, ਸੰਜਮ, ਕਰਮ, ਕ੍ਰੋਧ, ਵਿਰੋਧ, ਲੜਾਈਆਂ, ਮਮਤਾ-ਰੋਗ ਤੇ ਹਉਮੈਂ-ਹੰਕਾਰ ਦੇ ਵਾਧੇ ਦਾ ਜ਼ਿਕਰ ਕਰਦੇ ਹਨ। ਦੁੱਖ ਪੈਦਾ ਹੋ ਜਾਣ ਦਾ ਜ਼ਿਕਰ ਕਰਦੇ ਹਨ। ਇਹ ਯੁਗ ਬ੍ਰਾਹਮਣਾਂ ਤੇ ਰਾਮ ਚੰਦਰ ਦਾ ਯੁੱਗ ਨਜ਼ਰ ਆਉਂਦਾ ਹੈ। ਪ੍ਰੰਤੂ ਦੁਆਪਰ ਵਿਚ ਕ੍ਰਿਸ਼ਨ, ਗੋਪੀਆਂ, ਜਪ, ਤਪ, ਜੱਗ, ਪੁੰਨ ਕਿਰਿਆ ਕਰਮਕਾਂਡ, ਮਹਾਂ ਯੁੱਧ (ਮਹਾਂਭਾਰਤ ਅਤੇ ਕ੍ਰਿਸ਼ਨ ਬਨਾਮ ਕੰਸ ਯੁੱਧ ਆਦਿ) ਦਾ ਪੂਰਾ ਜ਼ਿਕਰ ਹੈ। ਜਦੋਂ ਹਰ ਕੋਈ ਭਰਮ ਦਾ ਭਰਮਾਇਆ ਹੋਇਆ ਹੈ ਇਸ ਯੁੱਗ ਵਿਚ। ਜਿਵੇਂ ਕ੍ਰਿਸ਼ਨ ਦਾ ਇਹ ਕਹਿਣਾ ਕਿ 'ਮੈਂ ਹੀ ਸ੍ਰਿਸ਼ਟੀ ਦਾ ਕਰਤਾ ਹਾਂ। ਮੈਂ ਹੀ ਚਾਰ ਵਰਨ ਬਣਾਏ ਹਨ' ਆਦਿ।

ਚੌਥੇ ਥਾਂ ਫਿਰ ਆਉਂਦਾ ਹੈ ਕਲਯੁਗ, ਜਿਸ ਵਿਚ ਗੁਰੂ ਹੈ, ਗੁਰੂ ਦਾ ਸ਼ਬਦ ਹੈ, ਹਰੀ ਹੈ, ਹਰੀ ਦਾ ਕੀਰਤਨ ਸੁਖ ਨਿਧਾਨ ਹੈ, ਸੁੱਖਾਂ ਦਾ ਖਜ਼ਾਨਾ, ਨਾਮ (ਭਾਵ ਸੱਚੀ ਸੁੱਚੀ ਵਿਚਾਰਧਾਰਾ) ਹੈ।

ਇਸ ਤਰ੍ਹਾਂ ਜਾਪਦਾ ਹੈ ਕਿ ਗੁਰੂ ਸਾਹਿਬ ਨੇ ਬੁੱਧ ਦਾ ਯੁੱਗ, ਰਾਮ ਚੰਦਰ ਦਾ ਯੁੱਗ, ਕ੍ਰਿਸ਼ਨ ਯੁੱਗ ਅਤੇ ਸੰਤ ਭਗਤ ਤੇ ਸਤਿਗੁਰ ਯੁੱਗ ਨੂੰ ਚਾਰ ਯੁੱਗਾਂ ਦਾ ਨਾਂ ਦਿੱਤਾ ਹੈ। ਸੰਕੇਤ ਬਹੁਤ ਸਾਫ਼ ਹਨ। ਪ੍ਰੰਤੂ ਦੁਆਪਰ ਵਿਚ ਕ੍ਰਿਸ਼ਨ ਤੇ ਗੋਪੀਆਂ ਦੇ ਜ਼ਿਕਰ ਤੋਂ ਬਿਨਾਂ ਬਾਕੀ ਉਸ ਸਮੇਂ ਦੇ ਵਰਤਾਰੇ ਦਾ ਕੇਵਲ ਸੰਕੇਤਕ ਜ਼ਿਕਰ ਹੈ। ਉਂਜ ਦੁਆਪਰ ਵਾਂਗ ਸਪੱਸ਼ਟ ਪ੍ਰਮਾਣ ਤੋਂ ਰਹਿਤ ਅਸੀਂ ਸਿੱਧਾ ਨਿਰਣਾ ਤਾਂ ਨਹੀਂ ਦੇ ਸਕਦੇ ਪ੍ਰੰਤੂ ਵਰਤਾਰੇ ਦੇ ਸੰਕੇਤ ਦਿਸ਼ਾ ਜ਼ਰੂਰ ਦਿੰਦੇ ਹਨ। ਕਿਉਂਕਿ ਸਾਰੀ ਬੁੱਧ ਫਿਲਾਸਫੀ ਸਾਰੀ ਸਿੱਖ ਸਤਿਗੁਰੂ ਫਿਲਾਸਫੀ ਅਤੇ ਅੰਬੇਡਕਰ ਫਿਲਾਸਫੀ ਦੇ ਅਧਾਰ ਉੱਤੇ ਅਤੇ ਬ੍ਰਾਹਮਣ ਦੇ ਵੇਦਾਂ ਸ਼ਾਸਤਰਾਂ ਤੇ ਸਿਮਰਤੀਆਂ ਦੇ ਹੁਕਮਨਾਮਿਆਂ ਦੇ ਅਧਾਰ 'ਤੇ ਬ੍ਰਾਹਮਣ ਦੇ ਕਿਸੇ ਵੀ ਯੁੱਗ ਨੂੰ ਸਤਿਯੁਗ ਦਾ ਨਾਮ ਨਹੀਂ ਦਿੱਤਾ ਜਾ ਸਕਦਾ। ਹਾਂ ਜਦੋਂ ਬ੍ਰਾਹਮਣ ਖੁਦ ਕਰਤਾ-ਧਰਤਾ ਹੋਵੇ ਤੇ ਉਸ ਦੇ ਹੁਕਮ ਵਿਚ ਮਨੁੱਖੀ ਸਮੂਹ ਚੱਲਣ ਉਸ ਨੂੰ ਬ੍ਰਾਹਮਣ ਖੁਦ ਸਤਿਯੁਗ ਮੰਨ ਸਕਦਾ ਹੈ ਪ੍ਰੰਤੂ ਇਹ ਬਾਕੀ ਲੁਕਾਈ ਲਈ ਤਾਂ ਕਾਲਾ ਯੁੱਗ ਹੀ ਸੀ ਅਤੇ ਕਾਲਾ ਹੀ ਰਹੇਗਾ। ਅਜੇਹਾ ਬਾਣੀ ਵਖਿਆਨ ਅਸੀਂ ਵਾਰ-ਵਾਰ ਕਰ ਰਹੇ ਹਾਂ, ਜਿਸ ਬਾਰੇ ਗੁਰੂ ਨਾਨਕ ਇਂਜ ਲਿਖਦੇ ਹਨ :

- ਹਉ ਵਿਚਿ ਆਇਆ ਹਉ ਵਿਚਿ ਗਇਆ॥

(ਵਰਨ ਜਾਤ ਦੇ ਹੰਕਾਰ ਵਿਚ ਜੰਮਿਆਂ)

ਹਉ ਵਿਚਿ ਜੰਮਿਆ ਹਉ ਵਿਚਿ ਮੁਆ॥ (466/1)
ਹਉ ਵਿਚਿ ਦਿਤਾ ਹਉ ਵਿਚਿ ਲਇਆ॥
ਹਉ ਵਿਚਿ ਖਟਿਆ ਹਉ ਵਿਚਿ ਗਇਆ॥
ਹਉ ਵਿਚਿ ਸਚਿਆਰ ਕੂੜਿਆਰ॥
ਹਉ ਵਿਚਿ ਪਾਪ ਪੁੰਨ ਵੀਚਾਰ॥
ਹਉ ਵਿਚਿ ਨਰਕਿ ਸੁਰਗਿ ਅਵਤਾਰੁ॥
ਹਉ ਵਿਚਿ ਮੂਰਖ ਹਉ ਵਿਚਿ ਸਿਆਣਾ॥
ਮੋਖ ਮੁਕਤਿ ਕੀ ਸਾਰ ਨ ਜਾਣਾ॥
ਹਉਮੈ ਬੂਝੈ ਤਾ ਦਰ ਸੂਝੈ॥

ਗਿਆਨ ਵਿਹੂਣਾ ਕਥਿ ਕਥਿ ਲੂਝੈ॥

(ਭਾਵ ਬ੍ਰਾਹਮਣੀ ਵਿਵਸਥਾ ਵਿਚ ਸਾਰਾ ਕੁਝ ਵਰਨਜਾਤ ਦੇ ਹੰਕਾਰ ਵਿਚ ਹੀ ਵਰਤਦਾ ਹੈ। ਇਸ ਹੰਕਾਰ ਨੂੰ ਸਮਝਣਾ ਹੀ ਜ਼ਰੂਰੀ ਹੈ।)

ਜਿਵੇਂ ਗੁਰੂ ਅੰਗਦ ਲਿਖਦੇ ਹਨ :

- ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥
  ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥
  ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥ (466)

ਕਿ ਅਸਲ ਵਿਚ ਹੰਕਾਰ ਇਹ ਜਾਤ ਹੀ ਹੈ। ਜਾਤ ਦਾ ਬੰਧਿਆ ਬੰਦਾ ਕਰਮ ਕਰਦਾ ਹੈ। ਜਾਤ ਇਕ ਬੰਧਨ ਹੈ ਤੇ ਇਸ ਬੰਧਨ ਅਨੁਸਾਰ ਬੰਦਾ ਜੂਨੀ ਚੱਕਰ ਵਿਚ ਪਿਆ ਹੈ। ਇਹ ਜਾਤ ਇਕ ਲਾ-ਇਲਾਜ ਬਿਮਾਰੀ ਹੈ। ਭਾਵੇਂ ਮਾੜਾ-ਮੋਟਾ ਹੰਕਾਰ ਦਾਰੂ ਵਾਂਗ ਕੰਮ ਵੀ ਕਰਦਾ ਹੈ ਪ੍ਰੰਤੂ ਜਾਤ ਦਾ ਹੰਕਾਰ ਇਕ ਭਿਆਨਕ ਬਿਮਾਰੀ ਹੈ, ਹੰਕਾਰ ਨਾਲ ਲੱਥ ਪੱਥ।

ਗੁਰੂ ਨਾਨਕ :

- ਇਕਿ ਮੂਲੁ ਨ ਬੁਝਨਿ ਆਪਣਾ ਅਣਹੋਦਾ ਆਪੁ ਗਣਾਇਦੇ॥

(ਉੱਚੀ ਨੀਵੀਂ ਜਾਤ ਕਿ ਬ੍ਰਹਮਾ ਨੇ ਉਨ੍ਹਾਂ ਨੂੰ ਸਿਰ ਬਾਹਾਂ ਲੱਤਾਂ ਤੇ ਪੈਰਾਂ 'ਚੋ ਪੈਦਾ ਕੀਤਾ ਹੈ। ਇਹ ਅਣਹੋਇਆ ਝੂਠ ਹੈ)

- ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥ (468)

ਗੁਰੂ ਨਾਨਕ ਕਹਿੰਦੇ ਹਨ, ਮੈਂ ਜੋ ਸੱਚਾ ਇਨਕਲਾਬ ਕਰ ਰਿਹਾਂ ਹਾਂ, ਸਮਾਜਕ ਸਮਾਨਤਾ ਦੇ ਗੀਤ ਗਾ ਰਿਹਾ ਹਾਂ, ਐਲਾਨ ਕਰਦਾ ਹਾਂ ਕਿ ਮੈਂ ਬ੍ਰਾਹਮਣ ਦਾ ਬਣਾਇਆ ਖੱਤਰੀ ਸਵਰਨ ਨਹੀਂ। ਆਮ ਨੀਚ ਲੋਕਾਂ ਵਰਗਾ ਨੀਵੀਂ ਜਾਤ ਦਾ ਬੰਦਾ ਹਾਂ। ਬਾਕੀ ਆਪਣੇ ਆਪ ਨੂੰ ਉੱਤਮ ਜਾਤ ਕਹਾਉਂਦੇ ਹਨ। ਕਿਉਂਕਿ 'ਸਭਹੂੰ ਤਲੈ, ਤਲੈ ਸਭੂ ਉਪਰਿ' ਕਰਨਾ ਹੀ ਗੋਬਿੰਦ ਦੀ ਅਸਲੀ ਦ੍ਰਿਸ਼ਟੀ ਹੈ ਤੇ ਮੈਂ ਬ੍ਰਾਹਮਣ ਦੇ ਬਣਾਏ ਵਰਨ ਧਰਮ ਤੋਂ ਇਨਕਾਰੀ ਹਾਂ।

ਹਿੰਦੂ ਭਗਵਾਨ ਕ੍ਰਿਸ਼ਨ ਬਾਰੇ ਗੁਰੂ ਨਾਨਕ :

- ਜੁਜੁ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕ੍ਰਿਸਨੁ ਜਾਦਮੁ ਭਇਆ॥
  ਪਾਰ ਜਾਤੁ ਗੋਪੀ ਲੈ ਆਇਆ ਬਿੰਦ੍ਰਾ ਬਨ ਮਹਿ ਰੰਗੁ ਕੀਆ॥ (470/2)

ਕਿ ਕਾਨ੍ਹ, ਕ੍ਰਿਸ਼ਨ ਕਿਹਾ ਜਾਂਦਾ ਭਗਵਾਨ ਜ਼ੋਰ ਨਾਲ ਬਿਗਾਨੀਆਂ ਕੁੜੀਆਂ ਛਲਦਾ ਹੈ ਤੇ ਬਿੰਦਰਾਬਨ ਵਿਚ ਉਨ੍ਹਾਂ ਨਾਲ ਰੰਗ ਲੀਲ੍ਹਾ ਕਰਦਾ ਹੈ। (ਸ਼ਬਦ ਪੰਨਾ 470/2)

ਤੇ ਬ੍ਰਾਹਮਣ ਬਾਰੇ :

ਸਵੇਰੇ ਪੁਸਤਕ ਪੜ੍ਹਦਾ ਹੈ ਭਾਵ ਧਰਮ ਗ੍ਰੰਥ ਸੁਣਦਾ ਸੁਣਾਉਂਦਾ ਹੈ। ਬਗਲੇ ਵਾਂਗ ਸਮਾਧੀ ਲਾ ਕੇ ਪੱਥਰ ਪੂਜਾ ਕਰਦਾ ਹੈ। ਮੁਖੋਂ ਝੂਠ-ਮੂਠ ਸਾਰ ਸੁਣਾਉਂਦਾ ਹੈ। ਗਲ ਮਾਲਾ ਹੈ, ਮੱਥੇ 'ਤੇ ਤਿਲਕ ਹੈ। ਧੋਤੀ ਹੈ, ਹੋਰ ਕੱਪੜੇ ਬਸਤਰ ਹਨ। ਜੇ ਬ੍ਰਹਮ ਦੇ ਕਰਮ ਨੂੰ ਭਾਵ ਸਿਰਜਣਾ ਨੂੰ ਸਮਝੀਏ ਜਾਣੀਏ ਤਾਂ ਇਹ ਸਭ ਕਰਮ ਜੋ ਬ੍ਰਾਹਮਣ ਕਰਦਾ ਹੈ ਫੋਕਟ ਕਰਮ ਹਨ। ਵਿਅਰਥ ਕਰਮ ਜਿਸ ਦਾ ਕੋਈ ਲਾਭ ਨਹੀਂ ਹੋਣਾ।

ਅੱਗੇ ਗੁਰੂ ਨਾਨਕ ਬ੍ਰਾਹਮਣ ਨੂੰ ਤੋੜ ਕੇ ਜਵਾਬ ਦਿੰਦੇ ਹਨ ਜਦੋਂ ਉਹ ਗੁਰੂ

ਨਾਨਕ ਨੂੰ ਹਿੰਦੂ ਬਣਾਉਣ ਦੀ ਰੀਤ ਕਰਨ ਆਉਂਦਾ ਹੈ। ਗੁਰੂ ਨਾਨਕ ਕਹਿੰਦੇ ਹਨ :

ਹੇ ਪੰਡਤ ਜੇ ਤੇਰੇ ਪਾਸ ਕਪਾਹ ਦੀ ਥਾਂ ਦਇਆ ਹੈ, ਸੂਤ ਦੀ ਥਾਂ ਸੰਤੋਖ ਹੈ, ਗੰਢਾਂ ਦੀ ਥਾਂ ਜਤ ਹੈ ਤੇ ਵੱਟ ਦੀ ਥਾਂ ਸੱਚ ਹੈ ਤਾਂ ਜੀਵਾਂ ਲਈ ਅਸਲੀ ਜਨੇਊ ਇਹ ਹੈ। ਜੇ ਤੇਰੇ ਪਾਸ ਦਇਆ, ਸੰਤੋਖ ਜਤ ਤੇ ਸੱਤ ਹੈ ਤਾਂ ਮੇਰੇ ਸੀਨੇ 'ਚ ਪਾ ਦੇ ਕਿਉਂਕਿ ਇਹ ਨਾ ਮੈਲਾ ਹੋਵੇ ਨਾ ਜਲੇ, ਨਾ ਟੁੱਟੇ, ਨਾ ਜਾਏ।

ਗੁਰੂ ਕਹਿੰਦੇ ਹਨ : ਬ੍ਰਾਹਮਣ ਆਉਂਦਾ ਹੈ। ਕਪਾਹ ਕੱਤ ਕੇ ਬਣੇ ਧਾਗੇ ਨੂੰ ਵੱਟ ਕੇ ਜਨੇਊ ਬਣਾਉਂਦਾ ਹੈ। ਚਾਰ ਕੌਡੀਆਂ ਮੁੱਲ ਮਿਥ ਕੇ, ਚੌਕੇ 'ਤੇ ਬਹਿ ਕੇ ਪਾਉਂਦਾ ਹੈ। ਕੰਨ 'ਚ ਕੋਈ ਸਿੱਖਿਆ ਦਿੰਦਾ ਹੈ ਤੇ ਇਉਂ ਬ੍ਰਾਹਮਣ ਬੰਦੇ ਦਾ ਗੁਰੂ ਬਣ ਜਾਂਦਾ ਹੈ। ਬੱਕਰਾ ਵੱਢ ਕੇ, ਬਣਾ ਕੇ ਖਾਂਦਾ ਹੈ ਤੇ ਸਭ ਨੂੰ ਕਹਿੰਦਾ ਹੈ, ਖਾਓ। ਇਹ ਜਨੇਊ ਟੁੱਟ ਜਾਂਦਾ ਹੈ ਤਾਂ ਹੋਰ ਪਾ ਦਿੱਤਾ ਜਾਂਦਾ ਹੈ। ਪਰ ਜਿਸ ਜਨੇਊ ਵਿਚ ਦਇਆ, ਸੰਤੋਖ, ਜਤ ਤੇ ਸੱਤ ਦੀ ਭਾਵਨਾ ਹੋਵੇ ਭਾਵ ਕਾਮ, ਕ੍ਰੋਧ, ਲੋਭ ਤੇ ਹੰਕਾਰ ਤੋਂ ਰਹਿਤ ਧਾਰਨਾ ਵਾਲਾ ਜ਼ੋਰਦਾਰ ਜਨੇਊ ਹੋਵੇ, ਉਹ ਨਹੀਂ ਟੁੱਟਦਾ। ਨਹੀਂ ਜਲਦਾ। ਧਾਗੇ ਦਾ ਜਨੇਊ ਤਾਂ ਜਲ ਜਾਏਗਾ। ਮੈਲਾ ਵੀ ਹੋਏਗਾ।

ਇਨ੍ਹਾਂ ਲੋਕਾਂ ਨੇ ਇੰਦਰੀ ਨੂੰ ਤਾਂ ਤੱਗ ਨਹੀਂ ਪਾਇਆ, ਨਾ ਨਾਰੀ ਨੂੰ। ਪੈਰਾਂ ਹੱਥਾਂ ਨੂੰ ਵੀ ਤੱਗ ਪਾ ਕੇ ਭਾਵ ਰੋਕਿਆ ਨਹੀਂ, ਜੋ ਗਲਤ ਰਾਹ ਜਾਂਦੇ ਹਨ, ਗਲਤ ਕਰਦੇ ਹਨ। (ਝੂਠ ਕੂੜ ਬੋਲਦੀ) ਨਾ ਜੀਭ ਨੂੰ, ਨਾ ਮਾੜਾ ਦੇਖਦੀਆਂ ਅੱਖਾਂ ਨੂੰ ਰੋਕਿਆ ਹੈ। ਜੋ ਮਨੋਂ ਬੇਤੱਗਾ ਹੈ ਉਹ ਧਾਗੇ ਦਾ ਜਨੇਊ ਵੱਟਦਾ ਤੇ ਦੂਜਿਆਂ ਨੂੰ ਪਾਉਂਦਾ ਹੈ। ਪੈਸੇ ਲੈ ਕੇ ਵਿਆਹ ਕਰਾਉਂਦਾ ਹੈ। ਭਾਵ ਫੇਰੇ ਪੜ੍ਹਦਾ ਹੈ। ਪੱਤਰੀ ਕੱਢ ਕੇ ਆਪਣਾ ਰਾਹ ਦੱਸਦਾ ਹੈ। ਸੁਣੋ ਲੋਕੋ ਇਹ ਅਚਰਜ ਗੱਲ ਹੈ ਕਿ ਆਪ ਤਾਂ ਅਕਲ ਦਾ ਅੰਨ੍ਹਾ ਹੈ ਪਰ ਨਾਂ ਰੱਖਿਆ ਹੈ, ਸੁਜਾਣ ਭਾਵ ਸਿਆਣਾ। ਇਸ ਤੋਂ ਅੱਗੇ ਗੁਰੂ ਨਾਨਕ ਲਿਖਦੇ ਹਨ ਕਿ :

ਯਾਦ ਰੱਖੋ ਕਿ ਗਊ ਦਾਨ ਦੇ ਕੇ, ਬ੍ਰਾਹਮਣ ਨੂੰ ਘਰ ਲਿਆ ਕੇ, ਗਊ ਗੋਬਰ ਨਾਲ ਧਰਤੀ ਪਵਿੱਤਰ ਮਲ ਕੇ ਕੋਈ ਤਰ ਨਹੀਂ ਜਾਂਦੇ। ਧੋਤੀ ਵੀ ਹੈ, ਟਿੱਕਾ ਵੀ, ਜਪਮਾਲਾ ਵੀ। ਆਪਣੇ ਆਪ ਨੂੰ ਉੱਚਾ ਤੇ ਮਹਾਂਪਵਿੱਤਰ ਕਹਾ ਕੇ ਮਲੇਛ ਲੋਕਾਂ ਦਾ ਉਗਾਇਆ ਬਣਾਇਆ ਧਾਨ ਖਾਂਦਾ ਹੈ। ਮਾਣਸਖਾਣੇ ਲੋਕ ਨਿਵਾਜਾਂ ਕਰਦੇ ਹਨ। ਜਿਨ੍ਹਾਂ ਦੇ ਗਲ ਜਨੇਊ ਪਾਏ ਐ ਇਹ (ਦਿਨ ਰਾਤ) ਛੁਰੀਆਂ ਵਾਹੁੰਦੇ ਹਨ। ਅਜੇਹੇ ਲੋਕਾਂ ਦੇ ਘਰੀਂ ਬ੍ਰਾਹਮਣ ਜਾ ਕੇ ਧਰਮ ਦਾ ਸੰਖ ਵਜਾਉਂਦਾ ਹੈ, ਮੁਕਤੀ ਦਾ ਬੰਦੋਬਸਤ ਕਰਦਾ ਹੈ। ਜਿਨ੍ਹਾਂ ਦੇ ਘਰੀਂ ਜਾ ਕੇ ਬ੍ਰਾਹਮਣ ਆਪਣਾ ਨਾਦ ਵਜਾਉਂਦਾ ਹੈ, ਉਨ੍ਹਾਂ ਨੂੰ ਇਸ ਕਰਮ ਧਰਮ ਦਾ ਬੜਾ ਸੁਆਦ ਆਉਂਦਾ ਹੈ। ਦਰਅਸਲ ਇਹ ਕੂੜੀ ਰਾਸ ਹੈ ਤੇ ਕੂੜਾ ਵਾਪਾਰ। ਕੂੜ ਕੁਫ਼ਰ ਕਰਕੇ ਢਿੱਡ ਭਰਨ ਦਾ ਸਿਲਸਿਲਾ। ਸ਼ਰਮ ਧਰਮ ਦਾ ਤਾਂ ਨਾਂ ਹੀ ਨਹੀਂ ਹੈ। ਹਰ ਪਾਸੇ ਕੂੜ ਹੀ ਕੂੜ ਭਰਿਆ ਪਿਆ ਹੈ।

- ਮਥੈ ਟਿਕਾ ਤੇੜਿ ਧੋਤੀ ਕਖਾਈ॥
  ਹਥਿ ਛੁਰੀ ਜਗਤ ਕਸਾਈ॥
  ਨੀਲ ਬਸਤ੍ਰ ਪਹਿਰਿ ਹੋਵਹਿ ਪ੍ਰਵਾਣੁ॥
  ਮਲੇਛ ਧਾਨੁ ਲੇ ਪੂਜਹਿ ਪੁਰਾਣੁ॥

(ਮੁਸਲਮਾਨ ਨੂੰ ਮਲੇਛ ਵੀ ਕਹਿੰਦਾ ਹੈ ਤੇ ਉਸ ਦਾ ਦਿੱਤਾ ਧਾਨ ਲੈ ਕੇ ਵੀ ਖਾਂਦਾ ਹੈ ਤੇ ਫਿਰ ਪੂਜਾ ਪੁਰਾਣ ਵੀ ਕਰਦਾ ਹੈ)

• ਅਭਾਖਿਆ (ਜੋ ਨਹੀਂ ਖਾਣਾ) ਕਾ ਕੁਠਾ ਬਕਰਾ ਖਾਣਾ॥
ਚਉਕੇ ਉਪਰਿ ਕਿਸੈ ਨ ਜਾਣਾ॥ (ਭਿਟਣਾ ਨਹੀਂ)
ਦੇ ਕੈ ਚਉਕਾ ਕਢੀ ਕਾਰ॥ (ਲਕੀਰ ਕੱਢ ਦਿੱਤੀ)
ਉਪਰਿ ਆਇ ਬੈਠੇ ਕੂੜਿਆਰ॥ (ਝੂਠ ਤੇ ਕੂੜ ਨਾਲ ਭਰੇ ਲੋਕ)

ਤੇ ਕਹਿੰਦੇ ਹਨ :

• ਮਤੁ ਭਿਟੈ ਵੇ ਮਤੁ ਭਿਟੈ॥
ਇਹੁ ਅੰਨੁ ਅਸਾਡਾ ਫਿਟੈ॥

ਅਸਲ ਵਿਚ ਇਨ੍ਹਾਂ ਦੇ :

ਤਨਿ ਫਿਟੈ ਫੇੜ ਕਰੇਨਿ॥
ਮਨਿ ਜੂਠੈ ਚੁਲੀ ਭਰੇਨਿ॥

• ...ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥
• ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥

ਇਹ ਸ਼ਬਦ ਬ੍ਰਾਹਮਣ ਦੇ ਸਾਰੇ ਕਰਮ ਧਰਮ ਦਾ ਸਾਰ ਪੇਸ਼ ਕਰ ਦਿੰਦਾ ਹੈ। ਗੁਰੂ ਨਾਨਕ ਦਾ ਖੱਤਰੀ ਧਰਮ ਹੈ, ਬ੍ਰਾਹਮਣ ਦੀ ਪੂਜਾ ਕਰੇ, ਉਸ ਦਾ ਹੁਕਮ ਮੰਨੇ ਅਤੇ ਉਸ ਦਾ ਸਿਖਾਇਆ ਸਿੱਖੇ, ਜਾਤ ਦਾ ਮਾਣ ਕਰੇ, ਸ਼ੂਦਰਾਂ ਨੂੰ ਦੁਰਕਾਰੇ ਪ੍ਰੰਤੂ ਗੁਰੂ ਨਾਨਕ ਨੇ ਖੱਤਰੀ ਦਾ ਧਰਮ ਛੱਡ ਕੇ, ਬ੍ਰਾਹਮਣ ਤੇ ਉਸ ਦੇ ਸਾਰੇ ਸਿਸਟਮ ਨੂੰ ਵੰਗਾਰਿਆ ਤੇ ਕਿਹਾ ਕਿ ਇਸ ਵਿਚ ਨਾ ਸ਼ਰਮ ਹੈ ਨਾ ਧਰਮ, ਜਾਤ ਦਾ ਹੰਕਾਰ ਹੈ, ਭਿੱਟ ਦੀ ਨਫਰਤ ਹੈ ਜਾਂ ਲੁੱਟ। ਕੂੜ ਵਪਾਰ ਹੈ। ਤਨ ਫਿੱਟੇ ਹੋਏ ਹਨ। ਫੇੜ ਕਰਦੇ ਹਨ। ਸਭ ਕੁਝ ਜੂਠਾ ਹੈ। ਪ੍ਰੰਤੂ ਸੁੱਚਮ ਕਰਦੇ ਹਨ। ਇਉਂ ਗੁਰੂ ਨਾਨਕ ਨੇ ਦੀਨ ਦੁਖੀ ਲਈ ਲੜਨ ਦਾ ਧਰਮ ਪਾਲਿਆ ਅਤੇ ਬ੍ਰਾਹਮਣ ਦੀ ਥਾਂ ਅਛੂਤ ਦੀ ਸਿੱਖਿਆ ਲੈ ਕੇ ਉਸ ਨੂੰ ਪ੍ਰਵਾਨ ਚੜ੍ਹਾਉਂਦਿਆਂ ਉੱਤਮ ਪਦਵੀ ਪ੍ਰਾਪਤ ਕੀਤੀ। ਦਰਅਸਲ ਇਹੋ ਹੈ ਸਮਾਜਕ ਇਨਕਲਾਬ, ਜੋ ਭਾਰਤ ਅੰਦਰ ਹੋਣਾ ਹੈ। ਗੁਰੂ ਜੀ ਨੇ ਸਾਬਤ ਕਰ ਦਿੱਤਾ, ਡਾ: ਅੰਬੇਡਕਰ ਦਾ ਇਹ ਕਥਨ ਕਿ ਉਹ ਹਿੰਦੂ ਜੰਮੇ ਜ਼ਰੂਰ ਪ੍ਰੰਤੂ ਹਿੰਦੂ ਮਰਨਗੇ ਨਹੀਂ। ਦੇਖੋ ਗੁਰੂ ਨਾਨਕ ਹਿੰਦੂ ਨਹੀਂ ਰਹੇ। ਜੋ ਰਹੇ, ਬਣੇ ਉਹ ਸਾਹਮਣੇ ਹੈ।

ਬ੍ਰਹਮਾ ਬਾਰੇ ਗੁਰੂ ਨਾਨਕ :

• ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ॥
ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ॥ (489/1)

ਗੁਰੂ ਅਮਰਦਾਸ :

• ਸੋ ਝੂਠਾ ਜੋ ਝੂਠੇ ਲਾਗੈ ਝੂਠੇ ਕਰਮ ਕਮਾਈ॥ (490/4)
ਹਿਰਦੈ ਜਿਨ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਇ॥ (491/3)
ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ॥ (3)

ਦੇਖੋ ਇਸ ਪ੍ਰਸੰਗ ਵਿਚ ਮਾੜੀ ਕਰਤੂਤ ਵਾਲੇ ਨੂੰ ਧਰਮ ਰਾਜ ਸਜ਼ਾ ਦਿੰਦਾ ਹੈ ਪ੍ਰੰਤੂ ਬਾਣੀ ਨਾ ਨਰਕ ਸੁਰਗ ਨੂੰ, ਨਾ ਧਰਮ ਰਾਜ ਨੂੰ ਮੰਨਦੀ ਹੈ।

• ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ। (3)

(ਭਾਵ ਇਹ ਅਕਲ ਦਾ ਅੰਨ੍ਹਾ ਅਗਿਆਨੀ ਬੰਦਾ ਦੂਜੇ ਨੂੰ ਕੀ ਰਾਹ ਦਿਖਾ

ਸਕਦਾ ਹੈ)

- ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ॥
  ਸੋ ਮੂਰਖੁ ਜੋ ਆਪੁ ਨ ਪਛਾਣਈ ਸਚਿ ਨ ਧਰੇ ਪਿਆਰੁ॥ (492)

ਦੂਜੇ ਪਾਸੇ ਇਸ ਤੋਂ ਉਲਟ ਪਾਸੇ ਦਾ ਧਰਮ ਕਰਮ ਦੇਖੋ :

ਗੁਰੂ ਰਾਮਦਾਸ :

- ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ॥ (493)

ਸਤਿਗੁਰ ਕੌਣ ਹੈ ਇਸ ਦੀ ਸਪੱਸ਼ਟ ਨਿਸ਼ਾਨਦੇਹੀ ਗੁਰੂ ਅਰਜਨ ਕਰਦੇ ਹਨ। ਏਥੇ ਬ੍ਰਾਹਮਣ ਉੱਤਮ ਨਹੀਂ, ਅਛੂਤ ਜਨਮੇ ਨਾਮਾ, ਛੀਂਬਾ, ਤ੍ਰਿਲੋਚਨ, ਕਬੀਰ, ਜੁਲਾਹਾ ਅਤੇ ਰਵਿਦਾਸ ਚਮਾਰ ਸਤਿਗੁਰ ਹਨ।

ਗੁਰੂ ਅਰਜਨ :

- ਪਤਿਤ ਪਵਿਤ੍ਰ ਕਰ ਲੀਏ ਅਪਨੇ ਸਗਲ ਕਰਤ ਨਮਸਕਾਰੋ॥
  ਬਰਨ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ॥
  ...ਨਾਮਦੇਓ ਤ੍ਰਿਲੋਚਨ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ॥ (498)

ਜਿਨ੍ਹਾਂ ਨੂੰ ਪੜ੍ਹ ਕੇ, ਜਿਨ੍ਹਾਂ ਨੂੰ ਸੁਣ ਕੇ ਗੁਰੂ ਅਰਜਨ ਨੇ ਅੱਗੇ ਕਿਹਾ :

ਤੀਨ ਦੇਵ (ਬ੍ਰਹਮਾ, ਵਿਸ਼ਨੂੰ, ਮਹੇਸ਼)
ਅਰੁ ਕੋਟਿ ਤੇਤੀਸਾ (ਤੇਤੀ ਕਰੋੜ ਹੋਰ ਦੇਵਤੇ)
ਤਿਨਕੀ ਹੈਰਤਿ ਕਛੁ ਨ ਰਹੀ॥

(ਭਾਵ ਇਨ੍ਹਾਂ ਦੇਵਤਿਆਂ ਦੀਆਂ ਗੱਲਾਂਬਾਤਾਂ ਹੁਣ ਹੈਰਾਨ ਨਹੀਂ ਕਰਦੀਆਂ। ਇਨ੍ਹਾਂ ਦਾ ਸੱਚ ਸਮਝ ਆ ਗਿਆ ਹੈ) ਜੋ ਇਸ ਪ੍ਰਕਾਰ ਹੈ :

ਗੁਰੂ ਅਮਰਦਾਸ :

- ਪੰਡਿਤ ਭੂਲਿ ਭੂਲਿ ਮਾਇਆ ਵੇਖਹਿ ਦਿਖਾ ਕਿਨੈ ਕਿਹੁ ਆਣਿ ਚੜਾਇਆ॥
  ਦੂਜੈ ਭਾਇ ਪੜਹਿ ਨਿਤ ਬਿਖਿਆ ਨਾਵਹੁ ਦਯਿ ਖੁਆਇਆ॥

(ਊਚ ਨੀਚ ਦੀ ਭਾਵਨਾ ਨਾਲ ਜ਼ਹਿਰ ਪੜ੍ਹਦਾ, ਜ਼ਹਿਰ ਨਹਾਉਂਦਾ, ਜ਼ਹਿਰ ਖੁਆਉਂਦਾ ਹੈ)

- ਜੋਗੀ ਜੰਗਮ ਸੰਨਿਆਸੀ ਭੂਲੇ ਓਹਨਾ ਅਹੰਕਾਰੁ ਬਹੁ ਗਰਬੁ ਵਧਾਇਆ॥
  ਛਾਦਨੁ ਭੋਜਨੁ ਨ ਲੈਹੀ (ਪੱਕਿਆ ਬਣਿਆ ਭੋਜਨ ਨਹੀਂ ਲੈਂਦਾ)
  ਸਤ ਭਿਖਿਆ ਮਨਿ ਹਠਿ ਜਨਮੁ ਗਵਾਇਆ॥ (513/2)

ਇਨ੍ਹਾਂ ਦੀ ਜੋ ਅਸਲ ਤਸਵੀਰ ਹੈ ਉਸ ਬਾਰੇ ਗੁਰੂ ਅਮਰਦਾਸ :

- ਬਜਰ ਕਪਾਟ ਕਾਇਆ ਗੜ੍ਹ ਭੀਤਰਿ ਕੂੜੁ ਕੁਸਤੁ ਅਭਿਮਾਨੀ॥
  ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ॥ (514)

ਭਾਵ ਕਾਇਆ ਸਰੀਰ ਦੇ ਕਿਲ੍ਹੇ ਅੰਦਰ ਬੱਜਰ ਵਰਗਾ ਮੜ੍ਹਿਆ ਜੋ ਕਪਾਟ ਦਿਮਾਗ ਹੈ ਉਸ ਵਿਚ ਕੂੜ, ਝੂਠ ਤੇ ਜਾਤ ਅਭਿਮਾਨ ਭਰਿਆ ਪਿਆ ਹੈ। ਭਰਮਾਂ 'ਚ ਭੁੱਲੇ ਨੂੰ ਦਿਸਦਾ ਨਹੀਂ। ਮਨਮੁਖ ਮੂਰਖ ਅਕਲ ਦਾ ਅੰਨ੍ਹਾ ਹੈ, ਅਗਿਆਨੀ ਹੈ।

ਹੋਰ ਦੇਖੋ ਹਿੰਦੂ ਨੂੰ ਸਿੱਧਾ ਸੰਬੋਧਨ ਕਰਦੇ ਹਨ ਗੁਰੂ ਨਾਨਕ :

- ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥
  ਨਾਰਦਿ ਕਹਿਆ ਸਿ ਪੂਜ ਕਰਾਂਹੀ॥

ਅੰਧੇ ਗੂੰਗੇ ਅੰਧ ਅੰਧਾਰੁ॥
ਪਾਥਰੁ ਲੇ ਪੂਜਹਿ ਮੁਗਧ ਗਵਾਰ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਾਰਣ ਹਾਰੁ॥ (556/2)

ਗੁਰੂ ਨਾਨਕ ਹਿੰਦੂ ਪੈਦਾ ਹੋਏ ਪ੍ਰੰਤੂ ਅਜੇਹਾ ਸੱਚ ਉਨ੍ਹਾਂ ਦੇ ਪੱਲੇ ਪਿਆ, ਅਜੇਹੀ ਭਗਤ ਬੋਧ ਉਨ੍ਹਾਂ ਨੇ ਸੁਣੀ, ਮੰਨੀ ਕਿ ਆਪਣੇ ਆਪ ਨੂੰ ਹਿੰਦੂ ਖੱਤਰੀ ਅਖਵਾਉਣ ਦੀ ਥਾਂ ਨੀਚਾਂ ਤੋਂ ਨੀਚ ਕਹੇ ਜਾਂਦੇ ਲੋਕਾਂ ਦਾ ਸਾਥੀ ਐਲਾਨ ਕਰਕੇ ਕਹਿ ਦਿੱਤਾ ਕਿ ਪ੍ਰੀਤ ਦੀ ਭਗਤੀ ਕਰੋ, ਨੀਚ ਸਦਾਏ ਤਾਂ ਮੋਕਸ਼ ਮਿਲੇਗੀ। ਲੋਕ ਉੱਚੀ ਜਾਤ ਦਾ ਅਖਵਾਉਂਦੇ ਹਨ ਪਰ ਮੈਂ ਤਾਂ ਦੂਜਿਆਂ ਵਰਗਾ ਹਰੀ ਦਾ ਬੰਦਾ ਹਾਂ। ਉਨ੍ਹਾਂ ਜਾਤੀਵਾਦੀ ਹਿੰਦੂ ਹੋਣ ਦਾ ਤਿਆਗ ਕਰ ਦਿੱਤਾ। ਜਦੋਂ ਉਨ੍ਹਾਂ ਸੰਸਾਰ ਤੋਂ ਚਾਲੇ ਪਾਏ ਤਾਂ ਉਹ ਹਿੰਦੂ ਨਹੀਂ ਸਨ। ਇਕ ਸਰਬਸਾਂਝੇ ਪਰਮ ਮਨੁੱਖ ਸਨ, ਜਿਨ੍ਹਾਂ ਨੇ ਜਾਤ ਹੰਕਾਰ ਦਾ ਧਰਮ ਛੱਡ ਕੇ ਪ੍ਰੀਤ ਦਾ ਧਰਮ ਪਾਲਿਆ। ਅੱਜ ਅਸੀਂ ਏਸੇ ਲਈ ਉਨ੍ਹਾਂ ਨੂੰ ਆਪਣੇ ਗੁਰੂ ਵਜੋਂ ਤਸੱਵਰ ਕਰਦੇ ਹਾਂ।

ਇਹ ਕ੍ਰਿਸ਼ਮਾ ਗੁਰੂ ਨਾਨਕ ਨੇ ਹੀ ਨਹੀਂ ਕੀਤਾ ਉਨ੍ਹਾਂ ਦੀ ਗੱਦੀ 'ਤੇ ਅੱਗੋਂ ਬਿਰਾਜਮਾਨ ਹੋਏ ਨੌਂ ਹੋਰ ਖੱਤਰੀ ਗੁਰੂਆਂ ਨੇ ਵੀ ਕੀਤਾ। ਚਾਰ ਕਦਮ ਅੱਗੇ ਵਧ ਕੇ। ਪ੍ਰਮਾਣ ਵੇਖੋ :

ਗੁਰੂ ਅਮਰਦਾਸ :

- ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ॥
  ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ॥
  ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ॥ (559/4)

ਇਹ ਹੈ ਕਹਾਣੀ ਬ੍ਰਹਮਾਂ, ਮਹਾਂਦੇਵ, ਸ਼ਿਵਜੀ ਅਤੇ ਅਵਤਾਰ ਕ੍ਰਿਸ਼ਨ ਦੀ ਜਿਨ੍ਹਾਂ ਬਾਰੇ ਗੁਰੂ ਫੈਸਲਾ ਦਿੰਦੇ ਹਨ ਕਿ ਇਹ ਸਭ ਮਾਇਆ ਮੋਹ ਦਾ ਪਸਾਰਾ ਹੈ। ਬਹੁਤ ਹੰਕਾਰ ਨਾਲ ਭਰਿਆ ਹੋਇਆ ਹੈ। ਨਿਰਾ ਆਵਣ ਜਾਣ ਹੈ।

ਗੁਰੂ ਅੱਗੇ ਫਿਰ ਕਹਿੰਦੇ ਹਨ ਕਿ ਇਹ ਹੰਕਾਰ ਭਰਿਆ ਮੋਹ ਮਾਇਆ ਦਾ ਪਸਾਰਾ ਹੀ ਅਸਲ ਵਿਚ ਦੁੱਖਾਂ ਦੀ ਖਾਣ ਹੈ, ਜਿਸ ਨੂੰ ਦੂਰ ਕਰਨਾ ਹੈ। ਇਹ ਬਹੁਤ ਖੋਟਾ ਵਪਾਰ ਹੈ। ਕੂੜ ਬੋਲ ਬੋਲ ਜ਼ਹਿਰ ਖਾਣ ਵਾਲਾ। ਵਿਕਾਰਾਂ ਨਾਲ ਭਰਿਆ।

- ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ॥
  ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਬਿਕਾਰਾ ਰਾਮ॥
  ਬਹੁ ਵਧਹਿ ਬਿਕਾਰਾ ਸਹਸਾ ਇਹੁ ਸੰਸਾਰਾ ਬਿਨੁ ਨਾਵੈ ਪਤਿ ਖੋਈ॥
  ਪੜਿ ਪੜਿ ਪੰਡਿਤ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ॥
  ਆਵਣ ਜਾਣਾ ਕਦੇ ਨਾ ਚੂਕੈ ਮਾਇਆ ਮੋਹ ਪਿਆਰਾ॥
  ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ॥ (570)

ਏਥੇ ਇਕ ਖਾਸ ਗੱਲ ਨੋਟ ਕਰੋ ਕਿ ਜਣਾ-ਖਣਾ ਉੱਠ ਕੇ ਆਮ ਜੇਹੇ ਲੋਕਾਂ ਨੂੰ ਮਾਇਆ ਮੋਹ, ਹੰਕਾਰ, ਕਾਮ, ਕ੍ਰੋਧ ਤੇ ਲੋਭ ਛੱਡਣ ਦੀਆਂ ਨਸੀਹਤਾਂ ਦੇਣ ਲੱਗ ਜਾਂਦਾ ਹੈ ਤੇ ਵਿਚਾਰੀ ਭੋਲੀ-ਭਾਲੀ ਜਨਤਾ ਵੀ ਸਿਰ ਮਾਰ ਕੇ ਇਵੇਂ ਮੰਨਦੀ ਰਹਿੰਦੀ ਹੈ। ਪਰ ਬਾਣੀ ਵਿਚ ਇਨ੍ਹਾਂ ਭੇੜਾਂ ਦਾ ਜਿਨ੍ਹਾਂ ਨਾਲ ਰਿਸ਼ਤਾ ਹੈ ਉਨ੍ਹਾਂ ਬਾਰੇ ਕੋਈ ਨਹੀਂ ਸੋਚਦਾ। ਬਾਣੀ ਗੌਰ ਕਰਕੇ ਦੁੱਖ ਪੈਦਾ ਕਰਨ ਵਾਲਿਆਂ ਦੀ ਸਪੱਸ਼ਟ ਨਿਸ਼ਾਨਦੇਹੀ ਕਰਦੀ ਹੈ। ਉਨ੍ਹਾਂ ਦਾ ਨਾਂ ਲੈ ਕੇ। ਮੂਰਖ ਕਥਾਕਾਰਾਂ ਨੇ ਆਮ ਬੰਦੇ ਨੂੰ ਹੀ ਇਸ ਵਿਚ ਉਲਝਾ ਦਿੱਤਾ

ਹੇ, ਆਪਣੀ ਅਗਿਆਨਤਾ ਕਾਰਨ। ਮੋਹ ਮਾਇਆ ਦਾ ਵਪਾਰ, ਲੋਭ, ਜਾਤ ਦਾ ਹੰਕਾਰ, ਸੁੰਦਰ ਨਾਰੀਆਂ ਤੇ ਔਰਤ ਦਾ ਗਰਭਦਾਨ; ਸਰਾਪ ਦੇਣ ਦਾ ਕ੍ਰੋਧ, ਇਹ ਸਭ ਤਾਂ ਮੈਂ ਗੁਰ ਅਤੇ ਗੁਰੂ ਵਿਸ਼ੇਸ਼ ਜਮਾਤ ਨਾਲ ਜੋੜ ਕੇ ਵਰਨਣ ਕਰਦੇ ਹਨ। ਆਮ ਜਨਤਾ ਮੂਰਖ ਤਾਂ ਹੋ ਸਕਦੀ ਹੈ ਪ੍ਰੰਤੂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ, ਇਹ ਉਨ੍ਹਾਂ ਦੇ ਮਾਮਲੇ ਨਹੀਂ ਹਨ। ਜਦੋਂ ਕਿ ਹਰ ਥਾਂ ਨਰਕਿਆ ਉਨ੍ਹਾਂ ਨੂੰ ਹੀ ਜਾਂਦਾ ਹੈ। ਜੋ ਕਾਮੀ ਕਰੋਧੀ ਤੇ ਲੋਭੀ ਹੰਕਾਰੀ ਹਨ, ਉਨ੍ਹਾਂ ਨੂੰ ਤਾਂ ਛੇੜਿਆ ਤੱਕ ਨਹੀਂ ਜਾਂਦਾ। ਬਾਣੀ ਵਾਰ-ਵਾਰ ਬ੍ਰਾਹਮਣ, ਦੇਵਤਿਆਂ ਤੇ ਅਵਤਾਰਾਂ ਨੂੰ ਇਸ ਪ੍ਰਸੰਗ ਵਿਚ ਨਿਸ਼ਾਨਾ ਬਣਾਉਂਦੀ ਹੈ। ਬੰਦਾ ਖਾਹ-ਮਖਾਹ ਇਨ੍ਹਾਂ ਭੈੜਾਂ ਤੋਂ ਡਰਦਾ ਹਰ ਹਰ ਕਰੀ ਜਾਂਦਾ ਹੈ। ਜਦੋਂ ਕਿ ਉਹ ਤਾਂ ਮਾਇਆ ਮੋਹ ਦੇ ਪਸਾਰ ਦਾ ਸ਼ਿਕਾਰ ਹੈ। ਗੁਰੂ ਰਵਿਦਾਸ ਕਹਿੰਦੇ ਹਨ ਕਿ ਜਿਨ੍ਹਾਂ ਨੂੰ ਤੁਸੀਂ ਜਗਤ ਗੁਰ ਸੁਆਮੀ ਕਹਿੰਦੇ ਹੋ, ਮੈਂ ਉਨ੍ਹਾਂ ਨੂੰ ਕਲਯੁਗ ਦੇ ਕਾਮੀ ਕਹਿੰਦਾ ਹਾਂ। ਲੋਕ ਵਿਚਾਰੇ ਅਗਿਆਨੀ ਤੇ ਮੂਰਖ ਅਖੌਤੀ ਮਹਾਂਪੁਰਖਾਂ ਮਗਰ ਲੱਗ ਕੇ ਸਾਰਾ ਜੀਵਨ ਡਰੀ ਜਾਂਦੇ ਹਨ।

ਗੁਰੂ ਅਮਰਦਾਸ ਇਸ ਜੰਜਾਲ ਵਿਚੋਂ ਨਿਕਲਣ ਦਾ ਬੰਦੇ ਨੂੰ ਮਾਰਗ ਦੱਸਦੇ ਹਨ, ਰਸਤਾ ਦੱਸਦੇ ਹਨ। ਰਾਹ ਸਥਾਪਤ ਕਰਦੇ ਹਨ। ਡੁੱਬਣ ਤੋਂ ਬਚਾਅ ਕੇ ਮੁਕਤੀ ਦੇ ਪੰਧ ਵੱਲ ਇਸ਼ਾਰਾ ਕਰਦੇ ਹਨ। ਸਿੱਧੀ ਸਪੱਸ਼ਟ ਨਿਸ਼ਾਨਦੇਹੀ ਕਰਦੇ ਹਨ ਕਿ ਧੰਨ ਹੈ ਉਹ ਭਗਤ ਜੋ ਸਾਡਾ ਸਤਿਗੁਰੂ ਹੈ, ਸੱਤ ਪੁਰਖ ਹੈ, ਹਰਿ ਗਿਆਨੀ ਭਾਵ ਬ੍ਰਹਮਗਿਆਨੀ ਹੈ, ਜਿਸ ਨੇ ਸਾਨੂੰ ਸਾਰੇ ਮਨੁੱਖਾਂ ਨੂੰ ਬਰਾਬਰ ਹੋਣ ਦੀ ਦ੍ਰਿਸ਼ਟੀ ਦਿੱਤੀ।

- ਧਨੁ ਧਨੁ ਸਤ ਪੁਰਖ ਸਤਿਗੁਰੂ ਹਮਾਰਾ
  ਜਿਤੁ ਮਿਲਿਐ ਹਮ ਹਰਿ ਭਗਤਿ ਪਾਈ॥
  ਧਨੁ ਧਨੁ ਭਗਤ ਸਤਿਗੁਰੂ ਹਮਾਰਾ
  ਜਿਸ ਕੀ ਸੇਵਾ ਤੇ ਹਮ ਹਰਿ ਲਿਵ ਲਾਈ॥
  ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ
  ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥ (594)

ਗੁਰੂ ਜੀ ਕਹਿੰਦੇ ਹਨ ਕਿ ਭਗਤ ਸਾਡਾ ਸਤਿਗੁਰ ਹੈ ਜਿਸ ਨੇ ਉਸ ਇਕ ਹਰੀ ਦੇ ਲੜ ਲਾਇਆ ਜਿਸ ਦੇ ਗਿਆਨ ਕਾਰਨ ਸਾਡੇ ਮਨ ਵਿਚੋਂ ਵੈਰ-ਵਿਰੋਧ ਖਤਮ ਹੋਇਆ ਤੇ ਇਕ ਸਮਾਨ ਦ੍ਰਿਸ਼ਟੀ ਪੈਦਾ ਹੋ ਗਈ ਕਿ ਸਭ ਬਰਾਬਰ ਹਨ ਕੋਈ ਊਚ-ਨੀਚ ਨਹੀਂ ਹੈ। ਕੋਈ ਵਰਨ ਜਾਤ ਨਹੀਂ ਹੈ।

ਦੂਜੇ ਪਾਸੇ ਬ੍ਰਾਹਮਣੀ ਮਾਰਗ ਨੂੰ ਗੁਰੂ ਵਾਰ-ਵਾਰ ਜਮਾਂ ਦਾ ਮਾਰਗ ਕਹਿੰਦੇ ਹਨ। ਜਿਵੇਂ ;

- ਗੁਰ ਚਰਨੀ ਮਨ ਲਾਗਾ॥
  ਤਾ ਜਮ ਕਾ ਮਾਰਗ ਭਾਗਾ॥ (399)

ਜਾਂ

- ਉਪਦੇਸ ਸੁਣਿ ਸਾਧ ਸੰਤਨ ਕਾ ਚੂਕੀ ਕਾਣਿ ਜਮਾਣੀ॥

(ਜਮਾਂ ਦਾ ਭੈਅ ਚੁੱਕਿਆ ਗਿਆ) (608)

ਜਾਂ

- ਭਗਤਾ ਨੋ ਜਮੁ ਜੋਹਿ ਨ ਸਾਕੈ ਕਾਲੁ ਨ ਨੇੜੈ ਜਾਈ॥

ਕਿਉਂਕਿ

• ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥ (622)

ਭਾਵ ਇਹ ਸਾਧੂ ਹਨ, ਭਗਤ ਹਨ, ਸੰਤ ਹਨ ਜੋ ਪੂਰੇ ਸਤਿਗੁਰੂ ਹਨ, ਜਿਨ੍ਹਾਂ ਦੇ ਗਿਆਨ ਕਾਰਨ ਜਮ ਦੇ ਮਾਰਗ ਦਾ ਨਾਸ ਹੋ ਗਿਆ ਤੇ ਧਰਮ ਦਾ ਮਾਰਗ ਮਿਲ ਗਿਆ। ਗੁਰੂ ਨਾਨਕ ਬ੍ਰਾਹਮਣ ਨੂੰ ਵੀ ਉਪਦੇਸ਼ ਕਰਦੇ ਹਨ :

• ਸੁਣਿ ਪੰਡਿਤ ਕਰਮਾਕਾਰੀ॥
ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ॥

(ਨੋਟ: ਇਹ ਆਤਮ ਤੱਤ ਦਾ ਸਿਧਾਂਤਕ ਵਿਚਾਰ, ਚਿੰਤਨ ਹੈ ਜੋ ਸੰਤਾਂ ਭਗਤਾਂ ਨੇ ਪੇਸ਼ ਕੀਤਾ, ਜੋ ਮਹਾਨ ਬੁੱਧ ਨੇ ਪੇਸ਼ ਕੀਤਾ।)

• ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ॥ (ਮਾਇਆ ਗ੍ਰਸਿ ਕੰਮ)
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ॥

• ...ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ॥
(635/2-4)

ਗੁਰੂ ਕਰਮਾਂਕਾਰੀ ਪੰਡਤ ਦੇ ਮਾਰਗ ਦੇ ਔਗੁਣਾਂ ਨੂੰ ਖੋਲ੍ਹ ਕੇ ਉਸ ਨੂੰ ਤਿਆਗ ਦੇਣ ਦਾ ਸੰਦੇਸ਼ ਦਿੰਦੇ ਹਨ। ਇਕ ਪਾਸੇ ਗੁਰੂ, ਬ੍ਰਾਹਮਣ ਨੂੰ ਤੱਤ ਵਿਧਾਨ ਨੂੰ ਸਮਝਣ ਦਾ ਉਪਦੇਸ਼ ਕਰਦੇ ਹਨ ਦੂਜੇ ਪਾਸੇ ਉਸ ਦੀਆਂ ਮਾਇਆਵੀ ਕਰਮਗਤੀਆਂ ਨੂੰ ਭੰਡਦੇ ਹਨ। ਉਸ ਦੇ ਅੰਦਰ ਦੀ ਮੈਲ 'ਤੇ ਉਂਗਲ ਧਰਦੇ ਹਨ।

ਤੇ ਨਾਲ ਹੀ ਬੰਦੇ ਨੂੰ ਕਹਿੰਦੇ ਹਨ :

• ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥

(ਆਮ ਆਦਮੀ ਨੂੰ ਜੋ ਭੋਲਾ ਹੈ, ਪਿਛਲੱਗੂ ਹੈ, ਅਗਿਆਨੀ ਹੈ। ਬ੍ਰਾਹਮਣ ਨੂੰ ਆਪਣਾ ਸਭ ਕੁਝ ਮੰਨਦਾ ਹੈ, ਡਰਦਾ ਹਰ ਹਰ ਕਰਦਾ ਹੈ)

• ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥

ਭਾਵ ਕਿ ਭਾਈ ਬੰਦਿਓ ਦੇਵੀ ਦੇਵਤਿਆਂ ਨੂੰ ਪੂਜਦੇ ਹੋ; ਇਹਨਾਂ ਤੋਂ ਕੀ ਮੰਗੋਗੇ ਤੇ ਕੀ ਇਹ ਦੇਣਗੇ। ਪੱਥਰ ਨੂੰ ਪਾਣੀ ਵਿਚ ਰੱਖੋ ਪਾਣੀ ਵਿਚ ਉਹ ਡੁੱਬ ਜਾਵੇਗਾ। ਜੋ ਆਪ ਤੈਰ ਨਹੀਂ ਸਕਦਾ ਉਹ ਤੁਹਾਨੂੰ ਕਿਵੇਂ ਤਾਰ ਸਕਦਾ ਹੈ। ਉਹ ਕਿਸੇ ਚੀਜ਼ ਨੂੰ ਤਿਆਗਣ ਤੋਂ ਪਹਿਲਾਂ ਉਸ ਦੀਆਂ ਖਸਲਤਾਂ ਦਾ ਖੁਲਾਸਾ ਕਰਕੇ ਦੱਸਦੇ ਹਨ। ਇਸੇ ਪ੍ਰਸੰਗ ਵਿਚ ਗੁਰੂ ਅਮਰਦਾਸ ਨੂੰ ਵੀ ਪੜ੍ਹੋ :

• ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ।
ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ॥ (647)

ਇਸ ਤੋਂ ਐਨ ਉਲਟ ਧਰਮ ਦੇ ਅਸਲੀ ਮਾਰਗ ਬਾਰੇ ਗੁਰੂ ਰਾਮਦਾਸ ਦਾ ਸਪੱਸ਼ਟ ਕਥਨ ਹੈ :

• ਭਗਤ ਜਨਾ ਕੈ ਸੰਗਿ ਪਾਪ ਗਵਾਵਣਾ॥
ਜਨ ਨਾਨਕ ਸਦ ਬਲਿਹਾਰੈ ਬਲਿ ਬਲਿ ਜਾਵਣਾ॥ (652)

(ਕਿ ਪਾਪਾਂ ਤੋਂ ਛੁਟਕਾਰਾ ਤਾਂ ਭਗਤਾਂ ਸੰਤਾਂ ਦਾ ਸੰਗ ਕਰਕੇ ਹੀ ਹੋਣਾ ਹੈ)

ਗੁਰੂ ਨਾਨਕ ਅਸਲੀ ਬ੍ਰਾਹਮਣ ਦੇ ਗੁਣਾਂ ਦਾ ਵਰਨਣ ਕਰਦੇ ਹਨ ਕਿ :

• ਸੋ ਬ੍ਰਾਹਮਣ ਜੋ ਬ੍ਰਹਮ ਬੀਚਾਰੈ॥
ਆਪਿ ਤਰੈ ਸਗਲੇ ਕੁਲ ਤਾਰੈ॥

ਹਿੰਦੂ ਦੇ ਬ੍ਰਾਹਮਣੀ ਧਰਮ ਨੂੰ ਤਿਆਗਣ ਦਾ ਮਨੋਰਥ ਹੈ ਆਪਣੇ ਭਲੇ ਤੇ ਆਪਣੇ ਵਰਗੇ ਹੋਰ ਇਨਸਾਨਾਂ ਦੇ ਭਲੇ ਲਈ ਜਿਊਣਾ। ਇਹੀ ਨਿਰਬਾਣ ਪਦ ਹੈ। ਨਹੀਂ ਤਾਂ ਫਿਰ :

- ਕਾਦੀ ਕੂੜੁ ਬੋਲਿ ਬਿਖੁ ਖਾਇ॥
  ਬ੍ਰਾਹਮਣ ਨਾਵੈ ਜੀਆ ਘਾਇ॥ (ਜੀਵਾਂ ਨੂੰ ਮਾਰਦਾ ਹੈ)
  ਜੋਗੀ ਜੁਗਤ ਨ ਜਾਣੈ ਅੰਧੁ॥ (ਅਕਲ ਦਾ ਅੰਨ੍ਹਾ ਜੋਗੀ)
  ਤੀਨੇ ਓਜਾੜੇ ਕਾ ਬੰਧੁ॥ (662)

ਤਿੰਨੇ ਭਾਵ ਕਾਜ਼ੀ, ਬ੍ਰਾਹਮਣ ਅਤੇ ਜੋਗੀ ਸਮਾਜ ਅਤੇ ਪ੍ਰਾਣੀਆਂ ਨੂੰ ਉਜਾੜਨ ਲੱਗੇ ਹੋਏ ਹਨ। ਇਹ ਤਿੰਨੇ ਦੁੱਖਾਂ ਦਾ ਕਾਰਨ ਹਨ, ਜਿਨ੍ਹਾਂ ਤੋਂ ਮੁਕਤ ਹੋਣਾ ਹੀ ਧਰਮ ਹੈ।

ਦੋਹਾਂ ਮਾਰਗਾਂ ਵਿਚ ਜੋ ਅੰਤਰ ਹੈ, ਫਰਕ ਹੈ, ਉਸ ਨੂੰ ਸਮਝਾਉਣ ਲਈ ਗੁਰੂ ਅਰਜਨ ਕਹਿੰਦੇ ਹਨ :

- ਬੇਦ ਸਿਮ੍ਰਿਤਿ ਕਥੈ ਸਾਸਤ
  (ਬ੍ਰਾਹਮਣ ਦੇ ਇਹ ਗ੍ਰੰਥ ਤਾਂ ਕਥਾਵਾਂ ਕਰਦੇ ਹਨ)
  ਪਰ
- ਭਗਤ ਕਰਹਿ ਬੀਚਾਰ॥ (675)

ਜੋ ਸੰਤ ਭਗਤ ਹਨ, ਜਿਨ੍ਹਾਂ ਨੇ ਨਵਾਂ ਧਰਮ ਮਾਰਗ ਦਿੱਤਾ ਹੈ ਇਹ ਵਿਚਾਰ ਕੇ ਦੇਖਦੇ ਹਨ। ਗਿਆਨ ਵਿਚਾਰ ਹੀ ਇਨ੍ਹਾਂ ਦੀ ਸਾਧਨਾ ਹੈ। ਇਹ ਗਿਆਨ ਵਿਚਾਰ ਹੀ ਮੁਕਤੀ ਦਾ ਮਾਰਗ ਹੈ। ਇਸੇ ਕਰਕੇ :

- ਮੁਕਤਿ ਬੈਕੁੰਠਿ ਸਾਧ ਕੀ ਸੰਗਤਿ॥ (682)

ਇਉਂ ਅਸੀਂ ਦੇਖ ਰਹੇ ਹਾਂ ਕਿ ਸੰਤਾਂ ਦੇ ਮਾਰਗ ਤੇ ਧਰਮ ਦੀ ਪੌੜੀ ਨੂੰ ਗੁਰੂ ਉਸੇ ਸਮਰੂਪ ਵਿਚ ਪ੍ਰਗਟ ਕਰਦੇ ਜਾ ਰਹੇ ਹਨ। ਇਕ ਪਾਸੇ ਬ੍ਰਾਹਮਣੀ ਹਿੰਦੂ ਮਾਰਗ ਨੂੰ ਦਰਸਾਉਂਦੇ ਜਾਂਦੇ ਹਨ ਦੂਜੇ ਪਾਸੇ ਸਤਿ ਮਾਰਗ ਨੂੰ, ਦੋਹਾਂ ਵਿਚਲੇ ਅੰਤਰ ਅਤੇ ਵਿਰੋਧ ਨੂੰ ਵੀ ਸਪੱਸ਼ਟ ਕਰ ਰਹੇ ਹਨ। ਗੁਰੂ ਇਕ ਪਾਸੇ ਬ੍ਰਾਹਮਣ ਦਾ ਹਿੰਦੂ ਮਾਰਗ ਤਿਆਗ ਰਹੇ ਹਨ ਦੂਜੇ ਪਾਸੇ ਸਤਿ ਮਾਰਗ ਦੇ ਧਰਮ ਨੂੰ ਅਪਨਾ ਰਹੇ ਹਨ। ਇਹੋ ਯੋਗ ਹੈ ਹਿੰਦੂ ਨਾ ਮਰਨ ਦਾ। ਬਤੌਰ ਉਪਕਾਰੀ ਇਨਸਾਨ ਜਿਊਣ ਅਤੇ ਮਰਨ ਦਾ।

ਜਿਨ੍ਹਾਂ ਲੋਕਾਂ ਨੇ ਬਾਣੀ ਦਾ ਇਹ ਦੁਵੱਲਾ ਪੈਮਾਨਾ ਨਹੀਂ ਸਮਝਿਆ, ਨਹੀਂ ਵਿਚਾਰਿਆ ਉਹ ਇਸ ਕਥਨ ਨੂੰ ਨਹੀਂ ਸਮਝ ਸਕਦੇ ਕਿ ਉਹ 'ਹਿੰਦੂ ਰਹਿੰਦਿਆਂ ਮਰੇਗਾ ਨਹੀਂ'। ਹਿੰਦੂ ਕਿਉਂ ਨਹੀਂ ਰਹਿਣਾ। ਇਸ ਦੇ ਕੀ ਕਾਰਨ ਹਨ। ਇਨ੍ਹਾਂ ਨੂੰ ਜਾਨਣ ਲਈ ਪਹਿਲਾਂ ਅਸੀਂ ਪਿਤਾਮਾ ਬੁੱਧ ਦੇ ਵਿਚਾਰਾਂ ਨੂੰ ਜਾਣਿਆ, ਵਿਚਾਰਿਆ, ਜੋਖਿਆ। ਫਿਰ ਸੰਤਾਂ ਦੇ ਵਿਚਾਰ ਤੇ ਹੁਣ ਅਸੀਂ ਗੁਰੂਆਂ ਦੇ ਵਿਚਾਰਾਂ ਨੂੰ ਲਗਾਤਾਰ ਪਰਖ-ਵਿਚਾਰ ਰਹੇ ਹਾਂ। ਪੂਰੇ ਗੁਰੂ ਗ੍ਰੰਥ ਸਾਹਿਬ ਵਿਚੋਂ ਕਿ ਉਹ ਸਵਰਨ ਖੱਤਰੀ ਜਾਤੀ ਵਿਚ ਪੈਦਾ ਹੋ ਕੇ ਵੀ ਇਸ ਗੱਲ 'ਤੇ ਡਟੇ ਖੜ੍ਹੇ ਹਨ ਕਿ ਉਹ ਹਿੰਦੂ ਨਹੀਂ ਹਨ। ਦੂਜਿਆਂ ਸਭਨਾਂ ਵਾਂਗ 'ਹਰਿ ਕੇ ਲੋਗੁ' ਹਨ। ਕਿਉਂਕਿ ਕੋਈ ਵੀ ਨਾ ਮੁਸਲਮਾਨ ਹੈ ਨਾ ਹਿੰਦੂ ਨਾ ਕੁਝ ਹੋਰ। ਨਾ ਸਵਰਨ, ਨਾ ਅਵਰਨ। ਬ੍ਰਾਹਮਣੀ ਧਰਮ ਅਨੁਸਾਰ ਕੋਈ ਭਗਤ, ਭਗਤਾਂ ਵਾਲੀ ਗੱਲ ਕਰਨ ਦੀ ਹਿੰਮਤ ਵੀ ਨਹੀਂ ਕਰ ਸਕਦਾ। ਪਰ ਜੋ ਅਸੀਂ ਵਿਚਾਰ ਰਹੇ ਹਾਂ, ਗੁਰੂ ਕਹਿੰਦੇ ਹਨ ਕਿ ਇਹ ਮਾਰਗ ਹੀ ਸੰਤਾਂ ਭਗਤਾਂ ਦਾ ਹੈ ਜੋ ਉਚ ਤੋਂ ਉਚ ਹਨ। ਭਾਵ ਬ੍ਰਾਹਮਣ ਤੋਂ ਵੀ ਉਚੇ

ਰੁਤਬੇ ਵਾਲੇ। ਭਾਵੇਂ ਅਛੂਤ ਨੀਚ ਕਹੇ ਗਏ ਹਨ ਪ੍ਰੰਤੂ ਉਨ੍ਹਾਂ ਦੀ ਬਾਣੀ ਅੰਮ੍ਰਿਤ ਹੈ। ਉਨ੍ਹਾਂ ਦਾ ਮਾਰਗ ਸੱਚ ਦਾ ਮਾਰਗ ਹੈ। ਭਲੇ ਨਾਲ ਭਰਪੂਰ। ਸਾਰੀ ਮਨੁੱਖਤਾ ਦਾ ਸਾਂਝਾ, ਜਿਥੇ ਰੰਗ, ਨਸਲ, ਵਰਣ, ਜਾਤ ਤੇ ਲਿੰਗਭੇਦ ਨੂੰ ਕੋਈ ਥਾਂ ਹੈ ਹੀ ਨਹੀਂ, ਜਿੱਥੇ ਦੁੱਖ ਪੈਦਾ ਕਰਨ ਦੀ ਕੋਈ ਵਿਧੀ ਨਹੀਂ। ਸੁਖ ਪੈਦਾ ਕਰਨ ਦੇ ਢੰਗ ਤਰੀਕੇ ਹਨ, ਮੁਕਤੀ ਦਾ ਪ੍ਰਬੰਧ ਹੈ, ਪ੍ਰੀਤ ਦਾ ਧਰਮ ਹੈ।

ਗੁਰੂ ਨਾਨਕ ਜੋਗ ਤੇ ਜੋਗੀਆਂ ਬਾਰੇ :

- ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
  ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥
  ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥
  ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥ (730)

ਇਹ ਬ੍ਰਾਹਮਣੀ ਵਰਗ ਦਾ ਜੋਗ ਹੈ ਕਿ ਮੋਢੇ 'ਤੇ ਕੱਪੜਾ ਰੱਖੋ, ਇਕ ਡੰਡਾ ਰੱਖੋ, ਪਿੰਡੇ 'ਤੇ ਸੁਆਹ ਮਲੋ, ਕੰਨੀਂ ਮੁੰਦਰਾਂ ਪਾਓ, ਸਿਰ ਮੁੰਨਵਾ ਲਓ, ਸਿੰਗੀ ਵਜਾਓ, ਮੜ੍ਹੀਆਂ-ਮਸਾਣਾਂ ਵਿਚ ਬੈਠੋ, ਇਕ ਟਿਕ ਲਾਈ ਰੱਖੋ ਦੇਸ ਦਿਸੰਤਰ ਘੁੰਮਦੇ ਰਹੋ, ਤੀਰਥੀਂ ਨਹਾਓ, ਪ੍ਰੰਤੂ ਗੁਰੂ ਨਾਨਕ ਇਸ ਬਾਰੇ ਕਰਮ-ਧਰਮ ਅਤੇ ਭੇਖ ਨੂੰ ਕੱਟ ਮਾਰਦੇ ਹਨ, ਤਿਆਗ ਦਿੰਦੇ ਹਨ ਤੇ ਅਸਲ ਜੋਗ ਦਾ ਸਿਧਾਂਤ ਪੇਸ਼ ਕਰਦੇ ਹਨ :

- ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥ (730)

ਕਿ ਸਰਬ ਜੀਆਂ ਦੀ ਇਕ ਸਮਾਨ ਤੱਤ ਵਿਧਾਨ ਰਚਨਾ ਨੂੰ ਮੰਨ ਕੇ, ਸਭ ਨੂੰ ਵਰਨ ਜਾਤ ਤੋਂ ਰਹਿਤ ਹੋ ਕੇ ਬਰਾਬਰ ਸਮਝੋ ਇਹੀ ਜੋਗ ਹੈ ਤੇ ਜੋ ਇਉਂ ਕਰਦਾ ਹੈ ਓਹੀ ਜੋਗੀ ਹੈ, ਬਾਕੀ ਸਭ ਪਖੰਡ ਹੈ। ਇਕ ਸਮਾਨ ਰਚਨਾ ਦੀ ਦ੍ਰਿਸ਼ਟੀ ਪੈਦਾ ਕਰਨਾ ਤੇ ਸਭ ਨੂੰ ਬਰਾਬਰ ਦੇ ਇਨਸਾਨ ਮੰਨਣਾ ਹੀ ਉਹ ਜੋਗ ਵਿਗਿਆਨ ਹੈ ਜੋ ਹਿੰਦੂ ਮੱਤ ਤੋਂ ਛੁਟਕਾਰਾ ਪੁਆ ਕੇ, ਅਸਲੀ ਧਰਮ ਵਿਚ ਆਉਂਦਾ ਹੈ।

ਅਧਰਮ ਬਾਰੇ ਗੁਰੂ ਰਾਮਦਾਸ ਕਹਿੰਦੇ ਹਨ :

- ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ॥ (732)

ਸੁਆਲ ਹੈ ਹਿਰਦੇ ਦੇ ਸ਼ੁੱਧ, ਸਾਫ, ਨਿਰਮਲ ਹੋਣ ਦਾ। ਇਸ ਤੋਂ ਉਲਟ ਸਿੱਖ ਇਨਕਲਾਬ ਨੂੰ ਅਜੇਹਾ ਕੁਝ ਵੀ ਪ੍ਰਵਾਨ ਨਹੀਂ ਜਿਵੇਂ :

- ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ॥ (735)

ਭਾਵ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਤਾਂ ਆਪਣੀ-ਆਪਣੀ ਥਾਂ ਹੰਕਾਰ ਨਾਲ ਰੋਗੀ ਹਨ ਕਿ ਸ੍ਰਿਸ਼ਟੀ ਦਾ ਪਸਾਰਾ ਉਨ੍ਹਾਂ ਕਰਕੇ ਹੀ ਚੱਲ ਰਿਹਾ ਹੈ। ਉਹਨਾਂ ਦਾ ਇਹ ਝੂਠਾ ਭਰਮ ਹੈ। ਇਸ ਹੰਕਾਰ ਵਿਚ ਲੱਗੇ ਉਹ ਮਾਇਆ-ਮੋਹ ਨੂੰ ਪਸਾਰਨ ਲੱਗੇ ਹੋਏ ਹਨ ਅਤੇ ਸੰਸਾਰ 'ਤੇ ਦੁੱਖ ਪੈਦਾ ਕਰ ਰਹੇ ਹਨ। ਕਿਉਂਕਿ ਸੱਚ ਤਾਂ ਇਹ ਹੈ ਜਿਸ ਨੂੰ ਸਮਝਣਾ-ਜਾਨਣਾ ਜ਼ਰੂਰੀ ਹੈ ਕਿ :

- ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ
  ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥ (736)

ਕਿ ਸ੍ਰਿਸ਼ਟੀ ਤਾਂ ਪੰਜਾਂ ਤੱਤਾਂ ਨਾਲ ਬਣੀ ਹੈ। ਕੋਈ ਛੇਵੇਂ ਤੱਤ ਨਾਲ ਬਣਾ ਕੇ ਵਿਖਾਵੇ ਤਾਂ ਮੰਨੀਏ। ਸ੍ਰਿਸ਼ਟੀ ਪਾਰਬ੍ਰਹਮ ਦੇ ਤੱਤਾਂ ਨੇ ਸਾਜੀ ਚਲਾਈ ਹੈ ਨਾ ਕਿ ਬ੍ਰਹਮਾ ਵਿਸ਼ਨੂੰ ਜਾਂ ਮਹੇਸ਼ ਨੇ।

ਇਸ ਸਲੋਕ ਵਿਚ ਪਹਿਲੀ ਗੱਲ ਤਾਂ ਇਹ ਹੈ ਕਿ ਜੀਵ ਦੀ ਰਚਨਾ ਹੋਈ ਹੈ ਕੇਵਲ ਪੰਜ ਤੱਤਾਂ ਤੋਂ ਜੋ ਬ੍ਰਹਿਮੰਡ ਵਿਚੋਂ ਸਹਿਜ ਉਪਜੇ, ਮਿਲੇ। ਅਰਬਾਂ ਸਾਲਾਂ ਵਿਚ ਸੰਜੋਗ ਵਿਯੋਗ ਦੀ ਨਿਰੰਤਰ ਗਤੀ ਵਿਚ। ਦੂਜਾ ਇਹ ਕਿ ਇਹ ਬ੍ਰਹਮਾ ਨਹੀਂ, ਜਿਸ ਨੇ ਸ੍ਰਿਸ਼ਟੀ ਰਚੀ। ਇਹ ਪੰਜ ਤੱਤ ਹਨ। ਤੀਜਾ ਇਹ ਕਿ ਪੰਜਾਂ ਤੱਤਾਂ ਨਾਲ ਸਾਰੇ ਜੀਵ ਸਮਾਨ ਬਣਦੇ ਹਨ। ਕੋਈ ਮਰਦ ਔਰਤ, ਪਸ਼ੂ, ਪੰਛੀ, ਜੀਅ, ਕੋਈ ਹੋਵੇ, ਇਨ੍ਹਾਂ ਤੋਂ ਬਗੈਰ ਜੀਵ ਨਹੀਂ ਬਣੇਗਾ। ਚਾਹੇ ਉਹ ਲੰਗੜਾ, ਲੂਲ੍ਹਾ, ਕਾਣਾ, ਮੀਣਾ, ਪਿੰਗਲਾ, ਕੁੱਬਾ ਕੁਝ ਵੀ ਹੋਵੇ। ਚੌਥਾ ਜੇ ਕਿਸੇ ਨੇ ਕੋਈ ਧਰਮ-ਕਰਮ ਤਪ ਤਪੱਸਿਆ ਕੀਤੀ ਹੈ, ਬਹੁਤ ਸ਼ਕਤੀ ਬਣਾਈ ਹੈ ਤਾਂ ਉਹ ਜੀਵਨ ਲਈ ਕੋਈ ਛੇਵਾਂ ਤੱਤ ਸਿਰਜ ਕੇ ਤੇ ਲਾਗੂ ਕਰਕੇ ਵਿਖਾਵੇ ਤੇ ਉਸ ਛੇਵੇਂ ਤੱਤ ਨੂੰ ਰਲਾ ਕੇ ਇਹ ਰਚਨਾ ਕਰਕੇ ਵਿਖਾਵੇ।

ਤੱਤ ਵਿਧਾਨ ਦੀ ਸਮਾਨਤਾ ਦੀ ਅੰਤਮ ਸਚਾਈ ਨੂੰ ਸਮਝਦਿਆਂ ਸਭ ਨੂੰ ਇਕ ਬਰਾਬਰ ਮੰਨਣਾ ਹੀ ਸਮਸਰ ਦ੍ਰਿਸ਼ਟੀ ਹੈ, ਏਕ ਦ੍ਰਿਸ਼ਟੀ ਹੈ। ਜਿਹੜੀ ਰੰਗ, ਨਸਲ, ਵਰਨ, ਜਾਤ ਤੇ ਲਿੰਗ ਦੇ ਸਾਰੇ ਭੇਦ ਆਪਣੇ-ਆਪ ਮਿਟਾ ਦਿੰਦੀ ਹੈ ਤੇ ਸਾਬਤ ਕਰ ਦਿੰਦੀ ਹੈ ਕਿ ਰਚਨਹਾਰ ਕੋਈ ਬ੍ਰਹਮਾ ਨਹੀਂ, ਪਾਲਣਹਾਰ ਕੋਈ ਵਿਸ਼ਨੂੰ ਨਹੀਂ, ਕਾਲਕਰਤ ਕੋਈ ਮਹੇਸ਼ ਨਹੀਂ। ਕੁਦਰਤ ਖੁਦ-ਬਖੁਦ ਇਸ ਸਿਲਸਿਲੇ ਨੂੰ ਨਿਰੰਤਰ ਚਲਾਉਂਦੀ ਹੈ।

ਇਹ ਵਰਨਣ ਇਕ ਪਾਸੇ ਸਥਾਪਤ ਧਰਮ ਦਾ ਤਿਆਗ ਕਰਾਉਂਦਾ ਹੈ ਦੂਜੇ ਪਾਸੇ ਇਨਸਾਨੀ ਭਲੇ ਦਾ ਧਰਮ ਸਥਾਪਤ ਕਰਦਾ ਹੈ। ਇਸ ਤੋਂ ਉਲਟੀ ਬ੍ਰਾਹਮਣੀ ਦ੍ਰਿਸ਼ਟੀ ਕੀ ਹੈ ਇਹ ਦੇਖੋ :

ਗੁਰੂ ਅਰਜਨ :

- ਘਰਿ ਮਹਿ ਠਾਕੁਰੁ ਨਦਰਿ ਨ ਆਵੈ॥ (ਸਰੀਰ ਵਿਚ)
  ਗਲ ਮਹਿ ਪਾਹਣੁ (ਪੱਥਰ) ਲੈ ਲਟਕਾਵੈ॥
  ਭਰਮੇ ਭੂਲਾ ਸਾਕਤੁ ਫਿਰਤਾ॥ (ਸਾਕਤ ਉੱਚੀ ਕੁਲ ਦਾ ਸਰਬ ਹੱਕੀ ਸਾਧ)
  ਨੀਰ ਬਿਰੋਲੈ ਖਪਿ ਖਪਿ ਮਰਤਾ॥
  ਜਿਸੁ ਪਾਹਣ ਕਉ ਠਾਕੁਰੁ ਕਹਤਾ॥
  ਓਹ ਪਾਹਣੁ ਲੈ ਉਸਕੋ ਡੁਬਤਾ॥
  ਗੁਨਾਹਗਾਰ ਲੂਣ ਹਰਾਮੀ॥
  ਪਾਹਣ ਨਾਵ (ਬੇੜੀ) ਨ ਪਾਰਗਰਾਮੀ॥ (ਪਾਰ ਨਹੀਂ ਲਿਜਾਂਦੀ) (739)

ਜਿਸ ਬੈਕੁੰਠ ਨੂੰ ਅਨੇਕ ਭੇਖ-ਵੇਸ ਤੇ ਅਕਨੇ-ਮਕਨੇ ਕਰਕੇ ਲੋਕ ਭਾਲਦੇ ਫਿਰਦੇ ਹਨ, ਉਸ ਬਾਰੇ ਗੁਰੂ ਕਹਿੰਦੇ ਹਨ :

- ਬੈਕੁੰਠ ਨਗਰੁ ਜਹਾ ਸੰਤ ਵਾਸਾ॥ (742)

ਸੰਤ ਦਾ ਅਰਥ ਹੈ ਸੱਚ ਨੂੰ ਅੰਤ ਤੀਕ ਸਮਝ ਲੈਣ ਵਾਲੇ ਮਹਾ ਬੁੱਧੀਮਾਨ ਬ੍ਰਹਮ ਗਿਆਨੀ ਮਨੁੱਖ। ਜਿੱਥੇ ਅਜੇਹਾ ਸੰਤ ਰਹਿੰਦਾ ਹੈ ਧਰਤੀ 'ਤੇ ਉੱਥੇ ਹੀ ਬੈਕੁੰਠ ਹੈ। ਬ੍ਰਾਹਮਣੀ ਧਰਮ ਅਨੁਸਾਰ ਬੈਕੁੰਠ ਕਿਧਰੇ ਉਤਹਾਂ ਹੈ ਜਿਥੇ ਮਰ ਕੇ ਜਾਣਾ ਹੈ। ਗੁਰੂ ਨੇ ਇਸ ਮਾਨਤਾ ਨੂੰ ਤਿਆਗ ਦਿੱਤਾ ਤੇ ਮੰਨਿਆ ਇਹ ਕਿ ਜਿਥੇ ਉਪਕਾਰੀ ਤੇ ਮਹਾਂਗਿਆਨੀ ਸੰਤ ਬੈਠਾ ਹੋਵੇ ਓਹੀ ਬੈਕੁੰਠ ਬਣ ਜਾਂਦਾ ਹੈ। ਜੋ ਮਨੁੱਖ ਇਨ੍ਹਾਂ ਦੋ ਵਿਰੋਧੀ ਦਿਸ਼ਾਵਾਂ ਦੀ ਹਕੀਕਤ ਨਹੀਂ ਜਾਣਦਾ ਜਾਂ ਜਾਨਣ ਦਾ ਇੱਛਕ ਨਹੀਂ, ਉਹ ਬਾਣੀ ਨੂੰ ਰੋਜ਼ ਵੀ ਪੜ੍ਹੇ ਤਾਂ ਵੀ ਕੁਝ ਨਹੀਂ ਬਦਲਣ ਵਾਲਾ।

ਕਿਉਂ ਹੈ ਉਥੇ ਬੈਕੁੰਠ? ਕਿਉਂਕਿ :

- ਅੰਮ੍ਰਿਤ ਬਚਨ ਸਾਧ ਕੀ ਬਾਣੀ। ਜੋ ਜੋ ਜਪੈ ਤਿਸ ਕੀ ਗਤਿ ਹੋਵੈ
  ਹਰਿ ਹਰਿ ਨਾਮੁ ਨਿਤ ਰਸਨ ਬਖਾਨੀ॥ (744)

ਏਥੇ ਹਿੰਦੂ ਧਰਮ ਦੇ ਵੇਦ ਸ਼ਾਸਤਰ ਸਿਮਰਤੀਆਂ ਤੇ ਹੋਰ ਗ੍ਰੰਥ ਨਹੀਂ ਹਨ। ਸਾਧੂ ਸੰਤਾਂ ਦੇ ਭਗਤ ਸਤਿਗੁਰਾਂ ਦੇ ਅੰਮ੍ਰਿਤ ਬੋਲ ਹਨ ਜੋ ਕਥਾਵਾਂ ਨਹੀਂ ਸੁਣਾਉਂਦੇ। ਬੋਧ ਦਿੰਦੇ ਹਨ, ਗਿਆਨ ਦਿੰਦੇ ਹਨ ਤੇ ਵਿਚਾਰ ਕਰਨ ਲਾਉਂਦੇ ਹਨ ਕਿ ਸੱਚ ਕੀ ਹੈ ਤੇ ਝੂਠ ਕੀ। ਏਥੇ ਆਦਮੀ ਇਹ ਭੁਲੇਖਾ ਵੀ ਖਾਵੇਗਾ ਕਿ ਹਰ ਥਾਂ ਹਰਿ-ਹਰਿ, ਰਾਮ-ਰਾਮ ਦਾ ਜਾਪ ਕਿਉਂ ਆਉਂਦਾ ਹੈ। ਇਹੀ ਤਾਂ ਵਿਗਿਆਨ ਹੈ ਜਿਸ ਨੂੰ ਬੰਦੇ ਨੇ ਨਹੀਂ ਸਮਝਿਆ ਜਿਸ ਕਰਕੇ ਸਮਾਜਕ ਕ੍ਰਾਂਤੀ ਨਹੀਂ ਵਾਪਰ ਸਕੀ।

ਦਰਅਸਲ ਅਸੀਂ ਹੀ ਟਪਲਾ ਖਾ ਜਾਂਦੇ ਹਾਂ। ਇਹ ਅਨੰਤ ਹਰੀ ਦੇ ਗੁਣ ਹਨ ਜੋ ਸੰਬੋਧਨ ਕੀਤੇ ਸ਼ਬਦ ਵਿਚੋਂ ਸਾਫ ਦਿਸਣ ਲਗਦੇ ਹਨ। ਜ਼ਰਾ ਵੇਖੋ :

ਏਕਓਂਕਾਰ—ਸਭ ਅਕਾਰ ਇਕ ਤੋਂ।

ਸਤਿਨਾਮ—ਇਸੇ ਦਾ ਨਾਮ ਸੱਚ ਹੈ ਬਾਕੀ ਸਭ ਝੂਠ।

ਅਕਾਲਪੁਰਖ—ਜੋ ਕਦੀ ਮਰਦਾ ਨਹੀਂ।

ਸੋਹੰਸ—ਜੋ ਉਹ ਹੈ ਓਹੀ ਅਸੀਂ ਹਾਂ।

ਹਰੀ ਹਰਿ—ਦੁਖ ਹਰਤਾ। ਉਹ ਦੁੱਖ ਜੋ ਬ੍ਰਾਹਮਣਵਾਦੀ ਸਿਸਟਮ, ਲੋਭ ਲਾਲਚ ਤੇ ਪਖੰਡ ਨੇ ਪੈਦਾ ਕੀਤੇ ਹਨ, ਉਹਨਾਂ ਤੋਂ ਮੁਕਤੀ ਦੇਣ ਵਾਲਾ।

ਗੋਬਿੰਦ—ਧਰਤੀ ਦਾ ਪਾਲਕ। ਕੁਦਰਤ।

ਪਾਰਬ੍ਰਹਮ—ਜਿਸ ਦਾ ਕੋਈ ਪਾਰ ਨਹੀਂ।

ਬੇਅੰਤ ਅਨੰਤ—ਜਿਸ ਦਾ ਕੋਈ ਅੰਤ ਨਹੀਂ।

ਨਿਰੰਕਾਰ—ਜਿਸ ਦਾ ਕੋਈ ਵਿਸ਼ੇਸ਼ ਰੰਗ ਰੂਪ ਅਕਾਰ ਤੇ ਪਛਾਣ ਨਹੀਂ ਪਰ ਸਾਰੇ ਅਕਾਰ ਉਸੇ ਦੇ ਹਨ। ਸਾਰੇ ਜੀਵ ਉਸੇ ਦਾ ਰੂਪ ਹਨ। ਉਸੇ ਦੇ ਤੱਤਾਂ ਤੋਂ ਬਣੇ ਹੋਏ।

ਨਿਰੰਜਨ—ਜੋ ਖਾਸ ਰੂਪ ਵਿਚ ਨਹੀਂ ਦਿਸਦਾ।

ਰਾਮ—ਜੋ ਦਸਰਥ ਦਾ ਪੁੱਤਰ ਰਾਮ ਨਹੀਂ। ਜੋ ਹਰ ਥਾਂ ਰਮਿਆ ਹੈ, ਉਹ ਰਾਮ।

ਮੋਹਨ ਮੁਰਾਰੀ—ਜਿਸ ਦੀਆਂ ਏਨੀਆਂ ਵਡਿਆਈਆਂ ਹਨ ਜਿਵੇਂ ਹਵਾ, ਪਾਣੀ, ਮਿੱਟੀ, ਅੱਗ, ਸੂਰਜ, ਚੰਦ, ਤਾਰੇ, ਗਗਨ, ਖਲਾਅ, ਬਨਸਪਤੀ, ਅਨਾਜ, ਖਾਣ, ਪੀਣ, ਪਹਿਨਣ, ਸੁਗੰਧ, ਸਮੁੰਦਰ, ਦਰਿਆ, ਵਰਖਾ, ਬਿਜਲੀ, ਪਸ਼ੂ, ਪੰਛੀ, ਮਨੁੱਖ, ਮਨ, ਦਿਮਾਗ, ਜੀਵਨ ਇਹ ਸਭ ਗੁਣ ਹਨ। ਅਕਾਲ ਹੈ। ਅਜੂਨੀ ਹੈ, ਨਿਰਵੈਰ ਹੈ। ਨਿਰਭਉ ਹੈ। ਸਭ ਦਾ ਸਾਂਝਾ ਹੈ। ਇਨ੍ਹਾਂ ਸਿਫਤਾਂ ਨਾਲ ਉਹ ਮਨ ਨੂੰ ਮੋਹਦਾ ਹੈ। ਇਨ੍ਹਾਂ ਸਿਫਤਾਂ ਨੂੰ ਸਮਝਣਾ ਹੀ ਗੁਣਗਾਨ ਕਰਨਾ ਹੈ। ਅਰਾਧਨਾ ਹੈ। ਖਾਲੀ ਰਾਮ-ਰਾਮ ਕਰਨ ਦਾ ਕੋਈ ਮਤਲਬ ਨਹੀਂ ਹੈ।

ਦੀਨ ਦਿਆਲ ਕ੍ਰਿਪਾਲ—ਦੀਨਾਂ ਤੇ ਦਇਆ ਕਰਨ ਵਾਲਾ ਕਿਰਪਾਲੂ। ਉਸ ਦੀ ਦਇਆ ਦਾ ਇਕ ਸਿਧਾਂਤ ਹੈ ਕਿ ਦੀਨ ਇਹ ਸਮਝਣ ਕਿ ਉਸ ਨੇ ਆਪਣਾ ਸਭ ਕੁਝ ਸਭ ਨੂੰ ਦਿੱਤਾ ਹੈ। ਇਸ ਲਈ ਇਹ ਲੁਟੇਰੇ ਕੌਣ ਹੁੰਦੇ ਹਨ ਸਭ ਖੋਹ ਲੈਣ ਵਾਲੇ। ਆਪ ਸੁਰਗ ਮਾਨਣ ਵਾਲੇ ਤੇ ਦੂਜਿਆਂ ਨੂੰ ਨਰਕ 'ਚ ਧੱਕਣ ਵਾਲੇ। ਇਹ ਸੱਚ ਉਸ ਦੀ ਹੋਂਦ ਵਿਚੋਂ ਨਿਕਲਦੀ ਹੈ। ਜੇ ਦੀਨ ਦੁਖੀ ਬੰਦਾ ਬਰਾਬਰ ਹੱਕ ਦਾ ਇਹ ਸੱਚ ਮੰਨ ਲਵੇ ਤਾਂ

ਸ਼ਕਤੀ ਬਣ ਕੇ ਆਪਣੇ ਹੱਕ ਖੋਹ ਸਕਦਾ ਹੈ। ਬੈਠਿਆਂ ਬਿਠਾਇਆਂ ਤਾਂ ਜਿਸ ਦੀ ਲਾਠੀ ਉਸੇ ਦੀ ਮੱਝ ਹੁੰਦੀ ਹੈ।

ਅੰਤਰਜਾਮੀ—ਮਨੁੱਖ ਨੂੰ ਉਸ ਨੇ ਆਪਣੇ ਤੱਤਾਂ ਨਾਲ ਮਨ ਦਿੱਤਾ ਹੈ। ਓਹੀ ਹੈ ਜੋ ਬੰਦੇ ਦੀ ਹਰ ਕਿਰਿਆ ਕਰਤੂਤ ਦਾ ਜਾਣੀਜਾਣ ਹੈ। ਉਸ ਤੋਂ ਬਿਨਾਂ ਹੋਰ ਕੋਈ ਨਹੀਂ ਜਾਣ ਸਕਦਾ। ਮਨ ਹੀ ਹੈ ਜੋ ਬੰਦੇ ਨੂੰ ਕਣ ਕਣ ਤੋਂ ਜਾਣਦਾ ਹੈ ਤੇ ਇਹੀ ਅਕਾਲ ਪੁਰਖੀ ਸਿਰਜਣਾ ਦੀ ਅੰਤਰਜਾਮਤਾ ਹੈ।

ਪ੍ਰੀਤਮ—ਸਭ ਨੂੰ ਪ੍ਰੀਤ ਕਰਨ ਵਾਲਾ।

ਪ੍ਰਿਤਪਾਲਾ—ਸਭ ਦਾ ਪਾਲਣਹਾਰ।

ਸਾਂਈਂ—ਅਸਲੀ ਮਾਲਕ ਜਿਸ ਨੇ ਇਹ ਸਰੀਰ, ਇਹ ਮਨ, ਇਹ ਅਦਭੁੱਤ ਅੰਗ, ਅਦਭੁੱਤ ਕਿਰਿਆ ਦਿੱਤੀ ਹੈ। ਕੁਦਰਤ ਦਿੱਤੀ ਹੈ, ਆਪਣੇ ਵਿਚੋਂ।

ਪਾਤਸ਼ਾਹ—ਜੇ ਦਿੱਤੀ ਅਕਲ ਵਰਤੀ ਜਾਵੇ ਤਾਂ ਨੀਚ ਤੋਂ ਨੀਚ ਨੂੰ ਵੀ ਪਾਰਸ਼ਾਹ ਬਣਾ ਦੇਣ ਵਾਲਾ ਹੈ ਉਹ। ਬਣਨਾ ਕਰਨਾ ਤਾਂ ਖੁਦ ਨੇ ਹੈ। ਗੱਲ ਸੋਝੀ ਦੀ ਅਤੇ ਉਡਾਣ ਭਰਨ ਦੀ ਹੈ।

ਗੁਣੀ ਨਿਧਾਨ—ਗੁਣਾਂ ਦਾ ਖਜ਼ਾਨਾ।

ਸਿਰਜਨਹਾਰ—ਕਰਤਾਪੁਰਖ, ਕਰਤਾਰ (ਜੋ ਬ੍ਰਹਮਾ ਵਿਸ਼ਨੂੰ ਮਹੇਸ਼ ਨਹੀਂ)

ਸਰਬ ਨਿਰੰਤਰ—ਜੋ ਹਰ ਥਾਂ ਹੈ ਤੇ ਨਿਰੰਤਰ ਹੈ, ਰੁਕਦਾ ਨਹੀਂ, ਮਰਦਾ ਨਹੀਂ, ਸਿਰਫ ਅਕਾਰ ਬਦਲਦਾ ਹੈ।

ਪਰਉਪਕਾਰੀ—ਉਪਕਾਰ ਕਰਨ ਵਾਲਾ। ਜੀਵਨ ਲਈ ਹਰ ਵਸਤੂ ਪ੍ਰਦਾਨ ਕਰਨ ਵਾਲਾ। ਸਾਰੀ ਕੁਦਰਤ ਭੇਟ ਕਰ ਦੇਣ ਵਾਲਾ।

ਅਬਿਨਾਸੀ—ਜਿਸ ਦਾ ਨਾਸ ਨਹੀਂ ਹੁੰਦਾ।

ਕਰਤਾਰ—ਕਰਨ ਕਰਾਵਨਹਾਰ।

ਸਾਡਾ ਖਿਆਲ ਹੈ ਕਿ ਜੇ ਸਾਡੇ ਬੰਦਿਆਂ ਨੇ ਇਸ ਤਰ੍ਹਾਂ ਦੇ ਨਾਵਾਂ ਪਿੱਛੇ ਲੁਕੀ ਵਿਵਸਥਾ ਨੂੰ ਸਮਝ ਲਿਆ ਹੁੰਦਾ, ਗੁਣ ਜਾਣ ਲਏ ਹੁੰਦੇ ਤਾਂ ਇਹ ਕਿਵੇਂ ਵੀ ਨਹੀਂ ਹੋ ਸਕਣਾ ਸੀ ਕਿ ਫਿਰ ਵੀ ਕੋਈ ਭਰਮ ਭੁਲੇਖਾ ਜਾਂ ਰੱਫੜ ਖੜ੍ਹਾ ਹੁੰਦਾ। ਇਹ ਗੁਣ ਹਨ ਤੇ ਇਨ੍ਹਾਂ ਨਾਵਾਂ ਨਾਲ ਯਾਦ ਕਰਨਾ, ਸਿਮਰਨ ਕਰਨਾ, ਭਜਣਾ ਦਰਅਸਲ ਨਰਕ-ਸੁਰਗ ਜਾਂ ਬੈਕੁੰਠ ਦਾ ਚੱਕਰ ਨਹੀਂ ਕੇਵਲ ਇਹ ਇਕ ਦ੍ਰਿਸ਼ਟੀ ਪੈਦਾ ਕਰਨਾ ਹੈ ਕਿ ਜੋ ਗੁਣ ਚਲਾਕ ਲੋਕਾਂ ਨੇ ਆਪਣੀ ਮਨਮਰਜ਼ੀ ਨਾਲ ਆਪਣੇ ਬਣਾਏ ਦੇਵਤਿਆਂ ਨਾਲ ਜੋੜ ਕੇ ਸਭ ਜੱਗ ਲੁੱਟਿਆ ਹੈ, ਉਹ ਗੁਣ ਹਕੀਕਤ ਵਿਚ ਉਸ ਅਕਾਲਪੁਰਖ ਦੇ ਹਨ ਜੋ ਸਭ ਦਾ ਇਕ ਸਮਾਨ ਸਾਂਝਾ, ਬਾਪ ਦੀ ਤਰ੍ਹਾਂ ਹੈ। ਉਸ ਨੂੰ ਚੇਤੇ ਕਰਨ ਦਾ ਮਤਲਬ ਸਿਰਫ ਗੁਣਾਂ ਨੂੰ, ਸਿਫਤਾਂ ਨੂੰ ਯਾਦ ਕਰਨਾ ਤੇ ਮਨ ਵਸਾਉਣਾ ਹੈ, ਸਮਝਣਾ ਤੇ ਮੰਨਣਾ ਹੈ। ਏਥੇ ਅਸੀਂ ਅਕਾਲਪੁਰਖ ਸ਼ਬਦ ਦੇ ਅਰਥ ਇਕ ਵਾਰ ਫੇਰ ਕਰਾਂਗੇ।

ਕਿ ਉਹ ਅਕਾਲ ਹੈ, ਕਾਲ-ਰਹਿਤ ਹੈ।

ਪਰਮ ਪੁਰਖ ਹੈ। ਪੁਰਖ, ਜਿਸ ਦਾ ਅਸੀਂ ਅਰਥ ਕਰਦੇ ਹਾਂ ਬੰਦਾ, ਆਦਮੀ, ਮਨੁੱਖ। ਬੰਦਾ ਕੀ ਹੈ ਜੋ ਇਸ ਧਰਤੀ 'ਤੇ ਜੋ ਮਰਜ਼ੀ ਕਰ ਰਿਹੈ। ਬੁਰਾ ਚੰਗਾ ਸਭ ਬਣਾ ਰਿਹਾ ਹੈ, ਢਾਹ ਰਿਹਾ ਹੈ। ਲੁੱਟਾਂ-ਖੋਹਾਂ ਕਰ ਰਿਹੈ। ਦਇਆ, ਪਰਉਪਕਾਰ ਕਰ ਰਿਹੈ। ਖੁਦ ਅੰਤਰਜਾਮੀ ਹੈ। ਆਪਣੇ ਪਾਪ ਪੁੰਨ ਸਭ ਖੁਦ ਜਾਣਦਾ ਹੈ। ਪੁਰਖ ਧਰਤੀ ਉਤੇ ਇਕ

ਸਜੀਵ ਤੇ ਕਿਰਿਆਸ਼ੀਲ ਸ਼ਕਤੀ ਹੈ। ਇਹ ਕਾਲਵੱਸ ਵੀ ਹੈ ਤੇ ਅਕਾਲ ਵੀ। ਮਰ ਜਾਂਦਾ ਹੈ, ਇਕ ਹੋਰ ਨਵਾਂ ਪੈਦਾ ਕਰ ਜਾਂਦਾ ਹੈ। ਪੈਦਾ ਕਰਨ ਦੀ ਸ਼ਕਤੀ ਵੀ ਹੈ ਇਸ ਵਿਚ। ਅਜੀਬ ਅਦਭੁੱਤ ਬੁੱਧੀ ਹੈ ਇਸ ਕੋਲ। ਅਥਾਹ ਬੁੱਧੀ ਦੀ ਸ਼ਕਤੀ ਨਾਲ ਅਜੀਬੋ-ਗਰੀਬ ਕੰਮ ਕਰ ਸਕਣ ਦੀ ਸਮਰੱਥਾ ਹੈ ਇਸ ਵਿਚ। ਵਸਾਉਣ ਦੀ ਵੀ, ਤਬਾਹ ਕਰਨ ਦੀ ਵੀ। ਪੈਦਾ ਕਰਨ ਦੀ ਵੀ ਮਾਰਨ ਦੀ ਵੀ। ਪ੍ਰੰਤੂ ਇਹ ਮਰ ਜਾਂਦਾ ਹੈ। ਪਰ ਮਰਦਾ ਵੀ ਨਹੀਂ ਕਿਉਂਕਿ ਇਸ ਦੇ ਰੱਖੀ ਤੱਤ ਕਦੀ ਨਹੀਂ ਮਰਦੇ। ਸਿਰਫ ਬਦਲਦੇ ਹਨ ਬ੍ਰਹਿਮੰਡ ਵਿਚ ਫੈਲ ਜਾਂਦੇ ਹਨ। ਜੁੜਦੇ ਹਨ ਤਾਂ ਪੈਦਾ ਕਰਦੇ ਹਨ। ਦੇਖਦਾ ਹੈ, ਸੁਣਦਾ ਹੈ, ਬੋਲਦਾ ਹੈ, ਸੋਚਦਾ ਹੈ, ਸਮਝਦਾ ਹੈ, ਤੁਰਦਾ ਹੈ, ਸੌਂਦਾ ਹੈ। ਉਸ ਕੋਲ ਇਹ ਸਭ ਸ਼ਕਤੀਆਂ ਹਨ। ਕਿਉਂਕਿ ਇਹ ਪਾਰਬ੍ਰਹਮ ਦਾ ਰੂਪ ਹੈ ਜੋ ਬ੍ਰਹਿਮੰਡ ਵਿਚ ਹੈ, ਓਹੀ ਪਿੰਡੇ ਵਿਚ। ਇਸ ਲਈ ਪਿੰਡਾ ਵੀ ਸ਼ਕਤੀਸ਼ਾਲੀ ਹੈ। ਇਸੇ ਕਰਕੇ ਅਕਾਲ ਦੇ ਨਾਲ ਪੁਰਖ ਸ਼ਬਦ ਜੋੜਿਆ ਗਿਆ ਹੈ। ਸ਼ਕਤੀਆਂ, ਉਲਟੀਆਂ ਸਿੱਧੀਆਂ, ਚੰਗੀਆਂ-ਬੁਰੀਆਂ ਸਭ ਦਾ ਕਰਤਾ ਧਰਤਾ। ਬੰਦੇ 'ਚੋਂ ਬ੍ਰਹਿਮੰਡ ਨੂੰ ਅਸਾਨੀ ਨਾਲ ਵੇਖਿਆ ਜਾ ਸਕਦਾ ਹੈ। ਹਰੀ ਨੂੰ ਰਟਣ ਦੀ ਕੋਈ ਜ਼ਰੂਰਤ ਨਹੀਂ। ਜਿੰਨੀ ਦੂਰੀ ਤਕ ਇਹ ਪਾਰਬ੍ਰਹਮ ਦੀਆਂ ਸ਼ਕਤੀਆਂ ਨੂੰ ਸਮਝਦਾ ਬੁੱਝਦਾ ਜਾਂਦਾ ਹੈ ਓਨਾ ਹੀ ਉਹ ਬ੍ਰਹਮਗਿਆਨੀ ਬਣਦਾ ਜਾਂਦਾ ਹੈ। ਏਥੇ ਜਣਾ ਖਣਾ ਚੋਲਾ ਪਾ ਕੇ ਬ੍ਰਹਮ ਗਿਆਨੀ ਬਣ ਬੈਠਦਾ ਹੈ ਪਰੰਤੂ ਗੁਰੂ ਬ੍ਰਹਮਗਿਆਨੀ ਕੇਵਲ ਜ਼ਿਕਰ ਵਿਚ ਆਏ ਸੰਤਾਂ ਨੂੰ ਹੀ ਕਹਿੰਦੇ ਹਨ, ਜਿਨ੍ਹਾਂ ਨੇ ਪ੍ਰਮੇਸ਼ਰ ਦਾ ਭੇਦ ਪਾ ਲਿਆ ਹੈ ਬੜੀ ਅਸਾਨੀ ਨਾਲ।

ਰਾਮ-ਰਾਮ ਕਰਦਿਆਂ ਕੋਈ ਨਹੀਂ ਪਾਰ ਪੈਂਦਾ। ਰਾਮ ਨੂੰ ਅਸੀਂ ਸਮਝਣਾ ਤੇ ਵਾਚਣਾ ਹੈ ਬੁੱਧੀ ਨਾਲ ਤੇ ਮਨ ਦੀ ਬੁਰੀ ਲਲ੍ਹਕ ਨੂੰ ਖਤਮ ਕਰਕੇ ਚੰਗੀ ਲਲ੍ਹਕ ਨੂੰ ਪੈਦਾ ਕਰਨਾ ਹੀ ਧਰਮ ਹੈ ਤੇ ਇਹੀ ਹੈ ਰੱਬ ਨੂੰ ਪਾਉਣਾ ਤੇ ਇਉਂ ਉਪਕਾਰੀ ਬਣ ਜਾਣਾ।

ਸੰਤ ਗੁਰੂ ਬਾਣੀ ਵਿਚ ਅਸੀਂ ਇਕ ਪਾਸੇ ਮਨ ਦੀ ਬੁਰੀ ਲਲ੍ਹਕ ਦਾ ਸਿਸਟਮ ਪੜ੍ਹੇ ਹਾਂ ਦੂਜੇ ਪਾਸੇ ਨੇਕ ਇੱਛਾ ਦਾ, ਪਰਉਪਕਾਰੀ ਨਿਰਬਾਣੀ ਇੱਛਾ ਦਾ। ਪੁਰਖ ਦੀ ਉਸ ਸ਼ਕਤੀ ਦਾ ਵਰਨਣ ਵੇਖੋ ਜੋ ਕਮਾਲ ਹੈ :

- ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸ ਸਭ ਓਪਤਿ ਜਿਤੁ ਸੰਸਾਰ॥

ਕਿ ਇਹ ਸਰੀਰ ਹੀ ਹੈ ਜਿਸ ਵਿਚ ਸ਼ਕਤੀਆਂ ਮੌਜੂਦ ਹਨ ਜੋ ਬ੍ਰਾਹਮਣ ਦੇ ਗ੍ਰੰਥਾਂ ਵਿਚ ਬ੍ਰਹਮਾ ਵਿਸ਼ਨੂੰ ਤੇ ਮਹੇਸ਼ ਨਾਲ ਜੋੜ ਕੇ ਵਰਨਣ ਕੀਤੀਆਂ ਗਈਆਂ ਹਨ। ਸਾਰੇ ਸੰਸਾਰ ਦੀ ਇਹ ਉਤਪਤੀ ਇਹ ਕਾਇਆ ਹੀ ਕਰ ਰਹੀ ਹੈ। ਬੰਦੇ ਦੀ ਸਿਫਤ ਹੀ ਅਕਾਲਪੁਰਖ ਹੋ ਗਈ। ਬੰਦੇ ਅੰਦਰ ਇਹ ਗੁਣ ਕੁਦਰਤੀ ਗੁਣ ਹਨ ਜੋ ਬਾਕੀ ਸਭ ਜੀਵਾਂ ਤੋਂ ਵੱਧ ਤੇ ਉੱਤਮ ਹਨ। ਕੋਈ ਸਾਨੀ ਨਹੀਂ ਇਸਦਾ ਕਿਉਂਕਿ ਉਹ ਈਸ਼ਵਰੀ ਗੁਣਾਂ ਨਾਲ ਲੈਸ ਹੈ। ਇਹ ਹੁਣ ਉਸ ਨੇ ਵੇਖਣਾ ਹੈ ਕਿ ਧਰਤੀ 'ਤੇ ਨੇਕੀ ਬੀਜਣੀ, ਵੱਢਣੀ ਹੈ ਜਾਂ ਬੁਰਾਈ। ਉਸ ਦਾ ਅਕਾਲਪੁਰਖ ਕਿਹੋ ਜਿਹਾ ਹੈ, ਉਸ ਦੇ ਗੁਣ ਕੀ ਹਨ, ਕਰਮ ਕੀ ਹਨ, ਇਹ ਗੱਲ ਬੰਦਿਆਂ ਨੇ ਸਮਝਣੀ ਹੈ। ਇਕ ਰੱਬ ਬ੍ਰਾਹਮਣ ਦਾ, ਹਿੰਦੂ ਦਾ ਹੈ, ਜਾਤ ਵਰਨ ਤੇ ਘਿਰਣਾ ਪੈਦਾ ਕਰਨ ਵਾਲਾ। ਊਚ-ਨੀਚ ਪੈਦਾ ਕਰਨ ਵਾਲਾ। ਵੈਰ ਰੱਖਣ ਵਾਲਾ। ਜੂਨੀ ਭੁਗਤਣ ਵਾਲਾ। ਅਵਤਾਰ ਧਾਰਨ ਵਾਲਾ। ਕਿਸੇ ਦਾ ਬਣਾਇਆ। ਸਰਾਪਿਆ। ਡਰਨ ਵਾਲਾ। ਜਿਸ ਦੀ ਸਮਝ ਕੇਵਲ ਬ੍ਰਾਹਮਣ ਤੋਂ ਮਿਲਦੀ ਹੈ। ਦੂਜਾ ਹੈ ਆਪਣੀ ਸਾਰੀ ਸ੍ਰਿਸ਼ਟੀ ਦਾ ਖੁਦ ਕਰਤਾ। ਬੰਦੇ ਦਾ ਸਿਰਜਕ। ਦਿਆਲੂ। ਇਕ ਸਮਾਨ। ਹਰ ਥਾਂ ਮੌਜੂਦ। ਨਿਰਅਕਾਰ। ਉਪਕਾਰੀ। ਇਸ ਨੂੰ ਸੰਤਾਂ ਨੇ ਲੱਭ ਲਿਆ ਹੈ। ਅਛੂਤਾਂ ਨਾਲ ਵੀ ਇਹ

ਗੋਸ਼ਟੀਆਂ ਕਰਦਾ ਹੈ। ਸਲਾਹਾਂ ਕਰਦਾ ਹੈ। ਨੇਕੀ ਦਾ ਮਾਰਗ ਦਿੰਦਾ ਹੈ। ਉਸ ਦੀ ਨਾ ਆਤਮਾ ਹੈ, ਨਾ ਨਰਕ ਸੁਰਗ ਦਾ ਵਾਸੀ ਹੈ। ਨਾ ਦੇਵਤੇ ਉਸ ਦੇ ਕੁਝ ਲਗਦੇ ਹਨ, ਇਹ ਸਭ ਦਾ ਹੈ ਪੁੱਤ੍ਰ ਬ੍ਰਾਹਮਣ ਦਾ ਧਰਮ ਕਰਮ ਉਸ ਨੂੰ ਫੁੱਟੀ ਅੱਖ ਵੀ ਨਹੀਂ ਭਾਉਂਦਾ। ਜੋ ਬੰਦਾ ਐਨੀ ਗੱਲ ਵੀ ਨਹੀਂ ਸਮਝ ਸਕਦਾ, ਉਸ ਨੂੰ ਬਾਣੀ ਪੜ੍ਹਨ-ਸੁਣਨ ਦਾ ਕੀ ਲਾਭ? ਅਸੀਂ ਰੋਜ਼ ਰਾਗੀਆਂ ਭਾਈਆਂ ਤੇ ਸਾਧਾਂ ਨੂੰ ਸੁਣਦੇ ਹਾਂ ਜਿਨ੍ਹਾਂ ਨੇ ਬਾਣੀ ਤੇ ਉਸਦੇ ਉਦੇਸ਼ ਦਾ ਅਨਰਥ ਕਰ ਦਿੱਤਾ ਹੈ। ਉਹ ਸਾਰੀਆਂ ਵਿਆਖਿਆਵਾਂ ਬ੍ਰਾਹਮਣੀ ਤਰਜ਼ 'ਤੇ ਕਰਦੇ ਹਨ। ਉਹ ਆਪਣੇ ਜਾਣੇ ਧਰਮ ਕਮਾ ਰਹੇ ਹਨ ਪਰੰਤੂ ਉਨ੍ਹਾਂ ਨੇ ਬਾਣੀ ਤੋਂ ਉਲਟ ਜਾ ਕੇ ਮਹਾਂਪਾਪ ਕੀਤਾ ਹੈ। ਮਨੁੱਖਤਾ ਨੂੰ ਜੰਜਾਲ ਵਿਚ ਫਸਾ ਕੇ ਦੁੱਖਾਂ ਨਾਲ ਤੇ ਮੂਰਖਤਾਵਾਂ ਨਾਲ ਭਰ ਦਿੱਤਾ ਹੈ। ਇਹ ਗੱਲ ਸਾਡੀ ਸਮਝ ਪੈ ਗਈ ਹੈ ਕਿ ਵਿਸ਼ਵ ਭਰ ਦਾ ਸਿੱਖ ਫਲਸਫਾ ਅੱਜ ਸਿੱਖ ਆਗੂਆਂ ਕਾਰਨ ਪੂਰੀ ਤਰ੍ਹਾਂ ਮਾਤ ਖਾ ਗਿਆ ਹੈ। ਉਹ ਨਹੀਂ ਸਮਝ ਸਕੇ ਕਿ ਸੰਤ ਤੇ ਗੁਰੂ ਬਕਾਇਦਾ ਇਕ ਤੋੜ ਵਿਛੋੜੇ ਲਈ ਸੰਘਰਸ਼ ਕਰਦੇ ਰਹੇ। ਧਰਮ ਨੇਕੀ ਤੇ ਉਪਕਾਰ ਦੀ ਪ੍ਰਾਪਤੀ ਲਈ।

ਸਾਰੀ ਬਾਣੀ ਵਿਚ ਫੈਸਲਾ ਹੁੰਦਾ ਹੈ ਮੁਕਤੀ ਦਾ ਕਿ ਇਹ ਬੇਦਾਂ-ਕਤੇਬਾਂ ਸਿਮਰਤੀਆਂ ਤੇ ਸ਼ਾਸਤਰਾਂ ਦੇ ਪਾਠ ਨਾਲ ਨਹੀਂ ਮਿਲਦੀ।

- ਬੇਦ ਕਤੇਬ ਸਿਮ੍ਰਿਤ ਸਭਿ ਸਾਸਤ ਇਨ ਪੜਿਆ ਮੁਕਤਿ ਨ ਹੋਈ॥ (747)

ਦੂਜੇ ਪਾਸੇ :

- 'ਏਕੁ ਅਖਰੁ' (ੴ) ਜੋ ਗੁਰਮੁਖਿ ਜਾਪੈ ਤਿਸਕੀ ਨਿਰਮਲ ਸੋਈ॥

ਇਕ ਪਾਸਾ ਜੋ ਆਪਣੇ ਆਪ ਵਿਚ ਸਭ ਤੋਂ ਪਵਿੱਤਰ ਤੇ ਉੱਚਾ ਬਣਦਾ ਹੈ ਉਹ ਅਸਲ ਵਿਚ ਮਨੁੱਖ ਨੂੰ ਡੋਬ ਦੇਣ ਵਾਲਾ ਪਰਪੰਚ ਹੈ। ਦੂਜਾ ਜੋ ਸਹਿਜ ਹੈ, ਸਮਾਨਤਾ ਤੇ ਉਪਕਾਰ ਭਰਿਆ ਹੈ ਉਹ ਤਾਰਨ ਵਾਲਾ, ਦੁੱਖ, ਦਲਿੱਦਰ ਦੂਰ ਕਰਨ ਵਾਲਾ, ਸੁਖ-ਸ਼ਾਂਤੀ ਦੇਣ ਵਾਲਾ, ਮੁਕਤ ਕਰਨ ਵਾਲਾ, ਡਰ-ਭੈਅ ਨੂੰ ਮਾਰਨ ਵਾਲਾ ਹੈ। ਚੋਣ ਬੰਦੇ ਨੇ ਕਰਨੀ ਹੈ। ਇਹ ਦੋ ਵਿਰੋਧੀ ਵਿਚਾਰਧਾਰਾਵਾਂ ਦਾ ਸਿੱਧਾ ਟਕਰਾਅ ਹੈ।

ਇਕ ਪਾਸੇ ਹੈ :

- ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ॥ (748)

ਦੂਜੇ ਪਾਸੇ :

- ਦੁਸਟਾ ਨਾਲ ਦੋਸਤੀ ਨਾਲ ਸੰਤਾ ਵੈਰੁ ਕਰੰਨਿ॥
  ਆਪ ਡੁਬੇ ਕੁਟੰਬ ਸਿਉ ਸਗਲੇ ਕੁਲ ਡੁਬੰਨਿ॥
  ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ। (755) ਗੁਰੂ ਅਮਰਦਾਸ।

ਹੋਰ ਵੇਖੋ ; ਗੁਰੂ ਅਰਜਨ :

- ਸਿਮ੍ਰਿਤ ਬੇਦ ਪੁਰਾਣ ਪੁਕਾਰਨਿ ਪੋਥੀਆ॥
  ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ॥
  ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ॥ (761/1)

ਭਾਵ ਬ੍ਰਾਹਮਣ ਦੇ ਧਰਮ ਤੋਂ ਉਲਟ ਜੋ ਪਾਰਉਤਾਰਾ ਕਰਨ ਵਾਲਾ ਨਾਮ ਗਿਆਨ ਹੈ ਉਹ ਭਗਤਾਂ ਦੇ ਮਨ ਵਿਚ ਵਸਦੀ ਸੁਖਮਨੀ ਹੈ। ਵੇਦਾਂ ਸ਼ਾਸਤਰਾਂ, ਸਿਮਰਤੀਆਂ, ਪੁਰਾਣਾਂ, ਸਭ ਦੀ ਸ਼ਕਤੀ ਦੇ ਬਰਾਬਰ ਇਕ ਉਪਕਾਰੀ ਸ਼ਕਤੀ ਹੈ। ਗੁਰੂ ਜੀ ਕਹਿੰਦੇ ਹਨ ਜੋ ਕੇਵਲ ਸੰਤਾਂ ਪਾਸ ਹੈ ਭਗਤਾਂ ਪਾਸ ਹੈ। ਜਿਸ ਦਾ ਵਰਨਣ ਅਸੀਂ ਕਰ

ਆਏ ਹਾਂ, ਜਿਸ ਦਾ ਵਿਸਥਾਰ ਅਤੇ ਸਿਫਤਾਂ ਅਸੀਂ ਪੜ੍ਹ ਰਹੇ ਹਾਂ।

ਭਗਤ, ਸੰਤ ਮੱਤ ਹੀ ਗੁਰੂ ਕਹਿੰਦੇ ਹਨ ਨਿਰਬਾਣ ਹੈ, ਮੁਕਤੀ ਹੈ, ਇਲਾਜ ਹੈ, ਬ੍ਰਾਹਮਣੀ ਵੇਦ ਸ਼ਾਸਤਰਾਂ ਤੋਂ ਨਿਜਾਤ ਪਾਉਣ ਦਾ।

ਇਕ ਵਿਚਾਰਧਾਰਾ ਡੋਬਣ ਵਾਲੀ ਹੈ, ਦੁੱਖ ਦਰਦ ਭੈਅ ਤੇ ਚਿੰਤਾ ਤੇ ਭਰਮ ਪੈਦਾ ਕਰਨ ਵਾਲੀ ਹੈ। ਦੂਜੀ ਦੁੱਖ, ਰੋਗ, ਭੈਅ, ਭਰਮ, ਚਿੰਤਾ ਦਾ ਨਾਸ ਕਰਕੇ ਸੁਖ ਅਨੰਦ ਪੈਦਾ ਕਰਨ ਵਾਲੀ ਸੁਖਮਨੀ ਹੈ। ਜੋ ਭਗਤ ਜਨਾਂ ਦੇ ਮਨ ਵਿਚ ਵਸਦੀ ਹੈ। ਦੋਹਾਂ ਤਰਫਾਂ ਦੇ ਟਕਰਾਅ ਅਤੇ ਸੇਧਾਂ ਦਾ ਇਕ ਨਕਸ਼ਾ ਵੇਖੋ। ਇਕ ਪਾਸੇ ਤਿਆਗ ਦੂਜੇ ਪਾਸੇ ਸੱਚਾ ਮਾਰਗ।

- ਤੰਤ੍ਰ ਮੰਤ੍ਰ ਪਾਖੰਡ ਨ ਜਾਣਾ ਰਾਮੁ ਰਿਦੈ ਮਨ ਮਾਨਿਆ॥ (766)

ਜਿਸ ਦਾ ਮਨੋਰਥ ਹੈ :

- ਸਭਹੂ ਤਲੈ ਤਲੈ ਸਭ ਊਪਰਿ ਏਹਾ ਦ੍ਰਿਸਟਿ ਦ੍ਰਿਸਟਾਏ॥

ਅਭਿਮਾਨ ਖੋਇ ਖੋਇ ਖੋਇ ਖੋਈ ਹਉ ਮੋਕਉ ਸਤਿਗੁਰ ਮੰਤ੍ਰ ਦ੍ਰਿੜਾਏ॥(820)

ਕਿ ਜੋ ਸਭ ਤੋਂ ਨੀਵੇ ਹਨ, ਉਨ੍ਹਾਂ ਨੂੰ ਪਹਿਲਾਂ ਸਭ ਤੋਂ ਉੱਪਰ ਮੰਨਣ ਦੀ ਪੱਕੀ ਦ੍ਰਿਸ਼ਟੀ ਬਣਾਓ। ਦ੍ਰਿਸ਼ਟੀ, ਮੰਨਣਾ ਤੇ ਅਮਲ ਕਰਨਾ। ਜਿਵੇਂ ਗੁਰੂ ਕਹਿੰਦੇ ਹਨ ਕਿ ਵਰਨ ਦਾ ਹੰਕਾਰ ਗੁਆਉਂਦਿਆਂ, ਛੱਡਦਿਆਂ-ਛੱਡਦਿਆਂ ਇਹ ਹਉ (ਹਉਮੈ) ਖੋਈ ਕਿ ਅਸੀਂ ਸਵਰਨ ਹਾਂ, ਉੱਚੇ ਹਾਂ, ਪਵਿੱਤਰ ਹਾਂ। ਇਹ ਸਮਾਨਤਾ ਭਰੀ ਦ੍ਰਿਸ਼ਟੀ ਮਸਾਂ ਪੈਦਾ ਹੋਈ ਪ੍ਰੰਤੂ ਸਤਿਗੁਰੂ ਦਾ ਮੰਤਰ ਮਨ ਵਿਚ ਵਸਾ ਕੇ ਪਕਾਉਣ ਨਾਲ। ਇਹ ਦ੍ਰਿਸ਼ਟੀ ਪੈਦਾ ਕਰਨਾ ਹੀ ਉਪਕਾਰ ਹੈ, ਇਸ ਧਰਤੀ 'ਤੇ ਦੁੱਖਾਂ, ਕਲੇਸ਼ਾਂ, ਹੰਕਾਰ, ਕ੍ਰੋਧ, ਅਸ਼ਾਂਤੀ, ਭੈਅ ਆਦਿ ਨੂੰ ਦੂਰ ਕਰਨ ਲਈ। ਇਹ ਸ਼ਬਦ ਪ੍ਰਮਾਣ ਬਣ ਜਾਂਦੇ ਹਨ ਇਸ ਗੱਲ ਦਾ ਕਿ ਗੁਰੂ ਹਿੰਦੂ ਪੈਦਾ ਜ਼ਰੂਰ ਹੋਏ ਪ੍ਰੰਤੂ ਉਹ ਹਿੰਦੂ ਰਹਿ ਕੇ, ਧਰਤੀ ਤੋਂ ਕਾਲਵੱਸ ਨਹੀਂ ਹੋਏ। ਉਹ ਹਿੰਦੂ ਹੋਣ ਨੂੰ ਤਿਆਗ ਕੇ ਤੇ ਨਵਾਂ ਮਾਰਗ ਬਣਾ ਕੇ ਗਏ।

ਇਸ ਪ੍ਰਸੰਗ ਵਿਚ ਗੁਰੂ ਤੇਗ ਬਹਾਦਰ ਜੀ ਦਾ ਸ਼ਬਦ ਸਮਝੋ :

- ਹਰਿ ਕੋ ਨਾਮ ਬਿਨਾ ਦੁਖੁ ਪਾਵੈ॥

(ਨਾਮ ਵਿਚਾਰਧਾਰਾ ਦੀ ਸਮਝ ਸਿਮਰਨ ਅਤੇ ਅਮਲ ਦਾ ਨਾਂ ਹੈ। ਬਾਣੀ ਵਿਚ ਇਹ ਰਾਮ ਰਾਮ ਕਰੀ ਜਾਣ ਦਾ ਕੋਈ ਉਦੇਸ਼ ਨਹੀਂ ਹੈ)

- ਭਗਤ ਬਿਨਾ ਸਹਸਾ ਨ ਚੂਕੈ ਗੁਰ ਏਹੁ ਭੇਦ ਬਤਾਵੈ॥

ਕਿ ਗੁਰੂ ਨੇ ਇਹ ਭੇਤ ਦੱਸਿਆ ਹੈ ਕਿ ਭਗਤਾਂ ਬਿਨਾਂ ਹਿੰਦੂ ਧਰਮ ਦਾ ਪਾਇਆ ਭਰਮ ਸੰਸਾ ਨਹੀਂ ਟੁੱਟਦਾ। ਕਿਉਂਕਿ ਤੀਰਥ ਬਰਤ ਕੀਤਿਆਂ ਦਾ ਕੀ ਲੱਭ ਜੇ ਇਕ ਰਾਮ ਦੀ ਸਰਨ ਨਹੀਂ ਆਏ ਭਾਵ ਮਨੁੱਖੀ ਸਮਾਨਤਾ ਦੀ ਦ੍ਰਿਸ਼ਟੀ ਹੀ ਨਹੀਂ ਬਣਾਈ। ਜੋ ਪ੍ਰਭੂ ਦੇ ਗੁਣਾਂ ਦੇ ਜਸ ਨੂੰ ਭੁੱਲ ਜਾਵੇ, ਉਸਦਾ ਜੋਗ ਤੇ ਉਸ ਦੇ ਕੀਤੇ ਜੱਗ ਸਭ ਬਿਅਰਥ ਹਨ।

ਤੀਰਥ ਵੀ ਕਰਦਾ ਹੈ, ਬਰਤ ਵੀ ਰੱਖਦਾ ਹੈ, ਉਹ ਬੰਦਾ ਜਿਸ ਦਾ ਮਨੂਆ ਵੱਸ ਵਿਚ ਨਹੀਂ, ਭਾਵ ਭਟਕਣ ਵਿਚ ਹੈ। ਮੈਂ ਸੱਚ ਕਹਿੰਦਾ ਹਾਂ ਕਿ ਅਜੇਹੇ ਧਰਮ ਨੂੰ ਨਿਹਫਲ ਜਾਣ ਲਵੋ। ਨਿਰਬਾਣ ਪ੍ਰਾਪਤ ਕਰਨ ਦਾ ਇਕੋ ਇਕ ਰਸਤਾ ਹੈ, ਹੋਰ ਸਭ ਅੰਧ-ਧੰਦ ਤੇ ਪਖੰਡ ਛੱਡ ਕੇ ਇਸ ਸੱਚ ਨੂੰ ਸਮਝੋ, ਇਸ ਨੂੰ ਮੰਨੋ ਕਿ

- ਸਾਧੂ ਸਰਣਿ ਪਰੈ ਸੋ ਉਬਰੈ

(ਉਹੀ ਮੁਕਤ ਹੋਵੇਗਾ ਜੋ ਸਾਧੂ ਦੀ ਸਰਨ ਪਵੇਗਾ)

ਚਾਹੇ ਉਹ :

ਖਤ੍ਰੀ ਬ੍ਰਾਹਮਣ ਸੂਦ ਵੈਸੁ (ਹੋਵੇ)

ਜਾਂ

ਚੰਡਾਲ ਚੰਡਈਆ (9)

ਇਹ ਸਾਧੂ ਹਨ :

- ਨਾਮਾ ਜੈ ਦੇਉ ਕਬੀਰ ਤ੍ਰਿਲੋਚਨ
  ਅਉਜਾਤਿ ਰਵਿਦਾਸ ਚਮਿਆਰ ਚਮਈਆ॥
  ਜੋ ਜੋ ਮਿਲੈ ਸਾਧੂ ਜਨ ਸੰਗਤਿ (ਉਹੀ ਪਾਰ)

ਜਿਵੇਂ : ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ॥

ਏਥੋਂ ਗੁਰੂ ਰਾਮਦਾਸ ਧਰਮ ਨਿਰਬਾਣ ਅਤੇ ਮੁਕਤੀਮਾਰਗ ਦੀ, ਮਾਰਗਦਾਤਾ ਦੀ ਅਤੇ ਮੁਕਤੀਦਾਤਾ ਦੀ ਸਪੱਸ਼ਟ ਪਛਾਣ ਕਰਵਾ ਦਿੰਦੇ ਹਨ। ਜਿਸ ਨੂੰ ਨਾ ਸਮਝ ਕੇ, ਨਾ ਮੰਨ ਕੇ ਸਭਨਾਂ ਨੇ ਦੁੱਖ ਭੋਗਿਆ ਹੈ। ਤੇ ਸਿੱਖ ਇਨਕਲਾਬ ਇਸੇ ਕਰਕੇ ਨਹੀਂ ਵਾਪਰਿਆ ਕਿਉਂਕਿ ਜਿਥੋਂ ਨਿਕਲਣਾ ਸੀ ਵਰਨ ਜਾਤ ਦੇ ਕੋਹੜ ਕਾਰਨ ਉੱਥੇ ਹੀ ਪੈਰ ਗੱਡ ਕੇ ਲੋਕ ਖੜ੍ਹੇ ਰਹੇ। ਗੁਰੂ ਦੇ ਕਹੇ ਨਹੀਂ ਲੱਗੇ। ਸ਼ਕਲ ਤਾਂ ਬਦਲੀ ਪ੍ਰੰਤੂ ਅਕਲ ਨਹੀਂ ਬਦਲੀ, ਸੋਚ ਨਹੀਂ ਬਦਲੀ।

ਗੁਰੂ ਨਾਨਕ ਆਪਣੀ ਤਰਫ ਦੇ ਏਕੰਕਾਰ ਦੀ ਰੂਪ-ਰੇਖਾ ਇਉਂ ਵਰਨਣ ਕਰਦੇ ਹਨ :

- ਏਕਮ ਏਕੰਕਾਰ ਨਿਰਾਲਾ॥
  ਅਮਰੁ ਅਜੋਨੀ ਜਾਤਿ ਨ ਜਾਲਾ॥ (ਜਿਥੇ ਜਾਤ ਦਾ ਜੰਜਾਲ ਨਹੀਂ ਹੈ)
  ਅਗਮ ਅਗੋਚਰ ਰੂਪੁ ਨ ਰੇਖਿਆ॥ (ਉਸਦੀ ਕੋਈ ਰੂਪ ਰੇਖਾ ਨਹੀਂ ਹੈ)
  ਖੋਜਤ ਖੋਜਤ ਘਟਿ ਘਟਿ ਦੇਖਿਆ॥
  ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ॥ (838)

ਇਸ ਤੋਂ ਉਲਟ :

- ਦੂਜੈ ਭਾਇ ਲਗੇ ਪਛੁਤਾਣੇ॥

(ਭਾਵ ਵਰਨ ਜਾਤ, ਊਚ ਨੀਚ, ਰੰਗ ਨਸਲ ਤੇ ਲਿੰਗ ਦੀ ਦੁਵੈਤ ਨੂੰ ਮੰਨ ਕੇ)

ਜਮ ਕਰਿ ਬਾਧੇ ਆਵਣ ਜਾਣੇ॥
ਕਿਆ ਲੈ ਆਵਹਿ ਕਿਆ ਲੇ ਜਾਹਿ॥
ਸਿਰ ਜਮਕਾਲ ਸਿ ਚੋਟਾ ਖਾਹਿ॥
ਬਿਨੁ ਗੁਰ ਸਬਦ ਨ ਛੂਟਸਿ ਕੋਇ॥
ਪਾਖੰਡਿ ਕੀਨੈ ਮੁਕਤਿ ਨ ਹੋਇ॥ (839)

ਇਕ ਪਾਸੇ ਗੁਰੂ ਦਾ ਸ਼ਬਦ ਹੈ। ਗੁਰੂ ਦਾ ਗਿਆਨ। ਗੁਰੂ ਦਾ ਮਾਰਗ ਦਰਸ਼ਨ। ਅਤੇ ਜਿਊਂਦਿਆਂ ਮੁਕਤੀ। ਦੂਜੇ ਪਾਸੇ ਪਖੰਡ, ਦੂਜਾ ਭਾਉ ਭਾਵ ਵਿਤਕਰਾ। ਜਮਾਂ ਦਾ ਡਰ। ਇਕ ਨੂੰ ਛੱਡਣਾ ਹੀ ਦੂਜੇ ਨੂੰ ਪਾਉਣਾ ਹੈ। ਦੋਹਾਂ ਵਿਚੋਂ ਅਸੀਂ ਇਕ ਰਾਹ ਚੁਣਨਾ ਹੈ ਜੋ ਰਾਹ ਗੁਰੂ ਨੇ ਚੁਣਿਆ ਤੇ ਸਾਡੇ ਲਈ ਓਹੀ ਉਪਦੇਸ਼ ਛੱਡਿਆ।

ਗੁਰੂ ਰਾਮਦਾਸ ਕਹਿੰਦੇ ਹਨ ਕਿ :

- ਆਪਿ ਤਰਿਆ ਕੁਲ ਉਧਰੇ ਧੰਨ ਜਣੇਦੀ ਮਾਇਆ॥

(ਉਹ ਮਾਂ ਧੰਨ ਹੈ, ਜਿਸ ਨੇ ਉਪਕਾਰੀ ਮਨੁੱਖ ਪੈਦਾ ਕੀਤਾ)

ਸਦਾ ਸਹਜ ਸੁਖ ਮਨ ਵਸਿਆ ਸਚੇ ਸਿਉ ਲਿਵ ਲਾਇਆ॥ (852)

ਸੱਚੇ ਨਾਲ ਲਿਵ ਲਾਉਣ ਦਾ ਸਿੱਧਾ ਅਰਥ ਹੈ ਕਿ ਝੂਠ ਨੂੰ, ਪਖੰਡ ਨੂੰ ਛੱਡ ਕੇ, ਸੱਚ ਨੂੰ ਮੰਨ ਲੈਣਾ ਤੇ ਮਨ ਵਿਚ ਵਸਾ ਲੈਣਾ। ਬਸ।

ਜੋ ਰੋਗ ਛੱਡਣਾ ਹੈ ਉਹ ਕੀ ਹੈ? ਗੁਰੂ ਲਿਖਦੇ ਹਨ ਕਿ

- ਬ੍ਰਹਮਾ ਬਿਸਨੁ ਮਹਾਦੇਉ
  ਤ੍ਰੈਗੁਣ ਭੁਲੇ (ਰਚਨਾ ਕਰਨ, ਪਾਲਣ ਤੇ ਕਾਲ ਕਰਨ ਦਾ ਭਰਮ ਰੋਗ)
  ਹਉਮੈ ਮੋਹੁ ਵਧਾਇਆ॥

ਇਨ੍ਹਾਂ ਦੀਆਂ ਸਾਰੀਆਂ ਕਥਾਵਾਂ ਪੜ੍ਹਨ ਤੋਂ ਸਾਫ ਹੋ ਜਾਂਦਾ ਹੈ ਕਿ ਇਹ ਹੰਕਾਰ ਅਤੇ ਦੁਨਿਆਵੀ ਮੋਹ ਤੋਂ ਬਿਨਾਂ ਹੋਰ ਕੁਝ ਨਹੀਂ। ਕਿਤੇ ਇਕ ਥਾਂ ਵੀ ਮਨੁੱਖੀ ਬਰਾਬਰੀ ਤੇ ਮਨੁੱਖੀ ਪ੍ਰੇਮ ਪੈਦਾ ਕਰਨ ਦੀ ਜਾਂ ਉਪਕਾਰ ਦੀ ਜਾਂ ਲੋਕਾਂ ਦਾ ਭਲਾ ਕਰਨ ਦੀ ਕੋਈ ਚਿੰਤਾ ਨਜ਼ਰ ਨਹੀਂ ਆਉਂਦੀ। ਹਰ ਥਾਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਿਆਪਿਆ ਦਿਸਦਾ ਹੈ। ਪਰੰਤੂ ਦੁੱਖ ਦੀ ਕਹਾਣੀ ਤਾਂ ਇਹੋ ਹੈ ਕਿ ਗੁਰੂ ਨੂੰ ਮੰਨਣ ਵਾਲਿਆਂ ਸਭ ਨੇ ਓਹੀ ਕਥਾ ਕਹਾਣੀਆਂ ਕੀਤੀਆਂ ਕਹੀਆਂ ਸੁਣਾਈਆਂ, ਜਿਨ੍ਹਾਂ ਤੋਂ ਸਾਰੀ ਬਾਣੀ ਵਰਜਦੀ ਰਹੀ।

ਅੱਗੇ ਦੇਖੋ :

- ਪੰਡਿਤ ਪੜਿ ਪੜਿ ਮੋਨੀ ਭੂਲੇਦੂਜੈ ਭਾਇ ਚਿਤੁ ਲਾਇਆ॥

(ਵਰਨ ਜਾਤ ਤੇ ਊਚ ਨੀਚ ਦੀ ਪੱਕੀ ਭਾਵਨਾ ਬਣਾ ਲਈ। ਵਿਤਕਰਾ ਕਰਨਾ ਨਹੀਂ ਛੱਡਿਆ। ਬ੍ਰਾਹਮਣ ਦਾ ਧਰਮ ਹੀ ਮੰਨਿਆਂ।)

ਜੋਗੀ ਜੰਗਮ ਸੰਨਿਆਸੀ ਭੂਲੇ ਵਿਣੁ ਗੁਰ ਤਤੁ ਨ ਪਾਇਆ॥

ਇਉਂ ਇਹ :

- ਮਨਮੁਖ ਦੁਖੀਏ ਸਦਾ ਭ੍ਰਮਿ ਭੂਲੇ ਤਿਨੀ ਬਿਰਥਾ ਜਨਮ ਗਵਾਇਆ॥

(ਜਿਨ੍ਹਾਂ ਨੇ ਬਾਣੀ ਦੇ ਅਰਥ ਬ੍ਰਾਹਮਣੀ ਤਰਜ਼ ਦੇ ਕੀਤੇ ਹਨ ਇਹ ਵੀ ਸਭ ਪਾਪ ਕਰਤਾ ਹਨ)

ਇਹ ਹੁਣ ਅਸੀਂ ਲੋਕਾਂ ਨੇ ਵੇਖਣਾ ਸੀ ਕਿ ਜਨਮ ਬਿਰਥਾ ਗੁਆਉਣਾ ਹੈ ਜਾਂ ਕਿਸੇ ਅਰਥ ਲਾਉਣਾ ਹੈ। ਇਕ ਪਾਸੇ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ, ਬ੍ਰਾਹਮਣ, ਜੋਗੀ ਅਤੇ ਵੇਦਾਂ ਸ਼ਾਸਤਰਾਂ ਦਾ ਭਰਮਾਇਆ ਰਾਹ ਹੈ, ਦੂਜੇ ਪਾਸੇ ਸਿਰਫ ਸੱਚ ਨੂੰ ਸਮਝ ਵਿਚਾਰਨ ਅਤੇ ਮਨ ਵਸਾਉਣ ਦਾ ਸਰਲ ਜੇਹਾ ਰਾਹ ਹੈ। ਮੁਕਤੀ ਮਾਰਗ ਹੈ। ਦੋਹਾਂ ਵਿਚੋਂ ਚੋਣ ਅਸੀਂ ਕਰਨੀ ਹੈ ਕਿ ਮਰਨਾ ਕਿਵੇਂ ਹੈ। ਕਿਉਂਕਿ ਜਨਮ ਤਾਂ ਅਸੀ ਲੈ ਲਿਆ ਹੁਣ ਮੁੱਦਾ ਹੈ ਰਹਿਣੀ ਦਾ ਅਤੇ ਚੰਗੀ-ਮੰਦੀ ਮੌਤ ਦਾ। ਜੀਵਨ-ਮਰਨ ਦੇ ਤੌਰ-ਤਰੀਕੇ ਦੀ ਚੋਣ ਕਰਨ ਦਾ। ਇਹ ਅਸੀਂ ਲੋਕਾਂ ਨੇ ਕਰਨਾ ਸੀ। ਕਿ :

- ਐਸਾ ਦੀਵਾ ਬਾਲੇ ਕੋਇ॥ ਨਾਨਕ ਸੋ ਪਾਰੰਗਤਿ ਹੋਇ॥ (878)

ਜਾਂ

- ਐਸਾ ਗਿਆਨ ਬੀਚਾਰੈ ਕੋਈ॥ ਤਿਸਤੇ ਮੁਕਤਿ ਪਰਮਗਤ ਹੋਈ॥
- ਪੁਰਖ ਮਹਿ ਨਾਰਿ, ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥ (879)

ਸੁਆਲ ਹੈ ਬ੍ਰਹਮ ਗਿਆਨ ਨੂੰ ਬੁੱਝਣ ਦਾ, ਵਿਚਾਰਨ ਦਾ, ਅੰਦਰ ਦੀਵਾ

ਥਾਲਣ ਦਾ, ਪਰਮਗਤੀ ਪਾਉਣ ਲਈ ਅਸਲੀ ਭੇਦ ਜਾਨਣ ਦਾ। ਇਹ ਹੋਇਆ ਨਹੀਂ ਇਸ ਕਰਕੇ ਸਿੱਖ ਇਨਕਲਾਬ ਨਹੀਂ ਵਾਪਰਿਆ ਸਗੋਂ ਪੁੱਠੇ ਗੇੜੇ ਪੈ ਗਿਆ। ਪੁੱਠੇ ਗੇੜੇ ਪਾ ਦਿੱਤਾ ਧਰਮ ਆਗੂਆਂ ਨੇ।

ਗੁਰੂ ਅਮਰਦਾਸ ਸਤਿਯੁਗ, ਤਰੇਤੇ, ਦੁਆਪਰ ਤੇ ਕਲਯੁਗ ਦਾ ਵਰਨਣ ਕਰਦਿਆਂ ਦੱਸਦੇ ਹਨ ਕਿ :

- ਸਤਿਯੁਗ ਸੱਚ ਕਹੈ ਸਭੁ ਕੋਈ॥ ਘਰਿ ਘਰਿ ਭਗਤਿ ਗੁਰਮੁਖਿ ਹੋਈ॥

ਇਹ ਯੁਗ ਬ੍ਰਾਹਮਣ ਦਾ ਯੁੱਗ ਨਹੀਂ ਹੈ। ਉਸ ਦੇ ਯੁੱਗ ਨੂੰ ਤਾਂ ਘੋਰ ਕਲਯੁਗ ਕਿਹਾ ਜਾਣਾ ਹੀ ਠੀਕ ਹੈ ਕਿਉਂਕਿ ਇਸ ਵਿਚ ਵਰਨ ਜਾਤ ਦੀ ਨਫਰਤ ਅਤੇ ਅਗਿਆਨ ਵਰਤਦਾ ਹੈ। ਹਰ ਕੁਕਰਮ ਵਾਪਰਦਾ ਹੈ। ਜਿਸ ਦਾ ਘੋਰ ਵਰਨਣ ਹੈ।

ਤਰੇਤੇ ਦਾ ਰੂਪ ਵੇਖੋ :

- ਤ੍ਰੇਤੈ ਇਕ ਕਲ ਕੀਨੀ ਦੂਰਿ॥
  ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ॥ (880)

ਚਾਰੋਂ ਤਰਫ ਪਖੰਡ ਵਰਤ ਗਿਆ। ਜਾਤ ਵਰਨ ਤੇ ਊਚ-ਨੀਚ ਦਾ ਪੱਕਾ ਪਹਿਰਾ ਹੋ ਗਿਆ। ਹਰੀ ਨੂੰ ਸਮਝਣਾ ਤਾਂ ਦੂਰ ਦੀ ਗੱਲ ਹੋ ਗਈ।

ਦੁਆਪਰ ਦਾ ਰੂਪ ਵੇਖੋ :

- ਦੁਆਪਰਿ ਦੂਜੈ ਦੁਬਿਧਾ ਹੋਇ॥ ਭਰਮਿ ਭੁਲਾਨੇ ਜਾਣਹਿ ਦੋਇ॥

ਸਭ ਪਾਸੇ ਦੁਬਿਧਾ ਫੈਲ ਗਈ। ਕੋਈ ਸਿਰ ਪੈਰ ਨਹੀਂ। ਭਰਮ ਰੋਗ ਐਨਾ ਵਧ ਗਿਆ ਕਿ ਆਪਣੇ ਆਪ ਨੂੰ ਭਗਵਾਨ ਜਾਂ ਧਾਰਮਕ ਆਗੂ ਕਹਾਉਂਦੇ ਅਗਲੇ ਅਤੇ ਜਨਤਾ ਸਭ ਸੱਚ ਨੂੰ ਭੁੱਲ-ਭੁਲਾ ਗਏ।

ਕਲਜੁਗ ਦਾ ਰੂਪ :

- ਕਲਿਜੁਗਿ ਧਰਮ ਕਲਾ ਇਕ ਰਹਾਏ॥
  ਇਕ ਪੈਰਿ ਚਲੈ ਮਾਇਆ ਮੋਹੁ ਵਧਾਏ॥
  ਮਾਇਆ ਮੋਹ ਅਤਿ ਗੁਬਾਰ॥

ਮਨੁੱਖੀ ਗੁਣਾਂ ਦੀ ਥਾਂ ਮਾਇਆ ਪ੍ਰਧਾਨ ਹੋ ਗਈ ਤੇ ਧਰਮੀ ਕਰਮੀ ਸਭ ਮਾਇਆ ਭਾਵ ਦੌਲਤ ਜੋਬਨ ਦੀ ਹੋੜ ਵਿਚ ਲੱਗ ਗਏ ਕਿ ਗੁਬਾਰ ਉੱਠ ਖੜ੍ਹਿਆ। ਭਾਵ ਮਾਇਆ ਦੇ ਮੋਹ ਨੇ ਰਿਸ਼ਤੇ, ਨਾਤੇ, ਸਮਾਜਕ ਪ੍ਰੀਤ, ਭਲਾ, ਨੇਕੀ, ਸਦਾਚਾਰ ਸਭ ਉਡਾ ਦਿੱਤੇ। ਇਹ ਹੈ ਗੁਰੂ ਦੀ ਯੁੱਗਾਂ ਬਾਰੇ ਵਿਆਖਿਆ ਜੋ ਅਸੀਂ ਉਲਟੀ ਕਰਕੇ ਪੇਸ਼ ਕੀਤੀ।

ਜਦੋਂ ਕਿ ਮਾਮਲਾ ਬੜਾ ਸਿੱਧਾ ਹੈ। ਬੜਾ ਸਾਫ ਹੈ। ਬੜਾ ਸਹਿਜ ਹੈ। ਅਸਾਨੀ ਨਾਲ ਸਮਝ ਪੈ ਜਾਣ ਵਾਲਾ। ਜਿਸ ਨੂੰ ਗੁੰਝਲਦਾਰ ਬਣਾ ਕੇ ਲੁਟੇਰਿਆਂ, ਛਲਕਪਟ ਕਰਨ ਵਾਲਿਆਂ, ਮਾਇਆਧਾਰੀ, ਕਾਮੀ, ਲੋਭੀ, ਹੰਕਾਰੀ ਸ਼ਕਤੀਆਂ ਨੇ ਲੋਕਾਂ ਨੂੰ ਉਲਝਾ ਲਿਆ ਹੈ। ਗੁਰੂ ਕਹਿੰਦੇ ਹਨ ਗੱਲ ਤਾਂ ਸਿਰਫ ਐਨੀ ਹੈ ਕਿ

- ਕਹੁ ਨਾਨਕ ਜਿਨਿ ਹੁਕਮੁ ਪਛਾਤਾ॥
  ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥ (885)

ਇਹ ਹੁਕਮ ਕੀ ਹੈ? ਕੁਦਰਤ ਦਾ ਨੇਮ ਕਿ ਉਸ ਨੇ ਆਪਣੇ ਤੱਤ ਵਿਧਾਨ ਨਾਲ ਨਿਰਜੀਵ ਪਦਾਰਥਾਂ ਤੋਂ ਸਜੀਵ ਨੂੰ ਬਣਾਇਆ। ਇਹ ਤੁਰੰਤ ਨਹੀਂ ਹੋਇਆ। ਵਿਸਥਾਰ ਵਿਚੋਂ ਵਿਕਾਸ ਹੋਇਆ, ਵਿਯੋਗੀ ਕਿਰਿਆ ਨੇ ਸੰਜੋਗ ਕੀਤਾ। ਟੁੱਟੀ ਹੋਈ ਵਸਤੂ ਜੁੜ

ਗਈ ਪ੍ਰੰਤੂ ਉਸ ਨੂੰ ਸਜੀਵ ਬਣਨ ਲਈ ਕਰੋੜਾਂ ਸਾਲ ਦਾ ਸਫਰ ਤਹਿ ਕਰਨਾ ਪਿਆ ਅਤੇ ਲੱਖਾਂ ਜੂਨਾਂ ਵਿਚੋਂ ਦੀ ਗੁਜ਼ਰਨਾ ਪਿਆ। ਇਸ ਚੌਰਾਸੀ ਲੱਖ ਜੂਨ ਦਾ ਅਰਥ ਬੜਾ ਸਾਫ ਹੈ ਕਿ ਬੰਦਾ ਬਣਨ ਤੱਕ ਪਾਣੀ ਤੋਂ ਅਮੀਬਾ ਤੇ ਅਮੀਬੇ ਤੋਂ ਜੀਵ, ਜੀਵ ਤੋਂ ਮਨੁੱਖ ਬਣਨ ਤੱਕ ਲੱਖਾਂ ਜੂਨਾਂ ਵਿਚੋਂ ਗੁਜ਼ਰੀ ਹੈ ਕਾਇਆ। ਕਾਇਆ ਨੇ ਕਰੋੜਾਂ ਵਰ੍ਹਿਆਂ ਵਿਚ ਅਨੇਕ ਜੂੰਨਾਂ ਰਾਹੀਂ ਵਿਕਾਸ ਕੀਤਾ ਹੈ। ਤੁਸੀਂ ਹਿਸਾਬ ਲਾਓ ਕਿ ਗੈਸਾਂ ਤੋਂ ਧਰਤੀ, ਗੈਸਾਂ ਤੋਂ ਪਾਣੀ, ਪਾਣੀ ਤੋਂ ਅਮੀਬਾ ਤੇ ਉਸ ਤੋਂ ਬੰਦਾ। ਇਥੋਂ ਤੀਕ ਸੂਤਰਬੱਧ, ਹੁਕਮ ਬੱਧ ਭਾਵ ਤੱਤ ਨਿਖੇੜ ਤੇ ਸੁਮੇਲ ਵਿਚੋਂ ਨਿਕਲਦਿਆਂ ਕਰੋੜਾਂ ਸਾਲ ਵਿਚ ਅਨੇਕ ਜੂੰਨਾਂ ਬਦਲਣੀਆਂ ਪਈਆਂ ਤਾਂ ਇਹ ਰੂਪ ਬਣਿਆ। ਕੀ ਇਵੇਂ ਨਹੀਂ ਹੋਇਆ? ਇਹੋ ਹੁਕਮ ਹੈ, ਜਿਸ ਨੇ ਇਹ ਜਾਣ ਲਿਆ, ਸਮਝ ਲਿਆ, ਮੰਨ ਲਿਆ ਤਾਂ ਉਸ ਨੇ ਕਰਨਹਾਰ ਦਾ ਭੇਦ ਪਾ ਲਿਆ। ਸੱਚ ਪਾ ਲਿਆ, ਸੱਚ ਦਾ ਅੰਤ ਪਾ ਲਿਆ ਕਿ ਪੰਜ ਤੱਤਾਂ ਦਾ ਵਿਕਾਸ ਤੇ ਸੰਜੋਗ ਕਿਵੇਂ ਹੁੰਦਾ ਹੈ ਤੇ ਪਾਰਬ੍ਰਹਮ ਕਿਵੇਂ ਨਿਰਾਅਕਾਰ ਤੋਂ ਅਕਾਰ, ਅਕਾਰ ਤੋਂ ਨਿਰਅਕਾਰ ਵਰਤਦਾ ਹੈ। ਜੀਵ ਦੀ ਮੌਤ ਦਾ ਭੇਦ ਖੋਲ੍ਹਦਿਆਂ ਗੁਰੂ ਅਰਜਨ ਲਿਖਦੇ ਹਨ :

- ਪਵਨੈ ਮਹਿ ਪਵਨੁ ਸਮਾਇਆ॥
  ਜੋਤੀ ਮਹਿ ਜੋਤਿ ਰਲਿ ਜਾਇਆ॥
  ਮਾਟੀ ਮਾਟੀ ਹੋਈ ਏਕ॥
  ਰੋਵਨ ਹਾਰੇ ਕੀ ਕਵਨ ਟੇਕ॥
  ਕਉਨੁ ਮੂਆ ਰੇ ਕਉਨੁ ਮੂਆ॥
  ਬ੍ਰਹਮਗਿਆਨੀ ਮਿਲਿ ਕਰਹੁ ਬੀਚਾਰ
  ਇਹ ਤਉ ਚਲਤੁ ਭਇਆ॥
  ਇਹ ਤਉ ਰਚਨੁ ਰਚਿਆ ਕਰਤਾਰਿ॥
  ਆਵਤ ਜਾਵਤ ਹੁਕਮਿ ਅਪਾਰਿ॥
  ਨ ਕੋ ਮੂਆ ਨ ਮਰਣੈ ਜੋਗੁ॥
  ਨਹ ਬਿਨਸੈ ਅਬਿਨਾਸੀ ਹੋਗੁ॥
  ਕਹੁ ਨਾਨਕ ਗੁਰ ਭਰਮ ਚੁਕਾਇਆ॥
  ਨਾ ਕੋਈ ਮਰੈ ਨ ਆਵੈ ਜਾਇਆ॥ (885/1-4)

ਬੰਦਾ ਮਰ ਗਿਆ। ਹਵਾ, ਹਵਾ ਵਿਚ ਚਲੀ ਗਈ। ਸਰੀਰ ਦੀ ਮਿੱਟੀ, ਮਿੱਟੀ ਹੋ ਗਈ। ਜਿਵੇਂ ਕਾਸੀ ਅਵਾਜ਼ ਕੱਢਦੀ ਹੈ ਪ੍ਰੰਤੂ ਕਾਸੀ ਟੁੱਟਣ ਨਾਲ ਧੁਨ ਦੀ ਖ਼ਤਮ ਹੋ ਜਾਂਦੀ ਹੈ, ਇਵੇਂ ਜਾਗਦੀ ਵਜਦੀ ਧੁਨ ਵੀ ਅਨਹਦ ਨਾਦ ਵਿਚ ਰਲ ਗਈ। ਪਾਣੀ, ਪਾਣੀ ਵਿਚ ਸਮਾ ਗਿਆ ਤੇ ਅੱਗ (ਤਾਪਮਾਨ) ਅੱਗ ਵਿਚ।

ਜੀਵ ਮਰ ਵੀ ਗਿਆ ਪ੍ਰੰਤੂ ਮਰਿਆ ਵੀ ਨਹੀਂ। ਕਿਉਂਕਿ ਨਾ ਪਾਰਬ੍ਰਹਮ ਮਰਦਾ ਹੈ ਨਾ ਉਸਦੇ ਤੱਤ ਮਰਦੇ ਹਨ। ਇਸ ਨੂੰ ਤਾਂ ਸਿਰਫ ਚੱਲਣਾ ਜਾਂ ਬਦਲਣਾ ਹੀ ਕਿਹਾ ਜਾ ਸਕਦਾ ਹੈ। ਬ੍ਰਹਮ ਨੂੰ ਸਮਝਣ ਵਾਲੇ ਇਸ ਸੱਚ 'ਤੇ ਵਿਚਾਰ ਕਰੋ ਕਿ ਕਰਤੇ ਦੀ ਰਚਨਾ ਤੇ ਆਉਣ-ਜਾਣ ਭਾਵ ਸੰਜੋਗ ਵਿਜੋਗ ਦਾ ਹੁਕਮ ਭਾਵ ਸੂਤਰ ਭਾਵ ਨਿਯਮ ਕੀ ਹੈ। ਜਿਸ ਨੂੰ ਅਸੀਂ ਇਕ ਰੂਪ ਵਿਚ ਮੂਆ ਸਮਝਦੇ ਹਾਂ ਉਹ ਦੂਜੇ ਰੂਪ ਵਿਚ ਅਬਿਨਾਸੀ ਹੈ। ਇਹ ਸਿਫਤ ਗੁਰੂ ਵਿਚ ਹੈ ਕਿ ਉਹ ਮੌਤ ਦਾ ਭਰਮ ਦੂਰ ਕਰ ਦਿੰਦਾ ਹੈ।

ਦਰਅਸਲ ਇਹ ਸਿਧਾਂਤ ਮਨੁੱਖ ਨੂੰ ਬ੍ਰਾਹਮਣੀ ਕਰਮਕਾਂਡ ਜੂਨੀ ਚੱਕਰ ਤੇ

ਆਵਾਗਵਣ, ਡਰ, ਭੈਅ, ਨਰਕ, ਸੁਰਗ, ਪੁੰਨ, ਦਾਨ ਆਦਿ ਦੇ ਚੱਕਰ ਵਿਚੋਂ ਬਾਹਰ ਕੱਢਣ ਦਾ ਰੱਬੀ ਵਿਗਿਆਨ ਹੈ, ਜਿਸ ਨੂੰ ਇਹ ਸਮਝ ਆ ਗਈ ਉਹ ਝੱਟ ਸਮਝ ਲਵੇਗਾ ਕਿ ਅੱਗੇ ਨਾ ਨਰਕ ਹੈ ਨਾ ਸੁਰਗ। ਮਸਲਾ ਤਾਂ ਧਰਤੀ 'ਤੇ ਰਹਿੰਦਿਆਂ ਲੁੱਟ ਖਾਣ ਦਾ, ਲੋਕਾਂ ਨੂੰ ਦੁਖੀ ਕਰਨ ਦਾ ਹੈ ਜਾਂ ਫਿਰ ਉਪਕਾਰ ਕਰਦਿਆਂ ਸੁਖ ਸ਼ਾਂਤੀ ਪੈਦਾ ਕਰਨ ਦਾ।

ਗੁਰੂ ਅਰਜਨ ਪੰਨਾ 887 'ਤੇ ਕਹਿੰਦੇ ਹਨ ਕਿ :

ਮੂੰਹੋਂ ਟੀਕੇ ਕਰ ਕਰਕੇ ਸੁਣਾਉਂਦਾ ਹੈ, ਹਿਰਦੇ ਵਿਚ ਰੱਬ ਨਹੀਂ ਹੈ ਪਰ ਰਹਿਤ ਬਹਿਰ ਪੂਰੀ, ਲੋਕਾਂ ਨੂੰ ਉਪਦੇਸ਼ ਦਿੰਦਾ ਹੈ, ਆਪ ਉਸ ਤੋਂ ਉਲਟ ਚਲਦਾ ਹੈ। ਪੰਡਤ ਨੂੰ ਕਹਿੰਦੇ ਹਨ ਕਿ ਪੰਡਤ ਇਨ੍ਹਾਂ ਨੂੰ ਕੇਵਲ ਪੜ੍ਹ ਨਾ, ਵਿਚਾਰ ਕਰ ਕਿ ਕੀ ਇਹ ਸੱਚ ਹੈ ਜੋ ਤੂੰ ਪੜ੍ਹ ਰਿਹੈਂ? ਮਨ 'ਚੋਂ ਕਰੋਧ ਕੱਢ, ਡਰਾਉਣਾ ਛੱਡ। ਅੱਗੇ ਸਾਲਗਰਾਮ ਠਾਕਰ ਰੱਖ ਲੈਂਦਾ ਹੈ, ਮਨ ਬਦਲਦਾ ਨਹੀਂ, ਹਿਲਦਾ ਨਹੀਂ। ਤਿਲਕ ਲਾ ਕੇ ਪੈਰੀਂ ਪੈਂਦਾ ਹੈ। ਲੋਕਾਂ ਨੂੰ ਪੁਚਕਾਰ ਕੇ ਅੰਧੀ ਕਮਾਈ ਕਰਦਾ ਹੈ, ਖੋਟੇ ਕਰਮ ਕਰਦਾ ਹੈ ਤੇ ਆਸਣ ਨੂੰ ਧੋਤੀ ਬੰਨ੍ਹ ਕੇ ਰੱਖਦਾ ਹੈ। ਘਰ ਵਿਚ ਰੱਖੀ ਪੋਥੀ ਪੜ੍ਹਦਾ ਹੈ, ਮਾਲਾ ਫੇਰਦਾ ਹੈ, ਬਿਭੂਤੀ ਮਲਦਾ ਹੈ। ਮਿੱਤਰਾ, ਇਉਂ ਕੋਈ ਪਾਰ ਨਹੀਂ ਲੰਘ ਸਕਦਾ। ਨਿਸਚਤ ਰੂਪ ਵਿਚ ਡੁੱਬੇਗਾ, ਨਰਕ ਪਵੇਗਾ। ਇਹ ਹੈ ਗੁਰੂ ਦਾ ਕਥਨ ਉਸ ਕਰਮ ਧਰਮ ਬਾਰੇ ਜਿਸ ਨੂੰ ਛੱਡ ਕੇ ਤੁਰੇ ਹਨ ਗੁਰੂ ਤੇ ਕਹਿੰਦੇ ਹਨ ਕਿ ਸਾਡੇ ਵਾਂਗ ਸੋਚ :

- ਸੰਤ ਸਹਾਈ ਭਏ ਦਿਆਲ॥
  ਸੁਰਤ ਮਤਿ ਬੁਧਿ ਪਰਗਾਸੁ॥ (889)

ਸਾਡੇ ਵਾਸਤੇ ਤਾਂ :

- ਅਠਸਠਿ ਤੀਰਥ ਜਹ ਸਾਧ ਪਗ ਧਰਹਿ॥
  ਤਹ ਬੈਕੁੰਠ ਜਹ ਨਾਮ ਉਚਰਹਿ॥

ਗਿਆਨ ਵਿਚਾਰ ਕੇ ਸੱਚ ਦੇ ਅੰਤ ਤੱਕ ਪਹੁੰਚੇ ਸੰਤ ਲੋਕ, ਜੋ ਤਿੰਨਾਂ ਲੋਕਾਂ ਦੀਆਂ ਬਾਤਾਂ ਕਰਦੇ ਹਨ। ਅਕੱਥ ਕਥਾ ਦੱਸਦੇ ਹਨ, ਉਨ੍ਹਾਂ ਦੀ ਦਇਆ ਨਾਲ, ਸੁਰਤ ਮੱਤ ਮਨ ਬੁੱਧ ਅੰਦਰ ਚਾਨਣ ਹੀ ਚਾਨਣ ਫੈਲ ਗਿਆ ਹੈ। ਉਨ੍ਹਾਂ ਦਾ ਗਿਆਨ ਹੀ ਸਾਡੇ ਲਈ ਸਾਰੇ ਤੀਰਥ ਬਣ ਗਿਆ ਹੈ। ਜਿਥੇ ਇਹ ਸਾਧੂ ਪੁਰਸ਼ ਪੈਰ ਰੱਖਦੇ ਹਨ ਓਹੀ ਤੀਰਥ ਬਣ ਜਾਂਦਾ ਹੈ ਤੇ ਜਿਥੇ ਇਹ ਨਾਮ ਜਪਦੇ ਹਨ ਭਾਵ ਸੱਚੇ ਗਿਆਨ ਦਾ ਪ੍ਰਕਾਸ਼ ਵੰਡਦੇ ਹਨ, ਵਿਚਾਰ ਕਰਦੇ ਹਨ, ਉਪਕਾਰ ਦੀ ਸਿੱਖਿਆ ਦਿੰਦੇ ਹਨ, ਪਾਰਬ੍ਰਹਮ ਦੇ ਗੁਣ ਸਮਝਾਉਂਦੇ ਹਨ, ਉਹ ਥਾਂ ਬੈਕੁੰਠ ਬਣ ਜਾਂਦੀ ਹੈ।

- ਭਗਤ ਸੰਗਿ ਪ੍ਰਭ ਗੋਸਟਿ ਕਰਤ॥
  ਤਹ ਹਰਖ ਨ ਸੋਗ ਨ ਜਨਮ ਨ ਮਰਤ॥ (894)

ਏਥੇ ਤਾਂ ਕਹਾਣੀ ਹੀ ਉਲਟ ਹੈ। ਪ੍ਰਭੂ ਖੁਦ ਭਗਤਾਂ ਨਾਲ ਗੋਸ਼ਟੀਆਂ ਕਰਦਾ ਹੈ। ਭਾਵ ਕਦੀ ਓਹੀ ਗੱਲ ਬੰਦਾ ਬੋਲਦਾ ਹੈ ਤੇ ਕਦੀ ਅੰਦਰੋਂ ਪ੍ਰਭੂ। ਇਕੋ ਧੁਨ ਹੈ। ਸਮਾਨਤਾ ਸਮਝਣ ਉੱਤੇ, ਕਰੋਧ, ਦੁੱਖ, ਜਨਮ ਮਰਨ ਦਾ ਚੱਕਰ ਸਭ ਭਰਮ ਮਿਟ ਜਾਂਦੇ ਹਨ। ਹੈ ਇਹ ਸਿਰਫ ਭਰਮ ਜੋ ਮਨ ਵਿਚ ਵਸ ਗਿਆ ਹੈ। ਗਿਆਨ ਨਾਲ ਇਸ ਭੈਅ ਭਰਮ ਦੀ ਮੈਲ ਨਿਕਲ ਜਾਂਦੀ ਹੈ :

- ਧੂਰਿ ਸੰਤਨ ਕੀ ਮਸਤਕਿ ਲਾਇ॥
  ਜਨਮ ਜਨਮ ਕੀ ਦੁਰਮਤਿ ਮਲੁ ਜਾਇ॥ (897)

ਗੁਰੂ ਅਰਜਨ ਕਹਿੰਦੇ ਹਨ ਕਿ ਸੰਤਾਂ ਦੀ ਧੂੜੀ ਲੈਣ ਨਾਲ, ਉੱਚਤਾ ਦਾ ਹੰਕਾਰ ਛੱਡਣ ਤੇ ਨੀਵੇਂ ਹੋ ਜਾਣ, ਮਿੱਠਤ ਆ ਜਾਣ ਨਾਲ ਪੀੜ੍ਹੀਆਂ ਦੀ ਦੁਰਮੱਤ ਧੋਤੀ ਜਾਂਦੀ ਹੈ। ਜਨਮ ਜਨਮ ਦਾ ਅਰਥ ਪੀੜ੍ਹੀ ਤੋਂ ਪੀੜ੍ਹੀ ਤੱਕ ਤੁਰਦੀ ਜਾਂਦੀ ਸੋਚ। ਗੁਰੂ ਬ੍ਰਾਹਮਣ ਦਾ ਮੱਤ ਤਿਆਗ ਦਿੰਦੇ ਹਨ ਪ੍ਰੰਤੂ ਜੋ ਮੱਤ ਧਾਰਨ ਕਰਦੇ ਹਨ ਉਹ ਵੀ ਬੜਾ ਸਾਫ ਹੈ, ਸੰਤ ਮਾਰਗ, ਭਗਤ ਮਾਰਗ। ਇਸ ਹਕੀਕਤ ਨੂੰ ਸਿੱਖ ਜਗਤ ਨੇ ਜਾਣਬੁੱਝ ਕੇ ਨਹੀਂ ਮੰਨਿਆ। ਜਾਤ ਵਰਨ ਦੀ ਉੱਚਤਾ ਕਾਰਨ। ਇਸ ਲਈ ਸਮਾਜਕ ਕ੍ਰਾਂਤੀ ਨਹੀਂ ਵਾਪਰੀ। ਪਰੰਤੂ ਇਹ ਸੱਚ ਅਸੀਂ ਸਮਝ ਲਿਆ ਹੈ। ਇਹ ਸੱਚ ਬਾਬਾ ਸਾਹਿਬ ਡਾ: ਅੰਬੇਡਕਰ ਨੇ ਸਮਝ ਲਿਆ ਸੀ।

- ਪੋਥੀ ਪੰਡਿਤ ਰਹੇ ਪੁਰਾਣ॥
  ਨਾਨਕ ਨਾਉ ਭਇਆ ਰਹਮਾਣੁ॥
  ਕਰਿ ਕਰਤਾ ਤੂ ਏਕੋ ਜਾਣੁ॥ (903) (ਗੁਰੂ ਨਾਨਕ)

ਸੱਚ ਵੇਦਾਂ ਸ਼ਾਸਤਰਾਂ ਵਿਚ ਨਹੀਂ ਹੈ, ਉਸ ਬਾਰੇ ਗੁਰੂ ਜੀ ਨੇ ਕਿਹਾ :

- ਪੰਡਿਤ ਪੜਹਿ ਪੜ ਵਾਦੁ ਵਖਾਣਹਿ ਤਿੰਨਾ ਬੂਝ ਨਾ ਪਾਈ॥ (18)
  ਬਿਖਿਆ ਅਤੇ ਭਰਮਿ ਭੁਲਾਏ ਉਪਦੇਸ ਕਹਹਿ ਕਿਸੁ ਭਾਈ॥ (19-909)

ਇਸ ਤੋਂ ਉਲਟ ਜਿਥੋਂ ਜੀਵਨ ਦਾ ਸੱਚ ਪ੍ਰਾਪਤ ਹੁੰਦਾ ਹੈ ਉਸ ਬਾਰੇ ਗੁਰੂ ਜੀ ਨੇ ਲਿਖਿਆ ਹੈ :

ਗੁਰੂ ਅਮਰਦਾਸ :

- ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ॥
  ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ॥ (217)
- ਨਾਨਕ ਸੇਈ ਮੁਏ ਜਿ ਨਾਮੁ ਨ ਚੇਤਹਿ
  ਭਗਤ ਜੀਵੇ ਵੀਚਾਰੀ॥ (909-10-11)

ਬਾਣੀ ਵਿਚ ਜੋ ਨਾਮ ਸ਼ਬਦ ਵਾਰ-ਵਾਰ ਆ ਰਿਹਾ ਹੈ ਇਹ ਐਵੇਂ ਰਾਮ-ਰਾਮ ਕਰਨ ਵਾਲੀ ਚੀਜ਼ ਨਹੀਂ। ਏਥੇ ਨਾਮ ਹੈ, ਸੱਚ ਨੂੰ ਵਿਚਾਰਨ ਤੇ ਸਮਝਣ ਦੀ ਤਪ ਤਪੱਸਿਆ। ਗਿਆਨ ਪ੍ਰਕਾਸ਼ ਪੈਦਾ ਕਰਨ ਦੀ ਸਾਧਨਾ। ਮਨੁੱਖੀ ਬਰਾਬਰੀ ਦੇ ਸਿਧਾਂਤ ਨੂੰ ਸਮਝਦਿਆਂ ਨੇਕੀ, ਭਲਾਈ ਤੇ ਉਪਕਾਰ ਕਰਨ ਦਾ ਸਦਾਚਾਰ। ਉਪਕਾਰ, ਦਇਆ ਤੇ ਖਿਮਾਂ ਕਰਨ ਦੀ ਮਨੋਬਿਰਤੀ। ਇਕ ਸਮਾਨ ਦ੍ਰਿਸ਼ਟੀ ਰੱਖਣ ਦਾ ਨਾਂ। ਝੂਠ ਤੋਂ ਮੁਕਤ ਹੋਣ ਦਾ ਤਰੀਕਾ। ਸੁਕ੍ਰਿਤ ਕਰਨ ਤੇ ਵੰਡ ਖਾਣ ਦਾ ਵਰਤਾਰਾ। ਨਾਮ ਇਸ ਸਾਰੀ ਖੇਡ ਨੂੰ ਵਿਚਾਰਨ ਤੇ ਕੰਠ ਕਰਨ ਦੀ ਵਿਧੀ ਹੈ, ਬਾਣੀ ਵਿਚ। ਗੁਰੂ ਕਹਿੰਦੇ ਹਨ, ਇਹ ਨਾਮ, ਇਹ ਮਾਰਗ ਭਗਤ ਜਨਾਂ ਦੀ ਉੱਤਮ ਬਾਣੀ ਵਿਚ ਸਮਾਇਆ ਹੋਇਆ ਹੈ, ਜੋ ਵਿਚਾਰ ਕਰਦੇ ਹਨ ਸੱਚ ਦੀ ਖੋਜ ਲਈ। ਭਗਤਾਂ ਦੀ ਬਾਣੀ ਅੰਮ੍ਰਿਤ ਹੈ। ਬਾਣੀ ਇਕ ਵਿਚਾਰਧਾਰਾ ਹੈ। ਇਹ ਸੰਸਾਰ ਵਿਚ ਉੱਤਮ ਮਾਰਗ ਹੈ, ਜੋ ਵੀ ਇਸ ਨੂੰ ਮਨ ਵਿਚ ਵਸਾ ਲਏਗਾ ਉਸ ਦੀ ਜਿਉਂਦੇ ਜੀਅ ਗਤੀ ਹੋ ਜਾਵੇਗੀ। ਉਸ ਨੂੰ ਮੋਕਸ਼ ਮਿਲ ਜਾਵੇਗੀ।

ਗੁਰੂ ਨਾਨਕ ਇਸ ਸੱਚ ਨੂੰ ਇਉਂ ਪ੍ਰਮਾਣਤ ਕਰਦੇ ਹਨ :

- ਨਾਮਿ ਰਤੇ ਸਚਿ ਰਹੇ ਸਮਾਏ॥
  ਨਾਮਿ ਰਤੇ ਸਦਾ ਸੁਖੁ ਹੋਇ॥
  ਨਾਮਿ ਰਤੇ ਸਚੁ ਕਰਣੀ ਸਾਰੁ॥

ਨਾਮਿ ਰਤੇ ਗੁਣ ਗਿਆਨ ਬੀਚਾਰੁ ॥ (941/31-33)

ਸੱਚ ਵਿਚ ਰਹਿਣ, ਸਦਾ ਸੁਖ ਮਹਿਸੂਸ ਕਰਨ, ਸੱਚੀ ਕਿਰਤ ਕਮਾਈ ਕਰਨ, ਗਿਆਨ ਵਿਚਾਰਨ ਨੂੰ ਨਾਮ ਰਤਨ ਕਿਹਾ ਗਿਆ ਹੈ।

ਗੁਰੂ ਰਾਮਦਾਸ ਕਹਿੰਦੇ ਹਨ ਕਿ ਇਕ ਪਾਸੇ ਸਤਿਗੁਰ ਹੈ। ਸਤਿਗੁਰ ਦੀ ਅੰਮ੍ਰਿਤ ਬਾਣੀ ਹੈ। ਸਤਿਗੁਰ ਦਾ ਵਿਚਾਰ ਮਾਰਗ ਹੈ। ਸਤਿਗੁਰ ਦੀ ਸਮਾਨ ਦ੍ਰਿਸ਼ਟੀ ਹੈ। ਸੁਰਤ ਹੈ, ਮਨ ਬੁੱਧ ਹੈ, ਪਰਚੰਡ ਗਿਆਨ ਹੈ, ਪ੍ਰਕਾਸ਼ ਹੈ, ਦਇਆ, ਸੱਚ, ਧਰਮ, ਸੀਲ, ਸੰਤੋਖ ਜਤ ਸਤ ਹੈ, ਉਪਕਾਰ ਹੈ। ਦੂਜੇ ਪਾਸੇ ਉਹ ਗੁਰੂ ਹੈ ਤੇ ਉਸ ਦਾ ਉਹ ਗਿਆਨ ਹੈ, ਜਿਸ ਬਾਰੇ ਸੰਤ ਸਤਿਗੁਰ ਕਬੀਰ ਕਹਿੰਦੇ ਹਨ ਕਿ ਅਜੇਹੇ ਗੁਰੂ ਦੀ ਮਾਂ ਨੂੰ ਮੁੰਨ ਦਿਉ ਕਿ ਉਸ ਨੇ ਮਾੜੇ ਮਨੁੱਖਾਂ ਨੂੰ ਜੰਮ ਕੇ ਧਰਤੀ ਉੱਤੇ ਨਰਕ ਵਿਚ ਵਾਧਾ ਕੀਤਾ ਹੈ। ਜੋ ਗੁਰੂ ਵੀ ਕਹਾਉਂਦੇ ਹਨ ਪ੍ਰੰਤੂ ਕਿਸੇ ਦਾ ਭਰਮ ਦੂਰ ਕਰਨ ਦੇ ਕਾਬਲ ਨਹੀਂ ਹਨ।

ਅਜੇਹੇ ਗੁਰੂ ਦੇ ਲੱਛਣ ਵੇਖੋ :

- ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥
  ਓਇ ਭਾਣੈ ਚਲਨ ਆਪਣੈ ਨਿਤ ਝੂਠੋ ਝੂਠ ਬੋਲੇਨਿ ॥
  ਕੂੜ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ ॥ (951/1-2)

ਤੇ ਗੁਰੂ ਨਾਨਕ ਕਹਿੰਦੇ ਹਨ :

- ਸਤੀ ਪਾਪ ਕਰਿ ਸਤੁ ਕਮਾਹਿ ॥

(ਸਤੀ ਔਰਤ ਪਾਪ ਕਰਦੀ ਹੈ ਪਰ ਸੱਚੀ ਕਹਾਉਂਦੀ ਹੈ)

- ਗੁਰ ਦੀਖਿਆ ਘਰਿ ਦੇਵਣ ਜਾਹਿ ॥
  ਚਉਕਾ ਦੇ ਕੈ ਸੁਚਾ ਹੋਇ ॥
  ਐਸਾ ਹਿੰਦੂ ਵੇਖਹੁ ਕੋਇ ॥
  ਜੋਗੀ ਗਿਰਹੀ ਜਟਾ ਬਿਭੂਤ ॥
  ਆਗੈ ਪਾਛੈ ਰੋਵਹਿ ਪੂਤ ॥ (951)

ਹੁਣ ਇਹ ਸ਼ਬਦ ਹਿੰਦੂ ਨੂੰ ਸਿੱਧਾ ਸੰਬੋਧਨ ਕੀਤਾ ਹੈ ਕਿ ਕੀ ਤੁਸੀਂ ਅਜੇਹਾ ਹਿੰਦੂ ਹੋਰ ਧਰਤੀ 'ਤੇ ਕਿਤੇ ਵੇਖੋਗੇ? ਗੁਰੂ ਹਿੰਦੂ ਸਮਾਜ ਤੇ ਹਿੰਦੂ ਸਮਾਜ ਦੇ ਧਰਮ ਨੂੰ ਸੰਬੋਧਤ ਹਨ। ਇਹ ਸਾਡੀ ਮਨੋਕਲਪਤ ਕਥਾ ਨਹੀਂ ਗੁਰੂਆਂ ਨੇ ਸਾਫ ਸਾਫ ਲਿਖਿਆ ਹੈ, ਜਿਸ ਦਾ ਇਕ ਹੋਰ ਪ੍ਰਮਾਣ ਅਗਲੇ ਸ਼ਬਦ ਵਿਚ ਦਰਜ ਹੈ।

- ਜੋਗੁ ਨ ਪਾਇਆ ਜੁਗਤਿ ਗਵਾਈ ॥
  ਕਿਤੁ ਕਾਰਣਿ ਸਿਰਿ ਛਾਈ ਪਾਈ ॥
  ਹਿੰਦੂ ਕੈ ਘਰਿ ਹਿੰਦੂ ਆਵੈ ॥
  ਸੂਤੁ ਜਨੇਊ ਪੜਿ ਗਲਿ ਪਾਵੈ ॥
  ਸੂਤੁ ਪਾਇ ਕਰੇ ਬੁਰਿਆਈ ॥
  ਨਾਤਾ ਧੋਤਾ ਥਾਇ ਨ ਪਾਈ ॥

ਸਾਡੇ ਹਿਸਾਬ ਨਾਲ ਇਸ ਤੋਂ ਸਪੱਸ਼ਟ ਨਿਸ਼ਾਨਦੇਹੀ ਹੋਰ ਨਹੀਂ ਕੀਤੀ ਜਾ ਸਕਦੀ। ਹਿੰਦੂ ਹੈ, ਸੂਤ ਹੈ, ਸੂਤ ਦਾ ਜਨੇਊ ਹੈ, ਮੰਤਰ ਪੜ੍ਹ ਕੇ ਗਲ ਪਾਉਣਾ ਹੈ, ਨ੍ਹਾਤਾ ਹੈ, ਧੋਤਾ ਹੈ ਪ੍ਰੰਤੂ ਅੰਤ ਸਾਰੀ ਗੱਲ ਬੁਰਿਆਈ ਕਰਨ ਵਿਚ ਮੁੱਕ ਜਾਂਦੀ ਹੈ। ਇਹ ਹੈ ਉਹ ਅਧਰਮ ਜਿਸ ਤੋਂ ਮੁਕਤ ਹੋਣਾ ਹੈ।

ਗੁਰੂ ਅਮਰਦਾਸ ਇਸੇ ਦਸ਼ਾ ਨੂੰ ਹੋਰ ਚਮਕਾ ਕੇ ਲਿਖਦੇ ਹਨ :

- ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ॥
  ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ॥
  ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ॥
  ਏਤੁ ਕਮਾਣੈ ਸਦਾ ਦੁਖੁ ਦੁਖ ਹੀ ਮਹਿ ਰਹਣਾ॥ (953)

ਬੁੱਧ ਨੇ ਕਿਹਾ ਦੁੱਖਾਂ ਦਾ ਵੀ ਕਾਰਨ ਹੁੰਦਾ ਹੈ। ਗੁਰੂ ਕਹਿੰਦੇ ਹਨ, ਕਾਰਨ ਹੈ ਜੋ ਦੁੱਖ ਪੈਦਾ ਕਰਦਾ ਹੈ। ਇਹ ਮੂਰਖ ਲੋਕ, ਹੰਕਾਰੇ ਲੋਕ ਦੁੱਖ ਪੈਦਾ ਕਰਦੇ ਹਨ। ਮੈਨੂੰ ਨਹੀਂ ਦਿਸਦਾ ਕਿ ਗੁਰੂ ਕਿਸੇ ਵੀ ਗੱਲ ਨੂੰ ਸਿਰੇ ਲਾਏ ਬਿਨਾਂ ਛੱਡਦੇ ਹਨ। ਬੜਾ ਸਾਫ ਸਪੱਸ਼ਟ ਤੇ ਨਾਂ ਲੈ-ਲੈ ਕੇ ਵਰਨਣ ਕੀਤਾ ਗਿਆ ਹੈ ਸਭ ਕੁਝ ਪ੍ਰੰਤੂ ਜਿਨ੍ਹਾਂ ਲੋਕਾਂ ਨੇ ਇਹ ਕਹਿ ਕੇ ਹੁਣ ਤਕ ਡਰਾਈ ਰੱਖਿਆ ਹੈ ਕਿ ਬਾਣੀ ਅਥਾਹ ਸਾਗਰ ਹੈ, ਜਿਸ ਦੀ ਸਮਝ ਨਹੀਂ ਪੈ ਸਕਦੀ, ਉਨ੍ਹਾਂ ਨੇ ਇਕ ਤਰ੍ਹਾਂ ਪਾਪ ਹੀ ਕੀਤਾ ਹੈ। ਬਾਣੀ ਤਾਂ ਬੂਟ-ਬੂਟ ਸਮਝ ਪੈਂਦੀ ਹੈ। ਦਰਅਸਲ ਬੰਦੇ ਨੇ ਸਮਝਣ ਵਾਲੀ ਅੱਖ ਹੀ ਬੰਦ ਕਰ ਰੱਖੀ ਹੈ। ਜਾਤ ਦੀ ਕਾਲੀ ਪੱਟੀ ਬੰਨ੍ਹ ਕੇ। ਜਿਵੇਂ ਗੁਰੂ ਅੰਗਦ ਕਹਿੰਦੇ ਹਨ :

- ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥
  ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥

(ਇਹ ਨੌਂ ਦਰ ਹਨ, ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਇਕ ਮੂੰਹ, ਦੋ ਮਲ ਮੂਤਰ ਜਗ੍ਹਾ ਕੁੱਲ ਨੌਂ, ਦਸਵਾਂ ਦੁਆਰ ਹੈ ਖੋਪੜੀ ਹੇਠ ਸੁਰੱਖਿਅਤ ਕੀਤਾ ਮਹਾਂ ਉੱਤਮ ਵਸਤੂ ਦਿਮਾਗ)

- ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥
  ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥
- ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ॥
  ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ॥ (954)

(ਭਾਵ ਜੋ ਸੱਚ ਨਹੀਂ ਜਾਣਦਾ ਅੰਨ੍ਹਾ ਉਹ ਹੈ, ਅਕਲ ਦਾ ਅੰਨ੍ਹਾ)

ਗੁਰੂ ਕਹਿੰਦੇ ਹਨ, ਇਕ ਮਨੁੱਖ ਅੱਖਾਂ ਦਾ ਅੰਨ੍ਹਾ ਹੈ। ਉਹ ਕੁਦਰਤ ਦੇ ਹੁਕਮ ਵਿਚ ਹੈ ਪ੍ਰੰਤੂ ਇਕ ਅਕਲ ਦਾ ਅੰਨ੍ਹਾ, ਜਿਸ ਨੇ ਆਪਣੇ ਦਸਵੇਂ ਦੁਆਰ ਵਿਚ ਭਾਵ ਦਿਮਾਗ ਬੋਧ ਵਿਚ, ਗੁਰੂ ਦਾ ਗਿਆਨ ਜਾਂ ਗਿਆਨ ਵਿਚਾਰ ਜਾਂ ਸਿਆਣਿਆਂ ਦੀਆਂ ਸਿਆਣੀਆਂ ਗੱਲਾਂ ਦੀ ਰੋਸ਼ਨੀ ਨਹੀਂ ਪੈਣ ਦਿੱਤੀ। ਗੁਰੂ ਕਹਿੰਦੇ ਹਨ ਕਿ ਜੋ ਕੁਦਰਤ ਦਾ ਹੁਕਮ ਨਹੀਂ ਸਮਝਦਾ, ਤੱਤ ਦਾ ਵਿਧਾਨ ਨਹੀਂ ਸਮਝਦਾ ਉਹ ਅਕਲ ਦਾ ਅੰਨ੍ਹਾ ਹੈ। ਕਸੂਰਵਾਰ ਹੈ। ਅਕਲ ਦਾ ਅੰਨ੍ਹਾ ਕਿਸੇ ਵੀ ਸ਼ਕਲ ਵਿਚ ਹੋਵੇ, ਉਹ ਮੂਰਖ ਹੈ। ਦੁੱਖਾਂ ਦਾ ਕਾਰਨ ਹੈ।

ਜਿਵੇਂ ਗੁਰੂ ਅਰਜਨ ਕਹਿੰਦੇ ਹਨ :

- ਅੰਦਰਹੁ ਅੰਨਾ ਬਾਹਰਹੁ ਅੰਨਾ ਕੂੜੀ ਕੂੜੀ ਗਾਵੈ॥
  ਨੀਂਦ ਵਿਆਪਿਆ ਕਾਮਿ ਸੰਤਾਪਿਆ ਮੁਖਹੁ ਹਰਿ ਹਰਿ ਕਹਾਵੈ॥
- ਹੰਸਾ ਵਿਚਿ ਬੈਠਾ ਬਗੁ ਨ ਬਣਈ ਨਿਤ ਬੈਠਾ ਮਛੀ ਨੂੰ ਤਾਰ ਲਾਵੈ॥
  ਜਾ ਹੰਸ ਸਭਾ ਵੀਚਾਰੁ ਕਰਿ ਦੇਖਨਿ ਤਾ ਬਗਾ ਨਾਲਿ ਜੋੜੁ ਕਦੇ ਨ ਆਵੈ॥
  (960)

ਹੈ ਕੋਈ ਕਸਰ? ਕੋਈ ਸ਼ੱਕ? ਹੈ ਕੋਈ ਗੱਲ ਜੋ ਸਮਝ ਨਹੀਂ ਪੈਂਦੀ? ਉੱਤੇ ਗੁਰੂ ਬੱਗੇ ਬਗਲਿਆਂ ਅਤੇ ਹੰਸਾਂ ਵਿਚਕਾਰ ਦੇ ਅੰਤਰ ਨੂੰ ਸਪੱਸ਼ਟ ਕਰਦੇ ਹਨ ਕਿ ਇਨ੍ਹਾਂ ਦੇ ਕਰਮ ਅਤੇ ਚੋਗ ਚੁਗਣ ਵਿਚ ਕੋਈ ਮੇਲ ਨਹੀਂ। ਦਰਅਸਲ ਇਹ ਨੇਕੀ ਅਤੇ ਬਦੀ ਵਿਚਕਾਰਲੇ ਅੰਤਰ ਨੂੰ ਸਪੱਸ਼ਟ ਕਰਨ ਦੇ ਸੰਕੇਤਕ ਸ਼ਬਦ ਹਨ। ਜੇ ਅੱਜ ਵੇਖੀਏ ਤਾਂ ਸਿੱਖ ਸਮਾਜ ਵਿਚ ਅਜੇਹੇ ਲੋਕਾਂ ਦੀ ਹੀ ਭਰਮਾਰ ਹੈ, ਜੋ ਕੂੜ ਗਾ ਰਹੇ ਹਨ। ਅੰਧਵਿਸ਼ਵਾਸ ਫੈਲਾ ਰਹੇ ਹਨ, ਅਕਲ ਦੇ ਅੰਨ੍ਹੇ ਹਨ, ਮਾਇਆ ਦੇ ਵਪਾਰ ਵਿਚ ਗੁਸੇ ਹਨ ਪਰੰਤੂ ਆਗੂ ਬਣ ਬਣ ਬੈਠਦੇ ਹਨ। ਪਰੰਤੂ ਗੁਰੂ ਵਲੋਂ ਬੁਰਾਈ ਦਾ ਮਾਰਗ ਛੱਡਣ ਦੇ ਸੰਕੇਤ ਹਨ ਤੇ ਇਸ ਦਾ ਸਪੱਸ਼ਟ ਰੂਪ ਗੁਰੂ ਅਰਜਨ ਇਉਂ ਬਿਆਨ ਕਰਦੇ ਹਨ :

- ਪੰਡਿਤ ਅਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ॥

(ਮੋਠਾਂ ਵਿਚ ਕੋਰੜੂ ਵਾਂਗ)

ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ॥

(ਟੱਸ ਤੋਂ ਮੱਸ ਨਹੀਂ ਹੁੰਦਾ)

ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ॥
ਸਚ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ॥

(ਮਾਰਨ ਪੈਂਦਾ ਹੈ, ਕਰੋਧ ਭਰਿਆ ਹੈ)

ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ॥
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ॥

(ਰਲ ਮਿਲ ਕੇ ਠੱਗੀਆਂ ਚੱਲ ਰਹੀਆਂ ਹਨ। ਇਸ ਸ਼ਬਦ ਨੂੰ ਇਮਾਨ ਨਾਲ ਵਰਤਮਾਨ ਸਿੱਖ ਸਮਾਜ ਦੀ ਦਸ਼ਾ ਉੱਪਰ ਲਾ ਕੇ ਵੇਖੋ ਤੁਹਾਨੂੰ ਹਰ ਥਾਂ ਬ੍ਰਾਹਮਣੀ ਕਰਮ ਧਰਮ ਤੇ ਮਾਇਆ ਦਾ ਵਪਾਰ ਸਾਫ ਨਜ਼ਰ ਆਵੇਗਾ। ਤੁਹਾਨੂੰ ਅਧਰਮ ਤੇ ਕੁਮਾਰਗ ਵਰਤਦਾ ਸਾਫ ਦਿਸੇਗਾ।)

ਬਾਣੀ ਦੋ ਗੱਲਾਂ ਬਰਾਬਰ ਪੇਸ਼ ਕਰਦੀ ਹੈ। ਇਕ ਮਾਰਗ ਇਕ ਕੁਮਾਰਗ। ਇਕ ਸੱਚ ਇਕ ਝੂਠ। ਇਕ ਫਲਦਾਰ ਇਕ ਨਿਹਫਲ। ਇਕ ਬੁੱਧ ਇਕ ਕਬੁੱਧ। ਇਕ ਗੁਰਮਤਿ ਇਕ ਦੁਰਮਤਿ। ਇਕ ਗੁਰਮੁਖ ਦੂਜਾ ਮਨਮੁਖ। ਇਕ ਬ੍ਰਾਹਮਣ ਦੂਜਾ ਸੰਤ ਭਗਤ ਸਤਿਗੁਰ। ਇਕ ਪਾਸੇ ਦਇਆ, ਸਬਰ, ਸੰਤੋਖ, ਸੀਲ, ਜਤ, ਸਤ, ਉਪਕਾਰ, ਸੁਕਿਰਤ, ਗਿਆਨ ਵਿਚਾਰ, ਦੂਜੇ ਪਾਸੇ ਕਾਮ, ਕਰੋਧ, ਹੰਕਾਰ, ਲੋਭ, ਮੋਹ, ਵੈਰ, ਦਵੈਤ, ਲੁੱਟ ਪਾਟ, ਕਮੂੜ, ਠੱਗੀ, ਪਖੰਡ ਭੇਖ ਤੇ ਅੰਧਵਿਸ਼ਵਾਸ ਆਦਿ। ਧੁਰ ਤੋਂ ਅੰਤ ਤੀਕ ਇਕ ਸਮਾਜਕ ਤੇ ਧਾਰਮਕ ਟਕਰਾਅ ਚੱਲ ਰਿਹਾ ਹੈ। ਜਿਸ ਨੇ ਏਨੀ ਗੱਲ ਨਹੀਂ ਫੜੀ ਉਸ ਨੇ ਕੀ ਸਮਝਿਆ ਤੇ ਕੀ ਪਾਇਆ?

ਦਰਅਸਲ ਇਹ ਸਭ ਇਸ ਇਕੋ ਨਿਸ਼ਾਨੇ ਵੱਲ ਸੇਧਤ ਹੈ ਜੋ ਝੂਠ ਹੈ, ਪਖੰਡ ਹੈ, ਧੋਖਾ ਹੈ, ਦੁੱਖ, ਰੋਗ, ਭੈਅ, ਭਰਮ ਤੇ ਅੰਧਵਿਸ਼ਵਾਸ ਦਾ ਕਰਤਾ ਹੈ, ਉਸ ਨੂੰ ਅੰਤ ਤਿਆਗਣਾ ਹੈ ਤੇ ਜੋ ਸੱਚੋ ਸੱਚ ਹੈ, ਉਸ ਨੂੰ ਜੀਵਨ ਦਾ ਅਧਾਰ ਬਣਾਉਣਾ ਹੈ ਤੇ ਉਪਕਾਰ ਦਾ ਧਰਮ ਨਿਭਾਉਣਾ ਹੈ। ਕੁਦਰਤ ਦੀ ਰਚਨਾ ਨੂੰ, ਆਪਣੇ ਸਰੀਰ ਦੀ ਰਚਨਾ ਨੂੰ, ਮਨ ਨੂੰ, ਬੁੱਧੀ ਨੂੰ, ਇਸ ਦੇ ਤੱਤ ਵਿਧਾਨ ਨੂੰ, ਮਨੁੱਖੀ ਸਮਾਨਤਾ ਨੂੰ ਸਮਝਣਾ ਤੇ ਨਫਰਤ ਦੇ ਵਹਿਣ ਨੂੰ ਰੋਕ ਕੇ ਪ੍ਰੇਮ ਪੈਦਾ ਕਰਨਾ ਹੈ, ਭਾਈਚਾਰਾ ਤੇ ਬਰਾਬਰੀ ਪੈਦਾ ਕਰਨਾ ਹੈ। ਗਿਆਨਵਾਨ ਬਣਨਾ ਹੈ। ਜੀਵਨ ਨੂੰ ਵਿਅਰਥ ਨਹੀਂ ਗੁਆਉਣਾ ਤੇ ਇਸ ਨੂੰ

ਅਰਥ-ਭਰਪੂਰ ਕਰਨ ਲਈ ਇਸੇ ਧਰਤੀ 'ਤੇ ਇਸੇ ਇਕ ਜੀਵਨ ਵਿਚ ਨੇਕੀ ਤੇ ਭਲਾਈ ਦਾ ਮਕਸਦ ਪੂਰਾ ਕਰਨਾ ਹੈ ਜੋ ਨਿਰਬਾਣ ਪਦ ਹੈ।

ਬਾਬਾ ਸਾਹਿਬ ਇਸੇ ਨਿਰਬਾਣ ਪਦ ਦੀ ਪ੍ਰਾਪਤੀ ਖਾਤਰ ਹੀ ਕਹਿੰਦੇ ਹਨ ਕਿ ਉਹ ਹਿੰਦੂ ਰਹਿੰਦਿਆਂ ਨਹੀਂ ਮਰੇਗਾ। ਉਹਨਾਂ ਨੇ ਬੁੱਧ ਤੇ ਸੰਤ ਸਤਿਗੁਰਾਂ ਦੇ ਉਪਕਾਰੀ ਗਿਆਨ ਨੂੰ ਪੂਰੀ ਤਰ੍ਹਾਂ ਸਮਝ ਲਿਆ ਸੀ।

ਦਰਅਸਲ ਇਹ ਇਕ ਅਜੇਹੇ ਮੱਤ ਨੂੰ ਤਿਆਗਣਾ ਹੈ ਜੋ ਦੁੱਖਾਂ ਦਾ ਕਾਰਨ ਹੈ। ਕਿਉਂਕਿ ਜੋ ਕੁਝ ਹਿੰਦੂ ਹੋਣ 'ਤੇ ਉਨ੍ਹਾਂ ਨੇ ਦੇਖਿਆ ਸਮਝਿਆ ਉਸ ਸਾਰੇ ਨੂੰ ਅਸੀਂ ਬਾਣੀ ਵਿਚੋਂ ਵੇਖ ਰਹੇ ਹਾਂ, ਸਮਝ ਰਹੇ ਹਾਂ, ਵਿਚਾਰ ਰਹੇ ਹਾਂ। ਉਹ ਉਸ ਨੂੰ ਤਿਆਗ ਦੇਣ ਲਈ ਤਿਆਰ ਹਨ। ਸੁਆਲ ਰੱਬ ਬਦਲ ਲੈਣ ਦਾ ਨਹੀਂ। ਬਦੀ ਦੇ ਮਾਰਗ ਤੋਂ ਨੇਕੀ ਦੇ ਮਾਰਗ 'ਤੇ ਜਾਣ ਦਾ ਸੁਆਲ ਹੈ। ਬਾਣੀ ਬ੍ਰ-ਬਰਾਬਰ ਦੋਹਾਂ ਮਾਰਗਾਂ ਦਾ ਭਰਪੂਰ ਵਿਸ਼ਲੇਸ਼ਣ ਕਰਦੀ ਹੈ, ਜਿਸ ਦੀ ਸਮਝ ਡਾ: ਅੰਬੇਡਕਰ ਨੂੰ ਪਈ।

ਇਸ ਸਾਰੀ ਵਿਚਾਰਧਾਰਾ ਦੇ ਨਿਖੇੜ ਅਤੇ ਨਿਚੋੜ ਨੂੰ ਜੇ ਸਮਝਣਾ ਚਾਹੁੰਦੇ ਹਾਂ ਤਾਂ ਗੁਰੂ ਅਰਜਨ ਸਾਹਿਬ ਦਾ ਇਹ ਸ਼ਬਦ ਬਹੁਤ ਮਹੱਤਵ ਭਰਿਆ ਹੈ, ਜੋ ਜਿਥੇ ਦੋਹਾਂ ਵਿਚਾਰਧਾਰਾਵਾਂ ਨੂੰ ਨਿਖੇੜਦਾ ਹੈ ਉਥੇ ਇਹ ਅੰਤਮ ਮੰਨਤਾ ਵੀ ਪੇਸ਼ ਕਰਦਾ ਹੈ ਕਿ ਆਖਰ ਸੱਚ ਕਿਥੇ ਹੈ। ਇਹ ਸ਼ਬਦ ਜੇ ਪੂਰੀ ਇਮਾਨਦਾਰੀ ਨਾਲ ਪੜ੍ਹਿਆ ਤੇ ਸਮਝਿਆ ਜਾਵੇ ਤਾਂ ਇਹ ਬਾਣੀ ਦੇ ਸਮੁੱਚੇ ਮਨੋਰਥ ਨੂੰ ਪੂਰਾ ਕਰਨ ਦੀ ਸਾਰੀ ਭਾਵਨਾ ਲੁਕਾਈ ਪਿਆ ਹੈ, ਜਦੋਂ ਕਿ ਅਜੇਹੇ ਵਿਸ਼ੇਸ਼ ਸ਼ਬਦਾਂ ਨੂੰ ਸਦਾ ਅਣਗੌਲਿਆਂ ਕੀਤਾ ਜਾਂਦਾ ਹੈ। ਬਾਣੀ ਨਾਲ ਵੀ ਇਕ ਤਰ੍ਹਾਂ ਜਾਤਪਾਤੀ ਮਾਨਸਿਕਤਾ ਅਧੀਨ ਛਲ ਕੀਤਾ ਗਿਆ ਹੈ। ਸੱਚ ਨੂੰ ਹਮੇਸ਼ਾ ਪ੍ਰਗਟ ਕਰਨ ਤੋਂ ਪਾਸਾ ਵੱਟਿਆ ਗਿਆ ਹੈ ਕਿਉਂਕਿ ਇਹ ਹਾਕਮ ਸ਼੍ਰੇਣੀਆਂ ਦੀ ਸਥਾਪਤ ਹੋਈ ਜਾਤੀ ਚੌਧਰ ਨੂੰ ਸੱਟ ਮਾਰ ਕੇ, ਆਮ ਜਨਤਾ ਨੂੰ ਬਰਾਬਰ ਖੜ੍ਹਾ ਕਰਨ ਦੀ ਵਿਧੀ ਸਮਝਾਉਂਦੀ ਹੈ।

ਗੁਰੂ ਅਰਜਨ ਇਸ ਮਹਾਨ ਸੱਚ ਨੂੰ ਇਉਂ ਬਿਆਨ ਕਰਦੇ ਹਨ ਕਿ

- ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥ (ਬਹੁਤ ਘਿਣੇ ਪਾ ਕੇ)
  ਨਾ ਤੂ ਆਵਹਿ ਵਸਿ ਬੇਦ ਪੜਾਵਣੇ॥ (ਵੇਦ ਪੜ੍ਹ ਪੜ੍ਹਾ ਕੇ)
  ਨਾ ਤੂ ਆਵਹਿ ਵਸਿ ਤੀਰਥਿ ਨਾਈਐ॥ (ਤੀਰਥ ਨਹਾ ਕੇ)
  ਨਾ ਤੂ ਆਵਹਿ ਵਸਿ ਧਰਤੀ ਧਾਈਐ॥ (ਧਰਤੀ ਘੁੰਮ ਕੇ)
  ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥ (ਸਿਆਣਪਾਂ ਦਿਖਾ ਕੇ)
  ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥ (ਦਾਨ ਦੇ ਕੇ)
  ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥
  ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥ (962/10)

ਜਿਨ੍ਹਾਂ ਪਰਮਮਨੁੱਖਾਂ ਨੂੰ ਜਾਤੀਵਾਦੀ ਲੋਕ ਕਹਿੰਦੇ ਹਨ ਕਿ ਭਗਤ ਕਦੀ ਗੁਰੂ ਨਹੀਂ ਹੋ ਸਕਦਾ, ਭਗਤ, ਭਗਤ ਹੀ ਹੁੰਦਾ ਹੈ, ਉਸ ਬਾਰੇ ਗੁਰੂ ਖੁਦ ਕਹਿੰਦੇ ਹਨ ਕਿ ਜਿਸ ਸਮਰੱਥਾ ਨੂੰ ਬ੍ਰਾਹਮਣੀ ਧਰਮ ਦੀਆਂ ਸਾਰੀਆਂ ਸਿਆਣਪਾਂ ਹਾਸਲ ਨਹੀਂ ਕਰ ਸਕਦੀਆਂ ਉਹ ਸਮਰੱਥਾ ਜੇ ਕਿਸੇ ਕੋਲ ਹੈ ਤਾਂ ਉਹ ਹਨ ਭਗਤ, ਜਿਨ੍ਹਾਂ ਦੇ ਰੱਬ ਵੀ ਵੱਸ ਵਿਚ ਹੈ, ਜਿਨ੍ਹਾਂ ਨੇ ਸੱਚ ਦੇ ਅੰਤ ਨੂੰ ਸਮਝ ਲਿਆ ਹੈ।

ਗੁਰੂ ਕਹਿੰਦੇ ਹਨ ਕਿ ਹੇ ਪਾਰਬ੍ਰਹਮ ਅਕਾਲ ਪੁਰਖ ਕਰਤਾਰ ਤੂੰ ਬਹੁਤ ਘਿਣੇ

ਭਾਵ ਪਖੰਡ ਕਰਨ ਨਾਲ ਵੀ ਵੱਸ ਵਿਚ ਨਹੀਂ ਆਉਂਦਾ। ਤੂੰ ਵੇਦ ਪੜ੍ਹਨ ਪੜ੍ਹਾਉਣ ਨਾਲ ਵੀ ਵੱਸ ਨਹੀਂ ਆਉਣ ਵਾਲਾ। ਤੂੰ ਤੀਰਥਾਂ 'ਤੇ ਨਹਾਉਣ ਅਤੇ ਧਰਤੀ 'ਤੇ ਭਰਮਣ ਕਰਨ ਨਾਲ ਵੀ ਵੱਸ ਨਹੀਂ ਆਉਣ ਵਾਲਾ। ਨਾ ਬਹੁਤ ਚਤੁਰਾਈਆਂ-ਸਿਆਣਪਾਂ ਦੇ ਵਾਦ ਰਚਾਉਣ ਨਾਲ ਸਮਝ ਆ ਸਕਦੈਂ। ਨਾ ਬਹੁਤਾ ਦਾਨ-ਪੁੰਨ ਹੀ ਤੈਨੂੰ ਕਿਸੇ ਦੇ ਵਸ ਕਰਵਾ ਸਕਦਾ ਹੈ। ਅਸਲ ਵਿਚ ਬ੍ਰਹਿਮੰਡ ਵਿਚ ਵਰਤ ਰਹੀ ਹਰ ਸ਼ੈਅ ਤੇਰੇ ਆਪਣੇ ਹੀ ਵੱਸ ਵਿਚ ਹੈ। ਤੇਰੀ ਆਪਣੀ ਪਹੁੰਚ ਹੈ ਤੇਰੇ ਇਸ ਸਾਰੇ ਵਿਸਥਾਰ ਉੱਤੇ।

ਪ੍ਰੰਤੂ ਗੁਰੂ ਕਹਿੰਦੇ ਹਨ ਕਿ ਅਗੰਮ ਅਗੋਚਰਾ ਜੇ ਤੂੰ ਕਿਸੇ ਦੇ ਵੱਸ ਹੈਂ ਤਾਂ ਆਪਣੇ ਸੱਚੇ ਭਗਤਾਂ ਦੇ ਵੱਸ ਹੈਂ ਕਿਉਂਕਿ ਤੇਰਾ ਸੱਚ ਉਹੀ ਸਮਝ ਸਕੇ ਹਨ। ਬਾਕੀਆਂ ਨੇ ਤਾਂ ਨਿਰੀ ਭੱਖ ਮਾਰੀ ਹੈ, ਤੇਰੇ ਨਾਂ 'ਤੇ ਮਾਇਆ ਦਾ ਵਪਾਰ ਕੀਤਾ ਹੈ। ਧਰਤੀ 'ਤੇ ਦੁੱਖ ਵਧਾਏ ਹਨ ਤੇ ਨਰਕ ਪੈਦਾ ਕੀਤਾ ਹੈ ਪ੍ਰੰਤੂ ਜੇ ਕੋਈ ਤੈਨੂੰ ਜਾਣ ਸਕਿਆ ਹੈ, ਸਮਝ ਸਕਿਆ ਹੈ, ਸਮਝਾ ਸਕਿਆ ਹੈ ਤਾਂ ਉਹ ਕੇਵਲ ਭਗਤ ਹਨ। ਇਹ ਕਥਨ ਗੁਰੂ ਦਾ ਹੈ।

ਤੇ ਸਾਡੇ ਗੁਰੂ ਵਾਰ-ਵਾਰ ਹਰ ਸ਼ਬਦ ਵਿਚ ਇਨ੍ਹਾਂ ਸੰਤਾਂ-ਭਗਤਾਂ, ਪੂਰੇ ਸਤਿਗੁਰਾਂ, ਸਾਧੂ-ਜਨਾਂ ਦਾ ਭਰਪੂਰ ਜ਼ਿਕਰ ਸ਼ੁਰੂ ਤੋਂ ਅੰਤ ਤੀਕ ਕਰਦੇ ਆ ਰਹੇ ਹਨ ਕਿ ਕੌਣ ਹਨ ਇਹ ਭਗਤ। ਉਹਨਾਂ ਦਾ ਵਾਰ-ਵਾਰ ਨਾਂ ਲਿਖ ਰਹੇ ਹਨ। ਪਰੰਤੂ ਜਾਤ ਵਰਨ ਦਾ ਪੁੱਠ ਕੰਡਾ ਬੰਦੇ ਨੂੰ ਗੁਰੂ ਦਾ ਕਿਹਾ ਸੱਚ ਵੀ ਪ੍ਰਵਾਨ ਨਹੀਂ ਹੋਣ ਦਿੰਦਾ।

ਇਕ ਪਾਸੇ ਇਹ ਸ਼ਬਦ ਬ੍ਰਾਹਮਣੀ ਵਿਵਸਥਾ ਨੂੰ ਪੂਰੀ ਤਰ੍ਹਾਂ ਛੰਡ ਦਿੰਦਾ ਹੈ, ਦੂਜੇ ਪਾਸੇ ਇਹ ਅਕਾਲਪੁਰਖ ਦਾ ਉਹ ਚਿਤਰ ਅਤੇ ਚਰਿਤਰ ਪੇਸ਼ ਕਰਦਾ ਹੈ ਜੋ ਪਖੰਡ ਦੇ ਨੇੜੇ ਨਹੀਂ ਲਗਦਾ। ਤੀਜਾ ਉਹ ਕਿਸੇ ਵੀ ਤਰ੍ਹਾਂ ਦੀਆਂ ਚਤੁਰਾਈਆਂ ਦੇ ਵਸ ਦੀ ਗੱਲ ਨਹੀਂ। ਸੱਚੀ ਸਮਝ, ਬੁੱਧੀ, ਗਿਆਨ ਪ੍ਰਕਾਸ਼ ਸਮਾਨ ਅਤੇ ਉਪਕਾਰੀ ਦ੍ਰਿਸ਼ਟੀ ਪੈਦਾ ਕਰਨ ਵਾਲੇ ਮਨੁੱਖ ਨੂੰ ਪ੍ਰਤੱਖ ਦਿਖਣ ਲਗਦਾ ਹੈ। ਚੌਥਾ ਇਹ ਸ਼ਬਦ ਉਨ੍ਹਾਂ ਸਭ ਲੋਕਾਂ ਦਾ ਠੋਕਵਾਂ ਉੱਤਰ ਹਨ ਜੋ ਜਾਤੀਵਾਦੀ ਮਾਨਸਿਕਤਾ ਅਧੀਨ ਭਗਤਾਂ ਨੂੰ ਨੀਵਾਂ ਸਮਝਦੇ ਆ ਰਹੇ ਹਨ ਤੇ ਕਹਿੰਦੇ ਮੰਨਦੇ ਹਨ ਕਿ ਭਗਤ ਕਦੀ ਗੁਰੂ ਨਹੀਂ ਬਣ ਸਕਦਾ ਪ੍ਰੰਤੂ ਗੁਰੂ ਕਹਿੰਦੇ ਹਨ ਕਿ ਭਗਤ ਤੋਂ ਬਿਨਾਂ ਕੋਈ ਅਕਾਲਪੁਰਖ ਦੀਆਂ ਸੱਚਾਈਆਂ ਨੂੰ ਨਾ ਸਮਝ ਸਕਿਆ ਹੈ, ਨਾ ਵਰਨਣ ਕਰ ਸਕਿਆ ਹੈ, ਨਾ ਕੋਈ ਸਹੀ ਮਾਰਗ ਦਰਸ਼ਨ ਹੀ ਕਰ ਸਕਿਆ ਹੈ। ਪ੍ਰਤੱਖ ਵਰਤਦਾ ਅਕਾਲਪੁਰਖ ਨਹੀਂ ਦਿਖਾ ਸਕਿਆ। ਜੰਜਾਲ ਵਿਚੋਂ ਨਹੀਂ ਕੱਢ ਸਕਿਆ। ਭਲੇ ਹੀ ਉਹ ਨੀਵੀਂ ਜਾਤ ਵਿਚ ਜਨਮੇ ਹਨ ਪ੍ਰੰਤੂ ਉਨ੍ਹਾਂ ਦੀ ਨਾ ਤਾਂ ਅੰਮ੍ਰਿਤਬਾਣੀ ਦਾ ਕੋਈ ਮੁਕਾਬਲਾ ਹੈ ਤੇ ਨਾ ਬੋਧ ਗਿਆਨ ਦਾ। ਇਸੇ ਕਰਕੇ ਹਰ ਗੁਰੂ ਆਪਣੇ ਸ਼ਬਦਾਂ ਨੂੰ ਸੰਤ, ਭਗਤ, ਸਾਧੂ, ਸਤਿਗੁਰ ਦੀ ਸਿਫਤ ਨਾਲ ਬੰਦ ਕਰਦੇ ਹਨ ਤੇ ਸਾਰੀਆਂ ਸੱਚਾਈਆਂ ਦੀ ਖਾਨ ਵਜੋਂ ਉਨ੍ਹਾਂ ਦੇ ਗਿਆਨ ਨੂੰ ਪ੍ਰਗਟ ਕਰਦੇ ਹਨ। ਵਾਰ-ਵਾਰ ਉਨ੍ਹਾਂ ਨੂੰ ਨਤ-ਮਸਤਕ ਹੁੰਦੇ ਹਨ। ਸਾਡੀ ਇਸ ਗੱਲ ਨੂੰ ਕੋਈ ਮੰਨੇ ਜਾਂ ਨਾ ਮੰਨੇ ਪ੍ਰੰਤੂ ਸੱਚ ਇਹੀ ਹੈ ਜੋ ਬਾਣੀ ਵਿਚੋਂ ਵਾਰ-ਵਾਰ ਪ੍ਰਗਟ ਹੁੰਦਾ ਹੈ। ਜੇ ਇਸ ਸੱਚ ਨੂੰ ਮੰਨ ਲਿਆ ਜਾਂਦਾ ਤਾਂ ਅੱਜ ਪੂਰੇ ਮੁਲਕ ਵਿਚ ਜਿਥੇ ਬਾਣੀ ਨੂੰ ਮੰਨਣ ਵਾਲਿਆਂ ਦੀ ਗਿਣਤੀ ਭਰਪੂਰ ਹੋਣੀ ਸੀ ਉਥੇ ਬ੍ਰਾਹਮਣੀ ਸਿਸਟਮ ਦਰ-ਕਿਨਾਰਾ ਕਰ ਚੁੱਕਾ ਹੁੰਦਾ ਜਦੋਂ ਕਿ ਹੁਣ ਸਿੱਖ-ਧਰਮ ਨੂੰ ਹੀ ਅੱਜ ਬ੍ਰਾਹਮਣੀ ਸੋਚ ਨੇ ਪੂਰੀ ਤਰ੍ਹਾਂ ਜਕੜ ਲਿਆ ਹੈ। ਸਿੱਖ ਉਸੇ ਮਾਰਗ 'ਤੇ ਹਨ ਜਿਥੋਂ ਗੁਰੂ ਨੇ ਵਰਜ ਕੇ ਇਨ੍ਹਾਂ ਨੂੰ ਦੂਜੇ ਪਾਸੇ ਮੋੜਿਆ ਸੀ।

ਗੁਰੂ ਨਾਨਕ ਕਹਿੰਦੇ ਹਨ :

♦ ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ॥
ਸਰਬ ਜੋਤਿ ਜਗ ਜੀਵਨਾ ਸਿਰ ਸਿਰਿ ਸਾਚਾ ਲੇਖੁ॥
ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰ ਇੰਦੁ ਤਪੈ ਭੇਖਾਰੀ॥
ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ॥ (992/2)

ਇਕ ਹੈ ਹੁਕਮ ਨੂੰ ਸਮਝਣਾ। ਇਕ ਹੈ ਪਖੰਡ ਧਰਮ ਵਿਚ ਆਫਰੇ ਫਿਰਨਾ ਤੇ ਤੱਤ, ਵਿਧਾਨ ਤੋਂ ਉਲਟ ਜੱਗ ਰਚਨਾ ਦਾ ਝੂਠ ਪੇਸ਼ ਕਰਨਾ। ਇਹ ਦੋਹੇਂ ਦਿਸ਼ਾਵਾਂ ਪ੍ਰਗਟ ਹਨ ਇਸ ਸ਼ਬਦ ਵਿਚ।

ਗੁਰੂ ਅਰਜਨ ਕਹਿੰਦੇ ਹਨ ਕਿ :

♦ ਭਗਤਾ ਕਾ ਆਗਿਆਕਾਰੀ ਸਦਾ ਸੁਖਦਾਈ॥ (1005)

ਕਿਉਂਕਿ ਉਨ੍ਹਾਂ ਨੇ ਇਹ ਸੱਚ ਸਮਝਾਇਆ ਹੈ ਕਿ :

♦ ਸੰਜੋਗ ਵਿਜੋਗੁ ਧੁਰਹੁ ਹੀ ਹੂਆ॥
ਪੰਚ ਧਾਤੁ ਕਰਿ ਪੁਤਲਾ ਕੀਆ॥

♦ ਸਾਹੇ ਕੇ ਫੁਰਮਾਇਅੜੇ ਜੀ ਦੇਹੀ ਵਿਚਿ ਜੀਉ ਆਇ ਪਇਆ॥ (1007)

ਸੰਜੋਗ ਵਿਯੋਗ ਭਾਵ ਰਸਾਇਣੀ ਤੇ ਕੌਤਕ ਕਿਰਿਆ ਇਕ ਈਸ਼ਵਰੀ ਵਿਧਾਨ ਹੈ, ਜਿਸ ਅਧੀਨ ਪੰਜ ਤੱਤਾਂ ਨੇ ਮਿਲ ਕੇ ਆਦਮੀ ਜਾਂ ਜੀਵ ਬਣਾ ਦਿੱਤਾ ਤੇ ਫਿਰ, ਦਿਨ ਵਾਰ ਦਾ ਤਾਂ ਕੀ ਕਿਹਾ ਜਾ ਸਕਦਾ ਹੈ, ਸਰੀਰ ਵਿਚ ਇਕ ਦਿਨ ਜੀਉ (ਜਾਨ) ਆ ਪਈ। ਏਥੇ ਗੁਰੂ, ਜੀਉ ਪਾਇਆ ਨਹੀਂ ਕਹਿੰਦੇ, ਸੱਚੀ ਵਿਗਿਆਨਕ ਕਿਰਿਆ ਦਾ ਪ੍ਰਗਟਾਵਾ ਕਰਦੇ ਹਨ ਕਿ ਜੀਉ ਆ ਪਿਆ। ਬਹੁਤ ਦੇਰ ਲੱਗੀ ਇਸ ਸੰਜੋਗੀ ਕਿਰਿਆ ਨੂੰ ਕਰੋੜਾਂ-ਕਰੋੜ ਸਾਲ। ਪਤਾ ਨਹੀਂ ਕਦੋਂ। ਥਿੱਤਾਂ ਦਿਨ ਵਾਰ ਦੇ ਸਾਹੇ ਦੱਸਣ ਵਾਲੇ ਝੂਠ ਮਾਰਦੇ ਹਨ। ਅੱਗੇ ਦੇਖੋ :

♦ ਮਾਤਾ ਪਿਤਾ ਸੰਜੋਗਿ ਉਪਾਏ
ਰਕਤ ਬਿੰਦੁ ਮਿਲ ਪਿੰਡਿ ਕਰੇ॥ (1013/1)

ਕਿੰਨਾ ਸੌਖਾ ਹੈ, ਸਮਝਣਾ ਤੇ ਬੁੱਝਣਾ ਕਿ ਮਾਤਾ ਪਿਤਾ ਵੀ ਤੱਤਾਂ ਦੇ ਕੁਦਰਤੀ ਸੰਜੋਗ ਤੇ ਵਿਯੋਗ ਦੀ ਉਪਜ ਹਨ, ਪਰ ਕਿੰਨਾ ਔਖਾ ਤੇ ਜੰਜਾਲ ਭਰਿਆ ਹੈ ਇਹ ਦੂਜਾ ਰਸਤਾ ਜਿਸ ਨੂੰ ਖਤਮ ਕਰਨਾ ਜ਼ਰੂਰੀ ਹੈ, ਜਿਸ ਨੂੰ ਮਨੋਂ ਤਿਆਗਣਾ ਜ਼ਰੂਰੀ ਹੈ। ਮਨੁੱਖੀ ਭਲੇ ਲਈ। ਸੁਖ ਸ਼ਾਂਤੀ ਲਈ। ਮਨੁੱਖੀ ਪ੍ਰੇਮ ਲਈ। ਉਪਕਾਰ ਦੀ ਵਿਵਸਥਾ ਲਈ।

ਉਹ ਕੀ ਹੈ ਕਿਹੋ ਜੇਹਾ ਹੈ :

ਗੁਰੂ ਨਾਨਕ :

♦ ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ॥
ਅਠਸਠਿ ਤੀਰਥ ਭਰਮ ਵਿਗੂਚਹਿ ਕਿਉ ਮਲੁ ਧੋਪੈ ਪਾਪੈ॥
ਛਾਣੀ ਖਾਕ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ॥
ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ॥

(ਸੱਚ ਕਹੋ ਤਾਂ ਮਾਰਨ ਪੈਂਦੇ ਹਨ। ਅੱਜ ਸਿੱਖ ਸਮਾਜ ਦੇ ਸਿਆਣੇ ਆਗੂਆਂ ਦੀ ਵੀ ਇਹੋ ਹਾਲਤ ਹੈ)

ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥
ਨਾਮੁ ਨ ਜਪਈ ਸੁਖੁ ਕਿਉ ਪਾਵੈ ਬਿਨੁ ਨਾਵੈ ਕਿਉ ਸੋਹੈ॥

ਮੂੰਡ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੇ ਅਭਿਮਾਨਾ॥
ਮਨੂਆ ਡੋਲੈ ਦਹ ਦਿਸ ਧਾਵੈ ਬਿਨ ਰਤ ਆਤਮ ਗਿਆਨਾ॥
ਅੰਮ੍ਰਿਤ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ॥

(ਇਸ ਵਾਕ ਨੂੰ ਬਾਣੀ ਤੇ ਗੁਰੂਆਂ ਨੂੰ ਮੰਨਣ ਵਾਲਿਆਂ 'ਤੇ ਜ਼ਰਾ ਲਾਗੂ ਕਰਕੇ ਵੇਖੋ)

ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ॥
ਹਾਥਿ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥
ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ॥
ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ॥ (1013)

ਇਹ ਸ਼ਬਦ ਸਾਰੇ ਉਸ ਧਰਮ ਕਰਮ ਦਾ ਨਕਸ਼ਾ ਖਿੱਚ ਦਿੰਦਾ ਹੈ ਜੋ ਦੁੱਖਾਂ ਦਾ ਕਾਰਨ ਹੈ। ਜਿਸ ਤੋਂ ਮੁਕਤ ਹੋਣਾ ਹੈ। ਮੁਕਤੀ ਇਸੇ ਜੰਜਾਲ ਤੋਂ ਛੁਟਕਾਰਾ ਪਾਉਣ ਦਾ ਉਦੇਸ਼ ਹੈ। ਸੁਆਲ ਹੈ ਇਸ ਵਿਚਾਰ ਨੂੰ ਪੜ੍ਹਨ ਅਤੇ ਸਮਝਣ ਦਾ। ਇਹ ਮਾਮਲਾ ਸਵੇਰ-ਸ਼ਾਮ ਪਾਠ ਕਰਨ ਦਾ ਨਹੀਂ ਅਕਲ ਨਾਲ ਸਮਝਣ ਦਾ ਹੈ। ਇਸ ਕੂੜ ਮਾਰਗ ਦਾ ਇਲਾਜ ਹੈ ਨਵਾਂ ਮਾਰਗ ਜਿਸ ਬਾਰੇ ਗੁਰੂ ਅਰਜਨ ਲਿਖਦੇ ਹਨ :

- ਸੰਤ ਕ੍ਰਿਪਾ ਤੇ ਹਿਰਦੈ ਵਾਸੈ ਦੂਜਾ ਭਾਉ ਮਿਟਾਵਣਾ॥

(ਵਰਣ ਜਾਤ ਉਚ ਨੀਚ ਤੇ ਰੰਗ ਨਸਲ ਦਾ ਭੇਦ ਖਤਮ ਕਰਨਾ)

ਭਗਤ ਦਇਆ ਤੇ ਬੁਧਿ ਪਰਗਾਸੈ ਦੁਰਮਤਿ ਦੂਖ ਤਜਾਵਣਾ॥
ਸੰਤ ਬਿਨਾ ਮੈ ਥਾਉ ਨ ਕੋਈ ਅਵਰ ਨ ਸੂਝੈ ਜਾਵਣਾ॥ (1018)

(ਗੁਰੂ ਕਹਿੰਦੇ ਹਨ ਕਿ ਭਗਤ ਦਇਆ ਕਰੇ, ਸਮਝਾਵੇ ਤਾਂ ਬੁੱਧ ਪ੍ਰਕਾਸ਼ਮਈ ਹੋ ਜਾਂਦੀ ਹੈ, ਰੌਸ਼ਨ ਹੋ ਜਾਂਦੀ ਹੈ। ਸੰਤਾਂ ਤੋਂ ਬਿਨਾਂ ਹੋਰ ਕੋਈ ਨਹੀਂ, ਜਿਥੋਂ ਕੁਝ ਪ੍ਰਾਪਤ ਹੋਵੇ)

ਗੁਰੂ ਨਾਨਕ :

- ਸਤਿਗੁਰ ਬਾਝਹੁ ਮੁਕਤਿ ਕਿਨੇਹੀ॥
  ਓਹੁ ਆਦਿ ਜੁਗਾਦੀ ਰਾਮ ਸਨੇਹੀ॥ (1027)

(ਸਤਿਗੁਰ ਰਾਮ ਦਾ ਸੁਨੇਹੀਆ ਹੈ)

ਸਤਿਗੁਰ ਦਾਤਾ ਮੁਕਤਿ ਕਰਾਏ॥ (1028) (ਸਤਿਗੁਰ ਮੁਕਤੀਦਾਤਾ ਹੈ)

ਗੁਰੂ ਨਾਨਕ ਅੰਤ ਆਪਣੇ ਉਦੇਸ਼ ਦਾ ਫੈਸਲਾ ਸੁਣਾ ਦਿੰਦੇ ਹਨ ਤੇ ਪੂਰਨ ਤਿਆਗ ਦਾ ਐਲਾਨ ਕਰ ਦਿੰਦੇ ਹਨ ਕਿ :

- ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ ਅਵਰੁ ਨ ਦੀਸੈ ਏਕੋ ਸੋਈ॥ (1035)
- ਜਪ ਤਪ ਸੰਜਮ ਨਾ ਬ੍ਰਤ ਪੂਜਾ॥ ਨਾ ਕੋ ਆਖਿ ਵਖਾਣੈ ਦੂਜਾ॥
- ਨਾ ਸੁਚਿ ਸੰਜਮੁ ਤੁਲਸੀ ਮਾਲਾ॥ ਗੋਪੀ ਕਾਨੁ ਨ ਗਊ ਗੋੁਆਲਾ॥
  ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ॥
  ਕਰਮ ਧਰਮ ਨਹੀ ਮਾਇਆ ਮਾਖੀ ਜਾਤਿ ਜਨਮੁ ਨਹੀ ਦੀਸੈ ਆਖੀ॥
  ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ॥
  ਵਰਨੁ ਭੇਖੁ ਨਹੀ ਬ੍ਰਹਮਣ ਖਤ੍ਰੀ॥ ਦੇਉ ਨ ਦੇਹੁਰਾ ਗਊ ਗਾਇਤ੍ਰੀ॥
  ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ॥

ਬੇਦ ਕਤੇਬ ਨ ਸਿਮ੍ਰਿਤਿ ਸਾਸਤ॥ ਪਾਠ ਪੁਰਾਣ ਉਦੈ ਨਹੀ ਆਸਤ॥
ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ॥ (1035)

ਜੇ ਅਸੀਂ ਠੀਕ ਸਮਝੀਏ, ਸਮਝਣ ਦਾ ਯਤਨ ਕਰੀਏ ਤਾਂ ਇਸ ਸ਼ਬਦ ਨਾਲ ਆਪਣੇ ਹਥਲੇ ਮਨੋਰਥ ਦੀ ਪੂਰਤੀ ਨੂੰ ਹਰ ਪਖੋਂ ਸਮਝ ਸਕਦੇ ਹਾਂ ਤੇ ਇਹ ਮੰਨਣਾ ਸਾਡੇ ਲਈ ਔਖਾ ਨਹੀਂ ਕਿ ਬਾਣੀ ਇਕ ਸਮਾਜਕ ਤੇ ਧਾਰਮਕ ਇਨਕਲਾਬ ਵਜੋਂ ਹੋਂਦ ਵਿਚ ਆਈ। ਇਹ ਪਾਠ ਜਾਂ ਪੂਜਾ ਲਈ ਨਹੀਂ ਸੀ। ਬਾਣੀ ਸਾਰੀ ਗੱਲ ਨੂੰ ਸਮਝ ਕੇ ਨਵੇਂ ਨਰੋਏ ਤੇ ਸਹੀ ਮਾਰਗ 'ਤੇ ਚੱਲਣ ਦਾ ਉਪਦੇਸ਼ ਸੀ। ਗਿਆਨ ਸੀ, ਜਿਸ ਨੇ ਭਾਰਤੀ ਮਨੁੱਖ ਨੂੰ ਖਾਸ ਕਰਕੇ ਬ੍ਰਾਹਮਣੀ ਸਿਸਟਮ ਤੋਂ ਛੁਟਕਾਰਾ ਦੁਆਉਣਾ ਸੀ। ਬਾਣੀ ਦੇ ਉਦੇਸ਼ ਵਿਚ ਮਨੁੱਖਤਾ ਦੀ ਇਹ ਮੁਕਤੀ ਵਿਦਮਾਨ ਸੀ ਅਤੇ ਜਾਤ ਵਰਨ ਤੇ ਉਚ-ਨੀਚ ਦਾ ਬੀਜ ਨਾਸ ਕਰਨ ਦੀ ਸਿੱਧੀ ਸਪੱਸ਼ਟ ਵਿਚਾਰਧਾਰਾ ਸੀ, ਜਿਸ ਦਾ ਪੜ੍ਹਿਆ ਅਤੇ ਸੋਚਿਆ ਸਮਝਿਆ ਜਾਣਾ ਲਾਜ਼ਮੀ ਸੀ। ਪ੍ਰੰਤੂ ਇਹ ਇਨਕਲਾਬ ਵੀ ਪਾਠ ਪੂਜਾ ਤੇ ਅੰਧਵਿਸ਼ਵਾਸ ਵਿਚ ਵਟ ਗਿਆ। ਅਗਿਆਨੀ ਲੋਕਾਂ ਨੇ, ਖਾਸ ਕਰਕੇ ਬ੍ਰਾਹਮਣੀ ਸ਼ਕਤੀਆਂ ਨੇ ਬਾਣੀ ਦਾ ਇਨਕਲਾਬੀ ਮੁਖ ਮੋੜ ਕੇ, ਆਪਣੇ ਅਨੁਕੂਲ ਕਰਨ ਵਿਚ ਪੂਰੀ ਕਾਮਯਾਬੀ ਹਾਸਲ ਕਰ ਲਈ ਤੇ ਹੁਣ ਸਿੱਖ ਆਗੂ ਇਸ ਕੰਮ 'ਤੇ ਲੱਗੇ ਹੋਏ ਹਨ, ਹਜ਼ਾਰਾਂ-ਹਜ਼ਾਰਾਂ ਦੀ ਗਿਣਤੀ ਵਿਚ।

ਫਿਰ ਵੀ ਅਸੀਂ ਜਾਣਦੇ ਹਾਂ ਕਿ ਮਹਾਨ ਵਿਚਾਰਧਾਰਾਵਾਂ ਕਦੀ ਨਹੀਂ ਮਰਦੀਆਂ। ਅੱਖਰ ਕਦੀ ਖੁਰਦੇ ਨਹੀਂ। ਖਿਆਲ ਕਦੀ ਭੁੱਲਦੇ ਨਹੀਂ। ਅੱਜ ਜਦੋਂ ਅਸੀਂ ਇਹ ਕਥਨ ਸਮਝਣ ਦਾ ਯਤਨ ਕਰ ਰਹੇ ਹਾਂ ਕਿ ਉਹ ਹਿੰਦੂ ਜਨਮੇ, ਉਸ ਦੇ ਵੱਸ ਨਹੀਂ ਸੀ, ਪਰ ਉਹ ਬਤੌਰ ਹਿੰਦੂ ਮਰੇਗਾ ਨਹੀਂ, ਇਹ ਉਸ ਦੇ ਵੱਸ ਵਿਚ ਹੈ। ਉਨ੍ਹਾਂ ਨੇ ਕਿਉਂ ਕਿਹਾ। ਇਸ ਦਾ ਉੱਤਰ ਅਸੀਂ ਬੜੇ ਪ੍ਰਤੱਖ ਤੇ ਸਪੱਸ਼ਟ ਰੂਪ ਵਿਚ ਸੰਤ-ਭਗਤ ਵਿਚਾਰਧਾਰਾ 'ਤੇ ਅਧਾਰਤ ਪੂਰੀ ਗੁਰੂ ਬਾਣੀ ਵਿਚੋਂ ਲੱਭ ਸਕਦੇ ਹਾਂ। ਜਿਨ੍ਹਾਂ ਲੋਕਾਂ ਨੇ ਬਾਣੀ ਨੂੰ ਪਾਠ ਪੂਜਾ ਤੇ ਸੁਰਗ ਦਾ ਰਾਹ ਸਮਝ ਲਿਆ ਹੈ, ਉਨ੍ਹਾਂ ਨੇ ਕਦੀ ਇਹੋ ਜੇਹੇ ਸ਼ਬਦਾਂ ਨੂੰ ਪੜ੍ਹਿਆ ਵਿਚਾਰਿਆ ਨਹੀਂ ਕਿ :

- ਆਦਿ ਨਿਰੰਜਨੁ ਪ੍ਰਭੁ ਨਿਰੰਕਾਰਾ॥
  ਸਭ ਮਹਿ ਵਰਤੈ ਆਪਿ ਨਿਰਾਰਾ॥
  ਵਰਨੁ ਜਾਤਿ ਚਿਹਨੁ ਨਹੀ ਕੋਈ
  ਸਭ ਹੁਕਮੇ ਸ੍ਰਿਸਟਿ ਉਪਾਇਦਾ॥ (1075)

ਉਸ ਦੇ ਪ੍ਰਬੰਧ ਵਿਚ ਨਾ ਵਰਣ ਹੈ ਨਾ ਜਾਤ। ਉਸ ਦਾ ਹੁਕਮ ਕਿਸ ਨੂੰ ਸਮਝ ਪਿਆ ਦੇਖੋ ਗੁਰੂ ਦਾ ਕਥਨ :

- ਹੁਕਮੁ ਬੂਝਿ ਜਨ ਭਏ ਨਿਰਾਲਾ ਇਹ ਭਗਤਾ ਕੀ ਘਾਲਣਾ॥ (1077)

ਨਿਗੁਰੇ ਬੰਦੇ ਦੀ ਵਿਆਖਿਆ ਦੇਖੋ :

- ਬਾਹਰਹੁ ਪੰਡਿਤ ਸਦਾਇਦੇ ਮਨਹੁ ਮੂਰਖ ਗਾਵਾਰ॥ (1091)

ਪ੍ਰੰਤੂ :

- ਸੋ ਬ੍ਰਾਹਮਣੁ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ॥ (1093)

ਜਾਂ

- ਜਾਤਿ ਕਾ ਗਰਬੁ ਨ ਕਰੀਅਹੁ ਕੋਈ॥

ਬ੍ਰਹਮੁ ਬਿੰਦੇ ਸੋ ਬ੍ਰਾਹਮਣ ...॥
ਜਾਤਿ ਕਾ ਗਰਬੁ ਨਾ ਕਰਿ ਮੂਰਖ ਗਵਾਰਾ॥
ਇਸ ਗਰਬੁ ਤੇ ਚਲਹਿ ਬਹੁਤੁ ਬਿਕਾਰਾ॥
ਚਾਰੇ ਵਰਨ ਆਖੈ ਸਭ ਕੋਈ॥ (ਬ੍ਰਾਹਮਣ ਦੇ ਕਹਿਣ 'ਤੇ)

ਪ੍ਰਤੂ :

- ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥
ਪੰਚ ਤਤੁ ਮਿਲਿ ਦੇਹੀ ਅਕਾਰਾ॥
ਘਟਿ ਵਧਿ ਕੋ ਕਰੈ ਬੀਚਾਰਾ॥
ਸੋ ਜਾਗੈ ਜੋ ਤਤੁ ਬੀਚਾਰੈ॥
ਆਪਿ ਮਰੈ ਅਵਰਾ ਨਹ ਮਾਰੈ॥
ਸੋ ਜਾਗੈ ਜੋ ਏਕੋ ਜਾਣੈ॥
ਪਰਕਿਰਤ ਛੋਡੈ ਤਤੁ ਪਛਾਣੈ॥
ਚਹੁ ਵਰਨਾ ਵਿਚਿ ਜਾਗੈ ਕੋਇ॥
ਜਮੈ ਕਾਲੈ ਤੇ ਛੂਟੈ ਸੋਇ॥ (1128–ਗੁਰੂ ਅਮਰਦਾਸ)

ਜਮਕਾਲ ਤੋਂ ਛੁੱਟਣ ਦਾ ਇਕੋ ਰਾਹ ਹੈ ਤੱਤ ਵਿਧਾਨ ਨੂੰ ਸਮਝਣਾ। ਜੋ ਜਾਗਦਾ ਹੈ ਓਹੀ ਤੱਤ ਵਿਚਾਰਦਾ ਹੈ ਕਿ ਪੰਜਾਂ ਤੱਤਾਂ ਨੇ ਦੇਹੀ ਦਾ ਸਿਸਟਮ ਬਣਾਇਆ ਹੈ। ਬ੍ਰਹਮਾ ਦਾ ਇਸ ਨਾਲ ਕੋਈ ਸਬੰਧ ਨਹੀਂ।

ਅਸੀਂ ਮੰਦ ਬੁੱਧੀ ਲੋਕ ਝੂਠ ਸੁਣਦੇ ਰਹੇ, ਝੂਠ ਜਿਉਂਦੇ ਰਹੇ, ਝੂਠ ਮਰਦੇ ਰਹੇ ਤੇ ਦੁੱਖ ਝੱਲਦੇ ਰਹੇ। ਛੁਟਣ ਦੀ ਬਿਧ ਨਹੀਂ ਜਾਣੀ। ਨਹੀਂ ਸਮਝਿਆ ਕਿ

- ਸਗਲ ਤਤ ਮਹਿ ਤਤੁ ਗਿਆਨੁ॥
ਸਰਬ ਧਿਆਨ ਮਹਿ ਏਕੁ ਧਿਆਨੁ॥ (1082)

ਅਸੀਂ ਹੁਣ ਵੀ ਸਮਝਣ ਨੂੰ ਤਿਆਰ ਨਹੀਂ ਕਿ

- ਭਗਤਨ ਕੀ ਟਹਲ ਕਮਾਵਤ ਗਾਵਤ
ਦੁਖ ਕਾਟੇ ਤਾਕੇ ਜਨਮ ਮਰਨ॥ (1206)

ਕਿ ਭਗਤਾਂ ਦੀ ਟਹਿਲ ਸੇਵਾ ਕਰਦਿਆਂ ਹੀ, ਉਨ੍ਹਾਂ ਦੀ ਅੰਮ੍ਰਿਤ ਤੇ ਉੱਤਮ ਬਾਣੀ ਗਾਉਂਦਿਆਂ ਹੀ ਦੁੱਖ ਅਤੇ ਜਨਮ ਮਰਨ ਕੱਟੇ ਜਾਂਦੇ ਹਨ।

ਕੌਣ ਹਨ ਇਹ ਭਗਤ ਸਾਧੂ ਤੇ ਸੰਤ?

- ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ॥
ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ॥
ਜੀਉ ਪਿੰਡੁ ਤਨੁ ਧਨੁ ਸਾਧਨ ਕਾ ਇਹੁ ਮਨੁ ਸੰਤ ਰੇਨਾਈ॥
ਸੰਤ ਪ੍ਰਸਾਦਿ ਭਰਮ ਸਭਿ ਨਾਸੇ ਨਾਨਕ ਮਿਲੇ ਗੁਸਾਈ॥ (1207)

ਇਨ੍ਹਾਂ ਸੰਤਾਂ ਭਗਤਾਂ ਦੀ ਦਇਆ ਨਾਲ ਹੀ ਸਭ ਦੁੱਖ ਕਲੇਸ਼ ਕੱਟੇ ਗਏ। ਇਹ ਗੁਰੂਆਂ ਦਾ ਕਥਨ ਹੈ, ਜਿਸ ਨੂੰ ਬਾਬਾ ਸਾਹਿਬ ਨੇ ਇਕ ਸ਼ਬਦ ਨਾਲ ਦੁਹਰਾਇਆ ਕਿ ਉਸ ਦੇ ਤਿੰਨ ਗੁਰੂ ਹਨ। ਪਿਤਾਮਾ ਬੁੱਧ। ਸੰਤ ਕਬੀਰ ਅਤੇ ਜੋਤੀ ਰਾਓ ਫੂਲੇ। ਸੰਤ ਕਬੀਰ ਪੂਰਾ ਬਾਣੀ ਦਾ ਪ੍ਰਤੀਕ ਹਨ। ਬਾਣੀ ਦੇ ਪੂਰਨ ਖਿਆਲ ਦੇ ਪ੍ਰਮੁੱਖ ਸਿਧਾਂਤਕਾਰ। ਇਸ ਲਈ ਅਸੀਂ ਪੂਰੀ ਬਾਣੀ ਨੂੰ ਹੀ ਉਸ ਪ੍ਰਸੰਗ ਵਿਚ ਵੇਖ ਰਹੇ ਹਾਂ ਜਿਸ ਵਿਚ ਗੁਰੂ ਨੇ

ਆਪਣਾ ਅੰਤਮ ਨਿਰਣਾ ਇਜ ਦਿੱਤਾ ਹੈ ਕਿ ਅਸੀਂ :

- ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਰਿਓ॥
  ਜਾਤਿ ਜਨਮ ਕੁਲ ਖੋਈਐ ਹਉ ਗਾਵਉ ਹਰਿ ਹਰੀ॥ (1230)
- ਸਭ ਤੇ ਊਚਾ ਭਗਤ ਜਾਕੈ ਸੰਗਿ॥ (1236)

ਓਹੀ ਸਭ ਤੋਂ ਉੱਚਾ ਹੈ ਜਿਸ ਦੇ ਨਾਲ ਭਗਤ ਖੜ੍ਹੇ ਹਨ ਕਿਉਂਕਿ :

- ਸੰਤ ਜਨਾ ਕੀ ਊਤਮ ਬਾਨੀ॥ ਸਮਰਿ ਸਿਮਰਿ ਤਰੇ ਨਾਨਕ ਪ੍ਰਾਨੀ॥ (1300)
- ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ॥
  ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ॥ (1345)

ਇਹ ਸਾਰੀ ਬੋਧ, ਸਾਰੀ ਮੱਤ, ਸਾਰਾ ਗਿਆਨ, ਧਰਮ, ਮਾਰਗ, ਉਪਦੇਸ਼ ਜਿਵੇਂ ਤੁਰਿਆ ਉਸ ਦਾ ਖਾਕਾ ਇਜ ਹੈ :

- ਜਿ ਮਤਿ ਗਹੀ ਜੈ ਦੇਵਿ ਜਿ ਮਤਿ ਨਾਮੈ ਸੰਮਾਣੀ॥
  ਜਿ ਮਤਿ ਤ੍ਰਿਲੋਚਨ ਚਿਤਿ ਭਗਤ ਕਬੀਰਹਿ ਜਾਣੀ॥ (1394)

ਇਉਂ ਅਸੀਂ ਬਾਣੀ ਵਿਚੋਂ ਦੁਰਮਤਿ ਅਤੇ ਗੁਰਮਤਿ ਨੂੰ ਭਲੀ ਪ੍ਰਕਾਰ ਸਮਝ ਲੈਂਦੇ ਹਾਂ ਅਤੇ ਸਾਨੂੰ ਇਹ ਨਿਰਣਾ ਕਰਨਾ ਬਹੁਤ ਸੌਖਾ ਹੋ ਜਾਂਦਾ ਹੈ ਕਿ ਅਸਲ ਸੱਚ ਕੀ ਹੈ ਤੇ ਅਸੀਂ ਕਿਧਰ ਜਾਣਾ ਹੈ। ਸੰਤ ਮੱਤ ਅਨੁਸਾਰ ਸਮਾਜਕ ਤੇ ਧਾਰਮਕ ਇਨਕਲਾਬ ਕਰਨਾ ਹੈ ਜਾਂ ਫਿਰ ਬ੍ਰਾਹਮਣੀ ਵੈਦਿਕ ਮੱਤ ਅਨੁਸਾਰ ਨਰਕੀ ਜੀਵਨ ਨੂੰ ਪਰਨਾਏ ਰਹਿਣਾ ਹੈ।

ਸਾਨੂੰ ਖੁਸ਼ੀ ਹੈ ਕਿ ਘੱਟੋ-ਘੱਟ ਅਸੀਂ ਬਾਣੀ ਦੇ ਅਸਲੀ ਮਨਸ਼ੇ ਨੂੰ ਸਮਝਣ ਵਿਚ ਕਾਮਯਾਬ ਹੋਏ ਹਾਂ ਅਤੇ ਵਿਰੋਧੀ ਧਿਰਾਂ ਦੀ ਨਿਸ਼ਾਨਦੇਹੀ ਨੂੰ ਵੇਖ ਸਮਝ ਸਕੇ ਹਾਂ। ਕਿਉਂਕਿ ਬੀਤਿਆ ਇਤਿਹਾਸ ਵਰਤਮਾਨ ਅਤੇ ਭਵਿੱਖ ਨੂੰ ਰਾਹ ਵਿਖਾਉਂਦਾ ਹੈ ਇਸੇ ਕਰਕੇ ਅਸੀਂ ਪੂਰੇ ਗੁਰੂ ਗ੍ਰੰਥ ਸਾਹਿਬ ਦੀ ਮੂਲ ਭਾਵਨਾ ਨੂੰ, ਬਾਬਾ ਸਾਹਿਬ ਦੇ ਹਿੰਦੂ ਰਹਿ ਕੇ ਨਾ ਮਰਨ ਦੀ ਮਨੋਬਿਰਤੀ ਦੇ ਪ੍ਰਸੰਗ ਵਿਚ ਸਮਝ ਸਕਣ ਦਾ ਤਕੜਾ ਸਾਰਥਕ ਯਤਨ ਕੀਤਾ ਹੈ। ਕਿਉਂਕਿ ਸਿੱਖ ਸਮਾਜਕ ਇਨਕਲਾਬ ਦਾ ਸਿਖਰ ਗੁਰੂ ਗੋਬਿੰਦ ਸਿੰਘ 'ਤੇ ਜਾ ਕੇ ਹੁੰਦਾ ਹੈ, ਇਸ ਲਈ ਅਸੀਂ ਉਨ੍ਹਾਂ ਦੀ ਬਾਣੀ ਦੇ ਉਹ ਅੰਸ਼ ਵੀ ਬਿਆਨ ਨਾ ਕਰਨ ਦੀ ਗਲਤੀ ਨਹੀਂ ਕਰਾਂਗੇ, ਜਿਹੜੇ ਸਪੱਸ਼ਟ ਰੂਪ ਵਿਚ ਬ੍ਰਾਹਮਣੀ ਪ੍ਰਬੰਧ ਤੋਂ ਸਿੱਖ ਲਹਿਰ ਦਾ ਨਿਖੇੜਾ ਕਰਦੇ ਹਨ ਅਤੇ ਉਸ ਨੂੰ ਸਿੱਧਾ ਕੱਟਦਿਆਂ ਪੂਰਨ ਸਿਧਾਂਤ ਦੀ ਪੈਰਵਾਈ ਕਰਦੇ ਹਨ :

- ਕਾਹੂੰ ਲੈ ਪਾਹਨ (ਪੱਥਰ) ਪੂਜ ਧਰਯੋ ਸਿਰ
  ਕਾਹੂੰ ਲੈ ਲਿੰਗ (ਸ਼ਿਵਲਿੰਗ) ਗਰੇ (ਗਲੇ) ਲਟਕਾਯੋ॥
  ਕਾਹੂੰ ਟਿਕਾਯੋ ਹਰਿ ਅਵਾਚੀ ਦਿਸਾ ਮਹਿ
  ਕਾਹੂੰ ਪਛਾਹ ਕੋ ਸੀਸ ਨਿਵਾਯੋ॥
  ਕੋਊ ਬੁਤਾਨ (ਬੁੱਤਾਂ) ਕੋ ਪੂਜਤ ਹੈ ਪਸੁ
  ਕੋਊ ਮ੍ਰਿਤਾਨ (ਮਰਿਆਂ) ਕੋ ਪੂਜਨ ਧਾਯੋ॥
  ਕੂਰ (ਕੂੜ) ਕ੍ਰਿਆ ਉਰਝਿਓ ਸਭ ਹੀ ਜਗੁ
  ਸ੍ਰੀ ਭਗਵਾਨ ਕੋ ਭੇਦ ਨ ਪਾਯੋ॥
- ਦੇਵ ਭੇਵ ਨਾ ਜਾਨਹੀ ਜਿਹ ਬੇਦ ਔਰ ਕਤੇਬ॥

ਰੂਪ ਰੰਗ ਨਾ ਜਾਤਿ ਪਾਤਿ ਜਾਨ ਹੀ ਕਿਹ ਜੇਬ॥ (ਕੋਹੇ ਜੇ)

- ਤਾਤ ਮਾਤ ਨ ਜਾਤਿ ਜਾਕਰ ਜਨਮ ਮਰਨ ਬਿਹੀਨ॥
- ਜਿਨ ਕੀ ਲਿਵ ਹਰਿ ਚਰਨਨ ਲਾਗੀ
  ਤੇ ਬੇਦਨ ਤੇ (ਵੇਦਾਂ ਤੋਂ) ਭਏ ਤਿਆਗੀ॥ (ਮੁਕਤ)
  ਸਿਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋਂ॥
  ਬੇਦ ਕਤੇਬ ਕੇ ਭੇਦ ਸਭੈ ਤਜਿ (ਛੱਡ ਦਿੱਤੇ)
  ਕੇਵਲ ਕਾਲ ਕ੍ਰਿਪਾ ਨਿਧਿ ਮਾਨਜੋਂ।
- ਧਰਮ ਬੇਦ ਪੁਰਾਨ ਜਾਕਹਿ ਨੇਤਿ ਭਾਖਤ ਨਿੱਤ
  ਕੋਟਿ ਸਿਮ੍ਰਿਤ ਪੁਰਾਨ ਸਾਸਤ੍ਰ ਨ ਆਵਹੀ ਵਹੁ ਚਿਤ॥
- ਜਾਤਿ ਪਾਤਿ ਜਿਹਿ ਚਿਹਨ ਨ ਵਰਨਾ॥
  ਅਬਿਗਤ ਦੇਵ ਅਛੈ ਅਨਭਰਮਾ॥ (ਭਰਮ-ਰਹਿਤ)
- ਤੀਰਥ ਨ੍ਹਾਨ ਦਯਾ ਦਤ ਦਾਨ ਸੁ ਸੰਜਮ ਨੇਮ ਅਨੇਕ ਵਿਸੇਖੈ॥ (ਪ੍ਰਕਾਰ ਦੇ)
  ਬੇਦ ਪੁਰਾਨ ਕਤੇਬ ਕੁਰਾਨ ਜਮੀਨ ਜਮਾਨ ਸਬਾਨ ਕੇ ਪੇਖੈ॥
  ਪੌਨ ਅਹਾਰਿ ਜਤੀ ਜਤ ਧਾਰਿ ਸਭੈ ਸੁ ਬਿਚਾਰ ਹਜਾਰਕ ਦੇਖੈ॥
  ਸ੍ਰੀ ਭਗਵਾਨ ਭਜੇ ਬਿਨ ਭੂਪਤਿ ਏਕ ਰਤੀ ਬਿਨ ਏਕ ਨ ਲੇਖੈ॥ (ਸੁਣ ਬ੍ਰਾਹਮਣ)
- ਬ੍ਰਹਮ ਮਹੇਸੁਰ ਬਿਸਨ ਸਚੀਪਤਿ ਅੰਤ ਫਸੇ ਯਮ ਫਾਸਿ ਪਰੈਂਗੇ॥
  (ਇੰਦਰ, ਬ੍ਰਹਮਾਂ, ਵਿਸ਼ਨੂੰ ਅਤੇ ਮਹੇਸ਼ ਨੂੰ ਤਾਂ ਅੰਤ ਯਮਾਂ ਦੀ ਫਾਂਸੀ ਲੱਗਣੀ ਹੈ)
- ਤੀਰਥ ਕੋਟ ਕੀਯੋ ਇਸਨਾਨ।
  ਦੀਯੋ ਬਹੁ ਦਾਨ ਮਹਾਂ ਬ੍ਰਤ ਧਾਰੇ॥
  ਦੇਸ ਫਿਰਯੋ ਭੇਸ ਤਪੋ ਬਨ ਕੇਸ ਧਰੇ ਨ ਮਿਲੇ ਹਰਿ ਪਯਾਰੇ॥
  ਆਸਨ ਕੋਟ ਕਰੇ ਅਸ਼ਟਾਂਗ ਧਰੇ ਬਹੁ ਨਯਾਸ ਕਰੇ ਮੁਖ ਕਾਰੇ॥
  ਦੀਨ ਦਯਾਲ ਅਕਾਲ ਭਜੇ ਬਿਨੁ ਅੰਤ ਕੁ ਅੰਤ ਕੇ ਧਾਮ ਸਿਧਾਰੇ॥
- ਜਿਨ ਮਤ ਬੇਦ ਕਤੇਬ ਤਯਾਗੀ॥
  ਪਾਰਬ੍ਰਹਮ ਕੇ ਤੇ ਅਨੁਰਾਗੀ॥
  (ਵੇਦਾਂ ਸ਼ਾਸ਼ਤਰਾਂ ਦਾ ਤਿਆਗ ਪਾਰਬ੍ਰਹਮ ਦੀ ਪ੍ਰਾਪਤੀ)
- ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨਾ ਮਾਨਯੇ॥
  ਸਿਮ੍ਰਤ ਸਾਸਤ ਬੇਦ ਸਭੇ ਬਹੁ ਭੇਦ ਕਹੇ ਹਮ ਏਕ ਨ ਜਾਨਜੇ॥

ਜੇ ਅਸੀਂ ਉਪਰੋਕਤ ਸਾਰੀ ਬਾਣੀ ਵਿਚੋਂ ਇਨ੍ਹਾਂ ਕੁਝ ਸਲੋਕਾਂ ਨੂੰ ਹੀ ਸਾਹਮਣੇ ਰੱਖ ਕੇ ਪੜ੍ਹ ਵਿਚਾਰ ਲਈਏ, ਸਮਝ ਲਈਏ ਤਾਂ ਬਿਨਾਂ ਕਿਸੇ ਸ਼ੱਕ ਸਿੱਖ ਸਮਾਜਕ ਇਨਕਲਾਬ ਸਾਡੇ ਪਿੜ ਪੱਲੇ ਪੈ ਜਾਵੇਗਾ ਜਿਵੇਂ :

- ਮੈਂ ਨ ਗਨੇਸਹਿ ਪ੍ਰਥਮ ਮਨਾਊਂ॥
  ਕਿਸਨ ਬਿਸਨ ਕਬਹੂੰ ਨ ਧਿਆਊਂ॥
- ਜਿਨ ਕੀ ਲਿਵ ਹਰਿ ਚਰਨਨ ਲਾਗੀ॥
  ਤੇ ਬੇਦਨ ਤੇ ਭਏ ਤਿਆਗੀ॥ (ਬੇਦਾਂ ਨੂੰ ਤਿਆਗ ਦਿੱਤਾ)
- ਬਰਨ ਚਿਹਨ ਜਿਹ ਜਾਤਿ ਨ ਪਾਤਾ॥

ਸਤ੍ਰ ਮਿਤ੍ਰ ਜਿਹਿ ਤਾਤ ਨ ਮਾਤਾ॥

(ਜਿਵੇਂ ਬ੍ਰਾਹਮਣੀ ਸਿਸਟਮ ਵਿਚ ਦਰਸਾਏ ਗਏ ਹਨ ਕਿ ਰਿਸ਼ਤਿਆਂ ਨੂੰ ਕਿਵੇਂ ਨਿਭਣਾ ਹੈ, ਵਰਨ ਜਾਤ ਤੇ ਕਰਮ ਅਧੀਨ ਗੁਰੂ ਉਨ੍ਹਾਂ ਜਾਤਪਾਤੀ ਰਿਸ਼ਤਿਆਂ ਨੂੰ ਪੂਰੀ ਤਰ੍ਹਾਂ ਤਿਆਗ ਦਿੰਦੇ ਹਨ)

- ਮਾਨਸ ਕੀ ਜਾਤਿ ਸਬੈ ਏਕੋ ਪਹਿਚਾਨਬੋ॥

ਇਹ ਸਲੋਕ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਹਨ ਬੜੇ ਸਰਲ ਤੇ ਸਾਫ ਸ਼ਬਦਾਂ ਵਿਚ ਆਪਣੇ ਆਪ ਵਿਚ ਅਰਥ ਕਰਦੇ ਹਨ ਕਿ ਤਿਆਗਣਾ ਕੀ ਹੈ? ਪਾਉਣਾ ਕੀ ਹੈ? ਸੰਤ ਭਗਤ ਬਾਣੀ ਦਾ ਉਦੇਸ਼ ਅਤੇ ਗੁਰਬਾਣੀ ਦਾ ਨਿਚੋੜ ਹੈ, ਇਨ੍ਹਾਂ ਪੰਜ ਛੇ ਸਲੋਕਾਂ ਵਿਚ ਉਸ ਵੇਲੇ ਉਨ੍ਹਾਂ ਸਿਖਰ ਕਰ ਦਿੱਤੀ ਜਦੋਂ ਆਪਣੇ ਖਾਲਸੇ ਨੂੰ ਕਿਹਾ :

- ਜਬ ਲਗ ਖਾਲਸਾ ਰਹੈ ਨਿਯਾਰਾ॥
  ਤਬ ਲਗ ਤੇਜ ਦੇਉਂ ਮੈਂ ਸਾਰਾ॥
  ਜਬ ਯੇ ਗਹੈ ਬਿਪਰਨ ਕੀ ਰੀਤ (ਕੋਈ ਬ੍ਰਾਹਮਣੀ ਰੀਤ ਅਪਨਾਉਣਗੇ ਤਾਂ)
  ਮੈਂ ਨ ਕਰੂੰ ਇਨ ਕੀ ਪਰਤੀਤ॥

ਕਿ ਜਦੋਂ ਤੱਕ ਕੋਈ ਸਿੰਘ ਵਰਨ ਜਾਤ, ਵੇਦ ਸ਼ਾਸਤਰ, ਦੇਵੀ ਦੇਵਤੇ ਤੇ ਕਰਮ ਕਾਂਡ ਤੋਂ ਮੁਕਤ ਹੈ, ਨਿਆਰਾ ਹੈ, ਦੂਰ ਹੈ ਤਦ ਤੱਕ ਮੈਂ ਇਸ ਦਾ ਹਾਂ ਤੇ ਉਹ ਮੇਰਾ। ਪ੍ਰੰਤੂ ਜਦੋਂ ਹੀ ਉਹ ਕੋਈ ਬ੍ਰਾਹਮਣੀ ਰੀਤ ਕਰੇਗਾ, ਨਿਭਾਏਗਾ ਮੈਂ ਉਸ ਉਤੇ ਜ਼ਰਾ ਵੀ ਭਰੋਸਾ ਨਹੀਂ ਕਰੂੰਗਾ। ਇਸ ਕਥਨ ਨੂੰ ਵਰਤਮਾਨ ਸਿੱਖ ਸਮਾਜ 'ਤੇ ਲਾ ਕੇ ਦੇਖਣਾ ਚਾਹੀਦਾ ਹੈ।

ਗੁਰੂ ਗੋਬਿੰਦ ਸਿੰਘ ਦੇ ਇਹ ਸਲੋਕ ਹੀ ਸਾਬਤ ਕਰਨ ਲਈ ਕਾਫੀ ਹਨ ਕਿ ਬਾਬਾ ਸਾਹਿਬ ਡਾ: ਅੰਬੇਡਕਰ ਆਖਰ ਕਿਉਂ ਕਹਿੰਦੇ ਹਨ ਕਿ ਜਨਮ ਤੋਂ ਉਹ ਹਿੰਦੂ ਸੀ ਪ੍ਰੰਤੂ ਮੌਤ ਤੋਂ ਪਹਿਲਾਂ ਉਹ ਹਿੰਦੂ ਨਹੀਂ ਰਹੇਗਾ।

ਇਹ ਦੋ ਸਤਰਾਂ ਭਾਰਤੀ ਸਮਾਜ ਦੇ ਇਨਕਲਾਬ ਦਾ ਪੂਰਾ ਦਰਸ਼ਨ ਹਨ ਜਿਸ ਨੂੰ ਸਮਝਣ ਲਈ ਸਾਨੂੰ ਬ੍ਰਾਹਮਣੀ ਧਰਮ ਦੇ ਵਰਤ ਵਰਤਾਰੇ ਦੇ ਬਰਾਬਰ ਇਸ ਦੇ ਵਿਰੋਧ ਵਿਚ ਉਠੇ ਧਾਰਮਕ ਤੇ ਸਮਾਜਕ ਇਨਕਲਾਬਾਂ ਦਾ ਮੂੰਹ-ਮੁਹਾਂਦਰਾ ਜਾਚਣਾ ਵਿਚਾਰਨਾ ਜ਼ਰੂਰੀ ਹੈ ਕਿਉਂਕਿ ਇਹ ਸਤਰਾਂ ਐਵੇਂ ਹੋਂਦ ਵਿਚ ਨਹੀਂ ਆ ਗਈਆਂ। ਬਾਬਾ ਸਾਹਿਬ ਦਾ ਕ੍ਰਾਂਤੀ ਪਿਤਾਮਾ ਬੁੱਧ, ਸੰਤ ਕਬੀਰ, ਗੁਰੂ ਨਾਨਕ ਤੇ ਜੋਤੀ ਰਾਓ ਫੂਲੇ ਦਾ ਵਿਸ਼ੇਸ਼ ਜ਼ਿਕਰ ਕਰਨਾ ਤੇ ਉਨ੍ਹਾਂ ਦੀਆਂ ਕ੍ਰਾਂਤੀਆਂ ਨੂੰ ਵਡਿਆਉਣਾ ਇਕ ਗੁਰੂ ਵਜੋਂ ਪ੍ਰਵਾਨ ਕਰਨਾ, ਸਧਾਰਨ ਘਟਨਾ ਨਹੀਂ, ਇਕ ਇਤਿਹਾਸਕ ਤੇ ਦਾਨਸ਼ਵਰੀ ਘਟਨਾ ਹੈ, ਜਿਸ ਕਥਨ ਵਿਚ ਭਾਰਤ ਦੇ ਅਨੇਕ ਇਨਕਲਾਬਾਂ ਦੀ ਛਾਇਆ ਲੁਕੀ ਹੋਈ ਹੈ। ਇਸੇ ਕਰਕੇ ਸਾਨੂੰ ਕਰੀਬ 2500 ਵਰ੍ਹਿਆਂ ਵਿਚਕਾਰ ਵਾਪਰੀਆਂ ਸਮਾਜਕ ਹੋਣੀਆਂ ਨੂੰ ਪ੍ਰਸੰਗਕ ਕਰਨਾ ਪਿਆ ਹੈ ਕਿਉਂਕਿ ਅਸੀਂ ਛੋਟੇ ਦਿਮਾਗਾਂ ਨੇ ਹੁਣ ਤੀਕ ਵੱਡੇ ਵਿਸ਼ੇ ਨਹੀਂ ਛੋਹੇ। ਇਸ ਕਰਕੇ ਸਾਡਾ ਵਿਕਾਸ ਨਾ ਹੋਣ ਦੇ ਬਰਾਬਰ ਹੈ। ਅਸੀਂ ਬ੍ਰਾਹਮਣੀ ਵਿਵਸਥਾ ਵਿਚ ਹੀ ਅੜੇ ਖੜ੍ਹੇ ਹਾਂ। ਕਰੋੜਾਂ ਸਿੱਖ ਵੀ ਏਥੇ ਹੀ ਖੜ੍ਹੇ ਹਨ।

ਪਿਛਲੇ ਵੀਹ ਵਰ੍ਹਿਆਂ ਵਿਚ ਮੈਂ ਉਪਰੋਕਤ ਕਥਨ ਅਨੇਕ ਵਾਰ ਦੁਹਰਾਇਆ ਹੈ, ਲਿਖਿਆ ਹੈ ਪ੍ਰੰਤੂ ਪਹਿਲੀ ਵਾਰ ਇਸ ਕਥਨ ਦੀ ਗਹਿਰਾਈ ਨੂੰ ਇਕ ਸਭਾ ਵਿਚ ਅਚਾਨਕ ਨਾਪਣ ਦਾ ਅਹਿਸਾਸ ਜਾਗਿਆ ਤੇ ਲੱਗਾ ਕਿ ਇਸ ਕਥਨ ਦੇ ਪਿੱਛੇ ਤਾਂ ਭਾਰਤ ਦਾ ਪੂਰਨ ਧਾਰਮਕ ਤੇ ਸਮਾਜਕ ਦਰਸ਼ਨ ਲੁਕਿਆ ਹੋਇਆ ਹੈ। ਕਿਉਂਕਿ ਇਸ

ਦਰਸ਼ਨ ਦੀਆਂ ਸਰਹੱਦਾਂ ਬਾਬਾ ਸਾਹਿਬ ਨੇ ਆਪ ਮਿਥਦਿਆਂ ਭਗਵਾਨ ਬੁੱਧ, ਸੰਤ ਕਬੀਰ, ਗੁਰੂ ਨਾਨਕ ਅਤੇ ਮਹਾਤਮਾ ਜੋਤੀ ਰਾਓ ਫੂਲੇ ਦੇ ਦਰਸ਼ਨ ਨੂੰ ਮਾਨਤਾ ਦਿੱਤੀ ਹੈ ਇਸ ਕਰਕੇ ਅਸੀਂ ਉਸ ਸਾਰੇ ਪ੍ਰਸੰਗ ਨੂੰ ਵਖਿਆਨ ਕਰਨ ਦਾ ਯਤਨ ਕਰ ਰਹੇ ਹਾਂ। ਨਹੀਂ ਤਾਂ ਸਾਡੀ ਗੱਲ ਅਧੂਰੀ ਰਹੇਗੀ। ਅਸੀਂ ਅਜੇਹੀਆਂ ਨਿਸ਼ਾਨਦੇਹੀਆਂ ਕਰ ਦੇਣਾ ਚਾਹੁੰਦੇ ਹਾਂ ਕਿ ਭਾਰਤ ਦਾ ਆਦਮੀ ਇਨ੍ਹਾਂ ਨੂੰ ਜੋੜਨ ਵੇਲੇ ਤੇ ਜੀਵਨ ਤੋਰ ਨੂੰ ਸਮਝਣ ਵਿਚ ਬਹੁਤ ਅਸਾਨੀ ਮਹਿਸੂਸ ਕਰੇ। ਉਸ ਨੂੰ ਅੜਚਨਾਂ ਸਮਝਣ ਦਾ ਬਲ ਮਿਲੇ। ਉਸ ਨੂੰ ਰਸਤਾ ਲੱਭਣ ਸਮੇਂ ਵਿਚਾਰਧਾਰਕ ਰੋਸ਼ਨੀ ਮਿਲੇ।

ਕਿਸੇ ਦਾ ਹਿੰਦੂ ਹੋਣਾ, ਮੁਸਲਮਾਨ ਜਾਂ ਇਸਾਈ ਹੋਣਾ, ਸਿੱਖ ਜਾਂ ਬੁੱਧ ਹੋਣਾ, ਦਰਅਸਲ ਜੀਵਨ ਢੰਗ ਬਦਲਣਾ ਹੈ। ਸਮਾਜਕ ਵਰਤਾਅ ਨੂੰ ਬਦਲਣਾ ਹੈ। ਸ਼ਕਲਾਂ ਬਦਲ ਕੇ ਸੰਗਠਤ ਹੋਣਾ ਇਸ ਦਾ ਮੁਢਲਾ ਪੜਾਅ ਨਹੀਂ ਹੁੰਦਾ। ਪਹਿਲਾਂ ਅਕਲ ਬਦਲੇ ਤੇ ਫੇਰ ਸ਼ਕਲ ਤਾਂ ਉਹੋ ਸਮਾਜ ਸਹੀ ਦਿਸ਼ਾ ਵਿਚ ਗਠਤ ਹੁੰਦਾ ਹੈ ਜਿਸ ਦੀ ਇਕ ਨਵੀਂ ਸੋਚ ਬਣਾਈ ਗਈ ਹੁੰਦੀ ਹੈ। ਜਿਥੇ ਧਰਮ, ਪਾਠ ਪੂਜਾ ਤੇ ਨਰਕ ਸੁਰਗ ਲਈ ਹੈ ਉਥੇ ਸਮਾਜ ਹੋਰ ਤਰ੍ਹਾਂ ਦਾ ਹੋਵੇਗਾ। ਜਿਥੇ ਧਰਮ, ਮਨੁੱਖ ਦੀ ਫਿਤਰਤ, ਸੋਚ, ਜੀਵਨ ਚੱਲਣ, ਚਰਿਤਰ, ਉਦੇਸ਼ ਜਾਂ ਸਮੂਹਿਕ ਉਦੇਸ਼ ਬਦਲਣ ਲਈ ਹੈ ਉਥੇ ਗੱਲ ਹੋਰ ਹੁੰਦੀ ਹੈ। ਬੁੱਧ ਹੋਣ, ਸਿੱਖ ਹੋਣ ਤੇ ਅੰਬੇਡਕਰੀ ਹੋਣ ਦਾ ਅਰਥ ਹੈ ਮਨੁੱਖ ਅਤੇ ਮਨੁੱਖੀ ਸਮਾਜ ਆਪਣਾ ਬ੍ਰਾਹਮਣੀ ਤਰਜ ਦਾ ਵਰਨ ਜਾਤੀ, ਰੰਗ ਨਸਲ ਭੇਦੀ, ਲਿੰਗ ਭੇਦੀ ਮਾਨਸਕ ਅਤੇ ਸਮਾਜਕ ਵਰਤਾਰਾ ਬਦਲਣ, ਜਿਹੜਾ ਉਸ ਲਈ ਘਾਤਕ ਹੈ, ਜਿਹੜਾ ਦੁੱਖ ਰੋਗ, ਭੈਅ, ਭਰਮ ਤੇ ਚਿੰਤਾ ਪੈਦਾ ਕਰਦਾ ਹੈ। ਇਸ ਦੁੱਖ ਰੋਗ, ਭੈਅ ਭਰਮ ਤੇ ਚਿੰਤਾ ਤੋਂ ਰਹਿਤ ਹੋਣ ਦਾ ਨਾਂ ਨਿਰਬਾਣ ਹੈ, ਮੁਕਤੀ ਹੈ, ਮੋਕਸ਼ ਹੈ, ਗਤੀ ਹੈ, ਸਿੱਧੀ ਹੈ। ਪ੍ਰੰਤੂ ਇਸ ਦਾ ਅਧਾਰ ਸ਼ਕਲ ਬਦਲ ਲੈਣ ਵਿਚ ਨਹੀਂ ਹੈ। ਮੂਲ ਰੂਪ ਵਿਚ ਅਕਲ ਬਦਲਣ ਵਿਚ ਹੈ। ਮਨ ਤੇ ਮਨੋਬਿਰਤੀ ਬਦਲਣ ਵਿਚ ਹੈ। ਜਿਸ ਨੇ ਭੈਅਭੀਤ ਸਮਾਜਕ ਵਰਤਾਰੇ ਨੂੰ ਬਦਲ ਕੇ ਸੁਖ-ਸ਼ਾਂਤੀ ਪੈਦਾ ਕਰਨੀ ਹੈ। ਅਸੀਂ ਭਾਰਤ ਦੀਆਂ ਉਨ੍ਹਾਂ ਸਮਾਜਕ ਕ੍ਰਾਂਤੀਆਂ ਵਿਚੋਂ ਗੁਜ਼ਰ ਰਹੇ ਹਾਂ ਜਿਨ੍ਹਾਂ ਨੇ ਅਜੇਹਾ ਯਤਨ ਕੀਤਾ। ਕਾਮਯਾਬ ਵੀ ਹੋਈਆਂ ਪ੍ਰੰਤੂ ਫੈਲੀ ਅਵਿੱਦਿਆ ਕਾਰਨ ਬੁੱਧੀ ਦਾ ਸਮਾਜਕ ਵਿਕਾਸ ਛੋਟਾ ਜਾਂ ਸੀਮਤ ਰਹਿ ਜਾਣ ਕਾਰਨ, ਇਨ੍ਹਾਂ ਲਹਿਰਾਂ ਨੂੰ ਦਬੋਚ ਲਿਆ ਗਿਆ। ਖਾ ਲਿਆ ਗਿਆ। ਪੁੱਠੇ ਗੇੜ ਪਾ ਕੇ ਵਿਰੋਧੀ ਧਿਰ ਨੇ ਆਪਣੇ ਹੱਕ ਵਿਚ ਹੀ ਭੁਗਤਾ ਲਿਆ। ਅਸੀਂ ਇਕ ਵਾਰ ਫੇਰ ਉਨ੍ਹਾਂ ਨੂੰ ਸਿੱਧੀ ਦਿਸ਼ਾ ਵਿਚ ਚਿਤਰਨ ਦਾ ਯਤਨ ਕਰ ਰਹੇ ਹਾਂ। ਇਸ ਦਾ ਕਾਰਨ ਹੈ ਕਿ ਵਿਸ਼ਾਲ ਰੂਪ ਵਿਚ ਬੁੱਧ ਨਹੀਂ ਬਦਲੀ। ਮਨ ਨਹੀਂ ਬਦਲੇ। ਸੋਚ ਨਹੀਂ ਬਦਲੀ। ਖਿਆਲ ਨਹੀਂ ਬਦਲੇ। ਤੌਰ-ਤਰੀਕੇ ਨਹੀਂ ਬਦਲੇ। ਤਿਆਗ ਨਹੀਂ ਆਏ। ਸਥਾਪਤੀ ਨਾਲੋਂ ਟੁੱਟ ਨਹੀਂ ਹੋਈ। ਬੁੱਧ ਦੇ ਸਮਿਆਂ ਵਿਚ ਅਜੇਹਾ ਵਧੇਰੇ ਹੋਇਆ ਇਸ ਕਰਕੇ ਉਹ ਵਧੇਰੇ ਤਾਕਤਵਰ ਬਣ ਕੇ ਵਰਤਿਆ। ਸਿੱਖ ਧਰਮ ਵੇਲੇ ਅਜੇਹਾ ਬਹੁਤ ਸੀਮਤ ਹੋਇਆ। ਜੋ ਸਿੱਖ ਬਣੇ ਤੇ ਪੂਰਾ ਬਦਲੇ ਉਨ੍ਹਾਂ ਨੂੰ ਬਹੁਤਾ ਹਿੰਦੂਆਂ ਤੇ ਕੁਝ ਮੁਸਲਮਾਨ ਮੁਗਲਾਂ ਨਾਲ ਹੋਈਆਂ ਲੜਾਈਆਂ ਖਾ ਗਈਆਂ। ਬੰਦਾ ਸਿੰਘ ਬਹਾਦਰ ਦੀ ਕ੍ਰਾਂਤੀ ਨੂੰ ਜਾਤੀਵਾਦੀ ਸਿੱਖ ਅੰਦਰੋਂ ਖਾ ਗਏ। ਅੰਦਰਲੇ ਦੁਸ਼ਮਣ, ਬਾਹਰਲੇ ਦੁਸ਼ਮਣ ਨਾਲ ਵੀ ਰਲੇ ਰਹੇ।

ਇਉਂ ਵਿਚਾਰਧਾਰਕ ਪਕੜ ਮਜ਼ਬੂਤ ਰੱਖਣ ਵਾਲੀ ਸਾਰੀ ਧਿਰ ਮੌਤ ਦੇ ਮੂੰਹ ਵਿਚ ਜਾ ਪਈ। ਖਾਲੀ ਮੈਦਾਨ ਨੂੰ ਸਿੱਖ ਇਨਕਲਾਬ ਵਿਰੋਧੀ, ਸਿੱਖ ਸ਼ਕਲ ਵਿਚ ਦੌੜ ਕੇ

ਆਏ ਬ੍ਰਾਹਮਣੀ ਲੋਕਾਂ ਨੇ ਮੱਲ ਲਿਆ ਤੇ ਸਮਾਜਕ ਸਿਰਜਣਾ ਨੂੰ ਅਕਲਾਂ ਅਤੇ ਵਿਚਾਰਧਾਰਾ ਦੇ ਗੇੜ ਵਿਚੋਂ ਕੱਢ ਕੇ ਬਕਲਾਂ ਤੱਕ ਸੀਮਤ ਕਰ ਦਿੱਤਾ।

ਇਹੋ ਹਾਲ ਬਾਬਾ ਸਾਹਿਬ ਦੀ ਲਹਿਰ ਦਾ ਹੋਇਆ। ਉਸ ਮਹਾਨ ਯੋਧਾ ਨੂੰ ਨਾ ਤਾਂ ਬੁੱਧੀਮਾਨ ਜਮਾਤ ਮਿਲ ਸਕੀ, ਨਾ ਸਿੱਖ ਬੁੱਧੀਮਾਨ ਜਮਾਤ। ਅਛੂਤ ਸ਼ੂਦਰ ਜਮਾਤ ਬੁੱਧੀਮਾਨ ਬਣਨ ਦੇ ਕਾਬਲ ਨਹੀਂ ਸੀ। ਇਸ ਕਰਕੇ ਉਸ ਦੀਆਂ ਕੀਤੀਆਂ 'ਤੇ ਅੰਤ ਪਾਣੀ ਫਿਰ ਗਿਆ। ਅੱਜ ਜਦੋਂ ਇਹ ਵਿਕਾਸ ਮੁੜ ਹੋਣ ਦੇ ਰਾਹ ਪਿਆ ਹੈ ਤਾਂ ਵਿਦਵਾਨ, ਬੁੱਧੀਮਾਨ ਵਿਚਾਰਧਾਰਕ ਸੰਗਠਨਾਂ ਨੂੰ ਆਪਣੇ ਹੀ ਖੇਮਿਆਂ ਵਿਚ ਸਭ ਤੋਂ ਵੱਧ ਲਤਾੜ ਕੇ ਰੱਖਣ ਦੀ ਪ੍ਰਵਿਰਤੀ ਬਹੁਤ ਭਾਰੂ ਹੈ। ਮੁਸਲਮਾਨ, ਇਸਾਈ ਤੇ ਸਿੱਖ ਵੀ ਅਜੇਹੇ ਬੁੱਧੀਮਾਨ ਲੋਕਾਂ ਦੀ ਜਮਾਤ ਨਹੀਂ ਬਣਨ ਦਿੰਦੇ, ਜੋ ਮੂਲ ਰੂਪ ਵਿਚ ਸਥਾਪਤ ਕੀਤੇ ਗਏ ਉਪਕਾਰੀ ਮਿਸ਼ਨ ਦੀ ਸਮਾਜਕ ਪਕੜ ਬਣਾਉਣ ਵਿਚ ਸਭ ਤੋਂ ਅਹਿਮ ਹੁੰਦੀ ਹੈ। ਵਰਤਮਾਨ ਬਹੁਜਨ ਲਹਿਰ ਵਿਚ ਵੀ ਅਜੇਹਾ ਹੀ ਵਾਪਰਿਆ ਹੈ, ਜਿਸ ਨਾਲ ਅੰਬੇਡਕਰੀ ਵਿਚਾਰਧਾਰਾ ਜੋ ਬੁੱਧ ਲਹਿਰ, ਸਿੱਖ ਲਹਿਰ, ਸ਼ਾਹੂ ਫੂਲੇ ਲਹਿਰਾਂ ਦਾ ਜਮ੍ਹਾਂ ਜੋੜ ਹੈ, ਲੋਕਾਂ ਵਿਚ ਜਾਣ ਤੋਂ ਇਕ ਵਾਰ ਪੂਰੀ ਤਰ੍ਹਾਂ ਰੁਕ ਗਈ ਹੈ। ਇਸ ਨੂੰ ਕਰੀਬ-ਕਰੀਬ ਰੋਕਿਆ ਗਿਆ ਹੈ। ਜਿਹੜੇ ਸੰਗਠਨ ਇਸ ਮਕਸਦ ਨਾਲ ਬਣੇ ਹਨ ਉਨ੍ਹਾਂ ਦਾ ਕੰਮ ਪਸਾਰ, ਆਮ ਜਨਤਾ ਵਿਚ ਨਾ ਜਾ ਕੇ ਬਹੁਜਨ ਸਮਾਜ ਦੇ ਕੁਲੀਨ ਕਰਮਚਾਰੀ ਵਰਗ ਤੱਕ ਸੀਮਤ ਰਹਿ ਰਿਹਾ ਹੈ। ਇਸ ਮਿਸ਼ਨ ਦਾ ਤਸਵੀਰ ਕਲਚਰ, ਸਾਹਿੱਤਕ ਸਭਿਆਚਾਰ, ਵਿਚਾਰਧਾਰਕ ਕਾਰਜ, ਬਹੁਤ ਹੀਣੇ ਹਨ। ਬ੍ਰਾਹਮਣੀ ਮਿਸ਼ਨਰੀ ਸਭਿਆਚਾਰ ਦੇ ਮੁਕਾਬਲੇ ਜ਼ੀਰੋ। ਉਨ੍ਹਾਂ ਪਾਸ ਟੀ.ਵੀ. ਹੈ। ਰੇਡੀਓ, ਸੀਰੀਅਲ ਹਨ। ਰਾਮ ਲੀਲ੍ਹਾ ਹੈ। ਕ੍ਰਿਸ਼ਨ ਲੀਲ੍ਹਾ ਹੈ। ਫ਼ਿਲਮਾਂ ਹਨ। ਹੀਰੋ-ਹੀਰੋਇਨਾਂ ਹਨ। ਹਿੰਦੂ ਮਿਸ਼ਨਰੀ ਫ਼ਿਲਮ ਇੰਡਸਟਰੀ ਹੈ। ਵੀਹ ਲੱਖ ਸਾਧੂ ਹਨ। ਕੁੰਭ ਹੈ। ਹਰਿਦੁਆਰ ਹੈ। ਕੁਰਕਸ਼ੇਤਰ ਹੈ। ਜਗਨਨਾਥ ਪੁਰੀ ਦਾ ਵਿਜੇ ਰਥ ਹੈ। ਅਮਰਨਾਥ ਯਾਤਰਾ ਹੈ। ਰਥ ਯਾਤਰਾਵਾਂ ਹਨ। ਆਰ.ਐਸ.ਐਸ. ਦਾ ਵਿਸ਼ਾਲ ਪਰਿਵਾਰ ਹੈ। ਧਨ ਹੈ। ਅਖ਼ਬਾਰਾਂ ਹਨ, ਰਸਾਲੇ ਹਨ। ਸਕੂਲਾਂ, ਕਾਲਜਾਂ ਦੀਆਂ ਪਾਠ-ਪੁਸਤਕਾਂ ਹਨ। ਸਵਰਨ ਹਿੰਦੂ ਪੱਤਰਕਾਰਾਂ ਦੀ ਜਾਲ ਵਿਛਾਈ ਬੈਠੀ ਲੰਬੀ ਕਤਾਰ ਹੈ। ਅਨਾਊਂਸਰ ਹਨ। ਸਰਕਾਰਾਂ ਹਨ। ਤਸਵੀਰ ਸਭਿਆਚਾਰ ਹੈ। ਮੇਲੇ ਹਨ, ਤਿਉਹਾਰ ਹਨ। ਦੇਸ਼-ਵਿਦੇਸ਼ ਦੇ ਹਿੰਦੂ ਸੰਗਠਨ ਹਨ। ਕਲਿਆਣ ਦੇ ਨਾਂ 'ਤੇ ਵਿਦੇਸ਼ਾਂ ਤੋਂ ਪ੍ਰਾਪਤ ਹੁੰਦਾ ਅਰਬਾਂ ਡਾਲਰ ਧਨ ਹੈ। ਇੰਟੈਲੀਜੈਂਸ ਹੈ। ਲੱਖਾਂ ਮੰਦਰ ਹਨ। ਲੱਖਾਂ ਪੁਜਾਰੀ ਹਨ। ਲੱਖਾਂ ਗ੍ਰੰਥ ਹਨ। ਲੱਖਾਂ ਲੇਖਕ ਹਨ। ਲੱਖਾਂ ਅਧਿਆਪਕ ਹਨ। ਲੱਖਾਂ ਨਾਵਲਕਾਰ, ਕਹਾਣੀਕਾਰ, ਕਵੀ, ਨਾਟਕਕਾਰ ਹਨ। ਸੰਚਾਰ ਅਤੇ ਸੰਪਰਕ ਦੇ ਜਾਲ ਹਨ। ਜਮਾਤੀ ਹਿਤ ਹਨ। ਧਾਰਮਕ ਨਿਸ਼ਠਾ ਹੈ। ਕਰੋੜਾਂ ਔਰਤਾਂ ਹਨ ਜੋ ਆਪਣੇ ਧਰਮ ਵਿਚ ਪਰਪੱਕ ਹਨ। ਕਿਤੇ ਕੋਈ ਕਮੀ ਨਹੀਂ। ਮਿਸ਼ਨ ਦੀ ਭਾਵਨਾ ਦੀ ਕੋਈ ਕਮੀ ਨਹੀਂ। ਹਰ ਤਰ੍ਹਾਂ ਦੀ ਹੌਸਲਾਪ੍ਰਸਤੀ ਹੈ। ਦਿਸ਼ਾ ਅਨੁਸਾਰ ਕੰਮ ਕਰਨ ਦੀ ਗੰਭੀਰ ਸਮਰੱਥਾ ਹੈ।

ਪ੍ਰੰਤੂ ਜਿਥੇ ਅਸੀਂ ਖੜ੍ਹੇ ਹਾਂ ਉਥੇ ਜੋ ਹੈ ਉਹ ਵੀ ਨਾ ਹੋਇਆਂ ਵਰਗਾ। ਸਾਡੇ ਜੀਵਨ ਦਾ ਇਕ ਅਨੋਖਾ ਦੌਰ ਪੰਜਤਰਵਿਆਂ ਤੋਂ ਪਚਾਸੀਵਿਆਂ ਦੇ ਇਰਦ-ਗਿਰਦ ਤਕ ਵਾਪਰਿਆ, ਜਿਸ ਨੇ ਅਲੋਕਾਰ ਕ੍ਰਿਸ਼ਮੇ ਕੀਤੇ, ਜਿਸ ਦੇ ਪ੍ਰਭਾਵ ਨੇ ਪੂਰੇ ਭਾਰਤ ਨੂੰ, ਮਨੂੰਵਾਦੀ ਫੈਲਾਅ ਨੂੰ ਹਿਲਾ ਕੇ ਰੱਖ ਦਿੱਤਾ ਤੇ ਜਨਤਾ ਚਕਾਚੌਂਧ ਹੋ ਤੁਰੀ ਪ੍ਰੰਤੂ ਇਸ ਦੌਰ ਨੂੰ 'ਘਰ ਕੇ ਦੀਏ' ਨੇ ਹੀ ਜਲਾ ਕੇ ਰੱਖ ਦਿੱਤਾ।

ਕੁਛ ਪੀਨੇ ਕੋ ਹੈ ਕੁਛ ਖਾਨੇ ਕੋ ਹੈ,
ਯੇਹ ਤੋ ਘਰ ਕਾ ਦੀਆ
ਘਰ ਜਲਾਨੇ ਕੋ ਹੈ।

ਬਣਿਆ ਘਰ ਜਲ ਗਿਆ ਤੇ ਬਚੀ-ਖੁਚੀ ਲੱਕੜ ਧੁਖ ਰਹੀ ਹੈ। ਕਿਤੇ-ਕਿਤੇ ਲਾਟ ਕੱਢਦੀ ਰੌਸ਼ਨੀ ਦਿੰਦੀ। ਉਸ ਬੇਹਾਲ ਦੌਰ ਵਿਚ ਅਸੀਂ ਇਹ ਵਿਚਾਰ ਕਰ ਰਹੇ ਹਾਂ ਕਿ ਆਖਰ ਬਾਬਾ ਸਾਹਿਬ ਨੇ ਕਿਉਂ ਕਿਹਾ ਕਿ ਮੈਂ ਹਿੰਦੂ ਮਰੂੰਗਾ ਨਹੀਂ। ਬਿਨਾਂ ਖਾਸ ਵਜ੍ਹਾ ਤਾਂ ਕੋਈ ਦਾਰਸ਼ਨਿਕ ਆਪਣੇ ਮੂੰਹੋਂ ਇਸ ਤਰ੍ਹਾਂ ਦੇ ਉਲਟੇ ਸ਼ਬਦ ਨਹੀਂ ਕੱਢਦਾ ਪਰ ਇਹ ਉਲਟੇ ਸ਼ਬਦ ਹੀ ਭਾਰਤ ਦੀ ਸਮਾਜਕ ਅਤੇ ਧਾਰਮਕ ਕ੍ਰਾਂਤੀ ਦਾ ਨਿਚੋੜ ਹਨ। ਇਹ ਗੱਲ ਸਾਨੂੰ ਬਹੁਤ ਦੇਰ ਬਾਅਦ ਸਮਝ ਪੈਣ ਲੱਗੀ ਹੈ। ਪਛੜੇ ਹੋਏ ਦਿਮਾਗਾਂ ਨੂੰ। ਇਹ ਗੱਲ ਜਦੋਂ ਤੀਕ ਸਮਾਜ ਪੜ੍ਹਨ ਤੇ ਸਮਝਣ ਲੱਗੇਗਾ ਉਦੋਂ ਤੀਕ ਹੋਰ ਬੜੇ ਸਿਆਪੇ ਖੜ੍ਹੇ ਹੋ ਜਾਣਗੇ। ਉਹ ਲੋਕ, ਜਿਨ੍ਹਾਂ ਦੇ ਪੇਟ ਦੀ ਭੁੱਖ ਨੇ ਉਨ੍ਹਾਂ ਦੇ ਸਿਰਾਂ ਦੀ ਭੁੱਖ ਮਾਰ ਦਿੱਤੀ ਹੈ, ਉਹ ਸਿਰਾਂ ਵੱਲ ਪਰਤਣਗੇ ਤੇ ਕੁਝ ਸੋਚ ਵਿਚਾਰ ਕਰਨ ਲੱਗਣਗੇ, ਇਸ ਦੀ ਉਮੀਦ ਵਧ ਨਹੀਂ ਰਹੀ ਸਗੋਂ ਘਟ ਰਹੀ ਹੈ। ਬੇਆਸ ਸਥਿਤੀ ਦੇ ਜੰਗਲ ਵਿਚ ਵੀ ਅਸੀਂ ਤੂਫਾਨਾਂ ਸਾਹਮਣੇ ਕੋਈ ਦੀਪ ਜਗਦਾ ਰੱਖਣ ਦੀ ਕੋਸ਼ਿਸ਼ ਕਰ ਰਹੇ ਹਾਂ।

ਸਾਡੇ ਇਹ ਯਤਨ ਕੀ ਰੰਗ ਲਿਆਉਣਗੇ ਇਹ ਤਾਂ ਨਹੀਂ ਕਿਹਾ ਜਾ ਸਕਦਾ ਪਰ ਉਹ ਵਿਚਾਰ, ਜੋ ਸਮਾਜਕ ਇਨਕਲਾਬ ਦੇ ਪੂਰਨ ਪ੍ਰਤੀਕ ਹਨ, ਨੂੰ ਸ਼ਬਦਾਂ ਵਿਚ ਭਰ ਰਹੇ ਹਾਂ। ਖੰਭਾਂ ਦੀਆਂ ਡਾਰਾਂ ਬਣਾਉਣ ਲਈ। ਵੱਡੀਆਂ ਉਡਾਣਾਂ ਭਰਨ ਲਈ। ਮੰਜ਼ਲਾਂ 'ਤੇ ਪਹੁੰਚਣ ਲਈ ਜਾਂ ਫਿਰ ਮੰਜ਼ਲਾਂ ਮਿਥਣ ਲਈ ਕਿ ਅਸੀਂ ਆਏ ਕਿੱਥੋਂ ਤੇ ਅਸੀਂ ਪਹੁੰਚਣਾ ਕਿੱਥੇ ਹੈ। ਜਨਮ ਤੇ ਮੌਤ ਦੇ ਵਿਚਕਾਰ ਦਾ ਇਹ ਮਾਰਗ ਮਿਥਣ ਲਈ ਅਸੀਂ ਚੇਤੰਨ ਤੇ ਸਤਰਕ ਰੂਪ ਵਿਚ ਇਤਿਹਾਸਕ ਪੈੜਾਂ ਦੀ ਰੂਪ-ਰੇਖਾ ਮਾਪ ਰਹੇ ਹਾਂ ਤਾਂ ਜੋ ਅਸੀਂ ਅਗਲੇ ਰਾਹਾਂ ਦੀਆਂ ਨਿਸ਼ਾਨਦੇਹੀਆਂ ਕਰ ਸਕੀਏ।

ਇਸ ਪੜਾਅ ਤੱਕ ਪਹੁੰਚਣ ਤੋਂ ਬਾਅਦ ਅਸੀਂ ਹੁਣ ਬਾਬਾ ਸਾਹਿਬ ਅੰਬੇਡਕਰ ਦੇ ਤੀਜੇ ਗੁਰੂ ਮਹਾਤਮਾ ਜੋਤੀ ਰਾਓ ਫੂਲੇ ਦਾ ਜੀਵਨ ਦਰਸ਼ਨ ਇਸੇ ਪ੍ਰਸੰਗ ਵਿਚ ਰੱਖਾਂਗੇ ਤਾਂ ਕਿ ਸਾਨੂੰ ਸਮਾਜਕ ਕ੍ਰਾਂਤੀ ਦੀ ਹਰ ਗਹਿਰਾਈ ਦੀ ਹੋਰ ਸਮਝ ਪੈ ਸਕੇ।

□

ਭਾਗ ਪੰਜਵਾਂ

ਤੀਜੇ ਗੁਰੂ ਮਹਾਤਮਾ ਜੋਤੀ ਰਾਓ ਫੂਲੇ ਦੀ ਵਿਚਾਰਧਾਰਾ

ਜੇ ਇਕ ਦਾਰਸ਼ਨਿਕ ਮਨੁੱਖ ਤਿੰਨ ਮਨੁੱਖਾਂ ਨੂੰ ਆਪਣੇ ਗੁਰੂ ਵਜੋਂ ਤਸੱਵਰ ਕਰਦਾ ਹੈ ਤਾਂ ਇਸ ਦਾ ਸਿੱਧਾ ਜੇਹਾ ਅਰਥ ਹੈ ਕਿ ਉਨ੍ਹਾਂ ਤਿੰਨਾਂ ਵਿਚ, ਤਿੰਨਾਂ ਦੀ ਜੀਵਨ ਜਾਚ ਅਤੇ ਦਾਰਸ਼ਨਿਕਤਾ ਵਿਚ ਸਮਾਨਤਾ ਹੈ। ਘੱਟੋ-ਘੱਟ ਬੁਨਿਆਦੀ ਸਮਾਨਤਾ। ਜਿਸ ਦਾ ਅਗਲਾ ਅਰਥ ਇਹ ਹੈ ਕਿ ਉਨ੍ਹਾਂ ਸਭ ਦੀ ਵਿਰੋਧੀ ਧਿਰ ਇਕੋ ਹੋਣਾ। ਦੂਜਾ ਉਨ੍ਹਾਂ ਦੇ ਉਦੇਸ਼ਾਂ ਦਾ ਇਕ ਹੋਣਾ ਭਾਵ ਮਨੋਰਥ ਵਿਚ ਸਮਾਨਤਾ ਹੋਣਾ। ਤੀਜਾ ਉਪਦੇਸ਼ਾਂ ਦੀ ਵਿਧੀ ਭਾਵੇਂ ਕੋਈ ਹੋਵੇ ਪ੍ਰੰਤੂ ਉਨ੍ਹਾਂ ਵਿਚਕਾਰ ਵੀ ਉੱਭਰਵੀਂ ਸਮਾਨਤਾ ਹੋਣਾ। ਚੌਥਾ ਸਭ ਦੇ ਮਸਲੇ ਵਿਚਕਾਰ ਖੜ੍ਹੀਆਂ ਭਿੜਦੀਆਂ ਧਿਰਾਂ ਦੀ ਪਛਾਣ ਵਿਚ ਸਮਾਨਤਾ ਹੋਣਾ। ਕਿਉਂਕਿ ਡਾ: ਅੰਬੇਡਕਰ ਸਧਾਰਨ ਮਨੁੱਖ ਨਹੀਂ ਸਨ, ਇਸ ਲਈ ਉਨ੍ਹਾਂ ਨੂੰ ਸੇਧ ਦੇਣ ਵਾਲੇ ਮਨੁੱਖ ਕਿਵੇਂ ਵੀ ਸਧਾਰਨ ਨਹੀਂ ਪੂਰੇ ਵਿਲੱਖਣ ਮਨੁੱਖ ਹੋਣਗੇ। ਇਹੀ ਸੋਚਣਾ ਸਮਝਣਾ ਸਹੀ ਹੈ। ਇਹ ਵੀ ਸਮਝਣ ਵਾਲੀ ਗੱਲ ਹੈ ਕਿ ਉਨ੍ਹਾਂ ਪਰਮ ਮਨੁੱਖਾਂ ਦੇ ਜੀਵਨ ਜਾਚ ਵਿਚਕਾਰ ਬੁਨਿਆਦੀ ਟਕਰਾਵਾਂ ਦੀ ਸੰਭਾਵਨਾ ਦੀ ਆਸ ਨਹੀਂ ਰੱਖੀ ਜਾ ਸਕਦੀ। ਇਸ ਕਰਕੇ ਅਸੀਂ ਦੋ ਤਰ੍ਹਾਂ ਦੇ ਲਿਖੇ ਵਰਤੇ ਫਲਸਫਿਆਂ ਵਿਚਲੀਆਂ ਸਮਝਾਂ ਦਾ ਵਰਨਣ ਕੀਤਾ ਹੈ। ਜੋ ਬੜੀਆਂ ਸਪੱਸ਼ਟ ਹਨ। ਇਸੇ ਦ੍ਰਿਸ਼ਟੀਕੋਣ ਤੋਂ ਅਸੀਂ ਜੋਤੀ ਰਾਓ ਫੂਲੇ ਦਾ ਖਿਆਲ ਪੇਸ਼ ਕਰਨਾ ਹੈ ਤਾਂ ਜੋ ਅਸੀਂ ਜਿਸ ਮਕਸਦ ਨੂੰ ਪੂਰਨ ਲਈ ਤੁਰੇ ਹਾਂ ਉਹ ਸਾਫ਼-ਸਾਫ਼ ਸਮਝ ਆਵੇ ਅਤੇ ਦਰੁਸਤ ਵੀ ਜਾਪੇ।

ਇਸ ਕਥਨ ਦੀ ਪੁਸ਼ਟੀ ਲਈ ਅਸੀਂ ਮਹਾਤਮਾ ਜੋਤੀ ਰਾਓ ਫੂਲੇ ਦੀ ਗੁਲਾਮਗਿਰੀ ਪੁਸਤਕ ਵਿਚੋਂ ਪੈਦਾ ਹੋਈ ਆਰੀਅਨ ਵਿਵਸਥਾ ਅਤੇ ਜੋਤੀ ਰਾਓ ਵੱਲੋਂ ਉਸ ਵਿਵਸਥਾ ਦੇ ਤਿਆਗ ਤੇ ਉਸ ਵਿਰੁੱਧ ਜਹਾਦ ਦੀ ਪਹਿਲੀ ਰੂਪਰੇਖਾ ਵਜੋਂ ਇਹ ਪ੍ਰਮਾਣ ਪੇਸ਼ ਕਰਦੇ ਹਾਂ, ਜੋ ਆਪਣੇ ਆਪ ਵਿਚ ਡਾ: ਅੰਬੇਡਕਰ ਦੇ ਗੁਰੂ ਹੋਣ ਦਾ ਪੁਖਤਾ ਸਬੂਤ ਹੈ।

ਗੁਲਾਮਗੀਰੀ ਦੇ ਅੰਤਲੇ ਪੰਨਿਆਂ ਉੱਤੇ ਅੰਗਰੇਜ਼ ਮਿਸ਼ਨਰੀਆਂ ਦੀ ਨੇਕੀ ਦਾ ਜ਼ਿਕਰ ਜੋਤੀਵਾ ਫੂਲੇ ਨੇ ਇਸ ਤਰ੍ਹਾਂ ਕੀਤਾ ਹੈ :

ਜੋਤੀਵਾ : 'ਸ਼ੂਦਰਾਂ ਨੂੰ ਬ੍ਰਾਹਮਣ ਰਾਖਸ਼ਾਂ ਦੀ ਗੁਲਾਮੀ ਤੋਂ ਇਸ ਪ੍ਰਕਾਰ ਮੁਕਤ ਹੋ ਜਾਣਾ ਚਾਹੀਦਾ ਹੈ।

ਮੂਲ ਬ੍ਰਾਹਮਣਾਂ ਦੇ ਪੂਰਵਜਾਂ (ਭਾਵ ਵੱਡਿਆਂ ਵਡੇਰਿਆਂ) ਨੇ ਇਸ ਦੇਸ਼ ਦੇ ਮੂਲ ਨਿਵਾਸੀਆਂ ਉੱਤੇ ਹਮਲਾ ਕੀਤਾ। ਉਨ੍ਹਾਂ ਨੇ ਸਾਡੇ ਮੂਲਵਾਸੀ ਵੱਡਿਆਂ-ਵਡੇਰਿਆਂ ਨੂੰ ਯੁੱਧ ਵਿਚ ਹਰਾ ਦਿੱਤਾ। (ਕਿਵੇਂ ਹਰਾਇਆ ਇਹ ਪਹਿਲਾਂ ਦੱਸਿਆ ਜਾ ਚੁੱਕਾ ਹੈ) ਅਤੇ ਉਨ੍ਹਾਂ ਨੂੰ ਆਪਣੇ ਗੁਲਾਮ ਬਣਾ ਲਿਆ। ਬਾਅਦ ਵਿਚ ਉਨ੍ਹਾਂ ਨੂੰ ਜਿਸ ਤਰ੍ਹਾਂ ਦਾ ਮੌਕਾ

ਮਿਲਦਾ ਰਿਹਾ, ਉਸੇ ਤਰ੍ਹਾਂ ਉਨ੍ਹਾਂ ਨੇ ਆਪਣੀ ਸੱਤਾ ਦੀ ਮਸਤੀ ਵਿਚ, ਸਵਾਰਥੀ ਨਕਲੀ ਧਰਮ-ਗ੍ਰੰਥ ਲਿਖਵਾਏ ਅਤੇ ਉਨ੍ਹਾਂ ਸਭ ਦਾ ਇਕ ਮਜ਼ਬੂਤ ਕਿਲ੍ਹਾ ਬਣਾ ਕੇ ਉਸ ਵਿਚ ਉਨ੍ਹਾਂ ਸਭ ਜਿੱਤੇ ਹੋਏ ਲੋਕਾਂ (ਭਾਵ ਸਾਡੇ ਬਜ਼ੁਰਗਾਂ) ਨੂੰ ਵਰਣ ਪਰੰਪਰਾ ਨਾਲ ਬੰਦੀ ਬਣਾ ਕੇ ਰੱਖ ਦਿੱਤਾ। ਉਥੇ (ਭਾਵ ਵਰਨ ਜਾਤ ਦੇ ਕਿਲ੍ਹੇ ਵਿਚ) ਉਨ੍ਹਾਂ ਨੂੰ ਕਈ ਪ੍ਰਕਾਰ ਦੇ ਤਸੀਹੇ ਦੇ ਕੇ ਅੱਜ ਤਕ ਉਹ ਬ੍ਰਾਹਮਣ-ਪੰਡੇ-ਪੁਰੋਹਿਤ ਬੜੀ ਮੌਜ-ਮਸਤੀ ਨਾਲ ਆਪਣਾ ਜੀਵਨ ਗੁਜ਼ਾਰ ਰਹੇ ਹਨ। ਏਸੇ ਦਰਮਿਆਨ ਜਦੋਂ ਅੰਗਰੇਜ਼ ਬਹਾਦਰਾਂ ਦਾ ਰਾਜ ਇਸ ਦੇਸ਼ ਵਿਚ ਕਾਇਮ ਹੋਇਆ, ਉਦੋਂ ਚੰਗੇ ਦਿਆਲੂ ਯੂਰਪੀਅਨ ਅਤੇ ਅਮਰੀਕੀ ਭਲੇ-ਪੁਰਖਾਂ ਤੋਂ ਸਾਡਾ ਪੀੜਤ ਜੀਵਨ ਆਪਣੀਆਂ ਅੱਖਾਂ ਨਾਲ ਵੇਖਿਆ ਨਹੀਂ ਗਿਆ ਤਾਂ ਉਨ੍ਹਾਂ ਨੇ ਸਾਡੇ ਇਸ ਜੇਲ੍ਹਖਾਨੇ ਵਿਚ ਜਾ ਕੇ ਵਾਰ-ਵਾਰ ਸਾਨੂੰ ਲੋਕਾਂ ਨੂੰ ਇਸ ਪ੍ਰਕਾਰ ਦਾ ਉਪਦੇਸ਼ ਦਿੱਤਾ।

"ਤੇ ਮੇਰੇ ਭਾਈਓ, ਤੁਸੀਂ ਸਾਰੇ ਲੋਕ ਸਾਡੀ ਤਰ੍ਹਾਂ ਹੀ ਇਨਸਾਨ ਹੋ। ਤੁਹਾਡਾ ਅਤੇ ਸਾਡਾ ਜਨਮਦਾਤਾ ਅਤੇ ਪਾਲਣਹਾਰਾ ਇਕ ਹੈ। ਇਸ ਲਈ ਤੁਸੀਂ ਸਾਰੇ ਲੋਕ ਸਾਡੇ ਤਰ੍ਹਾਂ ਹੀ ਮਾਨਵੀ ਹੱਕਾਂ ਨੂੰ ਪ੍ਰਾਪਤ ਕਰਨ ਦੇ ਹੱਕਦਾਰ ਹੋਣ ਦੇ ਬਾਵਜੂਦ ਵੀ, ਇਨ੍ਹਾਂ ਬ੍ਰਾਹਮਣਾਂ ਦੇ ਨਕਲੀ ਧਰਮ ਕਰਮ ਨੂੰ ਕਿਉਂ ਮੰਨ ਰਹੇ ਹੋ?"

ਜੋਤੀ ਵਾ ਕਹਿੰਦੇ ਹਨ ਕਿ ਇਹ ਗਿਆਨ ਸੁਣ ਕੇ ਤੇ ਸਮਝ ਕੇ ਉਹ ਜੇਲ੍ਹਖਾਨੇ ਵਿਚੋਂ ਬ੍ਰਾਹਮਣੀ ਸਿਧਾਂਤਾਂ ਨੂੰ ਲੱਤ ਮਾਰ ਕੇ ਨਿਕਲ ਆਏ ਤੇ ਉਨ੍ਹਾਂ ਨੇ ਇਹ ਪ੍ਰਤਿੱਗਿਆ ਕੀਤੀ ਕਿ 'ਬ੍ਰਾਹਮਣਾਂ ਦੇ ਜਿਨ੍ਹਾਂ ਪ੍ਰਮੁੱਖ ਧਰਮ ਗ੍ਰੰਥਾਂ ਦੇ ਅਧਾਰ 'ਤੇ ਅਸੀਂ ਲੋਕ ਬ੍ਰਾਹਮਣਾਂ ਦੇ ਗੁਲਾਮ ਹਾਂ ਅਤੇ ਉਨ੍ਹਾਂ ਦੇ ਸਾਰੇ ਹੋਰ ਗ੍ਰੰਥਾਂ ਸ਼ਾਸਤਰਾਂ ਜਿਨ੍ਹਾਂ ਵਿਚ ਸਾਡੀ ਗੁਲਾਮੀ ਦੇ ਹੱਕ ਵਿਚ ਲੇਖ ਲਿਖੇ ਹੋਏ ਮਿਲਦੇ ਹਨ, ਉਨ੍ਹਾਂ ਸਾਰੇ ਗ੍ਰੰਥਾਂ, ਧਰਮ-ਸ਼ਾਸਤਰਾਂ ਦਾ ਅਤੇ ਉਨ੍ਹਾਂ ਜਿਨ੍ਹਾਂ ਦਾ ਧਰਮ ਸ਼ਾਸਤਰਾਂ ਨਾਲ ਸਬੰਧ ਹੋਵੇਗਾ, ਉਨ੍ਹਾਂ ਸਾਰੇ ਧਰਮ ਗ੍ਰੰਥਾਂ ਦਾ ਅਸੀਂ ਬਹਿਸ਼ਕਾਰ (ਭਾਵ ਤਿਆਗ) ਕਰਦੇ ਹਾਂ।'

ਏਥੇ ਜੋਤੀ ਰਾਓ ਜਿਹੜੇ ਜੇਲ੍ਹਖਾਨੇ ਦਾ ਜ਼ਿਕਰ ਕਰਦੇ ਹਨ, ਉਹ ਪੂਰੇ ਭਾਰਤ, ਜੋ ਬ੍ਰਾਹਮਣੀ ਵਰਨ ਵਿਵਸਥਾ ਅਤੇ ਜਾਤੀ ਊਚ-ਨੀਚ ਦੀ ਨਫਰਤ ਦੀ ਜਕੜ ਵਿਚ ਹੈ, ਨੂੰ ਜੇਲ੍ਹਖਾਨੇ ਵਜੋਂ ਲਿਖਦੇ ਹਨ, ਜਿਥੇ ਭਾਰਤ ਦਾ ਜੰਮਿਆ ਹਰ ਮਨੁੱਖ ਬ੍ਰਾਹਮਣਵਾਦੀ ਕੈਦ ਭੁਗਤ ਰਿਹਾ ਹੈ।

ਇਹ ਵਿਵਸਥਾ ਕਿਵੇਂ-ਕਿਵੇਂ ਪੈਦਾ ਹੁੰਦੀ ਰਹੀ ਤੇ ਕੀ-ਕੀ ਵਾਪਰਦਾ ਆਇਆ ਇਸ ਦਾ ਇਤਿਹਾਸਕ ਜ਼ਿਕਰ ਦਾਦਾ ਸਾਹਿਬ ਜੋਤੀ ਰਾਓ ਫੂਲੇ ਇਉਂ ਕਰਦੇ ਹਨ :

ਬ੍ਰਹਮਾ ਦੇ ਮਰਨ ਉਪਰੰਤ ਬਣੇ ਰਾਜਾ ਭਾਵ ਮੁਖੀਆਂ ਬਾਰੇ ਜੋਤੀ ਵਾ ਲਿਖਦੇ ਹਨ, 'ਬ੍ਰਾਹਮਣਾਂ ਦਾ ਮੁਖੀ ਪਰਸ਼ੂ ਰਾਮ ਸੀ... ਪਰਸ਼ੂ ਰਾਮ ਸੁਭਾਅ ਤੋਂ ਧਾੜਵੀ, ਸਾਹਸੀ, ਵਿਨਾਸ਼ਕਾਰੀ, ਨਿਰਦਈ, ਮੂਰਖ ਅਤੇ ਨੀਚ ਪਰਵਿਰਤੀ ਦਾ ਸੀ। ਉਸ ਨੇ ਜਨਮ ਦੇਣ ਵਾਲੀ ਆਪਣੀ ਮਾਂ ਰੇਣਕੂ ਦੀ ਗਰਦਨ ਕੱਟਣ ਵਿਚ ਵੀ ਕੋਈ ਸੰਕੋਚ ਮਹਿਸੂਸ ਨਹੀਂ ਸੀ ਕੀਤਾ।' (42) 'ਪਰਜਾਪਤੀ ਦੇ ਮਰਨ ਉਪਰੰਤ ਸਾਰੇ ਮਹਾਰਾਂ ਨੇ, ਬ੍ਰਾਹਮਣਾਂ ਦੇ ਜਾਲ ਵਿਚ ਫਸੇ ਆਪਣੇ ਭਰਾਵਾਂ ਨੂੰ ਗੁਲਾਮੀ ਤੋਂ ਮੁਕਤ ਕਰਵਾਉਣ ਲਈ ਪਰਸ਼ੂ ਰਾਮ ਨਾਲ ਇੱਕੀ ਵਾਰ ਯੁੱਧ ਕੀਤਾ। ਇਨ੍ਹਾਂ ਲੜਾਈਆਂ ਉਪਰੰਤ ਹੀ ਇਨ੍ਹਾਂ ਦਾ ਨਾਂ ਦੈਂਤ ਪੈ ਗਿਆ।

ਜੋਤੀ ਵਾ ਫੂਲੇ ਦੀ ਖੋਜ ਮੁਤਾਬਕ ਮੂਲ ਨਿਵਾਸੀਆਂ, ਮਹਾਰਾਂ, ਮਾਂਗਾ, ਮਤੰਗਾਂ, ਕੁਣਬੀਆਂ, ਕੁਰਮੀਆਂ ਆਦਿ 'ਤੇ ਹਮਲੇ ਕੀਤੇ ਗਏ ਤਾਂ ਕਿ ਇਹ ਹਮੇਸ਼ਾ ਲਈ ਸਿਰ

ਚੁੱਕਣਾ ਬੰਦ ਕਰ ਦੇਣ। ਉਨ੍ਹਾਂ ਵਿਚੋਂ ਬਹੁਤ ਲੋਕਾਂ ਨੇ ਦੂਰ-ਦੂਰ ਜਾ ਕੇ ਛਿਪ-ਛਿਪਾ ਦਿਨ ਕੱਟਣੇ ਸ਼ੁਰੂ ਕਰ ਦਿੱਤੇ। (ਜਿਸ ਤਰ੍ਹਾਂ ਚੁਰੂ ਤੇ ਸੀਕਰ ਦੇ ਇਲਾਕਿਆਂ ਵਿਚ ਵਸਦੇ ਸੈਣੀਆਂ ਮਾਲੀਆਂ ਨੇ ਸਾਨੂੰ ਦੱਸਿਆ ਕਿ ਪੇਸ਼ਵਾ ਰਾਜ ਦੌਰਾਨ, ਪੇਸ਼ਵਾ ਬ੍ਰਾਹਮਣਾਂ ਦੇ ਘੋਰ ਅੱਤਿਆਚਾਰਾਂ ਕਾਰਨ ਉਨ੍ਹਾਂ ਨੂੰ ਅਨੇਕ ਵਾਰ ਅੱਗੇ ਦੀ ਅੱਗੇ ਉੱਜੜਨਾ ਪਿਆ ਅਤੇ ਉਹ ਏਥੇ ਆ ਵੱਸੇ। ਸੰਭਵ ਹੈ ਪੰਜਾਬ ਦੇ ਸੈਣੀ ਮਾਲੀ ਵੀ ਉਸੇ ਸ਼ਾਸਨ ਦੌਰਾਨ ਉੱਜੜ ਕੇ ਪੰਜਾਬ ਦੇ ਉੱਪਰਲੇ ਖੇਤਰਾਂ ਵਿਚ ਆ ਵਸੇ ਹੋਣ। ਏਸੇ ਤਰ੍ਹਾਂ ਜਿਵੇਂ ਪੰਜਾਬ ਤੇ ਹਰਿਆਣਾ ਦੇ ਲੱਖਾਂ ਜਾਟ ਤੇ ਜੱਟ, ਠਾਕਰਾਂ ਤੇ ਬ੍ਰਾਹਮਣਾਂ ਦੇ ਜ਼ੁਲਮਾਂ ਕਾਰਨ ਇਸ ਇਲਾਕੇ ਵੱਲ ਆ ਕੇ ਵਸੇ। ਇਹ ਇਤਿਹਾਸ (A History of Rajasthan) ਵਿਚ ਦਰਜ ਹੈ ਅਤੇ ਅਨੇਕ ਜਾਟਾਂ ਅਤੇ ਮਾਲਵੇ ਦੇ ਬਰਾੜਾਂ ਦੇ ਬਜ਼ੁਰਗਾਂ ਤੋਂ ਇਹ ਇਤਿਹਾਸਕ ਜਾਣਕਾਰੀ ਨਿੱਜੀ ਤੌਰ 'ਤੇ ਵੀ ਲਈ ਗਈ, ਜੋ ਅੱਜ ਵੀ ਜੀਵਤ ਹਨ)

ਜਦੋਂ ਜੋਤ੍ਹੀ ਰਾਓ ਫੂਲੇ ਇਹ ਲਿਖਦੇ ਹਨ ਕਿ ਉਨ੍ਹਾਂ ਨੇ ਕੈਦਖਾਨੇ ਦਾ ਬਹਿਸ਼ਕਾਰ ਕਰ ਦਿੱਤਾ ਤਾਂ ਉਹ ਇਸ ਬੌਧਿਕ ਪ੍ਰਵਰਤਨ ਦਾ ਸਬੂਤ ਆਪਣੀ ਹੇਠ ਦਿੱਤੀ ਜਾ ਰਹੀ ਚਿੱਠੀ ਵਿਚ ਪੇਸ਼ ਕਰਦੇ ਹਨ :

ਪਹਿਲੀ ਅਗਸਤ 1872 ਨੂੰ ਜੋਤੀ ਰਾ ਫੂਲੇ ਨੂੰ ਕਿਸੇ ਨੇ ਪ੍ਰਸ਼ਨ ਕੀਤਾ ਕਿ ਹਿੰਦੂਆਂ ਦਾ ਪਰਸ਼ੂ ਰਾਮ ਆਦਿਨਰਾਇਣ ਦਾ ਅਵਤਾਰ ਹੈ ਅਤੇ ਉਹ ਚਿਰੰਜੀਵੀ ਹੈ, ਇਹ ਗੱਲ ਬ੍ਰਾਹਮਣਾਂ ਨੇ ਆਪਣੇ ਗ੍ਰੰਥਾਂ 'ਚ ਲਿਖੀ ਅਤੇ ਲੋਕਾਂ ਨੂੰ ਰਟਾਈ ਹੈ, ਇਸ ਬਾਰੇ ਜੋਤੀ ਰਾ ਫੂਲੇ ਦਾ ਕੀ ਵਿਚਾਰ ਹੈ? ਤਾਂ ਜੋਤੀ ਰਾ ਫੂਲੇ ਨੇ ਚਿਰੰਜੀਵੀ ਅਵਤਾਰ ਪਰਸ਼ੂ ਰਾਮ ਦੇ ਨਾਂਅ ਹੇਠ ਲਿਖਿਆ ਪੱਤਰ ਜਾਰੀ ਕੀਤਾ :

ਤਾਰੀਖ 1, ਮਹੀਨਾ ਅਗਸਤ, ਸੰਨ 1872

ਚਿਰੰਜੀਵੀ ਪਰਸ਼ੂ ਰਾਮ
(ਭਾਵ ਆਦਿਨਰਾਇਣ ਦੇ ਅਵਤਾਰ ਵੱਲ)
ਠਿਕਾਣਾ, ਸਰਬੱਤ ਸਥਾਨ।

"ਤਾਤ (ਪਿਆਰੇ) ਪਰਸੂ ਰਾਮ ਤੂੰ ਬ੍ਰਾਹਮਣਾਂ ਦੇ ਗ੍ਰੰਥਾਂ ਦੇ ਕਾਰਨ ਚਿਰੰਜੀਵ ਹੈ। ਕਰੇਲਾ ਕੌੜਾ ਕਿਉਂ ਨਾ ਹੋਵੇ ਪਰ ਤੂੰ ਵਿਧੀ ਪੂਰਵਕ ਕਰੇਲਾ ਖਾਣ ਦਾ ਵਿਰੋਧ ਨਹੀਂ ਕੀਤਾ। ਪਰਸ਼ੂ ਰਾਮ ਤੈਨੂੰ ਪਹਿਲਾਂ ਵਾਂਗ, ਮੱਛਾਂ ਦੀ ਲਾਸ਼ ਤੋਂ ਹੋਰ ਨਵੇਂ ਬ੍ਰਾਹਮਣ ਪੈਦਾ ਕਰਨ ਦੀ ਲੋੜ ਨਹੀਂ ਪਵੇਗੀ ਕਿਉਂਕਿ ਅੱਜ ਤੇਰੇ ਰਾਹੀਂ ਲਾਸ਼ ਤੋਂ ਪੈਦਾ ਕੀਤੇ ਜੋ ਬ੍ਰਾਹਮਣ ਹਨ, ਉਨ੍ਹਾਂ ਵਿਚੋਂ ਕਈ ਬ੍ਰਾਹਮਣ ਵਿਵਧਗਿਆਨੀ (ਬ੍ਰਹਮਗਿਆਨੀ) ਹੋ ਗਏ ਹਨ। ਤੈਨੂੰ ਹੁਣ ਉਨ੍ਹਾਂ ਨੂੰ ਹੋਰ ਗਿਆਨ ਦੇਣ ਦੀ ਜ਼ਰੂਰਤ ਨਹੀਂ ਰਹੇਗੀ। ਇਸ ਲਈ ਹੇ ਪਰਸ਼ੂ ਰਾਮ। ਤੂੰ ਇਥੇ ਆ ਤੇ ਜਿਨ੍ਹਾਂ ਬ੍ਰਾਹਮਣਾਂ ਨੇ ਸ਼ੂਦਰ ਮਾਲੀਆਂ ਦੁਆਰਾ ਖੇਤਾਂ ਵਿਚ ਬੀਜੀਆਂ ਗਾਜਰਾਂ ਨੂੰ ਖੂਬ ਖਾਧਾ ਹੈ, ਉਨ੍ਹਾਂ ਸਮੇਤ ਬ੍ਰਾਹਮਣਾਂ ਨੂੰ ਚੰਦਰਾਇਣ ਵਰਤ ਕਰਵਾ ਕੇ, ਉਨ੍ਹਾਂ 'ਤੇ ਵੇਦ ਮੰਤਰਾਂ ਦੇ ਜਾਦੂ ਦੀ ਤਾਕਤ ਦਾ ਪਹਿਲਾਂ ਵਰਗਾ ਕੋਈ ਚਮਤਕਾਰ ਕਰਕੇ, ਅੰਗਰੇਜ਼ ਅਤੇ ਫਰਾਂਸੀਸੀ ਲੋਕਾਂ ਨੂੰ ਦਿਖਾ ਦੇ। ਉਹ ਵੱਸ ਵਿਚ ਆ ਜਾਣਗੇ।

ਹੇ ਪਰਸ਼ੂ ਰਾਮ। ਤੂੰ ਇਸ ਤਰ੍ਹਾਂ ਮੂੰਹ ਛਿਪਾ ਕੇ ਭਗੌੜਾ ਬਣ ਕੇ ਨਾ ਘੁੰਮਿਆ ਕਰ। ਤੂੰ ਇਸ ਨੋਟਿਸ ਦੀ ਤਾਰੀਖ ਤੋਂ ਛੇ ਮਹੀਨਿਆਂ ਦੇ ਅੰਦਰ-ਅੰਦਰ ਇਥੇ ਹਾਜ਼ਰ ਹੋ ਜਾਵੇਂ ਤਾਂ ਮੈਂ ਹੀ ਨਹੀਂ ਸਾਰੀ ਦੁਨੀਆਂ ਦੇ ਲੋਕ ਤੈਨੂੰ ਆਦਿਨਰਾਇਣ ਦਾ ਅਵਤਾਰ ਸਮਝਣਗੇ ਤੇ ਲੋਕ ਤੇਰਾ ਸਨਮਾਨ ਕਰਨਗੇ। ਲੇਕਿਨ ਜੇ ਤੂੰ ਅਜਿਹਾ ਨਾ ਕਰ ਸਕਿਆ ਤਾਂ ਇਥੋਂ ਦੇ

ਮਹਾਰ, ਮਤੰਗ ਜੋ ਸਾਰੇ ਮਹਿਖਾਸੁਰ ਦੇ ਪਿੱਛੇ ਲੁਕੇ ਬੈਠੇ ਹਨ (ਮਹਾਰਾਂ ਤੇ ਮਤੰਗਾਂ 'ਤੇ ਪਰਸ਼ੂ ਰਾਮ ਨੇ ਇੱਕੀ ਵਾਰ ਹਮਲੇ ਕਰਕੇ ਉਨ੍ਹਾਂ ਦਾ ਬੀਜ ਨਾਸ਼ ਕੀਤਾ ਸੀ ਤੇ ਮਹਿਖਾਸੁਰ, ਜੋ ਮੈਸੂਰ ਦਾ ਰਾਜਾ ਸੀ, ਉਸ ਨੂੰ ਦੁਰਗਾ ਦੇਵੀ ਨੇ ਕਤਲ ਕੀਤਾ ਸੀ) ਇਸ ਲਈ ਉਹ ਡਰੇ ਬੈਠੇ ਹਨ, ਉਹ ਲੋਕ ਤੇਰੇ ਬ੍ਰਿਧਗਿਆਨੀ ਕਹਾਉਣ ਵਾਲੇ ਬ੍ਰਾਹਮਣ ਬੱਚਿਆਂ ਨੂੰ ਖਿੱਚ ਕੇ ਬਾਹਰ ਲੈ ਆਉਣਗੇ ਤੇ ਬੇਹਾਲ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਨਤੀਜਾ ਇਹ ਹੋਵੇਗਾ ਕਿ ਇਨ੍ਹਾਂ ਭੰਡਾਂ (ਝੂਠਿਆਂ ਪਾਜੀਆਂ) ਦੇ ਇਕ ਤਾਰੇ (ਤੂੰਬੇ) ਦੀ ਤਾਰ ਟੁੱਟ ਜਾਵੇਗੀ, ਜਿਸ 'ਤੇ ਉਹ ਤੇਰੇ ਭਜਨ ਗਾਉਂਦੇ ਹਨ। ਉਨ੍ਹਾਂ ਦੀ ਝੋਲੀ (ਦਾਨ ਨਾਲ ਨਹੀਂ) ਪੱਥਰਾਂ ਨਾਲ ਭਰ ਜਾਵੇਗੀ, ਫਿਰ ਉਨ੍ਹਾਂ ਨੂੰ ਦਸਰਥ ਦੇ ਗੁਰੂ ਵਿਸ਼ਵਾਮਿੱਤਰ (ਬ੍ਰਾਹਮਣ) ਵਾਂਗ ਭੁੱਖੇ ਤੇ ਕੰਗਾਲ ਰਹਿਣ ਦੀ ਐਨੀ ਮਜਬੂਰੀ ਦਾ ਸਾਹਮਣਾ ਕਰਨਾ ਪਵੇਗਾ ਕਿ ਉਨ੍ਹਾਂ ਨੂੰ ਕੁੱਤਿਆਂ ਦਾ ਮਾਸ ਖਾਣਾ ਪਵੇਗਾ। (ਕਿਉਂਕਿ ਵਿਸ਼ਵਾਮਿੱਤਰ ਨੂੰ ਵੀ ਇਕ ਵਾਰ ਭੁੱਖ ਕਾਰਨ, ਸ਼ੂਦਰ ਦੇ ਘਰੋਂ ਮਾਸ ਦੀ ਹੱਡੀ ਚੁਰਾ ਕੇ ਖਾਣੀ ਪਈ ਸੀ, ਕਥਾ ਰਮਾਇਣ ਵਾਲਮੀਕ) ਇਸ ਲਈ ਹੇ ਪਰਸ਼ੂ ਰਾਮ ਤੂੰ ਆਪਣੇ ਬ੍ਰਹਮਗਿਆਨੀ ਬ੍ਰਾਹਮਣਾਂ ਨੂੰ ਅਜਿਹੀ ਹਾਲਤ ਵਿਚ ਨਾ ਪਾ।

ਤੇਰਾ ਸੱਤ ਰੂਪ ਦੇਖਣ ਵਾਲਾ,
ਜੋਤੀ ਰਾਵ ਗੋਬਿੰਦ ਰਾਵ ਫੂਲੇ,
ਮਕਾਨ ਨੰ: 427, ਜੂਨਾ ਗੰਜ, ਪੂਨਾ
(ਸਫਾ 46, ਗੁਲਾਮਗਿਰੀ)

ਜੇ ਬਾਬਾ ਸਾਹਿਬ ਨੇ ਕਿਹਾ ਕਿ ਜੋਤੀ ਰਾਓ ਫੂਲੇ ਉਨ੍ਹਾਂ ਦੇ ਤੀਜੇ ਗੁਰੂ ਹਨ ਅਤੇ ਉਨ੍ਹਾਂ ਕਿਹਾ ਕਿ ਮੈਂ ਹਿੰਦੂ ਮਰੂੰਗਾ ਨਹੀਂ ਤਾਂ ਉਪਰੋਕਤ ਪੱਤਰ ਜੋ ਮਹਾਤਮਾ ਫੂਲੇ ਨੇ ਪਰਸ਼ੂ ਰਾਮ ਦੇ ਨਾਂਅ 1872 ਵਿਚ ਜਾਰੀ ਕੀਤਾ, ਹਿੰਦੂ ਧਰਮ ਦੇ ਬਹਿਸ਼ਕਾਰ ਦਾ ਇਸ ਤੋਂ ਵੱਡਾ ਪ੍ਰਮਾਣ ਕੋਈ ਹੋਰ ਕੀ ਪੇਸ਼ ਕਰ ਸਕਦਾ ਹੈ। ਗੁਰੂ ਜੋ ਮਾਰਗ ਦਿੰਦਾ ਹੈ ਉਹ ਬੜਾ ਪ੍ਰਤੱਖ ਹੈ, ਸਿੱਧਾ, ਜੋ ਅਗਲੇ ਕ੍ਰਾਂਤੀਕਾਰੀਆਂ ਲਈ ਮਾਰਗ ਦਰਸ਼ਨ ਹੈ।

ਬ੍ਰਾਹਮਣ ਭਗਵਾਨ ਪਰਸ਼ੂ ਰਾਮ ਨੂੰ ਅਜੇਹਾ ਪੱਤਰ ਜਾਰੀ ਕਰਨ ਦੇ ਕੀ ਕਾਰਨ ਰਹੇ ਇਸ ਦਾ ਜ਼ਿਕਰ ਗੁਲਾਮਗਿਰੀ ਵਿਚ ਇਸ ਤਰ੍ਹਾਂ ਹੋਇਆ ਹੈ। ਬ੍ਰਾਹਮਣ ਪਰਸ਼ੂ ਰਾਮ ਆਦਿ ਨਰਾਇਣ ਦੇ ਅਵਤਾਰ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਗਿਆ ਹੈ :

(ਸਫਾ 7) ਇਸ ਦੇਸ਼ ਦੇ ਮੂਲ ਨਿਵਾਸੀ ਕਸ਼ੱਤਰੀ (ਭਾਵ ਸੂਰਬੀਰ ਤੇ ਬਹਾਦਰ) ਲੋਕਾਂ ਨਾਲ, ਬ੍ਰਾਹਮਣ ਪੁਰੋਹਿਤ ਵਰਗ ਦੇ ਮੁਖੀਆ ਪਰਸ਼ੂ ਰਾਮ ਜਿਹੇ ਵਿਅਕਤੀ ਨੇ ਕਿੰਨੀ ਬੇਰਹਿਮੀ ਵਰਤੀ, ਇਹੀ ਇਸ ਗ੍ਰੰਥ ਵਿਚ ਦੱਸਣ ਦਾ ਯਤਨ ਕੀਤਾ ਗਿਆ ਹੈ। ਫਿਰ ਵੀ ਉਸ ਦੀ ਕਰੂਰਤਾ ਦੇ ਬਾਰੇ ਇੰਨਾ ਸਮਝ ਆਇਆ ਹੈ ਕਿ ਉਸ ਪਰਸ਼ੂ ਰਾਮ ਨੇ ਅਨੇਕ ਕਸ਼ੱਤਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਉਸ (ਬ੍ਰਾਹਮਣ) ਪਰਸ਼ੂ ਰਾਮ ਨੇ ਕਸ਼ੱਤਰੀਆਂ ਦੀਆਂ ਅਨਾਥ ਹੋਈਆਂ ਔਰਤਾਂ ਕੋਲੋਂ ਛੋਟੇ-ਛੋਟੇ ਚਾਰ-ਚਾਰ ਪੰਜ-ਪੰਜ ਮਹੀਨਿਆਂ ਦੇ ਨਿਰਦੋਸ਼ ਤੇ ਮਾਸੂਮ ਬੱਚੇ ਜਬਰਦਸਤੀ ਖੋਹ ਕੇ, ਮਨ 'ਚ ਕੋਈ ਝਿਜਕ ਨਾ ਰੱਖ ਕੇ, ਬੜੀ ਨਿਰਦਇਤਾ ਨਾਲ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਹ ਉਸ ਬ੍ਰਾਹਮਣ ਪਰਸ਼ੂ ਰਾਮ ਦਾ ਕਿੰਨਾ ਘੋਰ ਅਪਰਾਧ ਸੀ। ਉਹ ਚੰਡਾਲ ਏਨਾ ਕਰਕੇ ਹੀ ਚੁੱਪ ਨਹੀਂ ਰਿਹਾ। ਉਸ ਨੇ ਪਤੀ ਦੀ ਮੌਤ ਤੋਂ ਵਿਆਕੁਲ ਹੋਈਆਂ ਅਨੇਕਾਂ ਔਰਤਾਂ, ਜੋ ਆਪਣੇ ਪੇਟ ਦੇ ਗਰਭ ਦੀ ਰੱਖਿਆ ਕਾਰਨ, ਦੁਖੀ ਹੋ ਕੇ ਜੰਗਲਾਂ ਅਤੇ ਪਹਾੜਾਂ ਵੱਲ ਭੱਜੀਆਂ ਜਾ

ਰਹੀਆਂ ਸਨ, ਉਨ੍ਹਾਂ ਦਾ ਕਾਤਲ ਸ਼ਿਕਾਰੀ ਦੀ ਤਰ੍ਹਾਂ ਪਿੱਛਾ ਕਰਕੇ, ਉਨ੍ਹਾਂ ਨੂੰ ਫੜ ਕੇ ਲਿਆਂਦਾ, ਪ੍ਰਸੂਤ ਪਿੱਛੋਂ ਜਦੋਂ ਉਸ ਨੂੰ ਪਤਾ ਲਗਦਾ ਕਿ ਕਿਸੇ ਨੂੰ ਪੁੱਤਰ ਹੋਇਆ ਹੈ ਤਾਂ ਉਹ ਅੱਗ ਬਗੋਲਾ ਹੋ ਕੇ ਆਉਂਦਾ ਅਤੇ ਪਰਸੂਤਕ ਔਰਤਾਂ ਨੂੰ ਜਾਨ ਤੋਂ ਮਾਰ ਦਿੰਦਾ। ਇਸ ਤਰ੍ਹਾਂ ਦੀ ਕਥਾ ਬ੍ਰਾਹਮਣ ਗ੍ਰੰਥਾਂ ਵਿਚ ਮਿਲਦੀ ਹੈ।

(ਬ੍ਰਾਹਮਣ) ਪਰਸ਼ੂ ਰਾਮ ਨੇ ਇੱਕੀ ਵਾਰ ਕਸ਼ੱਤਰੀਆਂ (ਭਾਵ ਬਹਾਦਰ ਮੂਲ ਨਿਵਾਸੀਆਂ) ਨੂੰ ਜਿੱਤ ਕੇ ਉਨ੍ਹਾਂ ਦਾ ਸਰਬਨਾਸ਼ ਕੀਤਾ। (ਸਫਾ 7)

ਪਰਸ਼ੂ ਰਾਮ ਨੇ ਰਾਮ ਚੰਦਰ 'ਤੇ ਵੀ ਹਮਲੇ ਕੀਤੇ। ਇਸ ਦਾ ਇਕ ਕਾਰਨ ਜੋਤੀ ਰਾਓ ਫੂਲੇ ਨੇ ਇਹ ਦੱਸਿਆ ਹੈ ਕਿ ਜਦੋਂ ਰਾਮ ਚੰਦਰ ਨੇ, ਜਨਕ ਦਾ ਧਨੁਸ਼, ਸਵੰਬਰ ਵਿਚ ਤੋੜ ਦਿੱਤਾ ਤੇ ਜਾਨਕੀ ਜਿੱਤ ਲਈ ਤਾਂ ਪਰਸ਼ੂ ਰਾਮ ਦੇ ਮਨ 'ਚ ਵੱਡੀ ਈਰਖਾ ਪੈਦਾ ਹੋ ਗਈ, ਜੋ ਯੁੱਧ ਦਾ ਕਾਰਨ ਬਣੀ। (ਸਫਾ 44)

ਬ੍ਰਾਹਮਣ ਦੇਵਤਿਆਂ ਦਾ ਅਜੇਹਾ ਕਿਰਦਾਰ, ਉਨ੍ਹਾਂ ਦੇ ਧਰਮਗ੍ਰੰਥਾਂ ਵਿਚ ਖੁਲ੍ਹੇ ਜ਼ਿਕਰ ਵਿਚ ਆਉਂਦਾ ਹੈ। ਜੋਤੀ ਰਾਓ ਫੂਲੇ ਇਸ ਤਰ੍ਹਾਂ ਦੇ ਕਿਰਦਾਰਾਂ ਨੂੰ ਸਮਾਜ ਦੀ ਅਗਵਾਈ ਕਰਨ ਵਾਲੇ ਦਰਸ਼ਨ ਦੇ ਯੋਗ ਨਾ ਮੰਨਦੇ ਹੋਏ ਇਸ ਤੋਂ ਬਾਗੀ ਰੁਖ ਅਖਤਿਆਰ ਕਰਦਿਆਂ ਮਨੁੱਖੀ ਬਰਾਬਰੀ ਅਤੇ ਭਲੇ ਦਾ ਕਿਰਦਾਰ ਪੇਸ਼ ਕਰਦੇ ਹਨ।

ਸਾਡੀ ਸਮਾਜਕ ਕਹਾਣੀ ਬ੍ਰਹਮਾ ਦੇ ਸ੍ਰਿਸ਼ਟੀ ਦੀ ਰਚਨਾ ਕਰਨ ਤੋਂ ਸ਼ੁਰੂ ਹੋ ਜਾਂਦੀ ਹੈ ਕਿ ਬ੍ਰਹਮਾ ਨੇ ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ ਆਪਣੇ ਕਿਨ੍ਹਾਂ ਅੰਗਾਂ ਤੋਂ ਪੈਦਾ ਕੀਤੇ ਅਤੇ ਉਨ੍ਹਾਂ ਦੇ ਕੀ ਅਧਿਕਾਰ ਅਤੇ ਕੀ ਫਰਜ਼ ਨਿਸ਼ਚਤ ਕੀਤੇ। ਇਸ ਬਾਰੇ ਜੋਤੀ ਰਾਓ ਫੂਲੇ ਇਹ ਪ੍ਰਸ਼ਨ ਖੜ੍ਹਾ ਕਰਦੇ ਹਨ :

'ਬ੍ਰਾਹਮਣਾਂ ਦਾ ਕਹਿਣਾ ਹੈ ਕਿ ਬ੍ਰਾਹਮਣ, ਬ੍ਰਹਮਾ ਦੇ ਮੁੱਖ ਤੋਂ ਪੈਦਾ ਹੋਏ ਲੇਕਿਨ ਕੁਲ ਮਿਲਾ ਕੇ ਸਾਰੇ ਬ੍ਰਾਹਮਣਾਂ ਦੀ ਆਦਿ ਮਾਤਾ 'ਬ੍ਰਾਹਮਣੀ' ਬ੍ਰਹਮਾ ਦੇ ਕਿਸ ਅੰਗ ਤੋਂ ਪੈਦਾ ਹੋਈ? ਇਸ ਬਾਰੇ ਮਨੂੰ ਨੇ ਆਪਣੀ ਸਹਿੰਤਾ ਵਿਚ ਕੁਝ ਨਹੀਂ ਲਿਖਿਆ।'

'ਅਸੀਂ ਭੂਦੇਵ ਹਾਂ, ਅਸੀਂ ਸਭ ਵਰਣਾਂ ਤੋਂ ਉੱਤਮ ਹਾਂ, ਹਮੇਸ਼ਾ ਬੜੇ ਗਰਬ ਨਾਲ ਕਹਿਣ ਵਾਲੇ ਇਨ੍ਹਾਂ ਬ੍ਰਾਹਮਣਾਂ ਨੂੰ ਜਨਮ ਦੇਣ ਵਾਲੀ ਆਦਿ ਮਾਤਾ ਬ੍ਰਾਹਮਣੀ ਹੀ ਹੈ ਨਾ?' (15) ਪ੍ਰਸ਼ਨ ਇਹ ਹੈ ਕਿ ਜੇ ਪਰਜਾਪਤੀ ਵਿਰਾਟ ਰੂਪ ਬ੍ਰਹਮਾ ਨੇ ਬ੍ਰਾਹਮਣੀ ਨੂੰ ਜਨਮ ਨਹੀਂ ਦਿੱਤਾ ਤਾਂ ਉਹ ਕਿਥੋਂ ਆਈ? ਅਤੇ ਬ੍ਰਹਮਾ ਦੀ ਥਾਂ ਇਕ ਬ੍ਰਾਹਮਣੀ ਹੀ ਬ੍ਰਾਹਮਣ ਨੂੰ ਜਨਮ ਕਿਉਂ ਦਿੰਦੀ ਹੈ? ਕੀ ਕੋਈ ਬ੍ਰਾਹਮਣ, ਬ੍ਰਾਹਮਣੀ ਮਾਂ ਦੇ ਪੇਟ ਤੋਂ ਬਿਨਾਂ ਪੈਦਾ ਹੋਇਆ ਹੈ? ਕੀ ਕਿਸੇ ਬ੍ਰਾਹਮਣ ਨੇ ਕਿਸੇ ਹੋਰ ਰਾਹੋਂ ਜਨਮ ਲਿਆ ਹੈ? ਸਤਿਗੁਰੂ ਕਬੀਰ ਵੀ ਇਹੀ ਪ੍ਰਸ਼ਨ ਕਰਦੇ ਹਨ ਕਿ, 'ਜੇ ਤੂੰ ਬ੍ਰਾਮਣ ਬ੍ਰਾਮਣੀ ਜਾਇਆ, ਆਨ ਵਾਟ ਕਾਹੇ ਨਹੀਂ ਆਇਆ।'

ਕੀ ਭਾਰਤ ਦਾ ਕੋਈ ਵੀ ਬ੍ਰਾਹਮਣ ਇਹ ਦਾਅਵਾ ਕਰ ਸਕਦਾ ਹੈ, ਚਾਹੇ ਉਹ ਸ਼ੰਕਰਾਚਾਰੀਆ ਹੀ ਕਿਉਂ ਨਾ ਹੋਵੇ ਕਿ ਉਸ ਨੂੰ ਬ੍ਰਾਹਮਣੀ ਮਾਤਾ ਦੇ ਪੇਟ ਤੋਂ ਬਿਨਾਂ ਜਨਮ ਮਿਲਿਆ ਹੈ? ਕੋਈ ਨਹੀਂ ਕਹਿ ਸਕਦਾ। ਇਸ ਲਈ ਬ੍ਰਹਮਾ ਦਾ ਸ੍ਰਿਸ਼ਟੀ ਰਚਨਾ ਦਾ ਸਿਧਾਂਤ, ਸ਼ੂਦਰਾਂ ਨੂੰ ਮੂਰਖ ਬਣਾ ਕੇ, ਗੁਲਾਮ ਰੱਖ ਕੇ ਉਨ੍ਹਾਂ ਤੋਂ ਬ੍ਰਾਹਮਣਾਂ ਦੀ ਸੇਵਾ ਕਰਵਾਉਣਾ ਹੀ ਸੀ।

ਜੋਤੀ ਰਾਓ ਫੂਲੇ ਦੋ ਕਦਮ ਹੋਰ ਅੱਗੇ ਜਾ ਕੇ ਕਹਿੰਦੇ ਹਨ :

'ਹੁਣ ਬ੍ਰਾਹਮਣ ਨੂੰ ਪੈਦਾ ਕਰਨ ਵਾਲੇ ਬ੍ਰਹਮਾ ਦਾ ਜੋ ਮੂੰਹ ਹੈ, ਉਹ ਹਰ ਮਹੀਨੇ

ਮਾਹਵਾਰੀ ਆਉਣ 'ਤੇ, ਤਿੰਨ ਚਾਰ ਦਿਨਾਂ ਲਈ ਅਪਵਿੱਤਰ ਹੁੰਦਾ ਸੀ ਜਾਂ ਲਿੰਗਾਇਤ ਔਰਤਾਂ ਦੀ ਤਰ੍ਹਾਂ ਭਸਮ ਲਗਾ ਕੇ ਪਵਿੱਤਰ ਹੋ ਕੇ, ਘਰ ਦੇ ਕੰਮ ਧੰਦੇ ਲੱਗ ਜਾਂਦਾ ਸੀ?' ਇਸ ਬਾਰੇ ਮਨੂੰ ਨੇ ਕੁਝ ਲਿਖਿਆ ਹੈ ਜਾਂ ਨਹੀਂ?'

'ਇਸ ਤੋਂ ਹੀ ਤੂੰ ਸੋਚ ਸਕਦਾ ਹੈ ਕਿ ਬ੍ਰਹਮਾਂ ਦਾ ਮੂੰਹ, ਬਾਹਾਂ, ਜੰਘਾਂ ਅਤੇ ਪੈਰ, ਇਨ੍ਹਾਂ ਚਾਰਾਂ ਅੰਗਾਂ ਦੀ ਯੋਨੀ-ਮਾਹਵਾਰੀ ਦੇ ਕਾਰਨ, ਉਸ ਨੂੰ ਕੁੱਲ ਮਿਲਾ ਕੇ ਸੋਲ੍ਹਾਂ ਦਿਨਾਂ ਲਈ ਅਸ਼ੁੱਧ ਹੋ ਕੇ, ਦੂਰ-ਦੂਰ (ਸੂਤਕ ਕਾਰਨ) ਰਹਿਣਾ ਪੈਂਦਾ ਹੋਵੇਗਾ। ਫਿਰ ਸਵਾਲ ਪੈਦਾ ਹੁੰਦਾ ਹੈ ਕਿ ਉਸ ਦੇ ਘਰ ਦਾ ਕੰਮ ਧੰਦਾ ਕੌਣ ਕਰਦਾ ਹੋਵੇਗਾ? (16)

ਕਿਉਂਕਿ ਔਰਤ ਤੋਂ ਬਿਨਾਂ ਕਿਸੇ ਮਰਦ ਦਾ ਜਾਂ ਔਰਤ ਦਾ ਪੈਦਾ ਹੋਣਾ ਕੋਰੇ ਝੂਠ ਤੋਂ ਸਿਵਾ ਕੁਝ ਨਹੀਂ। ਝੂਠ ਮਾਰਨ ਵਾਲਾ ਸ਼ੈਤਾਨ ਹੈ ਤੇ ਮਹਾਂ ਝੂਠਾ ਹੈ। ਪ੍ਰੰਤੂ ਇਸ ਝੂਠ ਨੂੰ ਮੰਨਣ ਵਾਲਾ ਨਿਰਾ ਪਸ਼ੂ ਤੇ ਮਹਾਂਮੂਰਖ ਹੈ ਹਾਲਾਂਕਿ ਹਰ ਪਸ਼ੂ ਤੇ ਜਾਨਵਰ ਵੀ ਆਪਣੀ ਮਾਂ ਨੂੰ ਹਜ਼ਾਰਾਂ ਵਿਚੋਂ ਪਛਾਣ ਲੈਂਦਾ ਹੈ। ਦੂਜੇ ਪਾਸੇ ਬ੍ਰਾਹਮਣ ਹੈ ਜੋ ਮਾਂ ਦੇ ਪੇਟੋਂ ਜਨਮ ਲੈ ਕੇ, ਆਪਣੇ-ਆਪ ਨੂੰ ਬ੍ਰਹਮਾ ਦੇ ਸਿਰ ਤੋਂ ਪੈਦਾ ਹੋਇਆ ਕਹਿ ਕੇ ਅਣਹੋਣੀ ਕਰਦਾ ਹੈ। ਉਸ ਦੀ ਇਸ ਅਣਹੋਣੀ ਨੂੰ ਮੰਨਣ ਵਾਲੇ ਹਰ ਮਰਦ ਤੇ ਔਰਤ ਨੂੰ, ਮਨੁੱਖਾਂ ਜਾਂ ਪਸ਼ੂਆਂ ਦਾ ਕਿਹੜਾ ਦਰਜਾ ਦਿੱਤਾ ਜਾ ਸਕਦਾ ਹੈ? ਇਹ ਗੱਲ ਸਮਝਣੀ ਬਣਦੀ ਹੈ।

ਜੋਤੀ ਰਾਓ ਫੂਲੇ! 'ਅੱਛਾ, ਉਹ ਗਰਭ ਬ੍ਰਹਮਾਂ ਦੇ ਮੂੰਹ ਵਿਚ ਜਿਸ ਦਿਨ ਠਹਿਰਿਆ, ਉਸ ਦਿਨ ਤੋਂ ਲੈ ਕੇ ਨੌ ਮਹੀਨੇ ਦਾ ਹੋਣ ਤੱਕ ਕਿਸ ਥਾਂ ਰਹਿ ਕੇ ਵਧਦਾ ਰਿਹਾ?' (17) ਕਿਉਂਕਿ ਮੂੰਹ ਵਿਚ ਕੋਈ ਬੱਚੇਦਾਨੀ ਨਹੀਂ ਹੁੰਦੀ। ਨਾ ਬੱਚੇਦਾਨੀ ਬਾਹਾਂ, ਲੱਤਾਂ ਤੇ ਪੈਰਾਂ ਵਿਚ ਹੁੰਦੀ ਹੈ। 'ਅੱਛਾ ਫਿਰ ਜਦ ਇਹ ਬ੍ਰਾਹਮਣ ਬਾਲਕ ਪੈਦਾ ਹੋਇਆ ਉਸ ਨਵਜਨਮੇਂ ਬੱਚੇ ਨੂੰ ਬ੍ਰਹਮਾ ਨੇ ਆਪਣੇ (ਮੰਮਿਆਂ) ਸਤਨਾਂ ਦਾ ਦੁੱਧ ਪਿਆਇਆ ਜਾਂ ਬਾਹਰ ਦਾ ਦੁੱਧ ਪਿਆ ਕੇ ਛੋਟੇ ਤੋਂ ਵੱਡਾ ਕੀਤਾ?' (17)

ਅੱਗੇ ਜੋਤੀ ਰਾਓ ਦੱਸਦੇ ਹਨ ਕਿ ਜਦੋਂ ਬ੍ਰਹਮਾ ਦੀ ਔਰਤ ਹੈ, ਭਾਵ ਸਵਿੱਤਰੀ ਨਾਂਅ ਦੀ ਪਤਨੀ ਹੈ ਤਾਂ ਬ੍ਰਾਹਮਣ ਬੱਚਾ ਪੈਦਾ ਕਰਨ ਲਈ ਉਸ ਨੇ ਆਪਣਾ ਸਿਰ ਜਾਂ ਮੂੰਹ ਕਿਉਂ ਵਰਤਿਆ?

ਬ੍ਰਹਮਾ ਜੋ ਬ੍ਰਾਹਮਣੀ ਆਰੀਆ ਧਰਮ ਅਨੁਸਾਰ ਸ੍ਰਿਸ਼ਟੀ ਦਾ ਕਰਤਾ ਹੈ ਜੋਤੀ ਰਾਓ ਉਸੇ ਨੂੰ ਹੀ ਆਪਣੀ ਕਰਤਾਰੀ ਦਲੀਲ ਦੀ ਕਸਵੱਟੀ ਉੱਤੇ ਰੱਖ ਦਿੰਦੇ ਹਨ ਤੇ ਪ੍ਰਸ਼ਨ ਖੜ੍ਹਾ ਕਰ ਦਿੰਦੇ ਹਨ ਕਿ ਅਜੇਹੀ ਅਣਹੋਣੀ ਸੰਭਵ ਨਹੀਂ ਹੈ। ਤਾਂ ਫਿਰ ਇਸ ਸੋਚ ਦੀ ਗੁਲਾਮੀ ਕਿਉਂ?

ਜੋਤੀ ਰਾਓ ਫੂਲੇ ਨੇ ਆਪਣੀ ਪੁਸਤਕ ਦਾ ਜ਼ਿਕਰ ਇਸ ਪ੍ਰਕਾਰ ਸ਼ੁਰੂ ਕੀਤਾ ਹੈ :

'ਬ੍ਰਾਹਮਣਵਾਦੀ ਧਰਮ ਦੀ ਛਤਰ ਛਾਇਆ ਹੇਠ 'ਗੁਲਾਮਗਿਰੀ' (13)

ਦੂਜੇ ਭਾਗ ਵਿਚ ਜੋਤੀ ਰਾਓ ਦੱਸਦੇ ਹਨ, ਇਸ ਦੇਸ਼ ਵਿਚ ਆਰੀਆ ਲੋਕਾਂ ਦੇ ਕਈ ਜਥੇ ਜਲ ਮਾਰਗ ਰਾਹੀਂ ਆਏ। ਲੜਾਕੂ ਕਿਸ਼ਤੀਆਂ ਉਸ ਸਮੇਂ ਨਹੀਂ ਸਨ। ਇਸ ਲਈ ਜਥੇ ਛੋਟੀਆਂ-ਛੋਟੀਆਂ ਕਿਸ਼ਤੀਆਂ ਵਿਚ ਆਏ ਅਤੇ ਉਹ ਕਿਸ਼ਤੀਆਂ ਮੱਛੀਆਂ ਦੀ ਤਰ੍ਹਾਂ ਤੇਜ਼ੀ ਨਾਲ ਪਾਣੀ 'ਤੇ ਤਰਦੀਆਂ ਸਨ। ਇਸੇ ਲਈ ਉਸ ਜਥੇ ਦੇ ਅਧਿਕਾਰੀ ਦਾ ਉਪਨਾਮ 'ਮਤਸੋਯ' ਪੈ ਗਿਆ ਹੋਵੇਗਾ।

ਕਿਸੇ ਨੇ ਪ੍ਰਸ਼ਨ ਕੀਤਾ ਕਿ, ਬ੍ਰਾਹਮਣ ਇਤਿਹਾਸਕਾਰਾਂ ਨੇ ਭਾਗਵਤ ਆਦਿ ਗ੍ਰੰਥਾਂ ਵਿਚ ਇਸ ਤਰ੍ਹਾਂ ਲਿਖਿਆ ਹੈ ਕਿ ਉਸ ਜਥੇ ਦਾ ਮੁਖੀਆ ਮਤਸੋਯ (ਭਾਵ ਮੱਛੀ) ਤੋਂ

ਪੈਦਾ ਹੋਇਆ ਸੀ? (19)

ਇਹ ਗੱਲ ਮੱਛ ਅਵਤਾਰ ਦੀ ਹੈ ਜਿਵੇਂ ਅਸੀਂ ਪਹਿਲਾਂ ਬ੍ਰਹਮਾ ਬਾਰੇ ਵਿਚਾਰ ਪੜ੍ਹੇ ਸੁਣੇ ਹਨ। ਜੋਤੀ ਬਾ ਨੇ ਦੱਸਿਆ ਕਿ ਮੱਛੀ ਤੇ ਔਰਤ 'ਚ ਬੇਜੋੜ ਅੰਤਰ ਹੈ। ਮੱਛੀ ਪਾਣੀ ਬਿਨਾਂ ਮਰ ਜਾਂਦੀ ਹੈ। ਉਸ ਦਾ ਹਰ ਬੱਚਾ ਮਰ ਜਾਂਦਾ ਹੈ। ਫਿਰ ਮੱਛੀ ਦੇ ਪੇਟੋਂ ਪੈਦਾ ਹੋਇਆ ਮੱਛ ਅਵਤਾਰ ਜਿਉਂਦਾ ਨਹੀਂ ਰਹਿ ਸਕਦਾ। ਮੱਛੀ ਆਂਡੇ ਦਿੰਦੀ ਹੈ। ਮਨੁੱਖ ਕਦੀ ਵੀ ਆਂਡੇ ਤੋਂ ਜਨਮ ਨਹੀਂ ਲੈਂਦਾ। ਜੇ ਮੱਛ ਅਵਤਾਰ ਪੈਦਾ ਹੋਇਆ ਹੈ ਤਾਂ ਉਹ ਕਦੀ ਵੀ ਆਂਡੇ ਤੋਂ ਪੈਦਾ ਨਹੀਂ ਹੋ ਸਕਦਾ। ਹਾਂ ਇਹ ਸੰਭਵ ਹੈ ਕਿ ਜਥੇ ਦੇ ਮੁਖੀਆਂ ਦੇ ਸਰੀਰ ਵਿਚ ਤੈਰਦੀ ਹੋਈ ਮੱਛੀ ਵਰਗੀ ਫੁਰਤੀ ਹੋਵੇ। ਉਹ ਛੇਤੀ ਕੀਤੇ ਹੱਥ ਨਾ ਆਉਣ ਵਾਲਾ ਹੋਵੇ। ਤੇਜ਼ਤਰਾਰ ਤੇ ਘਚਾਨੀਆਂ ਦੇਣ 'ਚ ਮਾਹਰ ਹੋਵੇ। ਮੱਛੀ ਵਾਂਗ ਮੂਹਰੋਂ ਪਾਣੀ ਵਾਂਗ ਆ ਰਹੀ ਸ਼ਕਤੀ ਨੂੰ ਵੀ ਚੀਰ ਕੇ ਅੱਗੇ ਵਧ ਸਕਣ ਦੇ ਕਾਬਲ ਹੋਵੇ। ਇਨ੍ਹਾਂ ਗੁਣਾਂ ਕਾਰਨ ਤਾਂ ਉਸ ਨੂੰ ਮੱਛ ਅਵਤਾਰ ਕਿਹਾ ਜਾ ਸਕਦਾ ਹੈ ਪ੍ਰੰਤੂ ਉਹ ਮੱਛੀ ਦੇ ਪੇਟੋਂ ਪੈਦਾ ਹੋਇਆ ਨਹੀਂ ਮੰਨਿਆ ਜਾ ਸਕਦਾ।

ਜੋਤੀ ਬਾ : 'ਪੱਛਮ ਦੇ ਸਮੁੰਦਰ ਨੂੰ ਪਾਰ ਕਰਦੇ ਹੋਏ ਉਹ (ਜਥਾ) ਇਕ ਬੰਦਰਗਾਹ 'ਤੇ ਉੱਤਰਿਆ।'

ਉਸ ਨੇ ਸ਼ੰਖਾਸੁਰ ਨਾਂ ਦੇ ਖੇਤਰਪਤੀ (ਭਾਵ ਰਾਜੇ) ਨੂੰ ਜਾਨ ਤੋਂ ਮਾਰ ਦਿੱਤਾ ਅਤੇ ਉਸ ਦਾ ਰਾਜ ਖੋਹ ਲਿਆ। 'ਬਾਅਦ ਵਿਚ ਸ਼ੰਖਾਸੁਰ ਦਾ ਉਹ ਰਾਜ (ਮੱਛ ਅਵਤਾਰ) 'ਮਤਸੇਅ' ਦੇ ਮਰਨ ਤੱਕ ਆਰੀਆ ਲੋਕਾਂ ਦੇ ਅਧਿਕਾਰ ਹੇਠ ਬਗੈਰ ਕਿਸੇ ਖਤਰੇ ਤੋਂ ਰਿਹਾ। 'ਮਤਸੇਅ' ਦੇ ਮਰਦਿਆਂ ਹੀ ਸ਼ੰਖਾਸੁਰ ਦੇ ਲੋਕਾਂ ਨੇ ਆਪਣਾ ਰਾਜ ਵਾਪਸ ਲੈਣ ਦੇ ਉਦੇਸ਼ ਨਾਲ ਮਤਸੇਅ ਦੇ ਕਬੀਲੇ 'ਤੇ ਬਹੁਤ ਹੀ ਖਤਰਨਾਕ ਤੇ ਤਕੜਾ ਹਮਲਾ ਬੋਲ ਦਿੱਤਾ।' (20) ਸ਼ੰਖਾਸੁਰ ਬਹੁਜਨਾਂ ਦਾ ਮੂਲਨਿਵਾਸੀ ਰਾਜਾ ਸੀ। ਉਸ ਦੇ ਲੋਕਾਂ ਨੇ ਮੁੜ ਜਦੋਂ ਆਰੀਅਨਾਂ 'ਤੇ ਹਮਲਾ ਕੀਤਾ ਤਾਂ ਆਰੀਅਨ ਕਬੀਲੇ ਨੇ ਜੰਗਲ 'ਚ ਵੜ ਕੇ, ਪਹਾੜਾਂ 'ਤੇ ਚੜ੍ਹ ਕੇ ਮਸਾਂ ਜਾਨ ਬਚਾਈ।

ਉਸੇ ਸਮੇਂ ਇਰਾਨ ਤੋਂ ਆਰੀਅਨ ਲੋਕਾਂ ਦਾ ਦੂਸਰਾ ਇਕ ਵੱਡਾ ਕਬੀਲਾ 'ਕਚਵੇ' 'ਤੇ ਬੰਦਰਗਾਹ ਤੱਕ ਆ ਪਹੁੰਚਿਆ। ਇਹ ਕਚਵੇ ਮੱਛਾਂ ਤੋਂ ਕੁਝ ਵੱਡੇ ਹੋਣ ਦੇ ਕਾਰਨ, ਪਾਣੀ 'ਤੇ ਕੱਛੂਆਂ ਵਾਂਗ ਹੌਲੀ-ਹੌਲੀ ਚੱਲ ਰਹੇ ਸਨ। ਇਸੇ ਲਈ ਉਸ ਕਬੀਲੇ ਦੇ ਮੁਖੀ ਦਾ ਉਪ ਨਾਮ ਕੱਛ (ਭਾਵ ਕੱਛ ਅਵਤਾਰ) ਪੈ ਗਿਆ।

ਜੋਤੀ ਰਾਓ ਫੂਲੇ ਵੱਲੋਂ ਇਸ ਇਤਿਹਾਸ ਦੀ ਜਾਣਕਾਰੀ ਦਾ ਅਰਥ ਹੈ ਕਿ ਭਾਰਤ ਦੇ ਮੂਲਨਿਵਾਸੀ ਇਹ ਸਮਝਣ ਕਿ ਆਰੀਆਂ ਨੇ ਲੁਕਵੇਂ ਨਾਵਾਂ ਅਤੇ ਲੁਕਵੀਂ ਭਾਸ਼ਾ ਰਾਹੀਂ ਕਿਵੇਂ ਇਸ ਮੁਲਕ ਦੇ ਮੂਲਨਿਵਾਸੀਆਂ ਨੂੰ ਮੂਰਖ ਬਣਾਇਆ ਅਤੇ ਮੂਰਖਤਾ ਪੈਦਾ ਕਰਕੇ ਪੱਕੀ ਗੁਲਾਮੀ ਪੈਦਾ ਕੀਤੀ। ਹਕੀਕਤ ਕੀ ਹੈ ਉਸ ਦਾ ਜ਼ਿਕਰ ਨਾਲੋ-ਨਾਲ ਕੀਤਾ ਕਿ ਮੂਲਵਾਸੀ ਝੂਠ ਦੀ ਕੈਦ ਵਿਚੋਂ ਨਿਕਲ ਜਾਣ ਤੇ ਬ੍ਰਾਹਮਣੀ ਤਰਜ਼ ਦੀ ਬੌਧਿਕ ਅਤੇ ਸਰੀਰਕ ਗੁਲਾਮੀ ਤੋਂ ਮੁਕਤੀ ਹਾਸਲ ਕਰਨ।

ਬ੍ਰਾਹਮਣਾਂ ਦਾ ਤੀਜਾ ਅਵਤਾਰ ਹੈ 'ਬਰਾਹ ਅਵਤਾਰ'। ਜਿਸ ਬਾਰੇ ਭਗਵਤ ਪੁਰਾਣ 'ਚ ਲਿਖਿਆ ਹੈ ਕਿ ਉਸ ਦੀ ਪੈਦਾਇਸ਼ ਸੂਅਰ ਤੋਂ ਹੋਈ ਹੈ। ਬਰਾਹ ਦੀ ਸੂਅਰੀ ਮਾਂ ਦਾ ਨਾਂ ਪਦਮਾ ਹੈ, ਜਿਸ ਦੇ ਪਤੀ ਦਾ ਨਾਂਅ ਬ੍ਰਹਮਾ ਹੈ। (22-23)

ਬ੍ਰਾਹਮਣਾਂ ਨੇ ਹਰ ਹਕੀਕਤ ਨੂੰ ਬੁਰੀ ਤਰ੍ਹਾਂ ਲੁਕੋਇਆ। ਬੇਨਾਮ ਇਤਿਹਾਸ

ਦਰਜ ਕੀਤਾ। ਸਿਰਫ ਆਪਣੇ ਤੱਕ ਹੀ ਸੱਚਾਈਆਂ ਸੀਮਤ ਰੱਖੀਆਂ ਪੁੱਤ੍ਰ ਗੁਲਾਮ ਹੋ ਗਏ। ਮੂਲਵਾਸੀਆਂ ਨੂੰ ਜੋ ਦੱਸਿਆ, ਉਹ ਬੜਾ ਮਕਾਰੀ ਤੇ ਸ਼ੈਤਾਨੀ ਭਰਿਆ ਹੈ, ਜਿਸ ਨੂੰ ਜੋਤੀ ਰਾਓ ਫੂਲੇ ਨੇ ਸਮਝਿਆ ਅਤੇ ਵਰਨਣ ਕੀਤਾ ਤਾਂ ਕਿ ਲੋਕ ਸੱਚਾਈਆਂ ਸਮਝ ਕੇ ਕੂੜ ਕੁਸੱਤ ਤੋਂ ਮੁਕਤ ਹੋ ਸਕਣ। ਜਿਵੇਂ ਬ੍ਰਾਹਮਣਾਂ ਦਾ ਚੌਥਾ ਅਵਤਾਰ ਹੈ 'ਨਰਸਿੰਘ' ਜਿਸ ਦੇ ਮਨ ਵਿਚ ਹਿਰਣਾ ਕਸ਼ਅਪ, ਜਿਸ ਨੂੰ ਅਸੀਂ ਹਰਨਾਖਸ਼ ਵੀ ਕਹਿੰਦੇ ਹਾਂ, ਉਸ ਨੂੰ ਮਾਰਨ ਦੀ ਇੱਛਾ ਪੈਦਾ ਹੋਈ।

'ਦੁਸ਼ਟ ਉਦੇਸ਼ ਸਫਲ ਹੋਵੇ, ਇਸ ਲਈ ਉਸ ਨੇ ਬਹੁਤ ਦਿਨਾਂ ਤੱਕ ਗੁਪਤ ਹਰਕਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਸ ਦੇ ਆਪਣੇ ਇਕ ਦਿਵਜ (ਸਵਰਨ) ਅਧਿਆਪਕ ਵਲੋਂ ਹਿਰਣਾ ਕਸ਼ਅਪ ਦੇ ਪ੍ਰਹਿਲਾਦ ਨਾਂਅ ਦੇ ਪੁੱਤਰ ਦੇ ਅਬੋਧ ਮਨ ਵਿਚ ਆਪਣੇ ਧਰਮ ਸਿਧਾਂਤ ਥੋਪਣ ਕਾਰਨ, ਪ੍ਰਹਿਲਾਦ ਨੇ ਆਪਣੇ "ਹਰ-ਹਰ" ਨਾਮ ਦੇ ਕੁੱਲ ਸਵਾਮੀ ਦੀ ਪੂਜਾ ਕਰਨੀ ਛੱਡ ਦਿੱਤੀ।'

ਜਦੋਂ ਪਿਤਾ ਵਲੋਂ, ਪ੍ਰਹਿਲਾਦ ਨੂੰ ਅਜਿਹਾ ਕਰਨ ਤੋਂ ਰੋਕਿਆ ਗਿਆ ਅਤੇ ਪ੍ਰਹਿਲਾਦ ਦੀ ਭੂਆ ਹੋਲਕਾ ਵੱਲੋਂ ਵੀ ਮਨਾਉਣ ਦਾ ਯਤਨ ਕੀਤਾ ਗਿਆ ਉਹ ਟੱਸ ਤੋਂ ਮੱਸ ਨਾ ਹੋਇਆ ਤੇ 'ਅੰਤ ਵਿਚ ਨਰਸਿੰਘ-ਅਵਤਾਰ (ਜੋ ਅਸਲ ਵਿਚ ਇੰਦਰ ਦਾ ਭਰਾ ਵਿਸ਼ਨੂੰ ਸੀ) ਨੇ ਉਸ ਅਬੋਧ (ਅਣਜਾਣ) ਬਾਲਕ ਨੂੰ ਆਪਣੇ ਬਹਿਕਾਵੇ ਵਿਚ ਲਿਆ ਕੇ, ਉਸ ਦਾ ਮਨ ਇਸ ਤਰ੍ਹਾਂ ਭ੍ਰਸ਼ਟ ਕੀਤਾ ਕਿ ਉਸ ਨੂੰ ਆਪਣੇ ਪਿਤਾ ਦੀ ਹੱਤਿਆ ਕਰਨੀ ਚਾਹੀਦੀ ਹੈ। ਲੇਕਿਨ ਇਸ ਤਰ੍ਹਾਂ ਦਾ ਗੈਰ-ਮਨੁੱਖੀ ਦੁਰਕੰਮ ਕਰਨ ਲਈ ਉਸ ਲੜਕੇ ਦੀ ਹਿੰਮਤ ਨਾ ਪਈ।' (25)

ਮਦ ਭਾਗਵਤ ਵਿਚ ਇਸ ਕਾਂਡ ਦਾ ਪ੍ਰਮਾਣ ਇਸ ਪ੍ਰਕਾਰ ਦਰਜ ਹੈ :

ਹਿਰਣਾ ਕਸ਼ਅਪ ਦਾ ਪੁੱਤਰ ਪ੍ਰਹਿਲਾਦ, ਗੁਰੂ ਬ੍ਰਾਹਮਣ ਸੰਤਾਂ ਤੋਂ ਪੜ੍ਹਿਆ। ਜਦੋਂ ਪਿਤਾ ਨੇ ਪ੍ਰਹਿਲਾਦ ਤੋਂ ਪੁੱਛਿਆ ਕਿ ਤੂੰ ਕੀ ਪੜ੍ਹਿਆ ਹੈਂ? ਤਾਂ ਉਸ ਨੇ ਕਿਹਾ, 'ਰਾਮ ਨਾਮ ਪੜ੍ਹਿਆ ਹੈ, ਸੰਤਾਂ ਦੀ ਸੇਵਾ ਕਰਨੀ, ਬ੍ਰਾਹਮਣਾਂ ਦੀ ਸੇਵਾ ਕਰਨੀ, ਮੈਂ ਤਾਂ ਇਹੀ ਅੱਛਾ ਸਮਝਿਆ ਹੈ, ਹੋਰ ਕੁਝ ਨਹੀਂ ਪੜ੍ਹਿਆ। ਉਸ ਨੇ ਪ੍ਰਹਿਲਾਦ ਨੂੰ ਕਿਹਾ ਕਿ ਮੂਰਖ ਤੂੰ ਇਹ ਨਹੀਂ ਜਾਣਦਾ ਕਿ ਜਿਸ ਨਰਾਇਣ ਨੇ ਮੇਰੇ ਭਰਾ ਨੂੰ ਮਾਰਿਆ ਹੈ ਤੂੰ ਉਸੇ ਦਾ ਨਾਂਅ ਜਪਦਾ ਹੈਂ, ਬੇਟਾ, ਆਪਣਾ ਧਰਮ ਛੱਡ ਕੇ ਦੂਜੇ ਦਾ ਧਰਮ ਧਾਰਨਾ ਚੰਗਾ ਨਹੀਂ ਹੈ।' (ਸਫਾ 212)

ਇਹ ਦੋਵੇਂ ਪ੍ਰਮਾਣ ਇਹ ਹਕੀਕਤ ਬਿਆਨ ਕਰਦੇ ਹਨ ਕਿ ਪ੍ਰਹਿਲਾਦ ਨੂੰ ਪਿਤਾਪੁਰਖੀ ਸੰਸਕ੍ਰਿਤੀ ਦੇ ਉਲਟ ਵਰਗਲਾਇਆ ਗਿਆ ਅਤੇ ਮਾਨਸਿਕ ਤੌਰ 'ਤੇ ਆਪਣੇ ਬਜ਼ੁਰਗਾਂ ਵਿਰੁੱਧ ਕਰਕੇ ਵਰਤਿਆ ਗਿਆ। ਨਤੀਜੇ ਵਜੋਂ ਸ਼ਕਤੀਸ਼ਾਲੀ ਰਾਜ ਪਾਠ ਦਾ ਅੰਤ ਛਲ-ਕਪਟ ਨਾਲ ਕੀਤਾ ਗਿਆ। ਪ੍ਰਹਿਲਾਦ ਨੂੰ ਰਾਜ ਤਿਲਕ ਕਰਕੇ ਗੱਦੀ 'ਤੇ ਬਿਠਾਇਆ ਗਿਆ। ਜਿਸ ਦੇ ਰਾਜ ਦਾ ਇਕ ਵਿਸ਼ੇਸ਼ ਦ੍ਰਿਸ਼ਟਾਂਤ ਇਹ ਮਿਲਦਾ ਹੈ ਕਿ ਉਸ ਨੇ ਇਕ ਦਿਨ ਆਪਣੇ ਰਾਜ ਵਿਚੋਂ ਬ੍ਰਾਹਮਣ ਬਿਪਰਾਂ ਨੂੰ ਕੱਢ ਦੇਣ ਜਾਂ ਮਾਰ ਦੇਣ ਦਾ ਹੁਕਮ ਜਾਰੀ ਕੀਤਾ ਸੀ ਤੇ ਬਿਪਰ ਪ੍ਰਹਿਲਾਦ ਰਾਜ ਦੀਆਂ ਸੀਮਾਵਾਂ ਤੋਂ ਬਾਹਰ ਪਹਾੜਾਂ 'ਤੇ ਜਾ ਚੜ੍ਹੇ ਸਨ, ਲੁਕ ਗਏ ਸਨ।

ਪ੍ਰਹਿਲਾਦ ਤੋਂ ਬਾਅਦ ਉਸ ਦਾ ਪੁੱਤਰ ਵਿਰੋਚਣ ਗੱਦੀ 'ਤੇ ਬੈਠਿਆ। ਫਿਰ ਉਸ ਦਾ ਪੁੱਤਰ ਬਲੀ ਜਿਸ ਦੀ ਕਥਾ ਜੋਤੀ ਰਾਓ ਫੂਲੇ ਨੇ ਇਸ ਪ੍ਰਕਾਰ ਲਿਖੀ ਹੈ :

ਜੋਤੀ ਰਾਵ ਫੂਲੇ : ਵਿਪਰੀਓਂ (ਭਾਵ ਵਿਪਰਾਂ) ਨੇ ਪ੍ਰਹਿਲਾਦ ਦਾ ਰਾਜ (ਕਿਉਂਕਿ ਪਿਤਾ ਦੇ ਮਰਨ ਉਪਰੰਤ ਉਹ ਗੱਦੀ 'ਤੇ ਬੈਠਿਆ ਸੀ) ਹੜੱਪਣ ਲਈ ਕਈ ਤਰ੍ਹਾਂ ਦੇ ਲੁਕੇ-ਛੁਪੇ ਯਤਨ ਕੀਤੇ ਪ੍ਰੰਤੂ ਉਨ੍ਹਾਂ ਨੂੰ ਇਸ ਕੰਮ ਵਿਚ ਕੋਈ ਕਾਮਯਾਬੀ ਨਹੀਂ ਮਿਲੀ ਕਿਉਂਕਿ ਬਾਅਦ ਵਿਚ ਪ੍ਰਹਿਲਾਦ ਦੀਆਂ ਅੱਖਾਂ ਖੁਲ੍ਹ ਗਈਆਂ। ਉਸ ਨੂੰ ਵਿਪਰਾਂ ਦੀਆਂ ਕੁਟਲ ਨੀਤੀਆਂ ਦਾ ਸਪੱਸ਼ਟ ਰੂਪ ਦਿਖਾਈ ਦੇਣ ਲੱਗ ਪਿਆ। ਪ੍ਰਹਿਲਾਦ ਨੇ ਬ੍ਰਾਹਮਣਾਂ 'ਤੇ ਕਿਸੇ ਵੀ ਤਰ੍ਹਾਂ ਦਾ ਭਰੋਸਾ ਕਰਨਾ ਛੱਡ ਦਿੱਤਾ।... ਆਪਣੇ ਰਾਜ ਦਾ ਉੱਤਮ ਪ੍ਰਬੰਧ ਅਤੇ ਯੋਗ ਬੰਦੋਬਸਤ ਕਰਕੇ ਉਹ ਮਰ ਗਿਆ। ਉਸ ਦੇ ਮਰਨ ਤੋਂ ਬਾਅਦ, ਉਸ ਦੇ ਪੁੱਤਰ ਵਿਰੋਚਨ ਨੇ ਆਪਣੇ ਰਾਜ ਨੂੰ ਸੰਭਾਲਦੇ ਹੋਏ, ਉਸ ਰਾਜ ਨੂੰ ਤਾਕਤਵਰ ਬਣਾਉਂਦੇ ਹੋਏ ਆਖਰੀ ਸਾਹ ਲਿਆ।

ਵਿਰੋਚਨ ਦਾ ਪੁੱਤਰ 'ਬਲੀ' ਬਹੁਤ ਹੀ ਯੋਧਾ ਨਿਕਲਿਆ।... ਉਸ ਸਮੇਂ ਵਿਪਰਾਂ (ਬ੍ਰਾਹਮਣਾਂ) ਦਾ ਮੁਖੀਆ (ਬੌਣਾ) ਅਵਤਾਰ ਬਾਮਨ ਸੀ। ਉਸ ਤੋਂ ਇਹ ਸਾਰਾ ਕੁਝ ਬਰਦਾਸ਼ਤ ਨਹੀਂ ਸੀ ਹੋ ਰਿਹਾ ਕਿਉਂਕਿ ਬਲੀ ਨੇ ਸਭ ਤੋਂ ਪਹਿਲਾਂ ਆਪਣੇ ਹੀ ਗੁਆਂਢ ਵਿਚ ਰਹਿਣ ਵਾਲੇ ਛੋਟੇ-ਵੱਡੇ ਖੇਤਰਪਤੀਆਂ ਭਾਵ ਦਰਾਵੜ ਮੁਖੀਆਂ ਨੂੰ ਦੁਸ਼ਟ ਦੰਗਾਕਾਰੀਆਂ ਦੀ ਪ੍ਰੇਸ਼ਾਨੀ ਤੋਂ ਮੁਕਤ ਕੀਤਾ।' 'ਇਸ ਲਈ ਉਸ (ਬਾਮਨ ਅਵਤਾਰ) ਨੇ ਬਲੀ ਦਾ ਰਾਜ ਇਕਦਮ ਲੜਾਈ ਝਗੜਾ ਕਰਕੇ (ਜਿਸ ਤਰ੍ਹਾਂ ਬਾਲੀ ਤੇ ਰਾਵਣ ਨੂੰ ਜਿੱਤਣ ਲਈ ਰਾਮ ਚੰਦਰ ਨੂੰ 12 ਵਰ੍ਹੇ ਤੱਕ ਤਿਆਰੀ ਕਰਨੀ ਪਈ ਸੀ) ਲੈਣ ਦੇ ਉਦੇਸ਼ ਨਾਲ ਹੀ ਗੁਪਤ ਰੂਪ ਵਿਚ ਬਹੁਤ ਵੱਡੀ ਫੌਜ ਤਿਆਰ ਕੀਤੀ ਅਤੇ ਫਿਰ ਅਚਾਨਕ ਬਲੀ ਦੇ ਰਾਜ ਦੀ ਸੀਮਾ 'ਤੇ ਆ ਪਹੁੰਚਿਆ।' (26)

ਜੋਤੀ ਰਾਵ ਫੂਲੇ : ਕਈ ਪ੍ਰਦੇਸ਼ ਬਲੀ ਰਾਜ ਦੇ ਅਧਿਕਾਰ ਵਿਚ ਸਨ। ਇਸ ਤੋਂ ਇਲਾਵਾ ਸਿੰਨਹਾਲ ਦੀਪ ਆਦਿ ਪਰਦੇਸ ਦੇ ਕਈ ਪ੍ਰਦੇਸ਼ ਉਸ ਦੇ ਅਧਿਕਾਰ ਵਿਚ ਸਨ। ਉਥੇ ਬਲੀ ਨਾਂਅ ਦਾ ਇਕ ਦੀਪ ਵੀ ਹੈ। ਇਸ ਪ੍ਰਦੇਸ਼ ਦੇ ਦੱਖਣ ਵਿਚ ਕੋਹਲਾਪੁਰ, ਪੱਛਮ ਦਿਸ਼ਾ ਵਿਚ ਕੋਂਕਣ ਅਤੇ ਮਾਵਲਾ (ਭਾਵ ਪੂਨਾ ਦੇ ਆਸ-ਪਾਸ ਦਾ ਇਲਾਕਾ) ਦੇ ਕੁਝ ਖੇਤਰ ਸਨ। ਇਥੇ ਜੋਤੀ ਰਾਵ ਨਾਂਅ ਦਾ ਮੁਖੀਆ ਸੀ, ਜਿਸ ਦੇ ਰਹਿਣ ਦਾ ਮੁੱਖ ਥਾਂ ਕੋਹਲਾਪੁਰ ਦੇ ਉੱਤਰ ਵਿਚ ਰਤਨਾਗਿਰੀ ਨਾਂਅ ਦਾ ਪਹਾੜ ਸੀ। ਉਸ ਨੂੰ ਮਹਾਰਾਸ਼ਟਰ ਕਿਹਾ ਜਾਂਦਾ ਸੀ ਅਤੇ ਉਥੋਂ ਦੇ ਸਾਰੇ ਮੂਲ ਖੇਤਰ ਨਿਵਾਸੀਆਂ ਨੂੰ ਮਹਾਰਾਸ਼ਟਰੀ ਕਿਹਾ ਜਾਂਦਾ ਸੀ। ਬਾਅਦ ਵਿਚ ਉਸੇ ਦਾ ਅਪਭ੍ਰੰਸ਼ (ਭਾਵ ਨਵਾਂ ਬਦਲਿਆ) ਨਾਂਅ ਪੈ ਗਿਆ ਮਰਾਠੇ। ਇਹ ਮਹਾਰਾਸ਼ਟਰ ਪ੍ਰਦੇਸ਼ ਬਹੁਤ ਵੱਡਾ ਹੋਣ ਕਰਕੇ, ਬਲੀ ਰਾਜਾ ਨੇ ਉਸ ਨੂੰ ਨੌਂ ਖੇਤਰਾਂ ਭਾਵ ਖੰਡਾਂ (ਡਵੀਜ਼ਨਾਂ) ਵਿਚ ਵੰਡ ਦਿੱਤਾ ਸੀ। ਇਸ ਕਰਕੇ ਉਸ ਖੇਤਰ ਦੇ ਮੁਖੀਆਂ ਦਾ ਨਾਂਅ ਖੰਡੋਬਾ ਪੈ ਗਿਆ। ਇਸ ਤਰ੍ਹਾਂ ਦਾ ਜ਼ਿਕਰ ਮਿਲਦਾ ਹੈ। (27) 'ਖੰਡੋਬਾ ਦੇ ਹੇਠ ਬਹੁਤ ਮੱਲ (ਪਹਿਲਵਾਨ) ਸਨ। ਇਸ ਲਈ ਉਸ ਨੂੰ ਮਲਖਾਨ ਕਹਿੰਦੇ ਸਨ।... ਉਸ (ਬਲੀ) ਨੇ ਕਦੇ ਵੀ ਕਿਸੇ ਪਿੱਠ ਦਿਖਾ ਕੇ ਭੱਜਣ ਵਾਲੇ ਦੁਸ਼ਮਣ 'ਤੇ ਵਾਰ ਨਹੀਂ ਸੀ ਕੀਤਾ। ਇਸ ਲਈ ਉਸ ਦਾ ਨਾਂਅ ਮਾਰਤੰਡ ਪੈ ਗਿਆ ਸੀ।... ਉਸ ਨੂੰ ਗਾਉਣ ਦਾ ਬਹੁਤ ਸ਼ੌਕ ਸੀ। ਉਸ ਦੁਆਰਾ ਸਥਾਪਤ ਜਾਂ ਉਸ ਦੇ ਨਾਂਅ 'ਤੇ ਇਕ ਪ੍ਰਸਿੱਧ 'ਮਲਹਾਰ' ਰਾਗ ਹੈ।' (27)

ਬਲੀ ਦੇ ਰਾਜ ਨੂੰ ਮਹਾਂਸੂਬਾ ਵੀ ਕਿਹਾ ਗਿਆ। ਅੱਜ ਵੀ ਹਰ ਮਰਾਠਾ ਖੇਤ ਬੀਜਣ ਵਾਹੁਣ ਤੋਂ ਪਹਿਲਾਂ ਮਹਿਸੋਬਾ ਨੂੰ ਯਾਦ ਕਰਦਾ ਹੈ। ਫੂਲੇ ਦੇ ਵਖਿਆਨਾਂ ਅਨੁਸਾਰ

ਪੁਰਾਣੇ ਸ਼ਿਲਾਲੇਖਾਂ ਤੋਂ ਬਲੀ ਦੇ ਰਾਜ ਦਾ ਕਾਫੀ ਜ਼ਿਕਰ ਮਿਲਦਾ ਹੈ।

'ਤੀਜੀ ਗੱਲ ਇਹ ਹੈ ਕਿ ਅਯੁੱਧਿਆ ਦੇ ਆਸ-ਪਾਸ, ਕਾਸ਼ੀ ਖੇਤਰ ਦੇ ਇਰਦ-ਗਿਰਦ, ਕੁਝ ਭਾਗ ਬਲੀ ਰਾਜਾ ਦੇ ਅਧਿਕਾਰ ਵਿਚ ਸਨ ਜਿਸ ਨੂੰ ਪ੍ਰਦੇਸ਼ ਦਾ ਦਸਵਾਂ ਖੰਡ ਕਿਹਾ ਜਾਂਦਾ ਸੀ। ਉੱਥੋਂ ਦੇ ਮੁਖੀਆ ਦਾ ਨਾਅ ਕਾਲਭੈਰੋ ਸੀ। ਇਸ ਦੇ ਪ੍ਰਮਾਣ ਮਿਲਦੇ ਹਨ। ਉਸੇ ਤਰ੍ਹਾਂ ਉਹ ਮੁਖੀਆ ਪਹਿਲਾਂ ਕੁਝ ਦੇਰ ਕਾਸ਼ੀ ਸ਼ਹਿਰ ਦਾ ਕੋਤਵਾਲ ਸੀ। ਇਸ ਦੇ ਵੀ ਸਬੂਤ ਮਿਲਦੇ ਹਨ। ਉਹ ਗਾਇਨ ਕਲਾ ਵਿਚ ਏਨਾ ਮਾਹਰ ਸੀ ਕਿ ਉਸ ਨੇ ਆਪਣੇ ਨਾਅ 'ਤੇ ਇਕ ਅਲੱਗ ਰਾਗ ਬਣਾਇਆ। (ਭਾਵ ਭੈਰੋਂ ਰਾਗ).... ਬਲੀ ਰਾਜਾ ਦਾ ਰਾਜ ਇਸ ਦੇਸ਼ ਵਿਚ ਅਜਾਮਲ ਭਾਵ ਰਾਜਾ ਦਸ਼ਰਥ ਦੇ ਪਿਤਾ ਵਰਗੇ ਕਈ ਖੇਤਰ ਪਤੀਆਂ ਦੇ ਰਾਜਾਂ ਤੋਂ ਵੱਡਾ ਸੀ।' (28)

ਜਦੋਂ ਕੋਈ ਵੱਡਾ ਮਹੱਤਵਪੂਰਨ ਕੰਮ ਕਰਨਾ ਹੁੰਦਾ ਤਾਂ ਬਲੀ ਰਾਜਾ ਸਭ ਨੂੰ ਦਰਬਾਰ ਵਿਚ ਸੱਦ ਕੇ, ਇਕ ਥਾਲੀ ਵਿਚ ਹਲਦੀ ਦਾ ਚੂਰਾ, ਨਾਰੀਅਲ ਦਾ ਫਲ, ਪਾਨ ਦਾ ਬੀੜਾ ਰੱਖ ਕੇ ਕਹਿੰਦਾ, ਕਿ ਜੇ ਕਿਸੇ ਵਿਚ ਹਿੰਮਤ ਹੈ ਤਾਂ ਪਾਨ ਦਾ ਬੀੜਾ ਉਠਾਏ। ਜਿਸ ਵਿਚ ਹਿੰਮਤ ਹੁੰਦੀ ਸੀ ਉਹ 'ਹਰ-ਹਰ ਮਹਾਂਵੀਰ' ਦੀ ਕਸਮ ਖਾ ਕੇ ਪਾਨ ਦੇ ਬੀੜੇ ਨੂੰ ਉਠਾ ਕੇ ਮੱਥੇ 'ਤੇ ਲਾ ਲੈਂਦਾ ਸੀ ਤੇ ਆਪਣੇ ਦੁਪੱਟੇ 'ਚ ਬੰਨ੍ਹ ਲੈਂਦਾ ਸੀ। ਉਸ ਨੂੰ ਬਲੀ ਰਾਜਾ ਜ਼ਿੰਮੇਵਾਰੀ ਸੌਂਪ ਦਿੰਦਾ ਸੀ। ਉਹ ਬਲੀ ਦਾ ਹੁਕਮ ਪਾ ਕੇ ਤੇ ਪੂਰੀ ਤਾਕਤ ਜੋੜ ਕੇ ਵਿਰੋਧੀ 'ਤੇ ਹਮਲਾ ਬੋਲ ਦਿੰਦਾ ਸੀ। ਕਹਿਣ ਦਾ ਭਾਵ ਹੈ ਕਿ 'ਬੀੜਾ ਉਠਾਉਣਾ, ਮੁਹਾਵਰਾ ਮਹਾਂਬਲੀ ਰਾਜਾ ਦੇ ਬਣਾਏ ਸੰਸਕਾਰ ਤੋਂ ਸ਼ੁਰੂ ਹੋਇਆ। ਜੋਤੀ ਬਾ ਦਾ ਖਿਆਲ ਹੈ ਕਿ ਅੰਗਰੇਜ਼ਾਂ ਨੇ 'ਹੁਰਾਅ ਹੁਰਾਅ' ਸ਼ਬਦ ਬਲੀ ਰਾਜ ਤੋਂ ਆਏ ਸ਼ਬਦ 'ਹਰ-ਹਰ' ਤੋਂ ਬਣਾ ਕੇ ਪ੍ਰਚੱਲਤ ਕੀਤਾ। ਬਲੀ ਨੇ ਭੈਰੋਬਾ, ਜੋਤੀਬਾ ਅਤੇ ਖੰਡੋਬਾ ਮੁਖੀਆ ਸਥਾਪਤ ਕੀਤੇ, ਜਿਨ੍ਹਾਂ ਨੂੰ ਹਿਤਕਾਰੀ ਹੋਣ ਕਾਰਨ ਮਰਾਠਿਆਂ ਨੇ ਦੇਵਸਰੂਪ ਮੰਨ ਕੇ ਹਰ ਸਮੇਂ ਯਾਦ ਵਿਚ ਸਮੋ ਲਿਆ। ਅੱਜ ਮਰਾਠੇ ਭਾਵ ਮਹਾਰ, ਮਤੰਗ, ਕੁਣਬੀ, ਕੁਰਮੀ ਅਤੇ ਮਾਲੀ (ਸੈਣੀ) ਆਦਿ ਲੋਕ ਹਰ ਵੀਰਵਾਰ ਨੂੰ ਉਸ ਬਲੀ ਕੁਲਸਵਾਮੀ ਨੂੰ ਭੋਗ ਲਾ ਕੇ ਅੰਨ ਪਾਣੀ ਖਾਂਦੇ ਹਨ। (ਹਵਾਲਾ ਸਫਾ 29-30)

ਪੂਰੀ ਤਿਆਰੀ ਉਪਰੰਤ, ਅਚਾਨਕ ਬਾਮਨ ਨੇ ਆਪਣੀ ਫੌਜ ਨਾਲ, ਬਲੀ ਦੇ ਮਹਾਰਾਸ਼ਟਰ ਪ੍ਰਦੇਸ਼ 'ਤੇ ਚੜ੍ਹਾਈ ਕਰ ਦਿੱਤੀ। ਬਲੀ ਤੇ ਬਾਮਨ ਦੀ ਲੜਾਈ ਹੋਈ। ਭਾਦਰ ਪਦ (ਭਾਵ ਭਾਦੋਂ) ਦਾ ਮਹੀਨਾ ਸੀ। ਬਲੀ ਰਾਜਾ ਹਰ ਰੋਜ਼ ਲੜ ਕੇ ਘਰ ਪਰਤਦਾ ਸੀ। ਪ੍ਰੰਤੂ ਅੱਸੂ ਦੇ ਇਕ ਤੋਂ ਅੱਠਵੇਂ ਪਦ ਤੱਕ ਉਹ ਜ਼ੋਰਦਾਰ ਲੜਾਈ ਕਾਰਨ ਘਰ ਨਾ ਜਾ ਸਕਿਆ ਤਾਂ ਬਲੀ ਰਾਜਾ ਦੀ ਪਤਨੀ ਬਿੰਧੀਆ ਵਲੀ ਨੇ ਮਹੱਲ ਵਿਚ ਇਕ ਖੱਡਾ ਪੁਟਵਾ ਕੇ, ਲੱਕੜਾਂ ਸੁਟਵਾ ਲਈਆਂ ਤੇ ਅੱਠ ਦਿਨਾਂ ਤਕ ਪਤੀ ਦੀ ਉਡੀਕ ਵਿਚ ਬਿਨਾਂ ਕੁਝ ਖਾਧੇ-ਪੀਤੇ ਬੈਠੀ ਰਹੀ ਤੇ ਭੁੱਖੀ ਪਿਆਸੀ ਪ੍ਰਾਰਥਨਾ ਕਰਦੀ ਰਹੀ ਕਿ ਉਸ ਦੇ ਪਤੀ ਦੀ ਜਿੱਤ ਹੋਵੇ ਤੇ ਬਾਮਨ ਦੀ ਬਲਾ ਟਲ ਜਾਵੇ। ਅਸ਼ਟਮੀ ਨੂੰ ਬਲੀ ਰਾਜਾ ਦੇ ਯੁੱਧ ਵਿਚ ਮਾਰੇ ਜਾਣ ਦੀ ਖਬਰ ਸੁਣ ਕੇ ਉਸ ਨੇ ਵੀ ਲੱਕੜੀਆਂ ਨੂੰ ਅੱਗ ਲਾ ਕੇ ਵਿਚ ਛਾਲ ਮਾਰ ਦਿੱਤੀ ਤਾਂ ਮਹਿਲਾਂ ਵਿਚ ਰਹਿਣ ਵਾਲੇ ਸਾਰੇ ਸੇਵਕਾਂ ਨੇ, ਚਿਖਾ ਦੇ ਗਿਰਦ, ਛਾਤੀ ਪਿੱਟਦਿਆਂ ਇਹ ਕਹਿ ਕੇ ਦੁੱਖ ਪ੍ਰਗਟ ਕੀਤਾ ਕਿ 'ਹੇ ਰਾਣੀ ਤੇਰਾ ਢਿੰਡੋਰਾ ਧਮਧਮਾਯਾ।' ਬਲੀ ਰਾਜਾ ਦੇ ਮਰਨ ਉਪਰੰਤ ਸੈਨਾਪਤੀ ਬਾਣਾਸੁਰ ਨੇ ਵੀ ਪੂਰੀ ਜੰਗ ਲੜੀ ਪ੍ਰੰਤੂ ਉਹ ਨੌਵੇਂ ਦਿਨ ਹੀ ਮੈਦਾਨ ਛੱਡ ਗਿਆ ਤਾਂ ਦਸਵੇਂ ਦਿਨ ਬਾਮਨ ਅਵਤਾਰ, ਆਰੀਆ ਪੁੱਤਰ ਨੇ ਰਾਜਧਾਨੀ

'ਤੇ ਹੱਲਾ ਬੋਲ ਦਿੱਤਾ ਤੇ ਪੂਰੀ ਲੁੱਟਪਾਟ ਕਰਕੇ ਘਰ ਪਰਤ ਗਿਆ। ਜਦੋਂ ਉਹ ਘਰ ਪਰਤਿਆ ਤਾਂ ਉਸ ਦੀ ਔਰਤ ਨੇ ਚੌਲਾਂ ਦਾ ਬਲੀ ਰਾਜਾ ਬਣਾ ਕੇ ਦੇਹਲੀ 'ਤੇ ਰੱਖਿਆ ਹੋਇਆ ਸੀ। ਬਾਮਨ, ਉਸ ਨੂੰ ਪੈਰਾਂ ਹੇਠ ਮਸਲਦਾ ਹੋਇਆ, ਅੰਦਰ ਲੰਘ ਗਿਆ। ਉਸ ਦਿਨ ਤੋਂ ਲੈ ਕੇ ਅੱਜ ਤੱਕ ਹਰ ਸਾਲ ਅੱਸੂ ਦੀ ਵਿਜੈ ਦਸਵੀਂ (ਦੁਸਹਿਰਾ) ਬ੍ਰਾਹਮਣ ਔਰਤਾਂ ਚੌਲ ਆਦਿ ਦਾ ਬਲੀ ਰਾਜਾ ਬਣਾ ਕੇ ਆਪਣੇ ਦਰਵਾਜ਼ਿਆਂ ਦੀ ਦੇਹਲੀ 'ਤੇ ਰੱਖਦੀਆਂ ਹਨ। ਬਾਅਦ ਵਿਚ ਆਪਣਾ ਖੱਬਾ ਪੈਰ ਉਸ ਦੇ ਪੇਟ 'ਤੇ ਰੱਖਦੀਆਂ ਹਨ ਤੇ ਲੱਕੜ ਨਾਲ ਉਸ ਦਾ ਪੇਟ ਪਾੜਦੀਆਂ ਹਨ। ਬ੍ਰਾਹਮਣਾਂ ਤੇ ਹਿੰਦੂਆਂ ਦੇ ਘਰਾਂ 'ਚ ਇਹ ਤਿਉਹਾਰ ਬਹੁਤ ਉਤਸ਼ਾਹ ਨਾਲ ਅੱਜ ਵੀ ਮਨਾਇਆ ਜਾਂਦਾ ਹੈ।

ਪਰ ਜਦੋਂ ਬਾਮਨ ਤੋਂ ਹਾਰ ਕੇ ਕੁਝ ਲੋਕ ਘਰੀਂ ਪਰਤੇ ਤਾਂ ਸ਼ੂਦਰ ਔਰਤਾਂ ਨੇ, ਬਲੀ ਰਾਜਾ ਦੀ ਇਕ ਮੂਰਤੀ ਬਣਾ ਕੇ ਬੂਹੇ 'ਚ ਰੱਖ ਕੇ ਉਨ੍ਹਾਂ ਦੀ ਆਰਤੀ ਉਤਾਰੀ ਤੇ ਕਿਹਾ: 'ਅੱਲ-ਬਲਾ ਜਾਵੇ, ਬਲੀ ਕਾ ਰਾਜ ਆਵੇ।' ਹਜ਼ਾਰਾਂ ਵਰ੍ਹਿਆਂ ਬਾਅਦ ਅੱਜ ਵੀ ਸ਼ੂਦਰ ਔਰਤਾਂ ਪਤੀ ਜਾਂ ਪੁੱਤਰਾਂ ਦੀ ਆਰਤੀ ਉਤਾਰ ਕੇ ਦੁਸਹਿਰੇ ਵਾਲੇ ਦਿਨ ਦਸਵੀਂ ਨੂੰ ਹੀ ਇਹ ਉਚਾਰਣ ਕਰਦੀਆਂ ਹਨ ਜਾਂ ਚਿਤਵਦੀਆਂ ਹਨ।

ਮਰਾਠੀ ਵਿਚ ਇਉਂ ਕਿਹਾ ਜਾਂਦਾ ਹੈ ਕਿ 'ਇੜਾ ਪਿੜਾ ਜਾਵੋ ਆਣੀ ਬਲੀਚੇ ਰਾਜ ਯੇਵੋ।' ਇਸੇ ਤਰ੍ਹਾਂ ਦੀਵਾਲੀ ਦੇ ਸਮੇਂ ਭਈਆ ਦੂਜ ਵਾਲੇ ਦਿਨ ਖੱਤਰੀ ਕੁੜੀਆਂ ਆਪਣੇ ਭਰਾਵਾਂ ਸਾਹਮਣੇ ਬਲੀ ਦਾ ਸਿਮਰਣ ਕਰਦੀਆਂ ਹਨ।

ਬਲੀ ਦਾ ਪੁੱਤਰ ਬਾਣਾਸੁਰ ਸੀ ਜਿਸ ਦੇ ਮਰਨ ਉਪਰੰਤ ਉਸ ਦੇ ਰਾਜ ਦਾ ਕੋਈ ਅਸਲ ਮੁਖੀਆ ਨਾ ਰਿਹਾ। ਅਜਿਹੀ ਸਥਿਤੀ ਵਿਚ ਬ੍ਰਾਹਮਣ ਆਰੀਅਨਾਂ ਨੇ ਫਿਰ ਹਮਲਾ ਕੀਤਾ ਅਤੇ ਵੱਡੀ ਪੱਧਰ 'ਤੇ ਵਿਨਾਸ਼ ਕੀਤਾ ਪ੍ਰੰਤੂ ਇਹ ਵੀ ਸੋਚਿਆ ਕਿ ਕਿਸੇ ਮੁਸੀਬਤ ਕਾਰਨ ਜੇਕਰ ਕੁਝ ਲੋਕਾਂ ਨੂੰ ਦੌੜਨਾ ਜਾਂ ਅਲੱਗ-ਅਲੱਗ ਖਿੰਡ ਜਾਣਾ ਪਵੇ ਤਾਂ ਉਨ੍ਹਾਂ ਦੀ ਇਕ ਨਿਸ਼ਾਨੀ ਰੱਖੀ ਗਈ। ਬ੍ਰਹਮਸੂਤਰ ਭਾਵ ਜਨੇਊ, ਜਿਸ ਨੂੰ ਪਛਾਣ ਕੇ ਉਹ ਫਿਰ ਕਦੀ ਭਟਕੇ ਗੁਆਚੇ ਇਕੱਠੇ ਹੋ ਸਕਣਗੇ। ਨਾਲ ਹੀ ਉਨ੍ਹਾਂ ਨੂੰ ਇਕ ਮੂਲਮੰਤਰ ਸਿਖਾਇਆ ਗਿਆ, ਜਿਸ ਦਾ ਨਾਮ ਗਾਇਤਰੀ ਮੰਤਰ ਹੈ। ਗਾਇਤਰੀ ਸ਼ਬਦ ਦਾ ਅਰਥ ਹੈ (ਗਾਇਤ ਤਰਾਇਤੇ ਇਤੀ) ਗਾਉਣ ਵਾਲੇ ਦੀ ਰੱਖਿਆ ਕਰਨ ਵਾਲੀ। ਇਹ ਮੰਤਰ ਸਾਰੇ ਦਿਵਜਾਂ ਲਈ ਸਵੇਰ ਸ਼ਾਮ ਪੜ੍ਹਨਾ ਜ਼ਰੂਰੀ ਕੀਤਾ ਗਿਆ।

ਜੋਤੀਬਾ ਫੂਲੇ ਅਨੁਸਾਰ ਬਾਅਦ 'ਚ ਬ੍ਰਹਮਾ ਨੇ ਉਨ੍ਹਾਂ ਸਾਰੇ ਪਰਿਵਾਰਕ ਬ੍ਰਾਹਮਣਾਂ ਨੂੰ ਨਾਲ ਲੈ ਕੇ, ਬਾਣਾਸੁਰ ਦੇ ਰਾਜ 'ਤੇ ਹਮਲਾ ਕੀਤਾ ਅਤੇ ਉਸ ਨੇ ਕਾਫੀ ਵੱਡਾ ਖੇਤਰ ਆਪਣੇ ਅਧਿਕਾਰ ਵਿਚ ਲੈ ਲਿਆ ਅਤੇ ਉਨ੍ਹਾਂ ਵਿਚੋਂ ਜੋ ਲੋਕ ਯੁੱਧ ਵਿਚ ਕਮਰਕੱਸ ਕੇ ਲੜਨ ਵਾਲੇ ਮਹਾਰੀ (ਮਹਾਰ, ਜਿਨ੍ਹਾਂ ਵਿਚ ਬਾਬਾ ਸਾਹਿਬ ਅੰਬੇਡਕਰ ਦਾ ਜਨਮ ਹੋਇਆ) ਕਸ਼ਤਰੀਆਂ (ਸੂਰਬੀਰ) ਤੋਂ ਇਲਾਵਾ ਜੋ ਲੋਕ ਉਨ੍ਹਾਂ ਦੇ ਚੁੰਗਲ ਵਿਚ ਆ ਗਏ, ਉਨ੍ਹਾਂ ਦਾ ਸਭ ਕੁਝ ਖੋਹ ਲਿਆ। ਬਾਅਦ ਵਿਚ, ਉਸ ਨੇ ਸੱਤਾ ਦੇ ਨਸ਼ੇ ਵਿਚ, ਉਨ੍ਹਾਂ ਸਭ ਨੂੰ ਸ਼ੂਦਰ (ਭਾਵ) ਆਪਣੇ ਗੁਲਾਮ ਬਣਾ ਲਿਆ।... ਉਸਨੇ ਪਿੰਡ-ਪਿੰਡ 'ਚ ਇਕ-ਇਕ ਬ੍ਰਾਹਮਣ ਸੇਵਕ (ਭਾਵ ਆਰੀਅਨ ਕਰਮਚਾਰੀ) ਭੇਜ ਕੇ ਉਨ੍ਹਾਂ ਦੁਆਰਾ ਜ਼ਮੀਨ ਦਾ ਬਟਵਾਰਾ ਕਰਵਾਇਆ ਅਤੇ ਉਨ੍ਹਾਂ ਸਾਰੇ ਸ਼ੂਦਰਾਂ ਨੂੰ ਖੇਤੀ ਦਾ ਕੰਮ ਕਰਨ ਲਈ ਮਜਬੂਰ ਕੀਤਾ। ਇਸੇ ਕਾਰਨ ਉਸ ਪਿੰਡ ਦੇ ਸੇਵਕ ਬ੍ਰਾਹਮਣ ਕਰਮਚਾਰੀ ਦਾ ਨਾਮ ਕੁਲਕਰਣੀ (All in all) ਪੈ ਗਿਆ। ਕਿਉਂਕਿ ਉਸ ਨੇ ਇਨ੍ਹਾਂ ਖੇਤ-ਵਾਹਕਾਂ ਨੂੰ ਜਿੰਦਾ ਰੱਖਣ ਲਈ ਜ਼ਮੀਨ

ਦੀ ਉਪਜ ਦਾ ਕੁਝ ਹਿੱਸਾ ਕੋਲ ਰੱਖ ਕੇ ਬਾਕੀ ਭਾਗ ਇਨ੍ਹਾਂ ਸਵਾਮੀਆਂ ਨੂੰ ਦੇਣ ਦਾ ਨਿਯਮ ਬਣਾਇਆ।'

ਜੋਤੀ ਰਾਓ ਫੂਲੇ ਫੁੱਟ ਨੋਟ ਵਿਚ ਦੱਸਦੇ ਹਨ ਕਿ ਬਲੀ ਦਾ ਜ਼ਿਕਰ ਅਨੇਕ ਵਾਰ ਰਿਗਵੇਦ ਵਿਚ ਇਕ ਦੇਵਤਾ ਭਾਵ ਇਕ ਰਾਜਾ ਵਜੋਂ ਹੋਇਆ ਹੈ। ਬਲੀ ਇਕ ਪ੍ਰਸਿੱਧ ਦਾਨਵ ਰਾਜਾ ਸੀ। ਜਿਸ ਨੇ ਤਿੰਨਾਂ ਲੋਕਾਂ (ਭਾਵ ਧਰਤੀ, ਪਹਾੜ ਤੇ ਸਮੁੰਦਰ) ਨੂੰ ਜਿੱਤ ਲਿਆ ਸੀ। (ਅਸੀਂ ਮੂਰਖ ਇਸ ਤਿੰਨ ਲੋਕ ਨੂੰ ਧਰਤੀ, ਅਸਮਾਨ ਤੇ ਪਤਾਲ ਹੀ ਸਮਝਦੇ ਰਹੇ ਕਿਉਂਕਿ ਬ੍ਰਾਹਮਣਾਂ ਨੇ ਸਾਨੂੰ ਮੂਰਖ ਬਣਾ ਕੇ ਇਹੋ ਸਮਝਾਇਆ ਸੀ) ਦੇਵਤਾ ਭਾਵ (ਬ੍ਰਾਹਮਣ ਆਰੀਆ) ਉਸ ਤੋਂ ਭੈ-ਭੀਤ ਸਨ। ਪੁਰਾਣਾਂ ਵਿਚ ਕਿਹਾ ਗਿਆ ਹੈ ਕਿ ਬਲੀ ਰਾਜਾ ਦਾਨ ਦੇਣ ਲਈ ਪ੍ਰਸਿੱਧ ਸੀ। ਵਿਸ਼ਨੂੰ ਨੇ ਬਾਮਨ ਦਾ ਅਵਤਾਰ ਲਿਆ ਅਤੇ ਬ੍ਰਾਹਮਣ ਦਾ ਰੂਪ ਧਾਰਨ ਕਰਕੇ ਬਲੀ ਰਾਜਾ ਪਾਸ ਗਿਆ। ਬਾਮਨ ਨੇ ਛਲਕਪਟ ਨਾਲ ਬਲੀ ਰਾਜਾ ਤੋਂ ਤਿੰਨ ਕਦਮ ਧਰਤੀ ਮੰਗੀ। ਇਉਂ ਆਰੀਅਨ ਅਵਤਾਰ ਵਿਸ਼ਨੂੰ ਨੇ ਛਲ ਕਪਟ ਅਧੀਨ ਦਾਨ ਦਾ ਵਚਨ ਲੈ ਕੇ ਇਕ ਮਹਾਂਦਿਆਲੂ ਰਾਜਾ ਬਲੀ ਤੋਂ ਰਾਜਪਾਠ ਲੈ ਲਿਆ।

ਇਉਂ ਅਸੀਂ ਵੇਖਦੇ ਹਾਂ ਕਿ ਮਹਾਤਮਾ ਫੂਲੇ ਨੇ ਭਾਰਤ ਅੰਦਰ ਪਹਿਲੀ ਵਾਰ ਅੰਗਰੇਜ਼ ਮਿਸ਼ਨਰੀਆਂ ਕੋਲੋਂ ਵਿੱਦਿਆ ਹਾਸਲ ਕਰਕੇ, ਗਿਆਨਵਾਨ ਹੋ ਕੇ, ਭਾਰਤ ਦੇ ਦੱਬੇ ਕੁਚਲੇ ਇਨਸਾਨ ਦੀਆਂ ਦੁਸ਼ਵਾਰੀਆਂ ਨੂੰ ਸਮਝਿਆ ਅਤੇ ਪਹਿਲੀ ਵਾਰ ਬ੍ਰਾਹਮਣੀ ਆਰੀਅਨ ਇਤਿਹਾਸ ਨੂੰ ਆਮ ਜਨਤਾ ਲਈ ਪ੍ਰਤੱਖ ਕੀਤਾ। ਭਾਰਤ ਵਿਚ ਆਰੀਅਨ ਇਤਿਹਾਸ ਦੀ ਖੋਜ ਕਰਨ ਵਾਲਾ ਜੋਤੀ ਰਾਓ ਫੂਲੇ ਪਹਿਲਾ ਮਨੁੱਖ ਸੀ, ਜਿਸ ਨੇ ਸੱਚ ਨੂੰ ਸਮਝਦਿਆਂ 1848 ਵਿਚ ਆਪਣੀ ਪਤਨੀ (ਦਾਦੀ ਸਾਹਿਬਾ) ਸਵਿੱਤਰੀ ਬਾਈ ਫੂਲੇ ਨਾਲ ਮਿਲ ਕੇ ਭਾਰਤ ਦੇ ਪਛੜੇ ਮਨੁੱਖ ਲਈ ਆਮ ਵਿੱਦਿਆ ਦੀ ਨੀਂਹ ਰੱਖੀ ਅਤੇ 1891 ਤੱਕ ਸੈਂਕੜੇ ਸਕੂਲ ਮਹਾਰਾਸ਼ਟਰ ਵਿਚ ਖੁੱਲ੍ਹੇ।

ਅਛੂਤ ਸੰਤ ਨਾਮਦੇਵ, ਕਬੀਰ ਅਤੇ ਰਵਿਦਾਸ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੇ ਬੰਦਾ ਸਿੰਘ ਬਹਾਦਰ ਤੱਕ ਹੋਈ ਬੀਤੀ ਸਮਾਜਕ ਕ੍ਰਾਂਤੀ ਨੂੰ ਉੱਨੀਵੀਂ ਸਦੀ ਦੇ ਅੱਧ ਵਿਚ ਮੁੜ ਸੁਰਜੀਤ ਕਰਨ ਵਾਲੇ ਮਹਾਂਪੁਰਖ ਦਾ ਨਾਂਅ ਹੈ ਜੋਤੀ ਰਾਓ ਫੂਲੇ, ਜੋ ਮਾਲੀਆਂ, ਸੈਣੀਆਂ ਦੀ ਅਛੂਤ ਜਾਤੀ ਵਿਚ ਪੈਦਾ ਹੋਇਆ। ਇਕ ਅਜੇਹਾ ਯੋਧਾ ਪੁਰਖ ਜਿਸ ਨੇ ਸਿੱਖ ਕ੍ਰਾਂਤੀ ਤੋਂ ਬਾਅਦ ਬ੍ਰਾਹਮਣਵਾਦੀ ਵਿਵਸਥਾ ਵਿਰੁੱਧ ਝੰਡਾ ਚੁੱਕਿਆ ਅਤੇ ਸਾਫ ਸ਼ਬਦਾਂ ਵਿਚ ਬਗਾਵਤ ਖੜ੍ਹੀ ਕੀਤੀ। ਇਸੇ ਕਰਕੇ ਬਾਬਾ ਸਾਹਿਬ ਉਸ ਨੂੰ ਆਪਣਾ ਤੀਜਾ ਗੁਰੂ ਕਹਿੰਦੇ ਹਨ, ਜਿਸ ਦੀਆਂ ਘਾਲਣਾਵਾਂ ਵਿਚ ਹੋਰ ਇਤਿਹਾਸਕ ਜ਼ਿਕਰ ਹਨ, ਜਿਨ੍ਹਾਂ ਨੂੰ ਪੜ੍ਹਨ ਅਤੇ ਸਮਝਣ ਤੋਂ ਬਾਅਦ ਆਦਮੀ ਇਸ ਗੱਲ ਦੀ ਥਾਹ ਅਸਾਨੀ ਨਾਲ ਪਾ ਸਕਦਾ ਹੈ ਕਿ ਕੋਈ ਮਹਾਨ ਮਨੁੱਖ ਹਿੰਦੂ ਰਹਿ ਕੇ ਮਰਨ ਦਾ ਖਿਆਲ ਕਿਉਂ ਛੱਡਦਾ ਹੈ।

ਜੋਤੀ ਰਾਓ ਫੂਲੇ ਦਾ ਜੀਵਨ ਤੇ ਜੀਵਨ ਸੰਘਰਸ਼ ਬਹਿਸ਼ਕਾਰ ਦਾ ਜੀਵਨ ਹੈ। ਭਾਰਤ ਅੰਦਰ ਸਿੱਖ ਲਹਿਰ ਤੋਂ ਕਰੀਬ 100 ਸਾਲ ਬਾਅਦ ਪਿਤਾਮਾ ਬੁੱਧ ਅਤੇ ਸੰਤ ਨਾਮਦੇਵ ਤੇ ਕਬੀਰ ਦੀ ਸਿੱਖ ਕ੍ਰਾਂਤੀ ਨੂੰ ਜੇ ਨਵੇਂ ਪ੍ਰਸੰਗ ਵਿਚ ਕਿਸੇ ਨੇ ਸੁਰਜੀਤ ਕੀਤਾ ਤਾਂ ਉਹ ਹਨ ਮਹਾਤਮਾ ਫੂਲੇ। ਉਨ੍ਹਾਂ ਦੇ ਸੰਘਰਸ਼ ਅਤੇ ਵਖਿਆਨਾਂ ਦਾ ਖੁੱਲ੍ਹਾ ਵਿਸ਼ਲੇਸ਼ਣ ਇਹ ਪ੍ਰਤੱਖ ਨਿਰਣਾ ਦਿੰਦਾ ਹੈ ਕਿ ਬ੍ਰਾਹਮਣਵਾਦੀ ਜੀਵਨ ਢੰਗ ਅਤੇ ਸੋਚ ਦਾ ਤਿਆਗ

ਹੀ ਭਾਰਤ ਵਿਚ ਅਜ਼ਾਦੀ, ਮੁਕਤੀ, ਮੋਕਸ਼ ਤੇ ਨਿਰਬਾਣ ਪ੍ਰਾਪਤ ਕਰਨਾ ਹੈ।

ਇਕ ਪਾਸੇ ਉਹ ਧਾਰਨਾਵਾਂ ਹਨ ਜੋ ਸਮਾਜ ਅੰਦਰ ਬਣੀਆਂ ਹੋਈਆਂ ਹਨ ਜਿਨ੍ਹਾਂ ਨੂੰ ਕਾਇਮ-ਦਾਇਮ ਰੱਖਣ ਲਈ ਬ੍ਰਾਹਮਣ ਜਮਾਤ ਬਾਜ਼ ਅੱਖ ਨਾਲ ਨਿਗ੍ਹਾਬਾਨ ਅਤੇ ਉਤਾਰੂ ਹੈ ਅਤੇ ਦੂਜੇ ਪਾਸੇ ਉਸ ਦੀ ਹਰ ਤੰਦ ਨੂੰ ਤੋੜਨ ਅਤੇ ਤਿਆਗਣ ਤੇ ਬਹਿਸ਼ਕਾਰ ਕਰਨ ਦਾ ਹੀ ਨਹੀਂ ਉਸ ਦੇ ਬੀਜ ਨਾਸ ਕਰਨ ਦਾ ਸੰਘਰਸ਼ ਹੈ ਜੋਤੀ ਰਾਓ ਫੂਲੇ ਦਾ। ਇਸ ਨੂੰ ਅਸੀਂ ਭਾਵੇਂ ਅੰਸ਼ਕ ਰੂਪ ਵਿਚ ਹੀ ਲਿਖ ਰਹੇ ਹਾਂ ਪ੍ਰੰਤੂ ਤੁਸੀਂ ਦੇਖੋਗੇ ਕਿ ਉਨ੍ਹਾਂ ਦੇ ਸੰਘਰਸ਼ ਤੇ ਖਿਆਲ ਵਿਚੋਂ ਬੁੱਧ, ਨਾਮਦੇਵ, ਕਬੀਰ, ਰਵਿਦਾਸ, ਗੁਰੂ ਨਾਨਕ ਅਤੇ ਹੋਰ ਰਹਿਬਰਾਂ ਦੀ ਵਿਚਾਰਧਾਰਾ ਦੀ ਝਲਕ ਬਹੁਤ ਤੇਜ਼ ਰੂਪ ਵਿਚ ਪੈਂਦੀ ਹੈ। ਬਿਨਾਂ ਕੋਈ ਸ਼ੱਕ ਛੱਡਿਆਂ। ਜੇ ਬਾਬਾ ਸਾਹਿਬ ਨੇ ਪਿਛਲੀ ਸਦੀ ਦੇ ਚੌਥੇ ਦਹਾਕੇ ਵਿਚ ਹਿੰਦੂ ਨਾ ਰਹਿਣ ਦਾ ਪ੍ਰਣ ਲਿਆ ਤਾਂ ਇਸ ਇਤਿਹਾਸਕ ਘਟਨਾ ਪਿੱਛੇ, ਜੇ ਲੱਭੀਏ ਤਾਂ 2500 ਵਰ੍ਹਿਆਂ ਦਾ ਚਿੰਤਨ ਅਤੇ ਸੰਘਰਸ਼ ਖੜ੍ਹਾ ਹੈ।

ਤੁਸੀਂ ਦੇਖੋਗੇ ਕਿ ਇਹ ਗੱਲ ਮਹਾਤਮਾ ਫੂਲੇ ਨੇ ਆਪਣੇ ਸਮੇਂ ਵਿਚ ਸਿੱਧੀ ਕਹੀ ਤੇ ਪੂਰੀ ਉਮਰ ਜੰਗ ਲੜੀ। ਇਹੀ ਕਾਰਨ ਹੈ ਕਿ ਮਹਾਤਮਾ ਫੂਲੇ ਨੂੰ ਬਾਬਾ ਸਾਹਿਬ ਆਪਣਾ ਤੀਜਾ ਗੁਰੂ ਮੰਨਦੇ ਹਨ। ਗੁਰੂ ਜੋ ਜੀਵਨ ਨੂੰ ਸੇਧ ਦਿੰਦਾ ਹੈ। ਅਗਵਾਈ ਕਰਦਾ ਹੈ, ਕਿਸੇ ਮੰਜ਼ਲ ਤੱਕ ਪਹੁੰਚਣ ਲਈ। ਗੁਰੂ ਜੋ ਮਾਰਗ ਦਿਖਾਉਂਦਾ ਹੈ ਤੇ ਮਨ 'ਤੇ ਸਥਾਪਤ ਕਰਦਾ ਹੈ। ਵਹਿਣ ਨੂੰ ਨਿਸਚਤ ਕਰਦਾ ਹੈ, ਕਿਨਾਰੇ ਤੱਕ ਪਹੁੰਚ ਜਾਣ ਲਈ। ਕਿਨਾਰਾ ਕੀ ਹੈ, ਬ੍ਰਾਹਮਣਵਾਦੀ ਸਿਸਟਮ ਦਾ ਬਹਿਸ਼ਕਾਰ। ਜਾਤਪਾਤ ਦਾ ਬੀਜ ਨਾਸ। ਉਦੇਸ਼ ਕੀ ਹੈ? ਮਨੁੱਖੀ ਪ੍ਰੇਮ, ਭਾਈਚਾਰਾ, ਸਮਾਨਤਾ, ਅਜ਼ਾਦੀ ਤੇ ਬਰਾਬਰੀ, ਜਿਸ ਨੂੰ ਵੈਦਿਕ ਆਰੀਆ ਧਰਮ ਨੇ ਖਤਮ ਕਰ ਰੱਖਿਆ ਹੈ। ਜੇ ਅਸੀਂ ਸਹੀ ਅਰਥਾਂ ਵਿਚ ਇਸ ਲੰਬੇ ਸੰਘਰਸ਼ ਨੂੰ ਸਮਝੀਏ ਤੇ ਵਿਚਾਰੀਏ ਤਾਂ ਸਾਫ ਨਜ਼ਰ ਆਏਗਾ ਕਿ ਬੁੱਧ ਹੋ ਜਾਣ, ਸਿੱਖ ਬਣਨ ਜਾਂ ਸੱਤਿਆ ਸੋਧਕ ਸਮਾਜ ਦਾ ਕਰਤਾ ਬਣ ਜਾਣ ਦਾ, ਇਕੋ ਮੂਲ ਮੰਤਵ ਹੈ, ਬ੍ਰਾਹਮਣਵਾਦ ਦਾ ਤਿਆਗ। ਜਾਤਪਾਤ ਦਾ ਬੀਜ ਨਾਸ ਅਤੇ ਪ੍ਰੇਮ ਭਾਈਚਾਰੇ ਤੇ ਬਰਾਬਰੀ ਦੀ ਬਹਾਲੀ। ਵਰਨ ਜਾਤੀ ਭੀੜ ਦੀ ਥਾਂ ਬੇਗਮਪੁਰੇ ਦੀ ਸਥਾਪਨਾ।

ਅਕਸਰ ਮਨੁੱਖ ਧਰਮ 'ਤੇ ਅੜ ਬੈਠਦਾ ਹੈ। ਉਹ ਆਪਣੀ ਮਰਜ਼ੀ ਦੇ ਧਰਮ ਨੂੰ ਅੰਤਮ ਪੜਾਅ ਮੰਨ ਕੇ ਉਸੇ ਵਿਚ ਮਰਨ ਨੂੰ ਨਿਸ਼ਾਨਾ ਮਿਥ ਲੈਂਦਾ ਹੈ। ਪਰ ਅਸੀਂ ਦੇਖ ਰਹੇ ਹਾਂ ਕਿ ਸਾਡੇ ਮੁਲਕ ਵਿਚ ਧਰਮ ਦਾ ਅਰਥ ਬੁੱਧ ਹੋ ਜਾਣਾ, ਸਿੱਖ ਬਣ ਜਾਣਾ ਜਾਂ ਸੱਤਿਆ ਸੋਧਕ ਹੋ ਜਾਣਾ ਹੀ ਨਹੀਂ ਸਗੋਂ ਅੰਤ ਬ੍ਰਾਹਮਣਵਾਦ ਤੋਂ ਮੁਕਤੀ ਪ੍ਰਾਪਤ ਕਰਨ ਦਾ ਨਾਂ ਹੈ ਧਰਮ।

ਮਹਾਨ ਬਜ਼ੁਰਗਾਂ ਦੇ ਉਪਦੇਸ਼ਾਂ ਤੇ ਧਰਮਾਂ ਦਾ ਮੁਤਾਲਿਆ ਕਰਕੇ ਵੇਖੀਏ ਤਾਂ ਉਨ੍ਹਾਂ ਦੀ ਸਾਰੀ ਗਾਥਾ, ਮਨੂੰਵਾਦੀ, ਵੈਦਿਕ, ਆਰੀਆ ਧਰਮ ਦਾ ਬਹਿਸ਼ਕਾਰ ਅਤੇ ਜਾਤਪਾਤ ਦਾ ਬੀਜ ਨਾਸ ਕਰਨ ਦੇ ਧਰਮ 'ਤੇ ਟਿਕ ਜਾਂਦੀ ਹੈ।

ਕੀ ਅਸੀਂ ਬੁੱਧ ਜਾਂ ਸਿੱਖ ਫਲਸਫੇ ਨੂੰ ਇਵੇਂ ਨਹੀਂ ਵੇਖਿਆ? ਜੇ ਸਾਡੇ ਲੋਕ ਮੁਸਲਮਾਨ ਬਣੇ ਜਾਂ ਇਸਾਈ ਤਦ ਵੀ ਉਨ੍ਹਾਂ ਨੇ ਪਹਿਲੇ ਰੂਪ ਵਿਚ ਬ੍ਰਾਹਮਣਵਾਦੀ ਵਰਨ ਜਾਤ ਤੋਂ ਨਿਜਾਤ ਪਾਉਣ ਲਈ ਹਿੰਦੂ ਧਰਮ ਦਾ ਤਿਆਗ ਕੀਤਾ। ਦੂਜੀ ਥਾਂ ਗਏ ਤਾਂ ਬਰਾਬਰੀ ਤੇ ਪ੍ਰੇਮ ਦੇ ਖਿੱਚੇ। ਪਰ ਇਹ ਧਰਮ ਤਬਦੀਲੀਆਂ ਰੱਬ ਬਦਲਣ ਖਾਤਰ ਨਹੀਂ ਹੋਈਆਂ। ਬਾਅਦ ਵਿਚ ਸਿਆਣੇ ਲੋਕਾਂ ਦੇ ਗੁੰਮਰਾਹ ਕਰਦੇ ਰਹਿਣ ਕਾਰਨ ਅਜੇਹਾ ਹੋ

ਗਿਆ। ਹਿੰਦੂ ਮੂਲ ਰੂਪ ਵਿਚ ਕੋਈ ਮੁਸਲਮਾਨ ਹੋਇਆ, ਸਿੱਖ ਬਣਿਆ ਜਾਂ ਇਸਾਈ, ਉਹ ਰੱਬ ਬਦਲ ਲੈਣ ਲਈ ਨਹੀਂ ਬਣਿਆ। ਕੇਵਲ ਵਰਨ ਜਾਤੀ ਧਰਮ ਦਾ ਤਿਆਗ ਕਰਕੇ ਪ੍ਰੇਮ ਭਾਈਚਾਰਾ, ਬਰਾਬਰੀ ਅਤੇ ਅਜ਼ਾਦੀ ਦੀ ਪ੍ਰਾਪਤੀ ਉਸ ਦਾ ਮੂਲ ਮਨੋਰਥ ਸੀ। ਨਵਾਂ ਰੱਬ ਉਨ੍ਹਾਂ ਦਾ ਮਨੋਰਥ ਨਹੀਂ ਸੀ। ਕਿਸੇ ਦੇ ਹਰੇ ਰਾਮਾ-ਹਰੇ ਕ੍ਰਿਸ਼ਨਾ, ਸਤਿਨਾਮ ਵਾਹਿਗੁਰੂ, ਅੱਲਾ ਜਾਂ ਗਾਡ ਕਹਿ ਦੇਣ ਨਾਲ, ਜੀਵਨ ਵਿਚ ਕੋਈ ਫਰਕ ਨਹੀਂ ਪੈਂਦਾ। ਜਾਂ ਤਾਂ ਸ਼ਕਲ ਤੇ ਪਹਿਰਾਵੇ ਬਦਲਦੇ ਹਨ, ਜਾਂ ਫਿਰ ਰੀਤਾਂ। ਆਦਮੀ ਨਹੀਂ ਬਦਲਦੇ।

ਆਦਮੀ ਦੇ ਬਦਲਣ ਦਾ ਅਧਾਰ ਹੈ, ਉਸ ਦੀ ਵਿਚਾਰਧਾਰਾ ਵਿਚ ਬਦਲਾਅ। ਉਸ ਦੀ ਸੋਚ ਤੇ ਮਨੋਰਥ ਵਿਚ ਤਬਦੀਲੀ। ਇਸ ਤਰ੍ਹਾਂ ਜੀਵਨ ਢੰਗ ਬਦਲਦਾ ਹੈ। ਜਦੋਂ ਕੋਈ ਧਰਮ ਸਿਰਫ ਈਸ਼ਵਰ ਬਦਲਣ ਤੱਕ ਸੀਮਤ ਕਰ ਦਿੱਤਾ ਜਾਂਦਾ ਹੈ ਤਾਂ ਉਸ ਨਾਲ ਬੰਦੇ 'ਤੇ ਕੋਈ ਅਸਰ ਨਹੀਂ ਪੈਂਦਾ। ਤੁਸੀਂ ਦੇਖੋ ਕਿ ਏਥੇ ਆ ਕੇ ਰੱਬ-ਰੱਬ, ਵਾਹਿਗੁਰੂ-ਵਾਹਿਗੁਰੂ, ਅੱਲਾ-ਅੱਲਾ ਜਾਂ ਗਾਡ ਕਹਿਣ ਵਾਲਾ ਬੰਦਾ ਅੰਤ ਓਹੀ ਹੋ ਜਾਂਦਾ ਹੈ ਜੋ ਉਹ ਹਰੇ ਰਾਮਾ, ਹਰੇ ਕ੍ਰਿਸ਼ਨਾ ਜਾਂ ਜੈ ਅੰਬੇ ਜੈ ਜਗਦੰਬੇ ਕਹਿਣ ਵੇਲੇ ਸੀ। ਉਹ ਇਕ ਭਗਵਾਨ ਤੋਂ ਦੂਜੇ ਤੱਕ ਸਫਰ ਕਰਕੇ, ਆਪਣੇ ਜੀਵਨ ਦੇ ਮਨੋਰਥ ਨੂੰ ਨਹੀਂ ਬਦਲਦਾ। ਸਿਵਾਏ ਪਹਿਰਾਵੇ, ਸਮਾਜਕ ਤੇ ਧਾਰਮਕ ਰੀਤਾਂ ਤੋਂ। ਪ੍ਰੰਤੂ ਜਦੋਂ ਅਸੀਂ ਬੁੱਧ ਦੇ ਧਰਮ, ਸੰਤਾਂ ਗੁਰੂਆਂ ਦੇ ਧਰਮ, ਮਹਾਤਮਾ ਫੂਲੇ ਦੇ ਧਰਮ ਨੂੰ ਸਮਝਣ ਦਾ ਯਤਨ ਕਰਦੇ ਹਾਂ ਤਾਂ ਤਿੰਨਾਂ ਦਾ ਸਿੱਧਾ ਅਰਥ ਨਿਕਲਦਾ ਹੈ ਵੈਦਿਕ ਆਰੀਆ ਧਰਮ ਦਾ ਪੂਰਨ ਤਿਆਗ। ਵਰਨ ਜਾਤ ਦਾ ਬੀਜ ਨਾਸ। ਪ੍ਰੇਮ ਭਾਈਚਾਰੇ ਅਤੇ ਮਨੁੱਖੀ ਬਰਾਬਰੀ ਦੀ ਸਥਾਪਨਾ। ਪਹਿਲਾਂ ਪਹਿਲ ਇਸੇ ਮਨੋਰਥ ਨਾਲ ਹੀ ਭਾਰਤ ਦਾ ਦਲਿਤ, ਬਹੁਜਨ ਮੁਸਲਮਾਨ ਜਾਂ ਇਸਾਈ ਬਣਿਆ। ਫਿਰ ਸਿੱਖਿਆ ਦਰੁਸਤ ਨਾ ਰਹੀ ਅੰਤ ਸਭ ਰੱਬ ਜੋਗੇ ਰਹਿ ਗਏ ਤੇ ਸਮਾਜਕ ਤਬਦੀਲੀ ਮਨਫੀ ਹੀ ਨਹੀਂ ਹੋਈ ਸਗੋਂ ਖੜੋਤ ਵਿਚ ਆ ਕੇ ਹਿੰਦੂ ਤਰਜ ਦੀ ਹੀ ਦਿਸਣ ਲੱਗ ਪਈ। ਅਰਦਾਸ ਬੇਨਤੀਆਂ ਤੇ ਮੰਨਤਾਂ ਮੰਨਣ ਵਾਲੀ, ਯਾਤਰਾਵਾਂ ਕਰਨ ਵਾਲੀ।

ਇਸ ਲਈ ਜੇ ਤੁਸੀਂ ਆਖਦੇ ਹੋ ਕਿ ਤੁਹਾਡਾ ਕੋਈ ਧਰਮ ਹੈ ਉਹ ਵੀ ਬੁੱਧ ਦਾ ਧਰਮ ਜਾਂ ਸਿੱਖ ਧਰਮ ਜਾਂ ਫਿਰ ਇਸਲਾਮ ਜਾਂ ਇਸਾਈ ਧਰਮ ਤਾਂ ਤੁਸੀਂ ਗਲਤੀ 'ਤੇ ਹੋ। ਕਿਉਂਕਿ ਖਾਸ ਕਰਕੇ ਬੁੱਧ ਦੇ ਧਰਮ ਅਤੇ ਸਿੱਖ ਧਰਮ ਦੀ ਸਥਾਪਨਾ ਦਾ ਮਕਸਦ ਹੈ ਬ੍ਰਾਹਮਣਵਾਦੀ ਸਮਾਜਕ ਢਾਂਚੇ ਦਾ ਤਿਆਗ, ਵਰਨ ਜਾਤੀ ਵਿਵਸਥਾ ਦਾ ਬੀਜ ਨਾਸ।

ਇਹ ਮਨੋਰਥ ਹੀ ਅਸਲੀ ਧਰਮ ਹੈ ਕਿਉਂਕਿ ਇਸਲਾਮ ਅਤੇ ਈਸਾ ਦਾ ਧਰਮ ਦੋਹੇਂ ਮਨੁੱਖੀ ਸਮਾਨਤਾ, ਪ੍ਰੇਮ ਅਤੇ ਭਾਈਚਾਰੇ ਨੂੰ ਕੁਦਰਤ ਦੀ ਪੈਦਾਵਾਰ ਮੰਨਦੇ ਹਨ ਅਤੇ ਰੱਬ ਦੀ ਨੇਅਮਤ ਮੰਨਦੇ ਹਨ ਇਸ ਲਈ ਸਹਿਜ ਹੀ ਇਹ ਧਰਮ ਵੀ ਉਸੇ ਕਤਾਰ ਵਿਚ ਆ ਜਾਂਦੇ ਹਨ ਜਿਥੇ ਬੁੱਧ ਦਾ ਧਰਮ ਅਤੇ ਸੰਤਗੁਰੂਆਂ ਦਾ ਧਰਮ ਖੜ੍ਹੇ ਹਨ।

ਯਾਦ ਰੱਖੋ ਕਿ ਤੁਸੀਂ ਧਰਮ ਨੂੰ ਰੱਬ ਲਈ ਨਹੀਂ ਬਦਲਣਾ ਹੈ ਨਾ ਸ਼ਕਲ ਜਾਂ ਪਹਿਰਾਵਾ ਬਦਲਣ ਲਈ। ਤੁਸੀਂ ਧਰਮ ਨੂੰ ਕੋਈ ਸਮਾਜ ਬਣਾਉਣ ਲਈ ਬਦਲਣਾ ਹੈ। ਜਿਥੇ ਮਨੁੱਖੀ ਪ੍ਰੀਤ ਹੈ, ਜਿਥੇ ਬਰਾਬਰੀ ਹੈ, ਜਿਥੇ ਸਮਾਨਤਾ ਹੈ, ਜਿਥੇ ਭਾਈਚਾਰਾ ਅਤੇ ਸਮਾਨ ਅਜ਼ਾਦੀ ਦਾ ਖੁੱਲ੍ਹਾ ਵਿਹਾਰ ਹੈ ਤੇ ਉਹ ਰੱਬ ਹੈ ਜੋ ਕੇਵਲ ਆਪਣੇ ਮਨੁੱਖਾਂ ਨੂੰ ਇਸੇ ਉਦੇਸ਼ ਨਾਲ ਬੰਨ੍ਹ ਕੇ ਰੱਖਦਾ ਹੈ।

ਬੁੱਧ ਨੇ ਰੱਬ ਦੀ ਗੱਲ ਨੂੰ ਲਾਂਭੇ ਰੱਖਿਆ। ਬਾਕੀ ਧਰਮਾਂ ਨੇ ਰੱਬ ਦੀ ਕੋਈ ਨਾ ਕੋਈ ਹੋਂਦ ਸਵੀਕਾਰ ਕੀਤੀ। ਕੀ ਰੱਬਾਂ ਵਾਲੇ ਭਾਰਤੀਆਂ ਨੇ ਵਰਨ ਜਾਤ ਤੋਂ ਖਹਿੜਾ

ਫੜਾ ਲਿਆ ਜਾਂ ਛੱਡ ਦਿੱਤਾ? ਐਸ ਰੱਬ ਨਾਲ, ਜਾਂ ਉਸ ਹੋਰ ਕਿਸੇ ਰੱਬ ਨਾਲ ਕੀ ਫਰਕ ਪੈਂਦਾ ਹੈ? ਜੇ ਰੱਬ ਨੂੰ ਨਾ ਵੀ ਪਛਾਣੀਏ ਤਾਂ ਕੀ ਹੋ ਜਾਵੇਗਾ? ਹਾਲ ਦੀ ਘੜੀ ਤਾਂ ਭਾਰਤ ਵਿਚ ਬਾਕੀ ਸਾਰੇ ਦੇ ਸਾਰੇ ਭਗਵਾਨਾਂ ਉੱਤੇ 'ਬ੍ਰਹਮਾਂ' ਪੂਰੀ ਤਰ੍ਹਾਂ ਹਾਵੀ ਹੈ, ਪ੍ਰਭਾਵੀ ਹੈ। ਉਸੇ ਦੀ ਪੁੱਗਦੀ ਹੈ। ਹਰੇਕ ਸਮਾਜ ਵਿਚ। ਅਜੇ ਤੱਕ ਅੱਲਾ, ਵਾਹਿਗੁਰੂ ਜਾਂ ਗਾਡ, ਬ੍ਰਹਮਾ ਦਾ ਕੁਝ ਨਹੀਂ ਵਿਗਾੜ ਸਕੇ। ਪਰ ਬ੍ਰਹਮਾ ਨੇ ਸਭ ਨੂੰ ਆਪਣੀ ਧੁੰਨ 'ਤੇ ਤੋਰਨ ਵਿਚ ਕਾਮਯਾਬੀ ਹਾਸਲ ਕੀਤੀ ਹੋਈ ਹੈ। ਕੋਈ ਵੀ ਰੱਬ, ਬ੍ਰਹਮਾ ਨੂੰ ਹਿਲਾ ਨਹੀਂ ਸਕਿਆ। ਸਗੋਂ ਉਹ ਬਾਕੀ ਰੱਬਾਂ ਦੇ ਨਾਲ ਜਚ ਕੇ ਜਾ ਖੜ੍ਹਦਾ ਹੈ। ਸਿਰ ਕੱਢ ਕੇ, ਉੱਚਾ ਕਰਕੇ, ਹਿੱਕ ਥਾਪੜ ਕੇ।

ਬਾਬਾ ਸਾਹਿਬ ਨੇ ਜਦੋਂ ਕਿਹਾ ਕਿ ਉਹ ਹਿੰਦੂ ਨਹੀਂ ਮਰਨਗੇ ਤਾਂ ਉਨ੍ਹਾਂ ਨੇ ਬੁੱਧ ਧਰਮ, ਸਿੱਖ ਧਰਮ ਤੇ ਇਸਲਾਮ ਦਾ ਪੂਰਾ ਅਧਿਐਨ ਕੀਤਾ। ਕੀ ਇਹ ਸਭ ਰੱਬ ਨੂੰ ਪਾਉਣ ਲਈ ਜਾਂ ਰੱਬ ਬਦਲਣ ਲਈ ਸੀ? ਨਹੀਂ, ਇਹ ਬ੍ਰਾਹਮਣੀ ਵਰਨ ਜਾਤੀ ਸਮਾਜ ਬਦਲਣ ਲਈ ਤੇ ਜਾਤਪਾਤ ਦਾ ਬੀਜ ਨਾਸ ਕਰਨ ਲਈ ਸੀ। ਉਹ ਧਰਮ ਜੋ ਅਜੇਹੀਆਂ ਮਾਨਤਾਵਾਂ ਸਥਾਪਤ ਕਰਦਾ ਹੈ, ਓਹੀ ਬਹੁਜਨਾਂ ਦਾ ਅਸਲੀ ਧਰਮ ਹੈ। ਏਥੇ ਭਗਵਾਨ ਕੋਈ ਮਨੋਰਥ ਨਹੀਂ। ਸਗੋਂ ਭਗਵਾਨ ਦਾ ਆਪਣਾ ਮਨੋਰਥ ਹੈ ਕਿ ਕੀ ਉਹ ਬ੍ਰਹਮਾ ਦੀ ਧਿਰ ਹੈ ਜਾਂ ਆਪਣੀ ਲੁਕਾਈ ਦੀ। ਕੀ ਉਹ ਨੀਚਾਂ ਦਾ ਸਾਥੀ ਹੈ ਜਾਂ ਉਤਮਾਂ ਦਾ? ਕੀ ਉਹ ਬ੍ਰਾਹਮਣ ਤੋਂ ਭੈ ਭੀਤ ਹੈ ਜਾਂ ਉਸ ਦੇ ਸਮੁੱਚੇ ਧਰਮ ਤੋਂ ਮੁਕਤ, ਜਿਵੇਂ ਬਾਣੀ ਵਿਚ ਲਿਖਿਆ ਹੈ ; ਬੇਦ ਕਤੇਬ ਨਾਹੀ ਸਭ ਸਾਸਤ੍ਰ ਤਹਾਂ ਬਸੈ ਨਿਰੰਕਾਰਾ॥

ਇਸ ਲਈ ਅਸੀਂ ਇਹ ਸਮਝਣਾ ਹੈ ਕਿ ਸਾਡੇ ਲਈ ਧਰਮ ਕਿਸੇ ਰੱਬ ਜਾਂ ਉਸ ਦੇ ਉਪਾਸਨਾ ਬਦਲਣ ਦਾ ਮਨੋਰਥ ਨਹੀਂ। ਧਰਮ ਸਾਡੀ ਮੁਕਤੀ, ਬਰਾਬਰੀ, ਪ੍ਰੇਮ ਭਾਈਚਾਰਾ ਅਤੇ ਆਜ਼ਾਦੀ ਸਥਾਪਤ ਕਰਨ ਦਾ ਬੰਦੋਬਸਤ ਹੈ। ਧਰਮ ਮਨੁੱਖ ਲਈ ਹੈ, ਉਸ ਦੇ ਭਲੇ ਤੇ ਉਪਕਾਰ ਲਈ ਹੈ।

ਜਿਸ ਤਰ੍ਹਾਂ ਬਾਬਾ ਸਾਹਿਬ ਨੇ ਹਿੰਦੂ ਧਰਮ ਦਾ ਤਿਆਗ ਕੀਤਾ ਤੇ ਬੁੱਧ ਹੋ ਗਏ। ਕਾਹਦੇ ਲਈ? ਮਨੁੱਖੀ ਸਮਾਨਤਾ ਅਤੇ ਨਿਰਬਾਣ ਪਦ ਲਈ ਕਿ ਆਪਣਾ ਅਤੇ ਆਪਣੇ ਸਮਾਜ ਦਾ ਭਲਾ ਕਰਦਿਆਂ ਜੀਵਨ ਬਸਰ ਕਰੇ। ਮਾਨਵੀ ਕਲਿਆਣ ਨੂੰ ਬੁੱਧ ਦੇ ਧਰਮ ਵਿਚ ਨਿਰਬਾਣ ਕਿਹਾ ਗਿਆ ਹੈ, ਜਿਸ ਵਿਚ ਬ੍ਰਾਹਮਣੀ ਵਰਨ-ਜਾਤੀ ਧਰਮ ਦਾ ਪੂਰੀ ਤਰ੍ਹਾਂ ਤਿਆਗ ਹੋਵੇ। ਜਦੋਂ ਅਸੀਂ ਮਹਾਤਮਾ ਜੋਤੀ ਰਾਓ ਬਾਰੇ ਇਸੇ ਦ੍ਰਿਸ਼ਟੀਕੋਣ ਤੋਂ ਜਾਨਣਾ ਹੈ ਤਾਂ ਅਸੀਂ ਇਹੀ ਵੇਖਣਾ ਹੈ ਕਿ ਕੀ ਉਨ੍ਹਾਂ ਦਾ ਸੰਘਰਸ਼ ਭਗਵਾਨ ਬਦਲਣ ਲਈ ਹੈ ਜਾਂ ਸਮਾਜ ਵਿਚ ਮੁਕੰਮਲ ਪ੍ਰੀਵਰਤਨ ਲਈ। ਆਓ ਵੇਖੀਏ ਉਨ੍ਹਾਂ ਦਾ ਜੀਵਨ ਸੰਘਰਸ਼ ਅਤੇ ਵਿਸ਼ੇਸ਼ ਘਟਨਾਵਾਂ ਤੇ ਵਿਸ਼ੇਸ਼ ਉਦੇਸ਼ :

ਦਲਿਤ ਜੋਤੀ ਰਾਓ ਅਤੇ ਬ੍ਰਾਹਮਣ ਗੋਵਾਂਡੇ ਨੇ ਸ਼ਿਵਾ ਜੀ ਅਤੇ ਜਾਰਜ ਵਾਸ਼ਿੰਗਟਨ ਦੀਆਂ ਜੀਵਨੀਆਂ ਪੜ੍ਹੀਆਂ। ਥਾਮਸ ਮੇਨ ਦੀ, 'ਆਦਮੀ ਦੇ ਅਧਿਕਾਰ' ਪੜ੍ਹੀ। ਜਿਸ ਉਪਰੰਤ ਜੋਤੀ ਰਾਓ ਦੇ ਦਿਮਾਗ ਵਿਚ ਮਨੁੱਖੀ ਬਰਾਬਰੀ ਦੀ ਉਥਲ-ਪੁਥਲ ਮੱਚੀ ਹੋਈ ਸੀ। ਉਸ ਸਮੇਂ ਜੋਤੀ ਰਾਓ ਨੂੰ ਇਕ ਬ੍ਰਾਹਮਣ ਦੋਸਤ ਦੀ ਸ਼ਾਦੀ 'ਤੇ ਜਾਣਾ ਪਿਆ ਤੇ ਬਰਾਤ ਨਾਲ ਤੁਰਦਿਆਂ ਇਕ ਕੱਟੜ ਬ੍ਰਾਹਮਣ ਨੇ ਉਸ ਨੂੰ ਪਛਾਣ ਲਿਆ। ਫਿਰ ਜੋਤੀ ਰਾਓ ਨੂੰ ਜੀਅ ਭਰ ਕੇ ਅਪਮਾਨਤ ਕੀਤਾ ਗਿਆ। ਜੋਤੀ ਰਾਓ ਨੇ ਗਹਿਰਾਈ ਤੱਕ ਆਪਣੇ ਆਪ ਨੂੰ ਅਪਮਾਨਤ ਮਹਿਸੂਸ ਕੀਤਾ। ਉਸ ਦੇ ਅੰਦਰ ਇਕ ਭੂਚਾਲ ਜੇਹਾ

ਮਰ ਗਿਆ। ਉਵੇਂ ਜਿਵੇਂ ਸਤਿਗੁਰ ਨਾਮਦੇਵ ਨੇ ਕਿਹਾ ਹੈ :

- ਹਸਤ ਖੇਲਤੁ ਤੇਰੇ ਦੇਹੁਰੇ ਆਇਆ॥
  ਭਗਤ ਕਰਤ ਨਾਮਾ ਪਕਰਿ ਉਠਾਇਆ॥
  ਹੀਨੜੀ ਜਾਤਿ ਮੇਰੀ ਜਾਦਮ ਰਾਇਆ॥
  ਛੀਪੇ ਕੇ ਜਨਮਿ ਕਾਹੇ ਕਉ ਆਇਆ॥
  ਲੇ ਪੰਡੀਆ ਮੋਹਿ ਢੇਡਿ ਕਹਤੁ ਹੈਂ॥

ਅਪਮਾਨ ਦੇ ਕਾਰਨ ਬੜੇ ਸਪੱਸ਼ਟ ਹਨ। ਦੁੱਖਾਂ ਦੇ ਕਾਰਨ ਬੜੇ ਸਾਫ ਹਨ। ਬਿਨਾਂ ਕਾਰਨ ਕੁਝ ਨਹੀਂ ਵਾਪਰਦਾ। ਕਾਰਨ ਨੂੰ ਦੂਰ ਕਰਨ ਦਾ ਧਰਮ ਹੈ, ਬੁੱਧ ਦਾ ਧਰਮ। ਸਿੱਖੀ ਦਾ ਧਰਮ ਤੇ ਜੋਤੀ ਰਾਓ ਫੂਲੇ ਦਾ ਧਰਮ।

ਮਹਾਰਾਸ਼ਟਰ ਵਿਚ (ਪੇਸ਼ਵਾ) ਬ੍ਰਾਹਮਣ ਰਾਜ ਵਿਚ ਅਛੂਤਾਂ ਨੂੰ ਆਪਣੇ ਲੱਕ ਦੁਆਲੇ ਮੋੜ੍ਹੀ ਬੰਨ੍ਹ ਕੇ ਤੁਰਨਾ ਪੈਂਦਾ ਸੀ, ਮੂੰਹ ਕੋਲ ਕੁੱਜਾ ਬੰਨ੍ਹਣਾ ਪੈਂਦਾ ਸੀ, ਸ਼ਾਮ ਸਵੇਰੇ ਹੀ ਗਲੀਆਂ ਵਿਚ ਨਿਕਲ ਸਕਦੇ ਸਨ। ਅਜੇਹੇ ਸਮੇਂ ਜੋਤੀ ਰਾਓ ਦਾ ਪਿਤਾ ਜੋਤੀ ਰਾਓ ਨੂੰ ਬ੍ਰਾਹਮਣੀ ਰਸਮਾਂ ਕਰਨ ਨੂੰ ਕਹਿੰਦਾ ਪਰ ਜੋਤੀ ਰਾਓ ਨੇ ਸ਼ਿਵਾ ਜੀ ਅਤੇ ਵਾਸ਼ਿੰਗਟਨ ਪੜ੍ਹ ਰੱਖੇ ਸਨ।

1848 ਵਿਚ ਕਾਰਲ ਮਾਰਕਸ ਨੇ ਦੁਨੀਆਂ ਨੂੰ ਆਪਣਾ ਕਮਿਊਨਿਸਟ ਮੈਨੀਫੈਸਟੋ ਦਿੱਤਾ।

1848 ਵਿਚ ਹੀ ਅਮਰੀਕਾ ਅੰਦਰ ਔਰਤਾਂ ਦੇ ਅਧਿਕਾਰਾਂ ਲਈ ਪਹਿਲੀ ਕਾਨਫਰੰਸ ਕੀਤੀ ਗਈ।

1848 ਵਿਚ ਹੀ ਜੋਤੀ ਰਾਓ ਫੂਲੇ ਨੇ ਮਹਾਰਾਸ਼ਟਰ ਵਿਚ ਸਮਾਜ ਸੁਧਾਰ ਲਹਿਰ ਦੀ ਨੀਂਹ ਰੱਖ ਦਿੱਤੀ ਤੇ ਕਿਹਾ : ਨੀਚ ਜਾਤੀਆਂ, ਮਹਾਰ ਮਾਂਗ ਚੰਮ ਭਾਰ ਆਦਿ ਜੋ ਮੇਰੇ ਦੇਸ਼ ਦਾ ਵਿਸ਼ਾਲ ਭਾਗ ਹਨ, ਜੋ ਦੁੱਖਾਂ ਅਤੇ ਅਗਿਆਨਤਾ ਦੀਆਂ ਗਹਿਰੀਆਂ ਖੱਡਾਂ ਵਿਚ ਡਿੱਗੇ ਹੋਏ ਹਨ, ਵਿੱਦਿਆ ਰਾਹੀਂ, ਮੇਰੇ ਅੰਦਰ, ਉਨ੍ਹਾਂ ਦੀ ਹਾਲਤ ਬੇਹਤਰ ਬਣਾਉਣ ਦੀ ਇੱਛਾ ਭਰ ਕੇ ਰੱਬ ਖੁਸ਼ ਸੀ। ਸਿੱਟੇ ਵਜੋਂ ਜਿੰਨਾ ਡਰ ਪਿਤਾ ਗੋਬਿੰਦਾ ਨੂੰ ਰੱਬ ਤੋਂ ਅਤੇ ਧਾਰਮਕ ਰਸਮਾਂ ਰਿਵਾਜਾਂ ਤੋਂ ਲੱਗ ਰਿਹਾ ਸੀ ਉਸ ਤੋਂ ਕਿਤੇ ਵੱਧ ਬ੍ਰਾਹਮਣ ਜੋਤੀਬਾ ਦੁਆਰਾ ਜਗਾਈ ਜਾ ਰਹੀ ਵਿੱਦਿਆ ਦੀ ਲਾਟ ਤੋਂ ਡਰ ਰਹੇ ਸਨ। ਜਿਸ ਵਿਚ ਬ੍ਰਾਹਮਣੀ ਕਰਮਕਾਂਡਾਂ ਨੇ ਜਲ ਬਲ ਕੇ ਸੁਆਹ ਹੋ ਜਾਣਾ ਸੀ।

(1848) ਤਿੰਨ ਹਜ਼ਾਰ ਸਾਲਾਂ ਦੇ ਲੰਬੇ ਇਤਿਹਾਸ ਵਿਚ ਪਹਿਲੀ ਵਾਰ ਨੀਚਾਂ ਤੋਂ ਨੀਚ ਮੁੰਡੇ ਕੁੜੀਆਂ ਲਈ ਗਿਆਨ ਦੇ ਬੂਹੇ ਖੋਲ੍ਹੇ ਗਏ ਤੇ ਜੋਤੀਬਾ ਨੇ ਬ੍ਰਾਹਮਣਾਂ ਨੂੰ ਕਿਹਾ : "ਮੈਂ ਤੁਹਾਡੀਆਂ ਧਾਰਮਕ ਪੁਸਤਕਾਂ ਦੇ ਹੁਕਮਨਾਮਿਆਂ ਨੂੰ ਰੱਦ ਕਰਦਾ ਹਾਂ।"

ਇਹ ਰੱਦ ਕਰਨਾ ਕੀ ਹੈ ਕਿ ਉਹ ਹਿੰਦੂ ਧਰਮ ਨੂੰ ਰੱਦ ਕਰਦਾ ਹੈ। ਉਸ ਦਾ ਤਿਆਗ ਕਰਦਾ ਹੈ। ਉਹ ਹਿੰਦੂ ਜੰਮਿਆ ਜ਼ਰੂਰ ਪਰ ਹਿੰਦੂ ਰਿਹਾ ਨਹੀਂ। ਇਜ ਕਹਿ ਕੇ ਜੋਤੀ ਨੇ, ਵਿੱਠਲ ਪੀਠ ਵਿਚ ਲੜਕੀਆਂ ਲਈ ਜੋ ਮਹਾਰਾਂ, ਢੇਡਾਂ, ਮਾਂਗ ਵਿਚੋਂ ਸਨ, ਲਈ ਪਹਿਲਾ ਸਕੂਲ ਖੋਲ੍ਹਿਆ ਤੇ ਦੂਜਾ 1952 ਵਿਚ ਲੜਕਿਆਂ ਲਈ।

ਜੋਤੀਬਾ ਫੂਲੇ ਦਾ ਨਿਸ਼ਾਨਾ ਸੀ : ਨੀਚ ਲੋਕਾਂ ਨੂੰ ਅਜੇਹੇ ਢੰਗ ਨਾਲ ਵਿੱਦਿਆ ਦਿੱਤੀ ਜਾਵੇ ਕਿ ਇਹ ਲੋਕ ਆਪਣੀ ਸਮਾਜਕ ਬਰਾਬਰੀ ਬਾਰੇ ਸੋਚ ਕੇ ਜਾਤੀਵਾਦ ਤੋਂ ਅਜ਼ਾਦੀ ਪ੍ਰਾਪਤ ਕਰਨ ਲਈ ਤਿਆਰ ਹੋ ਜਾਣ। 'ਵਿੱਦਿਆ ਵੀਚਾਰੀ ਤਾਂ ਪਰਉਪਕਾਰੀ।'

ਜੋਤੀਵਾ ਕਿਹਾ ਕਰਦੇ ਸਨ : ਅੱਜ ਅੰਗਰੇਜ਼ੀ ਰਾਜ ਹੈ...। ਛੋਟੀਆਂ ਜਾਤਾਂ ਨੂੰ ਪੜ੍ਹ ਲੈਣਾ ਚਾਹੀਦਾ ਹੈ। ਉਨ੍ਹਾਂ ਨੂੰ ਬ੍ਰਾਹਮਣਵਾਦ ਦੇ ਪਾਏ ਹੋਏ ਅਗਿਆਨਤਾ ਦੇ ਹਨੇਰੇ ਵਿਚੋਂ ਨਿਕਲ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਨਿੱਜੀ ਤੇ ਸਮਾਜਕ ਅਧਿਕਾਰਾਂ ਲਈ ਤਿਆਰ ਹੋਣਾ ਚਾਹੀਦਾ ਹੈ।

'ਜੇਕਰ ਇਹ ਰਾਜ ਮੁੜ ਕੇ (ਅੰਗਰੇਜ਼ਾਂ ਦੇ ਹੱਥਾਂ 'ਚੋਂ ਨਿਕਲ ਕੇ) ਬ੍ਰਾਹਮਣ ਲੋਕਾਂ ਦੇ ਹੱਥ ਆ ਗਿਆ ਤਾਂ ਸਾਡੇ ਲੋਕਾਂ ਨੂੰ ਮੁੜ ਪੇਸ਼ਵਾ (ਬ੍ਰਾਹਮਣ) ਰਾਜ ਵਾਲੀ ਹਾਲਤ ਵਿਚ ਜਿਉਣਾ ਪਵੇਗਾ, ਜਿਸ ਵਿਚ ਸਾਡੇ ਲੋਕਾਂ 'ਤੇ ਪਹਿਲਾਂ ਵਾਲੀਆਂ ਸਾਰੀਆਂ ਪਾਬੰਦੀਆਂ ਲਗਾ ਦਿੱਤੀਆਂ ਜਾਣਗੀਆਂ।'

1854 ਵਿਚ ਸ਼ੰਕਰਾਚਾਰੀਆ (ਬ੍ਰਾਹਮਣੀ ਧਰਮ ਦੇ ਮੁਖੀਆ) ਨੇ ਇਕ ਵਿਧਵਾ ਔਰਤ, ਜਿਸ ਦੇ ਪੇਟ ਵਿਚ ਬੱਚਾ ਸੀ, ਨੂੰ ਦਰੱਖਤ ਦੇ ਖੋਲ ਵਿਚ ਬੰਦ ਕਰਕੇ ਸਾੜਨ ਦਾ ਹੁਕਮ ਦਿੱਤਾ। ਜੋਤੀ ਵਾ ਨੇ ਬ੍ਰਾਹਮਣਵਾਦ ਦਾ ਸਿੱਧਾ ਵਿਰੋਧ ਕਰਦਿਆਂ, ਅਜੇਹੀਆਂ ਵਿਧਵਾ ਔਰਤਾਂ ਦੇ ਬੱਚਿਆਂ ਦੇ ਪਾਲਣ-ਪੋਸਣ ਦੀ ਜ਼ਿਮੇਵਾਰੀ ਲੈ ਲਈ। ਅਨੇਕ ਵਿਧਵਾਵਾਂ ਨੇ ਜੋਤੀਵਾ ਫੂਲੇ ਦੇ ਆਸ਼ਰਮ ਵਿਚ ਆਸਰਾ ਲਿਆ ਪ੍ਰੰਤੂ ਬ੍ਰਾਹਮਣਾਂ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ।

1868 ਵਿਚ ਜੋਤੀਵਾ ਨੇ ਆਪਣਾ ਘਰ ਵੀ ਸਭ ਜਾਤੀਆਂ ਲਈ ਖੋਲ੍ਹ ਦਿੱਤਾ। ਭਾਵ ਹਰ ਨਿਮਨ ਜਾਤੀ ਨੂੰ ਦਾਦਾ ਸਾਹਿਬ ਦੇ ਘਰ ਆਉਣ ਜਾਣ ਦੀ ਖੁਲ੍ਹ ਹੋ ਗਈ। ਜਦੋਂ ਕਿ ਪਹਿਲਾਂ ਅਜੇ ਬਾਹਰ ਰਹਿ ਕੇ ਮਿਲਣ ਜੁਲਣ ਦਾ ਸਿਲਸਿਲਾ ਚਲਦਾ ਸੀ।

ਜੋਤੀਵਾ ਪਹਿਲਾ ਲੇਖਕ ਸੀ ਜਿਸ ਨੇ ਸ਼ਿਵਾ ਜੀ ਦੇ ਸ਼ਾਨਦਾਰ ਜੀਵਨ ਬਾਰੇ ਲਿਖਿਆ। ਜੋਤੀਵਾ ਨੇ ਇਤਿਹਾਸ ਵਿਚੋਂ ਲੱਭ ਲਿਆ ਸੀ ਕਿ ਸੈਂਕੜੇ ਵਾਰ ਸਲਤਨਤਾਂ ਬਦਲੀਆਂ, ਹਕੂਮਤਾਂ ਬਦਲੀਆਂ, ਦੇਸੀ-ਵਿਦੇਸ਼ੀ ਹਾਕਮ ਬਦਲੇ ਪ੍ਰੰਤੂ ਬ੍ਰਾਹਮਣੀ ਸੋਚ ਰਾਹੀਂ ਪੈਦਾ ਕੀਤੀ ਜਾਤਪਾਤ ਨਹੀਂ ਬਦਲੀ।

ਜੋਤੀਵਾ ਬ੍ਰਾਹਮਣੀ ਗ੍ਰੰਥਾਂ ਦੇ ਹੁਕਮਨਾਮਿਆਂ ਨੂੰ ਪੜ੍ਹ-ਪੜ੍ਹ ਕੇ ਲੋਕਾਂ ਨੂੰ ਸੁਣਾਉਂਦੇ, ਸਮਝਾਉਂਦੇ ਕਿ ਕਿਵੇਂ ਉਨ੍ਹਾਂ ਨੂੰ ਨੀਚ ਬਣਾਇਆ ਗਿਆ। ਇਹ ਵੀ ਦੱਸਦੇ ਕਿ ਕਿਹੜਿਆਂ ਫਤਵਿਆਂ ਨੇ ਉਨ੍ਹਾਂ ਨੂੰ ਗੁਲਾਮ ਬਣਾਇਆ ਤੇ ਕਿਹੜੇ ਹੁਕਮਨਾਮਿਆਂ ਨੇ ਉਨ੍ਹਾਂ ਦੀ ਜਾਇਦਾਦ ਲੁੱਟ ਕੇ ਬ੍ਰਾਹਮਣਾਂ ਦੀ ਅਜਾਰੇਦਾਰੀ ਬਣਾ ਧਰਿਆ।

ਸਮਝਾਇਆ ਕਿ ਸਾਰੀਆਂ ਬੁਰਾਈਆਂ ਅਤੇ ਗੁਲਾਮੀ ਦਾ ਕਾਰਨ ਬ੍ਰਾਹਮਣਵਾਦ ਹੈ। ਕਿਹਾ ਕਿ ਬ੍ਰਾਹਮਣ ਸ਼ੂਦਰਾਂ ਨੂੰ ਅਤੇ ਅਤੀਸ਼ੂਦਰਾਂ ਨੂੰ ਜਾਨਵਰਾਂ ਦੇ ਪਿਸ਼ਾਬ ਤੋਂ ਵੀ ਘਟੀਆ ਸਮਝਦੇ ਹਨ। ਉਨ੍ਹਾਂ ਇਹ ਵੀ ਕਿਹਾ, 'ਵੇਦ ਰੱਬੀ ਕਿਰਤ ਨਹੀਂ ਹਨ ਸਗੋਂ ਆਦਮੀ ਦੇ ਲਿਖੇ ਹੋਏ ਹਨ, ਸਮਾਜ ਨੂੰ ਉੱਚੇ ਨੀਵੇਂ ਦਰਜਿਆਂ ਵਿਚ ਵੰਡਣ ਲਈ। ਮਨੂੰ ਸਿਮਰਤੀ ਸ਼ੂਦਰਾਂ ਨੂੰ ਗੁਲਾਮ ਬਣਾਉਣ ਲਈ ਲਿਖੀ ਗਈ।'

ਜੋਤੀਵਾ ਨੇ ਵੇਖਿਆ ਕਿ ਅੰਗਰੇਜ਼ੀ ਰਾਜ ਵਿਚ ਵੀ, ਪਿੰਡ ਦੇ ਮੁਖੀਏ ਤੋਂ ਲੈ ਕੇ ਜੱਜਾਂ ਤੱਕ ਸਭ ਬ੍ਰਾਹਮਣ ਹਨ। ਇਸੇ ਕਰਕੇ ਅੰਗਰੇਜ਼ੀ ਰਾਜ ਵਿਚ ਵੀ ਮਜ਼ਦੂਰਾਂ ਤੇ ਕਿਸਾਨਾਂ ਨੂੰ ਇਨਸਾਫ ਨਹੀਂ ਮਿਲ ਰਿਹਾ ਸਗੋਂ ਹਰ ਪਾਸੇ ਇਨ੍ਹਾਂ ਲੋਕਾਂ ਨੇ ਭ੍ਰਿਸ਼ਟਾਚਾਰ ਫੈਲਾਅ ਰੱਖਿਆ ਹੈ। (ਅਜ਼ਾਦੀ ਤੋਂ ਬਾਅਦ ਦੀ ਸਥਿਤੀ ਨੂੰ ਵੀ ਜੇ ਇਸੇ ਪ੍ਰਸੰਗ ਤੋਂ ਵੇਖਿਆ ਜਾਵੇ ਤਾਂ ਇਹ ਉਸ ਤੋਂ ਵੀ ਵੱਧ ਭਿਆਨਕ ਹੋ ਗਈ ਹੈ, ਜਿਸ ਦੀ ਵਾਰਨਿੰਗ ਮਹਾਤਮਾ ਫੂਲੇ ਨੇ ਬੜੇ ਸਾਫ ਸ਼ਬਦਾਂ ਵਿਚ ਸ਼ੂਦਰਾਂ ਨੂੰ ਦੇ ਦਿੱਤੀ ਸੀ)

24 ਸਤੰਬਰ 1973 ਨੂੰ ਜੋਤੀਵਾ ਫੂਲੇ ਨੇ, ਪੈਰੋਕਾਰਾਂ ਦੇ ਇਕੱਠ ਵਿਚ 'ਸੱਤਿਆ ਸੋਧਕ ਸਮਾਜ' ਦੀ ਨੀਂਹ ਰੱਖ ਦਿੱਤੀ, ਜਿਸ ਦੇ ਵਿਰੁੱਧ ਪ੍ਰਚਾਰਿਆ ਗਿਆ ਕਿ ਅਜੇਹੇ ਸੰਗਠਨ ਵਿਚ ਸ਼ਾਮਲ ਹੋਣ ਵਾਲੇ ਨੂੰ ਬ੍ਰਾਹਮਣ ਕਰੋਪੀ ਹੋ ਕੇ ਸਰਾਪ ਦੇ ਦੇਣਗੇ।

ਪ੍ਰੰਤੂ ਸੱਤਿਆ ਸੋਧਕ ਸਮਾਜ ਦੀ ਸਰਪ੍ਰਸਤੀ ਅਧੀਨ 25 ਸਤੰਬਰ 1873 ਨੂੰ, ਬਿਨਾਂ ਕਿਸੇ ਬ੍ਰਾਹਮਣ ਪੁਜਾਰੀ ਤੋਂ ਇਕ ਜੋੜੇ ਦੀ ਸ਼ਾਦੀ ਕੀਤੀ ਗਈ।

ਤੇ ਫਿਰ 7 ਮਈ 1874 ਨੂੰ ਬ੍ਰਾਹਮਣਾਂ ਅਤੇ ਗੈਰਬ੍ਰਾਹਮਣਾਂ ਦਾ ਭਰਵਾਂ ਇਕੱਠ ਬਿਨਾਂ ਬ੍ਰਾਹਮਣਾਂ ਤੋਂ ਹੋ ਰਹੀ ਦੂਜੀ ਸ਼ਾਦੀ ਵੇਖ ਰਿਹਾ ਸੀ।

ਵਿਸ਼ਨੂੰ ਸ਼ਾਸਤਰੀ ਚਿਪਲੰਕਾਰ ਬ੍ਰਾਹਮਣ, ਜੋ ਬ੍ਰਾਹਮਣੀ ਰੀਤਾਂ ਨੂੰ ਕਾਇਮ ਰੱਖਣਾ ਚਾਹੁੰਦਾ ਸੀ, ਨੇ ਕਿਹਾ ; 'ਜੋਤੀ ਰਾਓ ਬ੍ਰਾਹਮਣਾਂ ਤੇ ਵਰ੍ਹਨ ਵਾਲਾ ਇਕ ਭੌਂਕਾ ਹੈ।'

ਜਨਵਰੀ 1877 ਵਿਚ ਸੱਤਿਆ ਸੋਧਕ ਸਮਾਜ ਵਲੋਂ 'ਦੀਨ ਬੰਧੂ' ਨਾਂ ਦਾ ਪਰਚਾ ਚਾਲੂ ਕਰ ਦਿੱਤਾ ਗਿਆ। ਜੋਤੀਵਾ ਨੇ ਕਿਹਾ, 'ਉੱਚੀ ਵਿੱਦਿਆ ਉੱਚੇ ਲੋਕਾਂ ਦੀ ਖਾਸ ਕਰਕੇ ਬ੍ਰਾਹਮਣਾਂ ਦੀ ਅਜਾਰੇਦਾਰੀ ਬਣੀ ਹੋਈ ਹੈ।'

ਜੁਲਾਈ 1883 ਵਿਚ ਜੋਤੀਵਾ ਨੇ 'ਕਲਟੀਵੇਟਰਜ਼, ਵਿਦਕਾਰਡ' ਪੁਸਤਕ, ਜੋ ਇੰਡੀਆ ਦੇ ਗਵਰਨਰ ਜਨਰਲ ਨੂੰ ਭੇਜੀ ਗਈ ਸੀ, ਵਿਚ ਲਿਖਿਆ :

ਵਿੱਦਿਆ ਬਿਨਾ ਬੁੱਧੀ ਗਈ,
ਬੁੱਧੀ ਬਿਨਾ ਸਦਾਚਾਰ ਗਿਆ,
ਸਦਾਚਾਰ ਬਿਨਾ ਤਰੱਕੀ ਰੁਕ ਗਈ,
ਤਰੱਕੀ ਬਿਨਾ ਦੌਲਤ ਮਿਟ ਗਈ,
ਦੌਲਤ ਬਿਨਾ ਸ਼ੂਦਰ ਤਬਾਹ ਹੋ ਗਏ ਅਤੇ
ਇਹ ਸਾਰੇ ਦੁੱਖ ਅਨਪੜ੍ਹਤਾ ਕਾਰਨ ਵਾਪਰੇ।

(ਤੁਸੀਂ ਪਿਛਲੀ ਸਾਰੀ ਰਚਨਾ ਵਿਚੋਂ ਵਿੱਦਿਆ, ਬੁੱਧੀ, ਸਦਾਚਾਰ, ਤਰੱਕੀ, ਦੌਲਤ, ਸ਼ੂਦਰ, ਅਨਪੜ੍ਹਤਾ, ਦੁੱਖ ਤੇ ਤਬਾਹੀ ਆਦਿ ਸ਼ਬਦਾਂ ਦੀ ਸੁਮੇਲਤਾ ਨੂੰ ਪੜ੍ਹੋ ਤੁਹਾਨੂੰ ਪੂਰਨ ਇਕਸਾਰਤਾ ਨਜ਼ਰ ਆਵੇਗੀ।)

ਨਤੀਜਾ : ਬ੍ਰਾਹਮਣਾਂ ਨੇ ਹੁਣ ਦੇ ਪ੍ਰਸੰਗ ਵਿਚ ਇਹ ਗੱਲ ਚੰਗੀ ਤਰ੍ਹਾਂ ਮੰਨ ਲਈ ਸੀ ਕਿ ਜੋਤੀਵਾ ਹਿੰਦੂਵਾਦ, ਜਿਸ ਦਾ ਪਹਿਲਾ ਨਾਂ ਬ੍ਰਾਹਮਣਵਾਦ ਸੀ, ਦੀਆਂ ਧਾਰਮਕ ਰਵਾਇਤਾਂ ਨੂੰ ਤੋੜਨ ਦਾ ਜ਼ਿੰਮੇਵਾਰ ਸੀ।

ਜੋਤੀਵਾ ਨੇ ਆਪਣੇ ਧਾਰਮਕ ਸਮਾਗਮਾਂ ਵਿਚੋਂ ਬ੍ਰਾਹਮਣਾਂ ਨੂੰ ਤਿਆਗ ਦਿੱਤਾ ਸੀ। ਇਹ ਸਮਾਗਮ ਜਾਂ ਕਾਰਜ ਹੁਣ ਸ਼ੂਦਰ ਆਪ ਹੀ ਨਿਭਾਇਆ ਕਰਦੇ ਸਨ। ਬ੍ਰਾਹਮਣ ਪੁਜਾਰੀਆਂ ਦਾ ਬਾਈਕਾਟ ਕਰ ਦਿੱਤਾ ਗਿਆ ਸੀ।

ਜੋਤੀਵਾ ਕਹਿੰਦੇ ਸਨ : ਉੱਚੀਆਂ ਜਾਤੀਆਂ ਵੱਲੋਂ ਚਲਾਈਆਂ ਜਾਂਦੀਆਂ ਸਮਾਜ ਸੁਧਾਰ ਲਹਿਰਾਂ ਇਕ ਪਖੰਡਬਾਜ਼ੀ ਹੈ। ਸਟੰਟ ਹੈ। ਨਿਰੀ ਲਿਫਾਫੇਬਾਜ਼ੀ ਹੈ, ਜਿਸ ਨਾਲ ਉਹ ਨੀਵੇਂ ਲੋਕਾਂ ਨੂੰ ਆਪਣੇ ਹਮਦਰਦ ਬਣਾ ਲੈਂਦੇ ਹਨ।

ਹਿੰਦੂਆਂ ਬਾਰੇ ਜੋਤੀਵਾ ਨੇ ਕਿਹਾ ਕਿ ਆਖਰਕਾਰ ਸ਼ੂਦਰਾਂ ਵਾਸਤੇ ਇਸ ਧਰਮ ਦਾ ਅਰਥ ਹੈ, 'ਬ੍ਰਾਹਮਣ ਦੀ ਗੁਲਾਮੀ' ...ਬ੍ਰਾਹਮਣੀ ਧਰਮ ਨੇ ਰੱਬ ਨਾਲ ਵੀ ਧੋਖਾ ਕੀਤਾ ਹੈ ਅਤੇ ਸ਼ੂਦਰਾਂ ਉੱਪਰ ਗੁਲਾਮੀ ਠੋਸ ਦਿੱਤੀ ਹੈ। ਇਹ ਧਰਮ ਕੋਈ ਧਰਮ ਨਹੀਂ।

ਜੋਤੀਬਾ ਨੇ ਪੈਦਾ ਹੋਈ ਕਾਂਗਰਸ ਬਾਰੇ ਸ਼ੂਦਰਾਂ ਨੂੰ ਚਿਤਾਵਨੀ ਦਿੱਤੀ ਸੀ ਕਿ ਜੇ ਉਨ੍ਹਾਂ ਨੇ ਕਾਂਗਰਸ ਦਾ ਸਾਥ ਦਿੱਤਾ ਜਾਂ ਕਾਂਗਰਸ ਵਿਚ ਸ਼ਾਮਲ ਹੋਏ ਤਾਂ ਉਹ ਜੀਵਨ ਦੇ ਹਰ ਖੇਤਰ ਵਿਚ ਆਪਣੇ ਸਭ ਹੱਕ ਗੁਆ ਬੈਠਣਗੇ ਕਿਉਂਕਿ ਕਾਂਗਰਸ ਬ੍ਰਾਹਮਣਾਂ ਦੇ ਹੱਥਾਂ ਵਿਚ ਪਲ ਰਹੀ ਇਕ ਸੰਸਥਾ ਹੈ।.... ਬ੍ਰਾਹਮਣ ਕਦੀ ਵੀ ਸ਼ੂਦਰਾਂ ਨੂੰ ਸਮਾਜਕ ਅਤੇ ਆਰਥਕ ਬਰਾਬਰੀ ਨਹੀਂ ਦੇਣਗੇ।

ਉਨ੍ਹਾਂ ਕਿਹਾ : ਜਾਤੀਵਾਦ ਬ੍ਰਾਹਮਣਾਂ ਲਈ ਉੱਤਮ ਪ੍ਰਬੰਧ ਹੈ ਕਿਉਂਕਿ ਇਸ ਨਾਲ ਉਨ੍ਹਾਂ ਨੂੰ ਸਾਰੇ ਫਾਇਦੇ ਮਿਲਦੇ ਹਨ। ਪ੍ਰੰਤੂ ਸ਼ੂਦਰਾਂ ਨੂੰ ਇਸ ਦਾ ਹਰ ਖੇਤਰ ਵਿਚ ਨੁਕਸਾਨ ਹੋਇਆ ਹੈ। ਜਾਤੀਵਾਦ, ਉਨ੍ਹਾਂ ਨੇ ਸ਼ੂਦਰਾਂ ਨੂੰ ਲੁੱਟਣ, ਦਬਾਈ ਰੱਖਣ ਅਤੇ ਗੁਲਾਮ ਬਣਾਈ ਰੱਖਣ ਲਈ ਹੀ ਬਣਾਇਆ ਸੀ।

1885 ਵਿਚ ਜੋਤੀਬਾ ਫੂਲੇ ਨੂੰ ਮਰਾਠੀ ਲੇਖਕਾਂ ਦੇ ਇਕ ਸਮਾਗਮ ਵਿਚ ਸੱਦਾ ਦਿੱਤਾ ਗਿਆ, ਜਿਸ ਦੇ ਉੱਤਰ ਵਿਚ ਉਨ੍ਹਾਂ ਲਿਖਿਆ, 'ਪਿਆਰੇ ਭਾਈ, ਸਾਡੀਆਂ ਸੰਸਥਾਵਾਂ ਅਤੇ ਕਿਤਾਬਾਂ ਦਾ ਉਨ੍ਹਾਂ ਲੇਖਕਾਂ ਨਾਲ ਕੋਈ ਸਬੰਧ ਨਹੀਂ ਹੁੰਦਾ, ਵਾਸਤਾ ਨਹੀਂ ਹੁੰਦਾ, ਜਿਹੜੇ ਹੌਸਲੇ ਨਾਲ ਮਨੁੱਖੀ ਅਧਿਕਾਰਾਂ ਬਾਰੇ ਖੁਲ੍ਹੇ ਰੂਪ ਵਿਚ ਅਤੇ ਦ੍ਰਿੜਤਾ ਨਾਲ ਕੁਝ ਨਾ ਕਹਿ ਸਕਣ।'... ਉਹ ਲੇਖਕ ਆਪਣੇ ਆਪ ਨੂੰ ਕਦੀ ਉਨ੍ਹਾਂ ਲੋਕਾਂ ਦੇ ਅਧਿਕਾਰ ਦੇਣ ਲਈ, ਜਿਨ੍ਹਾਂ ਤੋਂ ਇਹ ਖੋਹੇ ਗਏ ਹਨ, ਤਿਆਰ ਨਹੀਂ ਕਰ ਸਕਣਗੇ।

ਉਨ੍ਹਾਂ ਦੀਆਂ ਕਿਤਾਬਾਂ ਦਾ ਸੰਦੇਸ਼ ਅਤੇ ਸਿੱਖਿਆਵਾਂ ਇਕ ਲਿਫਾਫੇਬਾਜ਼ੀ ਹੈ ਜੋ ਸਾਡੀਆਂ ਕਿਤਾਬਾਂ ਦੇ ਸੰਦੇਸ਼ ਤੋਂ ਵੱਖ ਹੈ। ਉਨ੍ਹਾਂ ਦੇ ਦਾਦਿਆਂ ਪੜਦਾਦਿਆਂ ਨੇ ਸ਼ੂਦਰਾਂ ਅਤੇ ਅਤੀਸ਼ੂਦਰਾਂ ਉੱਤੇ ਗੁੱਸਾ ਖਾ ਕੇ, ਆਪਣੀਆਂ ਫਜ਼ੂਲ ਲਿਖਤਾਂ ਵਿਚ, ਉਨ੍ਹਾਂ ਨੂੰ ਆਪਣੇ ਗੁਲਾਮ ਸਮਝ ਕੇ ਨਕਾਰਿਆ ਹੈ। ਉਨ੍ਹਾਂ ਦੇ ਪੁਰਾਣੇ ਗ੍ਰੰਥ ਇਸ ਗੱਲ ਦੀ ਗਵਾਹੀ ਭਰਦੇ ਹਨ। ਦੁੱਖ ਅਤੇ ਤਕਲੀਫਾਂ ਜੋ ਸ਼ੂਦਰਾਂ ਅਤੇ ਅਤੀਸ਼ੂਦਰਾਂ ਨੇ ਝੱਲੀਆਂ ਹਨ ਅਤੇ ਜਿਹੜੀਆਂ ਅਜੇ ਝੱਲਣੀਆਂ ਹਨ, ਇਨ੍ਹਾਂ ਨੂੰ ਉਹ ਸਿਆਣੇ ਲੋਕ ਨਹੀਂ ਸਮਝਦੇ, ਜਿਹੜੇ ਅਜੇਹੀਆਂ ਮੀਟਿੰਗਾਂ (ਭਾਵ ਸਾਹਿਤ ਸਭਾਵਾਂ) ਵਿਚ ਵਿਅਰਥ ਅਤੇ ਅਚਨਚੇਤੀ ਭਾਸ਼ਨ ਕਰਦੇ ਹਨ।

ਉਪਰੋਕਤ ਕਥਨ ਨੂੰ ਅੱਜ ਦੀਆਂ ਸਮੁੱਚੀਆਂ ਸਾਹਿੱਤਕ ਸੰਸਥਾਵਾਂ, ਉਨ੍ਹਾਂ ਦੀਆਂ ਪੁਸਤਕਾਂ ਅਤੇ ਵਿਚਾਰ-ਗੋਸ਼ਟੀਆਂ ਦੇ ਪ੍ਰਸੰਗ ਵਿਚ ਜੇ ਪਰਖਿਆ ਜਾਵੇ ਤਾਂ ਇਹ ਹੁਣ ਵੀ ਉਵੇਂ ਹੀ ਸੱਚ ਹੈ ਜਿਵੇਂ ਪਹਿਲਾਂ ਸੀ। ਬੱਸ ਕਿਤੇ ਕਿਤੇ ਕੋਈ ਕੋਈ, ਉਹ ਵੀ ਸ਼ੂਦਰਾਂ ਦੀ ਝੰਡਾਬਰਦਾਰੀ ਵਿਚ, ਸ਼ੂਦਰ ਬਹੁਜਨ ਦੀਆਂ ਪੀੜਾਂ ਦਾ ਜ਼ਿਕਰ ਕਰਦਾ ਹੈ ਵਰਨਾ ਸਭ ਕੁਝ ਗੰਗਾ ਦੇ ਨਾਲ-ਨਾਲ ਹੀ ਵਹਿੰਦਾ ਹੈ।

ਇਹ 1888 ਦੀ ਗੱਲ ਹੈ ਜਦੋਂ ਇਕ ਗਰੀਬ ਪੇਂਡੂ ਆਦਮੀ ਵਜੋਂ ਜੋਤੀ ਰਾਓ ਫੂਲੇ ਨੇ 'ਰਾਇਲ ਹਿਜ਼ ਹਾਈਨੈੱਸ' ਨੂੰ ਉੱਚੇ ਲੋਕਾਂ ਦੀ ਸਭਾ ਵਿਚ ਕਿਹਾ ਸੀ:

"ਉਹ ਆਪਣੀ ਮਾਂ, ਰਾਣੀ ਵਿਕਟੋਰੀਆ ਨੂੰ ਦੱਸੇ ਕਿ ਲੋਕ ਭਿਆਨਕ ਗਰੀਬੀ ਵਿਚ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਵਿੱਦਿਆ ਦੀ ਅਤੀ ਲੋੜ ਹੈ।'

ਫੂਲੇ ਦੇ ਵਿਚਾਰ ਵਿਚ, ਉਹ ਵਿਅਕਤੀ ਜੋ ਆਪਣੇ ਦਿਲ ਵਿਚ ਸੱਚ ਰੱਖਦਾ ਹੋਵੇ, ਸੱਚਾਈ ਭਰੀ ਜ਼ਿੰਦਗੀ ਜਿਉਂਦਾ ਹੋਵੇ, ਦੂਜਿਆਂ ਨੂੰ ਪਿਆਰ ਕਰਦਾ ਹੋਵੇ, ਉਸ ਨੂੰ ਬੁੱਧੀਮਾਨ ਕਿਹਾ ਜਾਣਾ ਚਾਹੀਦਾ ਹੈ। ਵਿਅਕਤੀ ਨੂੰ ਮਨੁੱਖਤਾ ਦੀ ਸੇਵਾ ਵਾਸਤੇ ਆਪਣਾ ਜੀਵਨ ਅਰਪਣ ਕਰਨਾ ਚਾਹੀਦਾ ਹੈ। ਇਕ ਆਦਮੀ ਜਿਸ ਦਾ ਹੌਸਲਾ ਸੱਚ

ਦੀ ਪੈਦਾਵਾਰ ਹੋਵੇ, ਜੋ ਨਰਮ ਦਿਲ ਹੈ, ਹਮਦਰਦ ਹੈ, ਬਹਾਦਰ ਹੈ, ਸੱਚ 'ਤੇ ਚੱਲਣ ਵਾਲਾ ਹੈ, ਜਿਸ ਨੇ ਆਪਣੀਆਂ ਇਛਾਵਾਂ ਵੱਸ ਕਰ ਲਈਆਂ ਹਨ, ਉਸ ਨੂੰ ਨੇਕ ਇਨਸਾਨ ਕਿਹਾ ਜਾਂਦਾ ਹੈ। ਜਿਵੇਂ : ਭਗਤਿ ਕਰੇ ਕੋਈ ਸੂਰਮਾ।

(ਜੋ) ਸਾਰਿਆਂ ਨਾਲ ਇਕੋ ਜੇਹਾ ਵਿਹਾਰ ਕਰਦਾ ਹੈ ਅਜੇਹਾ ਆਦਮੀ ਭਲਾ ਪੁਰਖ ਹੁੰਦਾ ਹੈ।

(ਜੋਤੀ ਰਾਓ ਫੂਲੇ ਦੇ ਉਪਰੋਕਤ ਕਥਨ ਨੂੰ ਪੜ੍ਹੋ ਤੇ ਦੇਖੋ ਕਿ ਬੁੱਧ, ਕਬੀਰ ਤੇ ਗੁਰੂ ਨਾਨਕ ਦੀਆਂ ਸਿੱਖਿਆਵਾਂ ਤੇ ਉਪਦੇਸ਼ ਕਿਵੇਂ ਸਮਾਏ ਹੋਏ ਹਨ, ਇਨ੍ਹਾਂ ਸਤਰਾਂ ਵਿਚ)।

ਫੂਲੇ ਨੇ ਉਪਦੇਸ਼ ਦਿੱਤਾ ; • ਰੱਬ ਇਕ ਹੈ, ਇਸ ਲਈ ਔਰਤਾਂ ਅਤੇ ਆਦਮੀਆਂ ਦੇ ਅਧਿਕਾਰ ਸਭ ਨੂੰ ਬਰਾਬਰ ਦੱਸੋ ਤਾਂ ਕਿ ਸਾਰੇ ਭਰਾਵਾਂ ਵਾਂਗ ਰਹਿ ਸਕਣ।

ਉਨ੍ਹਾਂ ਕਿਹਾ ; • 'ਮੰਤਰ ਤੇ ਜਾਪ ਮੀਂਹ ਪੁਆ ਸਕਦੇ ਹਨ, ਇਹ ਬਕਵਾਸ ਹੈ।'

• ਨਾ ਹੀ ਇਹ (ਮੰਤਰ) ਬੱਚੇ ਦੇ ਸਕਦੇ ਹਨ।

• ਜੇ ਮੰਤਰ ਬੱਚੇ ਦੇ ਸਕਦੇ ਹੁੰਦੇ ਤਾਂ ਕੋਈ ਬ੍ਰਾਹਮਣ ਬੇਔਲਾਦ ਨਾ ਮਰਦਾ।

• ਬਿਨਾਂ ਮੰਤਰਾਂ ਤੋਂ ਤਾਂ ਵਿਧਵਾ ਔਰਤਾਂ ਵੀ ਬੱਚਿਆਂ ਨੂੰ ਜਨਮ ਦੇ ਦਿੰਦੀਆਂ ਹਨ।

• ਸੰਸਾਰ ਵਿਚ ਸਿਰਫ ਸੱਚ ਹੀ ਧਰਮ ਹੈ। ਸੱਚ ਇਕ ਕਰਮ ਹੈ।

• ਨੇਕ ਬੰਦੇ ਬਣੋ ਅਤੇ ਸੰਸਾਰ ਨੂੰ ਖੁਸ਼ੀਆਂ ਭਰਿਆ ਬਣਾਓ।

• ਆਦਮੀ ਦਾ ਧਰਮ ਸੱਚ ਹੈ ਤੇ ਸੱਚ ਸਦਾਚਾਰ ਦਾ ਦੂਜਾ ਨਾਂ ਹੈ।

• ਦੂਜਿਆਂ ਨੂੰ ਮੁਸੀਬਤ ਵਿਚ ਨਾ ਪਾਓ। ਇਹੀ ਪਾਪ ਹੈ।

• ਮਧੁਰ ਬਣੋ। ਸੰਤੁਸ਼ਟ ਰਹੋ। ਸ਼ੁਕਰਗੁਜ਼ਾਰ ਹੋਵੋ।

• ਬੁਰਾ ਸਦਾਚਾਰ ਬੰਦੇ ਨੂੰ ਬਿਮਾਰੀ ਲਾਉਂਦਾ ਹੈ ਅਤੇ ਗਮੀਆਂ ਦਿੰਦਾ ਹੈ।

• ਉਹ ਲੋਕ ਜੋ ਤਰਕ ਅਤੇ ਸੱਚਾਈ ਨਾਲ ਸੰਸਾਰ ਦੀ ਭਲਾਈ ਲਈ ਜਿਉਂਦੇ ਹਨ, ਭਾਈਚਾਰਾ ਬਣਾ ਕੇ ਆਪਣੇ ਆਪ ਨੂੰ ਖੁਸ਼ਗਵਾਰ ਬਣਾਉਂਦੇ ਹਨ।

• ਇਕ ਤਰਕਸ਼ੀਲ ਧਾਰਮਕ ਰਹੁ-ਰੀਤਾਂ ਨਹੀਂ ਕਰਦਾ।

• ਨਾ ਉਹ ਮੰਤਰ ਪੜ੍ਹਦਾ ਹੈ।

• ਉਹ ਵਿਧਵਾਵਾਂ ਦੇ ਮੁੰਡਨ ਨਹੀਂ ਕਰੇਗਾ।

• ਉਹ ਪੱਥਰਾਂ ਧਾਤਾਂ ਤੇ ਦਰੱਖਤਾਂ ਦੀ ਪੂਜਾ ਨਹੀਂ ਕਰੇਗਾ। (ਭਾਵ ਅਜੇਹਾ ਨਹੀਂ ਕਰਦਾ)

• ਔਰਤ ਆਦਮੀ ਤੋਂ ਵੀ ਉੱਤਮ ਹੈ।

• ਜਾਤਪਾਤ; ਨਫਰਤ, ਲੜਾਈਆਂ, ਝਗੜੇ ਅਤੇ ਗੁਲਾਮੀ ਦਾ ਵੱਡਾ ਕਾਰਨ ਹੈ।

• ਕੋਈ ਵੀ ਇਕ ਕਾਨੂੰਨ ਬ੍ਰਾਹਮਣਾਂ ਵਾਸਤੇ ਤੇ ਦੂਜਾ ਸੂਦਰਾਂ ਵਾਸਤੇ (ਵੱਖਰਾ) ਨਹੀਂ ਹੋਣਾ ਚਾਹੀਦਾ।

• ਜਾਤਪਾਤੀ ਪ੍ਰਬੰਧ ਇਕ ਸਾਜ਼ਿਸ਼ ਹੈ।

ਇਸ ਖਿਆਲ 'ਕਿ ਬ੍ਰਾਹਮਣ ਹਰ ਸਮੇਂ ਹਰ ਥਾਂ 'ਤੇ ਪਵਿੱਤਰ ਹੈ', ਦਾ ਬੀਜ ਨਾਸ ਕਰ ਦਿਓ।

• ਸ਼ੁਰੂ ਵਿਚ ਕੋਈ ਜਾਤਪਾਤ ਨਹੀਂ ਸੀ। ਆਰੀਆ ਭਾਵ ਬ੍ਰਾਹਮਣਾਂ ਨੇ ਇਹ ਆਪਣੇ ਨਿੱਜੀ ਹਿਤਾਂ ਲਈ ਲਾਗੂ ਕੀਤੀ।

• ਕਿੱਤਾ ਕੋਈ ਧਰਮ ਨਹੀਂ ਹੈ।

• ਦੂਜਿਆਂ ਦਾ ਸੋਸ਼ਣ ਕਰਕੇ ਜਿਉਣਾ ਉਹ ਵੀ ਧਰਮ ਦੇ ਨਾਂਅ 'ਤੇ ਇਹ ਕੋਈ ਧਰਮ ਨਹੀਂ, ਇਹ ਖੁਦਗਰਜ਼ੀ ਹੈ, ਛਲਕਪਟ ਹੈ।

• ਇਕ ਦੇਵਦਾਸੀ ਨਾਲ ਭੋਗ ਕਰਨਾ ਤੇ ਦੂਜੇ ਦਿਨ ਪਵਿੱਤਰਤਾ ਧਾਰਨ ਕਰ ਲੈਣੀ, ਇਹ ਕੋਈ ਧਰਮ ਨਹੀਂ।

• ਇਕ ਬਣੇ ਬਣਾਏ ਢਾਂਚੇ ਵਿਚ ਜਿਉਈ ਜਾਣਾ (ਇਹ) ਮਹਾਰਾਂ ਮਾਂਗਾ ਦਾ ਕੋਈ ਧਰਮ ਨਹੀਂ।

• ਉਹ ਮਨੁੱਖ ਜੋ ਵਿਸ਼ਵਾਸ ਕਰਦੇ ਹਨ ਕਿ ਮਰਦ ਅਤੇ ਔਰਤ ਅਜ਼ਾਦ ਜੰਮੇ ਹਨ ਤੇ ਉਨ੍ਹਾਂ ਨੂੰ ਖੁਸ਼ੀਆਂ ਮਾਨਣ ਦੇ ਸਾਰੇ ਅਧਿਕਾਰ ਹਨ, ਉਹ ਸੱਚ ਦੇ ਪਾਂਧੀ ਹਨ।

• ਉਹ ਜੋ ਤਾਰਿਆਂ ਦੀ ਪੂਜਾ ਨਹੀਂ ਕਰਦੇ,
ਪੱਥਰਾਂ ਦੀ ਪੂਜਾ ਨਹੀਂ ਕਰਦੇ।
ਪ੍ਰੰਤੂ ਬ੍ਰਹਿਮੰਡ ਦੀ ਰੱਬਤਾ ਨੂੰ ਮੰਨਦੇ ਹਨ।
ਸੱਚ ਦੇ ਪੁਜਾਰੀ ਹਨ।

• ਉਹ ਜੋ ਦੂਜਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਤੋਂ ਵੰਚਿਤ ਨਹੀਂ ਕਰਦੇ, ਦੂਜਿਆਂ ਦਾ ਨੁਕਸਾਨ ਨਹੀਂ ਕਰਦੇ, ਸੱਚ ਦੇ ਪਾਂਧੀ ਹਨ।

• ਉਹ ਜੋ ਚੰਡਾਲ ਅਤੇ ਘੁਮੰਡੀ (ਹੰਕਾਰੀ) ਬੰਦਿਆਂ, ਜੋ ਕਹਿੰਦੇ ਹਨ ਕਿ ਉਨ੍ਹਾਂ ਨੇ ਧਾਰਮਕ ਕਿਤਾਬਾਂ ਲਿਖੀਆਂ ਹਨ ਸੰਸਾਰ ਭਲਾਈ ਲਈ ਤੇ ਉਨ੍ਹਾਂ ਨੂੰ ਵਿਖਾਉਂਦੇ ਵੀ ਨਹੀਂ, ਵਿਚ ਵਿਸ਼ਵਾਸ ਨਹੀਂ ਕਰਦੇ, ਸੱਚ ਦੇ ਪਾਂਧੀ ਹਨ।

• ਉਹ ਆਦਮੀ ਜੋ ਆਪਣੇ ਆਪ ਨੂੰ ਨਾ ਤਾਂ ਉੱਤਮ ਜਾਂ ਉੱਚ ਜਨਮਾ ਸਮਝਦੇ ਹਨ, ਨਾ ਖੁਦਗਰਜ਼ੀ ਨਾਲ ਦੂਜਿਆਂ ਨੂੰ ਨੀਚ ਗਰਦਾਨਦੇ ਹਨ, ਉਹ ਸੱਚ ਦੇ ਪਾਂਧੀ ਹਨ।

• ਉਹ ਜੋ ਇਨਸਾਫ ਵੇਲੇ ਕੋਈ ਪੱਖ ਨਹੀਂ ਪੂਰਦੇ, ਸੱਚ ਦੇ ਪਾਂਧੀ ਹਨ।

• ਉਨ੍ਹਾਂ ਨੂੰ, ਜੋ ਗਰੀਬ ਦਾਂ ਨਾ ਤਾਂ ਧਰਮ ਦੇ ਨਾਂ 'ਤੇ, ਨਾ ਜੋਤਿਸ਼ ਜਾਂ ਭਵਿੱਖਬਾਣੀਆਂ ਦੇ ਅਧਾਰ 'ਤੇ ਸੋਸ਼ਣ ਕਰਦੇ ਹਨ, ਨੂੰ ਸਹੀ ਸਦਾਚਾਰ ਵਾਲੇ ਆਦਮੀ ਕਿਹਾ ਜਾ ਸਕਦਾ ਹੈ।

• ਉਹ ਜੋ ਲੋਕਾਂ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾਉਣ ਵਾਲੇ ਲੋਕਾਂ ਦਾ ਸਤਿਕਾਰ ਨਹੀਂ ਕਰਦੇ, ਸਹੀ ਸਦਾਚਾਰ ਦੇ ਆਦਮੀ ਹਨ।

ਉਨ੍ਹਾਂ ਕਿਹਾ: ਮਨੁੱਖ ਦੇ ਭਵਿੱਖ ਨੂੰ ਢਾਹੁਣ ਬਣਾਉਣ ਲਈ ਜੋਤਿਸ਼ ਕੋਈ ਸ਼ੈਅ ਨਹੀਂ।

ਇਸ ਤਰ੍ਹਾਂ ਜੋਤੀਵਾ ਫੂਲੇ ਨੇ ਆਪਣੀ ਪਤਨੀ ਦਾਦੀ ਸਾਹਿਬਾ ਸਵਿੱਤਰੀ ਬਾਈ ਫੂਲੇ ਨਾਲ ਮਿਲ ਕੇ ਜੋ ਸੰਘਰਸ਼ ਅੱਧੀ ਸਦੀ ਤੱਕ ਕੀਤਾ, ਉਸ ਵਿਚ ਉਨ੍ਹਾਂ ਆਪਣਾ ਇਹ ਪ੍ਰਣ ਪੂਰਾ ਕਰ ਵਿਖਾਇਆ ਕਿ "ਮੈਂ ਤੁਹਾਡੀਆਂ ਧਾਰਮਕ ਪੁਸਤਕਾਂ ਦੇ ਹੁਕਮਨਾਮਿਆਂ ਨੂੰ ਰੱਦ ਕਰਦਾ ਹਾਂ।"

ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਜੋਤੀ ਰਾਓ ਨੇ ਕਿਹਾ ਕਿ ਹੁਣ ਉਹ ਹਿੰਦੂ ਨਹੀਂ ਰਹੇ।

ਕੀ ਬਾਬਾ ਸਾਹਿਬ ਦੇ ਇਸ ਕਥਨ ਨੂੰ ਕਿ ਉਹ ਹਿੰਦੂ ਰਹਿੰਦਿਆਂ ਨਹੀਂ ਮਰਨਗੇ,

ਜੋਤੀ ਰਾਓ ਫੂਲੇ ਦੇ ਸਮੁੱਚੇ ਜੀਵਨ ਦੀ ਇਸ ਛੋਟੀ ਜੇਹੀ ਝਲਕ ਵਿਚੋਂ ਲੱਭਣਾ ਦੇਖਣਾ ਆਸਾਨ ਨਹੀਂ। ਇਹ ਬਿਰਤਾਂਤ, ਜੋ ਧਨੰ ਜੇ ਕੀਰ ਨੇ, ਜੋਤੀ ਰਾਓ ਫੂਲੇ ਦੇ ਜੀਵਨ ਸੰਘਰਸ਼ ਉੱਤੇ ਲਿਖੀ ਅੰਗਰੇਜ਼ੀ ਪੁਸਤਕ ਵਿਚ ਦਰਜ ਕੀਤੇ ਹਨ।

ਕੀ ਕੋਈ ਕਹਿ ਸਕਦਾ ਹੈ ਕਿ ਬੁੱਧ, ਕਬੀਰ ਤੇ ਗੁਰੂ ਨਾਨਕ ਦਾ ਪੂਰਨ ਸੰਘਰਸ਼ ਜੋਤੀ ਰਾਓ ਫੂਲੇ ਦੇ ਜੀਵਨ ਦਾ ਮਾਰਗਦਰਸ਼ਕ ਨਹੀਂ ਹੈ? ਇਸ ਮੁਲਕ ਵਿਚ ਵਰਤਿਆ ਭਿਆਨਕ ਦੁਖਾਂਤ ਇਹੀ ਹੈ ਕਿ ਦੇਸ਼ ਦੀ ਬੁੱਧੀਮਾਨ ਜਮਾਤ ਜੋ ਪਹਿਲਾਂ ਉਤਲੀਆਂ ਜਾਤੀਆਂ ਤੇ ਖਾਸ ਕਰਕੇ ਬ੍ਰਾਹਮਣਾਂ ਵਿਚੋਂ ਪੈਦਾ ਹੋਈ ਤੇ ਫਿਰ ਉਨ੍ਹਾਂ ਤੋਂ ਬਾਅਦ ਪੈਦਾ ਹੋਈ ਪੜ੍ਹੀ ਪਿਛਲੱਗੂ ਬੁੱਧੀਮਾਨ ਜਮਾਤ ਨੇ, ਬ੍ਰਾਹਮਣਵਾਦ ਵਿਰੁੱਧ ਵਾਰ-ਵਾਰ ਉੱਠੇ ਤੂਫਾਨਾਂ ਨੂੰ, ਲੋਕਾਂ ਵਿਚੋਂ ਪੂਰੀ ਤਰ੍ਹਾਂ ਚੁਰਾ ਲਿਆ, ਲੁਕਾ ਲਿਆ, ਹਿੰਦੂ ਗ੍ਰੰਥਾਂ ਵਾਂਗ ਤੇ ਓਹੀ ਕੁਝ ਲਿਖਿਆ, ਦੱਸਿਆ ਜੋ ਬ੍ਰਾਹਮਣੀ ਢਾਂਚੇ ਨੂੰ ਕਾਇਮ-ਦਾਇਮ ਰੱਖਦਾ ਸੀ।

ਪ੍ਰੰਤੂ ਅੱਜ ਅਸੀਂ ਪਿਛਲੇ ਪੱਚੀ ਸੌ ਵਰ੍ਹਿਆਂ ਵਿਚ ਵਾਪਰੇ ਸਮਾਜਕ ਇਨਕਲਾਬ ਦੀ ਰੂਪਰੇਖਾ, ਸਮਾਨਤਾ ਅਤੇ ਉਦੇਸ਼ ਨੂੰ ਇਸ ਇਕ ਸਤਰ ਹੇਠ ਦੇਖ ਰਹੇ ਹਾਂ ਕਿ ਕੋਈ ਹਿੰਦੂ ਰਹਿ ਕੇ ਮਰਨ ਤੋਂ ਕਿਨਾਰਾ ਕਿਉਂ ਕਰਦਾ ਹੈ ਤੇ ਇਸ ਕਿਨਾਰਾ ਕਰਨ ਦਾ ਕੀ ਅਰਥ ਹੈ। ਇਹ ਇਕ ਸਤਰ ਕਿ 'ਮੈਂ ਹਿੰਦੂ ਰਹਿੰਦਿਆਂ ਨਹੀਂ ਮਰੂੰਗਾ' ਭਾਰਤ ਜੇਹੇ ਮੁਲਕ ਵਿਚ ਪੂਰਨ ਸਮਾਜਕ ਕ੍ਰਾਂਤੀ ਦਾ ਐਲਾਨਨਾਮਾ ਹੈ, ਜਿਸ ਨੂੰ ਸਮਝਣ ਲਈ ਅਸੀਂ ਬੁੱਧ ਲਹਿਰ, ਸਿੱਖ ਲਹਿਰ ਅਤੇ ਫੂਲੇ ਲਹਿਰ ਨੂੰ ਉਨ੍ਹਾਂ ਦੀਆਂ ਗਹਿਰਾਈਆਂ ਤੱਕ ਮਾਪ ਰਹੇ ਹਾਂ। ਇਕੋ ਪ੍ਰਸੰਗ, ਇਕੋ ਉਦੇਸ਼ ਤੇ ਇਕੋ ਤਰਜ ਦਾ ਉਪਦੇਸ਼ ਲਗਾਤਾਰ ਇਕੋ ਕਿਸਮ ਦੀ ਸਮਾਜਕ ਅਵਿਵਸਥਾ ਵਿਰੁੱਧ ਵਾਰ-ਵਾਰ ਉੱਭਰਦੇ ਜਾ ਰਹੇ ਹਨ।

☐

ਭਾਗ ਛੇਵਾਂ

ਨਿਰੋਲ ਬਾਣੀ ਸੰਤ ਕਬੀਰ

ਬਾਬਾ ਸਾਹਿਬ ਨੇ ਕਿਹਾ ਸੀ ਕਿ ਉਨ੍ਹਾਂ ਦੇ ਦੂਜੇ ਗੁਰੂ ਹਨ, ਸੰਤ ਕਬੀਰ। ਸੰਤ ਕਬੀਰ ਦਾ ਸਿਧਾਂਤ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਲਈ ਅਸੀਂ ਸੰਖੇਪ ਰੂਪ ਵਿਚ ਸੰਤ ਕਬੀਰ ਦੀ ਵਿਚਾਰਧਾਰਾ ਦੇ ਕੁਝ ਉਪਦੇਸ਼ ਅਤੇ ਵਖਿਆਨ ਅਲੱਗ ਤੌਰ 'ਤੇ ਦੇਣਾ ਚਾਹਾਂਗੇ ਤਾਂ ਕਿ ਇਨ੍ਹਾਂ ਵਿਚ ਹੋਰ ਨਿਖਾਰ ਆ ਸਕੇ। ਜਿਸ ਬਾਣੀ ਦਾ ਅਸੀਂ ਏਥੇ ਜ਼ਿਕਰ ਕਰਾਂਗੇ ਉਸ ਵਿਚੋਂ ਬਹੁਤੀ ਉਹ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੱਕ ਕਿਸੇ ਕਾਰਨਵੱਸ ਪੁੱਜ ਨਹੀਂ ਸਕੀ। ਅਸੀਂ ਕੁਝ ਗਿਣਤੀ ਦੇ ਸਲੋਕ ਸ਼ਬਦ ਹੀ ਦੇਵਾਂਗੇ, ਜਿਹੜੇ ਇਹ ਸਪੱਸ਼ਟ ਕਰਦੇ ਹਨ ਕਿ ਕੀ ਕੋਈ ਮਨੁੱਖ ਬ੍ਰਾਹਮਣ ਧਰਮੀ ਹਿਦੂ ਹੈ ਜਾਂ ਫਿਰ ਉਸ ਤੋਂ ਪੂਰੀ ਤਰ੍ਹਾਂ ਮੁਕਤ।

- ਮਨਹੁ ਕਠੋਰੁ ਮਰੈ ਬਾਨਾਰਸਿ
  ਨਰਕੁ ਨ ਬਾਂਚਿਆ ਜਾਈ॥
  ਹਰਿ ਕਾ ਸੰਤੁ ਮਰੈ ਹਾੜੰਬੈ
  ਤ ਸਗਲੀਸੈਨ ਤਰਾਈ॥ ੩ (ਗੁਰੂ ਗ੍ਰੰਥ ਸਾਹਿਬ, ਪੰਨਾ 484)

ਜੋ ਵਰਨ ਜਾਤ ਤੇ ਬ੍ਰਾਹਮਣੀ ਕਰਮਕਾਂਡ ਨਹੀਂ ਛੱਡਦਾ, ਬਨਾਰਸ ਵਿਚ ਜਾ ਕੇ ਸੁਰਗ ਦੇ ਲਾਲਚ ਵਿਚ ਮਰਦਾ ਹੈ, ਕਿਸੇ ਦੇ ਇਹ ਹਿਦੂ ਹੋਣ ਦੀ ਪਛਾਣ ਹੈ। ਸਤਿਗੁਰ ਕਬੀਰ ਕਹਿੰਦੇ ਹਨ ਬਨਾਰਸ ਵਿਚ ਮਰ ਕੇ ਵੀ ਕੋਈ ਨਰਕ ਤੋਂ ਬਚ ਨਹੀਂ ਸਕਦਾ ਕਿਉਂਕਿ ਨਰਕ ਦਾ ਰਿਸ਼ਤਾ ਬੁਰੀਆਂ ਭਾਵਨਾਵਾਂ ਅਤੇ ਮਾੜੀਆਂ ਕਰਤੂਤਾਂ ਨਾਲ ਹੈ ਨਾ ਕਿ ਕਿਸੇ ਸਥਾਨ 'ਤੇ ਮਰਨ ਜਾਂ ਨਾ ਮਰਨ ਨਾਲ। ਸੋ, ਹਰੀ ਦਾ ਸੰਤ ਜਿਹੜਾ ਹੜੰਬੇ ਮਰਦਾ ਹੈ, ਭਾਵ ਮਗਹਰ ਮਰਦਾ ਹੈ, ਜਿਥੇ ਬੁੱਧ ਮੋਏ ਤੇ ਬ੍ਰਾਹਮਣ ਨੇ ਕਿਹਾ ਕਿ ਉਥੇ ਮਰਨ ਵਾਲਾ ਹਰ ਕੋਈ ਨਰਕ ਜਾਵੇਗਾ, ਕਬੀਰ ਕਹਿੰਦੇ ਹਨ ਉਥੇ ਮਰਨ ਵਾਲਾ ਅਸਲ ਵਿਚ ਸੰਤ ਪੁਰਖ ਹੈ ਜਿਸ ਨੇ ਸਾਰੀ ਲੁਕਾਈ ਦਾ ਉਪਕਾਰ ਕੀਤਾ ਹੈ।

ਇਹ ਉਪਕਾਰ ਕੀ ਹੈ?

ਬ੍ਰਾਹਮਣੀ ਮੱਤ ਤੋਂ ਮੁਕਤੀ। ਪਾਸਾ। ਤਿਆਗ।

ਤੇ ਭਲੇ ਦਾ ਜੀਵਨ ਜਿਉਣਾ, ਬੇਡਰ, ਬੇਖੌਫ, ਭਰਮ ਮੁਕਤ ਹੋ ਕੇ।

ਤੇ ਨਾਲ ਹੀ ਉਹ ਕਹਿੰਦੇ ਹਨ ਕਿ ਨਰਕ ਸੁਰਗ ਨੂੰ ਉਹ ਰੱਦ ਕਰਦੇ ਹਨ। ਕਿਉਂਕਿ ਇਹ ਸੱਚ ਨਹੀਂ। ਬ੍ਰਾਹਮਣ ਦੀ ਬਣਾਈ ਮਨੋਕਲਪਤ ਵਿਵਸਥਾ ਹੈ ਜੋ ਲੋਕਾਂ ਨੂੰ ਪੁੱਠੇ ਰਾਹ ਪਾ ਕੇ ਉਨ੍ਹਾਂ ਤੋਂ ਜਿੰਦ-ਜਾਨ ਤੇ ਧਨ ਦੌਲਤ ਲੁੱਟਣ ਲਈ ਬੜੀ ਕਾਰਗਰ ਹੈ। ਇਸ ਕਰਕੇ ਉਹ ਕਹਿੰਦੇ ਹਨ ਕਿ ਅਸੀਂ ਤਾਂ ਸਿਰਜਣਹਾਰ ਨੂੰ ਆਪਣੇ ਵਿਚੋਂ ਵੇਖਿਆ

ਹੈ। ਉਸ ਨਾਲ ਇਕਮਿਕਤਾ ਪਾਈ ਤੇ ਨਰਕ-ਸੁਰਗ ਨੂੰ ਮੰਨਣ ਵਾਲਿਆਂ 'ਤੇ ਵੀ ਕਿੰਤੂ ਕਰ ਦਿੱਤਾ।

ਸਾਧ ਸਿਧ ਬੜ ਅੰਤਰਾ
ਜੈਸੇ ਆਮ ਬਬੂਲ। (ਅੰਬ ਤੇ ਕਿੱਕਰ ਜਿਨਾ ਅੰਤਰ)
ਵਾਕੀ ਡਾਰੀ ਆਮ ਫਲ
ਯਾ ਕੀ ਡਾਰੀ ਸੂਲ॥ (ਕਬੀਰ ਸਾਖੀ 122-49)

ਕਿ ਭੇਖਧਾਰੀ ਸਾਧ ਅਤੇ ਸਿੱਧ (ਉੱਤਮ ਬਣੇ ਬੰਦੇ) ਵਿਚ ਅੰਬ ਤੇ ਕਿੱਕਰ ਜਿਨਾ ਅੰਤਰ ਹੈ। ਇਕ ਨੂੰ ਅੰਬ ਲੱਗਦੇ ਹਨ ਤੇ ਦੂਜੇ ਨੂੰ ਸੂਲਾਂ।

ਉਦਾਹਰਣ ;
ਮਾਲਾ ਤਿਲਕ ਲਗਾਇਕੇ,
ਭਗਤਿ ਨ ਆਈ ਹਾਥ॥
ਦਾੜ੍ਹੀ ਮੁੱਛ ਮੁੰਡਾਇਕੇ
ਚਲੈ ਦੂਨੀ ਕੇ ਸਾਥ॥ (127-6)

ਹੋਰ ਮੰਤਰ ਵੇਖੋ ;
ਹਮ ਬਾਸੀ ਉਸ ਦੇਸ ਕੇ
ਜਾਤਿ ਬਰਨ ਕੁਲ ਨਾਹਿ॥

ਅੱਗੇ ਕਿਹਾ ;
ਬੇਗਮ ਦੇਸ ਹਮਾਰਾ॥
ਰਾਜਾ ਰੰਕ ਫਕੀਰ ਬਾਦਸ਼ਾਹ
ਸਭਸੇ ਕਹੌ ਪੁਕਾਰਾ॥
ਜੋ ਤੁਮ ਚਾਹਤ ਅਹੋ ਪਰਮਪਦ
ਬਸਿਓ ਦੇਸ ਹਮਾਰਾ॥ (60-8)

ਏਥੇ ਵਰਨ ਪਦ ਦੇ ਉਲਟ ਪਰਮਪਦ ਹੈ।

ਇਸ ਦਾ ਸਿੱਧਾ ਅਰਥ ਹੈ ਕਿ ਬ੍ਰਾਹਮਣ ਦਾ ਉਹ ਦੇਸ਼ ਜਿਥੇ ਜਾਤ ਵਰਨ ਚੱਲਦੀ ਹੈ, ਸਾਡਾ ਨਹੀਂ ਹੈ।

ਸਾਡਾ ਦੇਸ਼ ਹੈ ਬੇਗਮਪੁਰਾ ਸ਼ਹਿਰ।
ਮੀਤਾਂ ਦਾ ਦੇਸ਼। (ਗੁਰੂ ਰਵਿਦਾਸ)

ਜਦੋਂ ਬਾਬਾ ਸਾਹਿਬ ਗੋਲਮੇਜ ਕਾਨਫਰੰਸ ਵਿਚ ਜਾ ਰਹੇ ਸਨ ਤਾਂ ਮਹਾਤਮਾ ਗਾਂਧੀ ਨੇ ਉਨ੍ਹਾਂ ਨੂੰ ਬੁਲਾ ਕੇ, ਬੰਬਈ, ਵਾਰਤਾਲਾਪ ਕੀਤੀ ਸੀ ਤੇ ਬਾਬਾ ਸਾਹਿਬ ਨੇ ਕਿਹਾ ਸੀ ; ਗਾਂਧੀ ਜੀ ਮੇਰਾ ਕੋਈ ਘਰ ਨਹੀਂ ਹੈ।

ਸਤਿਗੁਰ ਕਬੀਰ ਕਹਿੰਦੇ ਹਨ ;
ਬੇਗਮ ਦੇਸ ਹਮਾਰਾ।

ਗੁਰੂ ਰਵਿਦਾਸ ਕਹਿੰਦੇ ਹਨ

- ਬੇਗਮਪੁਰਾ ਸਹਿਰ ਕੋ ਨਾਓ॥
  ਜੋ ਹਮ ਸਹਿਰੀ ਸੋ ਮੀਤ ਹਮਾਰਾ॥
- ਅਜਾ ਮੇਧ ਗੋਮੇਧ ਯਗ ਅਸਵਮੇਧ ਨਰਮੇਧ॥

ਕਹਹਿ ਕਬੀਰ, ਅਧਰਮ ਕੋ ਧਰਮ ਬਤਾਵੈ ਬੇਦ॥ (ਸ਼ਬਦਾਵਲੀ 353/108)

ਬੱਕਰੇ ਦੀ ਬਲੀ ਵਾਲੇ ਯੱਗ, ਗਊ ਦੀ ਬਲੀ ਵਾਲੇ ਯੱਗ, ਘੋੜੇ ਦੀ ਬਲੀ ਵਾਲੇ ਯੱਗ, ਬੰਦੇ ਦੀ ਬਲੀ ਵਾਲੇ ਯੱਗਾਂ ਨੂੰ ਵੇਦ ਧਰਮ ਕਹਿੰਦੇ ਹਨ ਪ੍ਰੰਤੂ ਹੈ ਉਹ ਅਧਰਮ।

ਪੋਥੀ ਪੜ੍ਹਿ ਪੜ੍ਹਿ ਜਗ ਮੂਆ
ਪੰਡਿਤ ਹੂਆ ਨ ਕੋਇ।

ਪੋਥੀਆਂ ਪੜ੍ਹਨ ਨਾਲ ਅਕਲ ਨਹੀਂ ਆਈ। ਸਿਆਣਪ ਨਹੀਂ ਹੋਈ।

ਏਕੈ ਅੱਛਰ ਪ੍ਰੇਮ ਕਾ
ਪੜ੍ਹੇ ਸੋ ਪੰਡਿਤ ਹੋਇ॥ (ਸਾਖੀ ਗ੍ਰਹਿ 167-7/118)

ਸਿਆਣਪ ਕੇਵਲ, ਇਕ ਕਰਤਾ ਦੇ ਮਨੁੱਖਾਂ ਨਾਲ ਪ੍ਰੇਮ ਕਰਨ ਵਿਚ ਹੈ। ਇਹੀ ਧਰਮ ਹੈ। ਪ੍ਰੀਤ ਕਰਨ ਵਾਲਾ ਹੀ ਪੰਡਤ ਹੋ ਸਕਦਾ ਹੈ। ਬਿਪ੍ਰੀਤ ਤਾਂ ਨਫਰਤ ਦਾ ਨਾਂ ਹੈ, ਜੋ ਅਧਰਮ ਹੈ।

- ਕਬੀਰ ਸੁਰਗ ਨਰਕ ਤੇ ਮੈਂ ਰਹਿਓ
  ਸਤਿਗੁਰ ਕੇ ਪਰਸਾਦਿ॥ (ਗੁਰੂ ਗ੍ਰੰਥ ਸਾਹਿਬ, ਪੰਨਾ 1370)

ਨਰਕ ਸੁਰਗ ਤੋਂ ਮੁਕਤੀ। ਬ੍ਰਾਹਮਣ ਦੀ ਥਾਂ ਸਤਿਗੁਰ ਦਾ ਗਿਆਨ।

ਏਕ ਏਕ ਜਿਨ ਜਾਣਿਆ
ਤਿਨਹੀ ਸਚ ਪਾਇਆ॥
ਪ੍ਰੇਮ ਪ੍ਰੀਤਿ ਲਿਓ ਲੀਨ
ਮਨ ਤੇ ਬਹੁਰਿ ਨਾ ਆਇਆ। (155)

ਇਕ ਪਾਸੇ ਵਰਨ ਜਾਤੀ ਦੀ ਨਫਰਤ।
ਦੂਜੇ ਪਾਸੇ ਸਭ ਇਕ।
ਪ੍ਰੇਮ ਤੇ ਪ੍ਰੀਤ। ਵਰਨ ਜਾਤ ਵਿਚ ਨਰਕ।
ਪ੍ਰੀਤ ਵਿਚ ਮੁਕਤੀ।

ਬੇਦ ਕਤੇਬ ਪਾਰ ਨਹਿ ਪਾਵਤ
ਕਹਨ ਸੁਨਨ ਸੇ ਨਿਆਰਾ।
ਜਾਤਿ ਬਰਨ ਕੁਲ ਨਾਹੀਂ
ਸੰਧਿਆ ਨੇਮ ਅਚਾਰਾ। (162)

ਬੇਦ ਕਤੇਬ ਭਾਵ ਧਰਮ ਗ੍ਰੰਥ ਮੁਕਤੀ ਨਹੀਂ ਦੇ ਸਕਦੇ। ਜੋ ਇਨ੍ਹਾਂ ਸਭ ਤੋਂ ਨਿਆਰਾ ਕਰਤਾ ਪੁਰਖ ਹੈ ਉਥੇ ਨਾ ਜਾਤ ਹੈ, ਨਾ ਵਰਨ ਹੈ, ਨਾ ਕੁਲ ਵੰਸ਼ ਹੈ ਤੇ ਨਾ ਸਵੇਰ ਅਚਾਰ ਸਹਿੰਤਾ ਭਾਵ ਧਰਮ ਕਰਮ।

ਉਥੇ ਤਾਂ;

ਲੱਛਮੀ ਵਾ ਘਰ ਝਾੜੂ ਦੇਤ ਹੈ
ਸ਼ਿਵ ਕਰਤੇ ਕੋਤਵਾਲੀ॥
ਬ੍ਰਹਮਾ ਵਾਕੇ ਬਨੇ ਟਹਿਲਵਾ
ਬਿਸਨੂੰ ਕਰੇ ਚਰਵਾਹੀ॥ (163)

ਹਿੰਦੂ ਧਰਮ ਅਨੁਸਾਰ ਲਛਮੀ ਮਹਾਂ ਮਾਇਆ ਹੈ। ਸ਼ਿਵ ਜੀ ਕਾਲ ਦਾ ਦੇਵਤਾ ਹੈ। ਬ੍ਰਹਮਾ ਸਿਰਜਕ ਅਤੇ ਬਿਸਨੂੰ ਪਾਲਣਹਾਰ। ਪ੍ਰੰਤੂ ਸਾਡੇ ਰੱਬ ਅੱਗੇ ਤਾਂ ਇਹ ਸਭ

ਸੇਵਾਦਾਰ ਹਨ। ਕਰਤਾ ਨਹੀਂ। ਟਹਿਲ ਸੇਵਾ ਕਰਨ ਵਾਲੇ ਆਮ ਲੋਕ ਹਨ।

ਸੰਤ ਕਬੀਰ ਕਹਿੰਦੇ, ਸੱਚ ਤਾਂ ਇਹ ਹੈ ਕਿ,

ਰੱਬ ਮੂਹਰੇ ਲਛਮੀ ਝਾੜੂ ਮਾਰਦੀ ਹੈ, ਸ਼ਿਵ ਜੀ ਡੰਡਾ ਫੜੀ ਨਿਗਾਹ ਰੱਖਦਾ ਹੈ, ਬ੍ਰਹਮਾ ਟਹਿਲ ਸੇਵਾ ਵਿਚ ਲੱਗਿਆ ਰਹਿੰਦਾ ਹੈ ਤੇ ਬਿਸਨੂੰ ਉਥੇ ਪਸ਼ੂ ਚਰਾਉਂਦਾ ਹੈ।

ਕਹਿਣ ਦਾ ਮਤਲਬ ਇਹ ਸਭ ਮਾਮੂਲੀ ਮਨੁੱਖ ਹਨ। ਆਮ ਬੰਦੇ। ਨਿਰੇ ਸੇਵਾਦਾਰ, ਜਿਨ੍ਹਾਂ ਨੇ ਛਲਕਪਟ ਨਾਲ ਚੌਧਰ ਜਮਾ ਲਈ ਹੈ।

- ਸੰਤੋ ਪਾਂਡੇ ਨਿਪੁੰਨ ਕਸਾਈ।
  ਅਤਿ ਪੁਨੀਤ ਊਚੇ ਕੁਲ ਕਹੀਐ
  ਸਭ ਮਾਹਿ ਅਧਿਕਾਈ। (ਅੰਧਿਆਰਾ)
  ਇਨਸੇ ਦੀਖਿਆ ਸਭ ਕੋਈ ਮਾਂਗੇ
  ਹੰਸੀ ਆਵੈ ਮੋਹਿ ਭਾਈ (172)

ਜਿਵੇਂ ਗੁਰੂ ਨਾਨਕ ਕਹਿੰਦੇ ਹਨ ;

- ਛੁਰੀ ਵਗਾਇਨਿ ਤਿਨ ਗਲਿ ਤਾਗੁ॥

ਪੰਡ ਹੋਇ ਕੇ ਆਸਨ ਮਾਰੇ ਲੰਬੀ ਮਾਲਾ ਜਪਤਾ ਹੈ॥
ਅੰਤਰ ਤੇਰੇ ਕਪਟ ਕਤਰਨੀ (ਕੈਂਚੀ-ਛੁਰੀ) ਸੋ ਭੀ ਸਾਹਿਬ ਲਖਤਾ ਹੈ॥ (195)
ਸਾਧੋ ਦੇਖੋ ਜਗ ਬੌਰਾਨਾ॥
ਸਾਚਿ ਕਹੌਂ ਤੋ ਮਾਰਨ ਧਾਵੈ ਝੂਠੇ ਜਗ ਪਤਿਆਨਾ॥ (199)
ਸੱਚ ਤੇ ਝੂਠ ਦੀ ਜੰਗ ਹੈ ਜਿਸ ਦਾ ਜਿਕਰ ਚੱਲ ਰਿਹਾ ਹੈ।
ਪੀਤਰ ਪਾਥਰ ਪੂਜਨ ਲਾਗੇ ਤੀਰਥ ਬਰਤ ਭੁਲਾਨਾ।
ਮਾਲਾ ਪਹਿਰੇ ਟੋਪੀ ਪਹਿਰੇ ਛਾਪ ਤਿਲਕ ਅਨੁਮਾਨਾ।
ਘਰ ਘਰ ਮੰਤ੍ਰ ਦੇਤ ਫਿਰਤ ਹੈ ਮਾਇਆ ਕੇ ਅਭਿਮਾਨਾ॥ (200)

ਭੇਖ, ਭਰਮ, ਮਾਇਆ ਤੇ ਹੰਕਾਰ ਦਾ ਸਿਲਸਿਲਾ ਹੈ ਇਕ ਪਾਸੇ।

ਇਸ ਲਈ ;

- ਕਾ ਪੜੀਐ ਕਾ ਗੁਨੀਐ।
  ਕਾ ਬੇਦ ਪੁਰਾਨਾ ਸੁਨੀਐ।
  ਔਰ ਕੇ ਛੂਏ ਲੇਤ ਹੋ ਛੀਂਚਾ। (ਗੰਗਾ ਦੇ ਛਿੱਟੇ ਮਾਰ ਕੇ ਪਵਿੱਤਰ ਹੁੰਦਾ ਹੈ)
  ਤੁਮਸੇ ਕਹੋ ਕਵਨ ਹੈ ਨੀਚਾ॥
  ਕਬੀਰ ਕਹਿੰਦੇ ਹਨ ਕੀ ਤੇਰੇ ਨਾਲੋਂ ਵੀ ਕੋਈ ਨੀਚ ਹੈ? (206)
  ਪੰਡਿਤ ਬਾਦ ਬਦੈ ਸੋ ਝੂਠਾ। (206)
- ਦਿਨਸੁ ਨ ਰੈਨਿ ਬੇਦ ਨਹੀ ਸਾਸਤ੍ਰ ਤਹਾਂ ਬਸੈ ਨਿਰੰਕਾਰਾ॥ (217)

ਜਿਥੇ ਦਿਨ ਰਾਤ ਦਾ ਚੱਕਰ ਨਹੀਂ। ਵੇਦ ਸ਼ਾਸਤਰ ਨਹੀਂ, ਨਿਰੰਕਾਰ ਉਥੇ ਹੈ। ਸਿੱਧਾ ਵਿਰੋਧ ਹੈ, ਤਿਆਗ ਦੇਣ ਲਈ। ਮੁਕਤ ਹੋਣ ਲਈ ਕਿ ਵੇਦਾਂ ਸ਼ਾਸਤਰਾਂ ਦੇ ਹੁੰਦਿਆਂ ;

ਬ੍ਰਾਹਮਨ ਦੀਖਿਆ ਦੇਤ, ਸੋ ਘਰ ਘਰ ਘਾਲਿਹੈ।
ਮੂਰ ਸਜੀਵਨ ਪਾਸ, ਸੋ ਪਾਹਨ ਪਾਲਿਹੈ।

ਬ੍ਰਾਹਮਣ ਹਿੰਦੂਆਂ ਨੂੰ ਦੀਖਿਆ ਦਿੰਦਾ ਹੈ ਭਾਵ ਹਿੰਦੂ ਧਰਮ ਦੀ ਸਿੱਖਿਆ ਦੇ ਕੇ

ਹਿੰਦੂ ਬਣਾਉਂਦਾ ਹੈ ਤੇ ਘਰ-ਘਰ ਵਿਚ ਇਸ ਉਪਦੇਸ਼ ਨੂੰ ਪ੍ਰੌਜਦਾ ਕਰਦਾ ਹੈ।

ਪ੍ਰੰਤੂ ਮੂੜ ਮੂਰਖ ਨਹੀਂ ਜਾਣਦਾ ਕਿ ਜੋ ਸਜੀਵਨ ਹੈ, ਉਹ ਤਾਂ ਸਰੀਰ ਵਿਚ ਹੈ। ਇਹ ਪੱਥਰਾਂ ਦਾ ਪਾਲਣ ਪੋਸਣ ਕਰਦਾ ਹੈ।

ਬਸਤੂ ਕਹੀਂ ਢੂੰਢੇ ਕਹੀਂ ਕੇਹਿ ਬਿਧਿ ਆਵੈ ਹਾਥ॥ (255)

- ਭਗਤੀ ਕਰੈ ਕੋਈ ਸੂਰਮਾ ਜਾਤਿ ਬਰਨ ਕੁਲ ਖੋਇ॥

ਭਾਰਤੀ ਇਨਕਲਾਬ ਅੰਦਰ ਜਾਤ ਵਰਨ ਤੇ ਕੁਲ ਤਿਆਗਣ ਅਤੇ ਇਸ ਦੇ ਵਿਰੁੱਧ ਸ਼ੰਘਰਸ਼ ਕਰਨਾ ਹੀ ਧਰਮ ਹੈ। ਰੱਬ ਦੀ ਪੂਜਾ ਧਰਮ ਨਹੀਂ ਹੈ। ਉਸ ਰੱਬ ਨੂੰ ਯਾਦ ਕਰਨਾ ਧਰਮ ਹੈ ਜੋ ਜਾਤ ਵਰਨ ਨੂੰ ਰੱਦ ਕਰਦਾ ਹੈ।

ਊਚ ਨੀਚ ਘਰ ਜਨਮ ਲੈ ਤਊ ਸੰਤ ਕਾ ਸੰਤ।
ਜਾਤਿ ਬਰਨ ਕੁਲ ਖੋਇ ਕੇ ਭਗਤਿ ਕਰੈ ਚਿਤ ਲਾਇ॥ (272)

ਭਗਤੀ ਅਸਲ ਵਿਚ ਸੂਰਮਗਤੀ ਹੈ ਤੇ ਇਹ ਸੂਰਮਗਤੀ ਹੈ ਜਾਤ ਵਰਨ ਤੇ ਕੁਲ ਦਾ ਬੀਜ ਨਾਸ਼ ਕਰਨਾ। ਜਾਤ-ਵਰਨ ਵਿਚ ਵੜ ਕੇ ਸੰਤਗੀ ਨੂੰ ਨਾ ਖਣਾ। ਬੜੀ ਸਾਫ ਗੱਲ ਹੈ ਕਿ ਜਾਤ ਵਰਨ ਵਿਚ ਰਹਿਣਾ ਹਿੰਦੂ ਹੋਣਾ ਹੈ। ਜਾਤ ਵਰਨ ਤੇ ਕੁਲ ਨੂੰ ਤਿਆਗਣਾ ਭਗਤੀ ਹੈ, ਸੂਰਮਗਤੀ ਹੈ। ਮੁਕਤੀ ਹੈ। ਮਾਲਾ ਭੇਖ ਤੇ ਰਾਮ ਰਾਮ ਰਟਣ ਕੋਈ ਭਗਤੀ ਨਹੀਂ।

ਕਬੀਰ ਮਾਰਗ ਕਠਿਨ ਹੈ ਸਬ ਮੁਨੀ ਬੈਠੇ ਥਾਕਿ॥
ਤਹਾਂ ਕਬੀਰਾ ਚੜ੍ਹ ਗਇਆ ਗਹੀ ਸਤਿਗੁਰੂ ਕੀ ਸਾਖਿ (ਸਿੱਖਿਆ) (278)
ਹਿੰਦੂ ਕਹੂੰ ਤੌ ਮੈਂ ਨਹੀ ਮੁਸਲਮਾਨ ਭੀ ਨਾਹਿ॥
ਪਾਂਚ ਤੱਤ ਕਾ ਪੂਤਲਾ ਗੈਬੀ ਖੇਲੈ ਮਾਹਿ॥ (ਅੰਦਰ ਹੀ ਹੈ ਸਭ ਕੁਝ)
ਜੰਤਰ ਮੰਤਰ ਸਭ ਝੂਠ ਹੈ ਮਤ ਭਰਮੋ ਜਗ ਕੋਇ॥
ਜਾਤਿ ਨ ਪੂਛੋ ਸਾਧ ਕੀ ਪੂਛ ਲੀਜੀਏ ਗਿਆਨ॥
ਮੋਲ ਕਰੋ ਤਲਵਾਰ ਕਾ ਪੜੀ ਰਹਨ ਦੋ ਮਿਆਨ॥

ਸਮਾਜਕ ਇਨਕਲਾਬ ਵਿਚ ਜਾਤ ਦਾ ਨਹੀਂ ਗਿਆਨ ਦਾ ਮੁੱਲ ਪੈਂਦਾ ਹੈ। ਜਿਵੇਂ ਮਿਆਨ ਦਾ ਕੋਈ ਅਰਥ ਨਹੀਂ ਮੁੱਲ ਤਾਂ ਤਲਵਾਰ ਦਾ ਹੈ।

ਪੰਡਿਤ ਪੋਥੀ ਬਾਂਧਿ ਕੇ ਦੇ ਸਿਰਹਾਨੇ ਸੋਇ॥
ਵਹ ਅੱਛਰ ਇਨਮੇਂ ਨਹੀਂ ਹੰਸਿ ਦੇ ਭਾਵੈ ਰੋਇ॥

ਭਾਵੇਂ ਹੱਸੇ ਤੇ ਭਾਵੇਂ ਰੋਵੇ। ਸੱਚ ਤਾਂ ਇਹ ਹੈ ਕਿ ਪੰਡਤਾਂ ਦੀਆਂ ਪੋਥੀਆਂ ਵਿਚ ਮੁਕਤੀ ਦਾ ਅੱਖਰ ਨਹੀਂ ਹੈ।

ਪੰਡਿਤ ਔਰ ਮਸਾਲਚੀ ਦੋਨੌਂ ਸੂਝੇ ਨਾਹਿ॥
ਔਰਨ ਕੋ ਕਰੈ ਚਾਂਦਨੀ ਆਪ ਅੰਧੇਰੇ ਮਾਹਿ॥

- ਬਾਹਮਣ ਗੁਰੂ ਹੈ ਜਗਤ ਕਾ ਭਗਤਨ ਕਾ ਗੁਰ ਨਾਹਿ॥
ਅਰਝ ਉਰਝ ਕੇ ਪਚ ਮੂਆ ਚਾਰੋਂ ਬੇਦੋਂ ਮਾਹਿ॥

ਬੰਦੇ ਸਾਹਮਣੇ ਪਹਿਲੀ ਸਮੱਸਿਆ ਤਾਂ ਇਹ ਪੈਦਾ ਹੋਈ ਕਿ ਉਸ ਦਾ ਪੜ੍ਹਨਾ ਲਿਖਣਾ, ਸੋਚਣਾ ਵਿਚਾਰਨਾ, ਸਮਝਣਾ ਸਭ ਬੰਦ ਕਰ ਦਿੱਤਾ ਤੇ ਜੋ ਉਸ ਨੂੰ ਸਿਖਾਇਆ, ਉਹ ਸਭ ਬ੍ਰਾਹਮਣ ਦੀ ਮਰਜ਼ੀ ਦਾ, ਜੋ ਗੁਲਾਮੀ ਦਾ ਪੱਕਾ ਬੰਦੋਬਸਤ ਕਰਦਾ ਸੀ।

ਫਿਰ ਬੰਦੇ ਨੂੰ ਪੜ੍ਹਨ ਦੇ ਮੌਕੇ ਮਿਲੇ ਤਾਂ ਉਸ ਨੂੰ ਭਗਤੀ ਦੇ ਅਰਥ ਓਹੀ ਸਮਝਾਏ

ਗਏ ਜੋ ਬ੍ਰਾਹਮਣ ਦੀ ਪ੍ਰਭੂਸੱਤਾ ਅਤੇ ਸਰਦਾਰੀ ਦੇ ਅਨੁਕੂਲ ਸਨ। ਨਰਕ ਸੁਰਗ ਤੇ ਪੂਜਾ ਹੀ ਮਾਰਗ ਬਣ ਗਿਆ ਮੁਕਤੀ ਦਾ, ਗਤੀ ਦਾ। ਅੱਜ ਜਦੋਂ ਤੱਕ ਅਸੀਂ ਸਮਾਜਕ ਵਿਚਾਰਧਾਰਾ ਨੂੰ ਮੁੜ ਵਿਚਾਰਨ ਤੇ ਸਮਝਣ ਲੱਗੇ ਹਾਂ ਉਦੋਂ ਤੱਕ ਤਾਂ ਲੋਕਾਂ ਨੇ ਬਾਣੀ ਨੂੰ ਪਾਠ ਪੂਜਾ ਤੇ ਸੁਰਗ ਦਾ ਵਧੀਆ ਰਸਤਾ ਬਣਾ ਲਿਆ ਹੈ। ਉਨ੍ਹਾਂ ਨੂੰ ਰਾਮ ਰਾਮ ਦਾ ਜਾਪ ਕਰਦੇ ਜਾਣਾ ਹੀ ਸੌਖਾ ਸਾਧਨ ਮਿਲ ਗਿਆ ਹੈ। ਉਨ੍ਹਾਂ ਨੇ ਬਾਣੀ ਨੂੰ, ਹਿੰਦੂਆਂ ਦੇ ਧਰਮ ਕਰਮ ਤੇ ਕਥਾ-ਕਥਾਵਾਂ ਨਾਲ ਗਲੇਫ ਦਿੱਤਾ ਹੈ।

ਭਗਤੀ 'ਚ ਕ੍ਰਾਂਤੀ ਹੈ ਤੇ ਕ੍ਰਾਂਤੀ ਸੁਰਮਗਤੀ। ਗੰਗਾ ਨੂੰ ਜਮਨਾ ਵਿਚ ਮਿਲਾਉਣਾ। ਅਧਰਮ 'ਚੋਂ ਨਿਕਲ ਕੇ, ਧਰਮ ਭਾਵ ਸਹੀ ਮਾਰਗ ਧਾਰਨ ਕਰਨਾ। ਪੂਰੇ ਢਾਂਚੇ ਵਿਰੁੱਧ ਖੜ੍ਹੇ ਹੋਣਾ ਤੇ ਉਸ ਤੋਂ ਉਲਟ ਸਿੱਧੇ ਰਾਹ 'ਤੇ ਚੱਲਣ ਦੀਆਂ ਮੁਸੀਬਤਾਂ ਝੱਲਣਾ। ਜਿਸ ਮਾਰਗ 'ਤੇ ਪੰਡਤ ਗਿਆ ਹੈ, ਉਸੇ ਪਿੱਛੇ ਵਹੀਰਾਂ ਗਈਆਂ ਹਨ। ਉਸ ਤੋਂ ਉਲਟਾ ਹੋ ਖੜ੍ਹਨਾ। ਮੌਤ ਨੂੰ ਮਾਸੀ ਕਹਿਣਾ ਹੈ।

□

ਭਾਗ ਸੱਤਵਾਂ

ਵਿਚਾਰ ਬਾਬਾ ਸਾਹਿਬ ਅੰਬੇਡਕਰ

ਜਦੋਂ ਬਾਬਾ ਸਾਹਿਬ ਨੇ ਆਪਣੇ ਐਲਾਨ ਨੂੰ ਕਿ ਉਹ ਹਿੰਦੂ ਨਹੀਂ ਮਰਨਗੇ, ਅਕਤੂਬਰ 1956 ਵਿਚ ਪੂਰਾ ਕੀਤਾ, ਤਾਂ ਗਿਣਤੀ ਦੇ ਦਿਨਾਂ ਬਾਅਦ ਬਾਬਾ ਸਾਹਿਬ ਨੂੰ ਮੌਤ ਦਾ ਮੂੰਹ ਵੇਖਣਾ ਪਿਆ।

ਅੱਜ ਅਸੀਂ ਜਦੋਂ ਬਾਬਾ ਸਾਹਿਬ ਦੀ ਕ੍ਰਾਂਤੀ ਦਾ ਵਿਸ਼ਲੇਸ਼ਣ ਕਰ ਰਹੇ ਹਾਂ ਤੇ ਹਜ਼ਾਰਾਂ ਸਾਲਾਂ ਵਿਚ ਵਾਪਰੀਆਂ ਕ੍ਰਾਂਤੀਆਂ ਦੀ ਸਮਾਨਤਾ ਤੇ ਸਮਰੂਪਤਾ ਨੂੰ ਸਮਝ ਰਹੇ ਹਾਂ ਤਾਂ ਇਸ ਦਾ ਅਰਥ ਤੇ ਮਨੋਰਥ ਇਹੋ ਹੈ ਕਿ ਹਿੰਦੂ ਧਰਮ 'ਚੋਂ ਨਿਕਲ ਕੇ, ਹੋਰ ਧਰਮਾਂ ਵਿਚ ਜਾਣ ਦਾ ਅਰਥ ਰੱਬ, ਭੇਸ ਤੇ ਸ਼ਕਲ ਦਾ ਬਦਲਣਾ ਨਹੀਂ, ਭਾਰਤੀ ਸਮਾਜ ਵਿਚ ਵਰਨ ਜਾਤ ਤੇ ਕੁਲ ਵਿਰੁੱਧ ਕ੍ਰਾਂਤੀ ਕਰਕੇ ਸਰਬਾਂਗੀ ਸਮਾਨਤਾ ਪੈਦਾ ਕਰਨਾ ਹੈ।

ਤੇ ਜੋ ਕੁਝ ਅਸੀਂ ਦੇਖ ਪੜ੍ਹ ਆਏ ਹਾਂ, ਜਿਸ ਸੱਚ ਦਾ ਅਸੀਂ ਅਧਿਐਨ ਕਰ ਆਏ ਹਾਂ, ਉਥੇ ਧਰਮ ਅਤੇ ਅਧਰਮ ਵਿਚਕਾਰ ਸਿੱਧਾ ਨਿਖੇੜਾ ਹੈ। ਨਿਖੇੜੇ ਵਿਚ ਪੂਰੀ ਸਮਾਨਤਾ ਹੈ। ਵਿਰੋਧਤਾਈ ਬੜੀ ਸਾਫ ਹੈ। ਧੁਰ ਪੱਚੀ ਸੌ ਵਰ੍ਹਿਆਂ ਤੋਂ ਲਗਾਤਾਰ ਸਮਰੂਪ ਵਿਚ ਸਮਾਜਕ ਕ੍ਰਾਂਤੀ ਪੁਨਰ ਸੁਰਜੀਤੀ ਕਰਦੀ ਤੁਰੀ ਜਾ ਰਹੀ ਹੈ। ਜਿਸ ਦੀ ਪਛਾਣ ਬਾਬਾ ਸਾਹਿਬ ਨੇ 14 ਅਕਤੂਬਰ 1956 ਨੂੰ ਨਾਗਪੁਰ ਵਿਚ ਬੁੱਧ ਧਰਮ ਦੀ ਦੀਖਿਆ ਲੈਂਦਿਆਂ ਇਨ੍ਹਾਂ ਪ੍ਰਣਾਂ ਨਾਲ ਕਰਵਾਈ ;

1. ਮੈਂ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਕਦੇ ਈਸ਼ਵਰ ਨਹੀਂ ਮੰਨਾਂਗਾ ਅਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ।

2. ਮੈਂ ਰਾਮ ਅਤੇ ਕ੍ਰਿਸ਼ਨ ਨੂੰ ਈਸ਼ਵਰ ਨਹੀਂ ਮੰਨਾਂਗਾ ਅਤੇ ਉਨ੍ਹਾਂ ਦੀ ਪੂਜਾ ਕਦੇ ਨਹੀਂ ਕਰਾਂਗਾ।

3. ਮੈਂ ਗੌਰੀ ਗਣਪਤਿ ਆਦਿ ਹਿੰਦੂ ਧਰਮ ਦੇ ਕਿਸੇ ਵੀ ਦੇਵੀ ਦੇਵਤੇ ਨੂੰ ਨਹੀਂ ਮੰਨਾਂਗਾ ਅਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ।

4. ਈਸ਼ਵਰ ਨੇ ਅਵਤਾਰ ਲਿਆ, ਇਸ 'ਤੇ ਮੇਰਾ ਕੋਈ ਵਿਸ਼ਵਾਸ ਨਹੀਂ ਹੈ।

5. ਮੈਂ ਅਜੇਹਾ ਕਦੀ ਨਹੀਂ ਮੰਨਾਂਗਾ ਕਿ ਭਗਵਾਨ ਬੁੱਧ ਵਿਸ਼ਨੂੰ ਦੇ ਅਵਤਾਰ ਹਨ।

6. ਮੈਂ ਸਰਾਧ ਨਹੀਂ ਕਰਾਂਗਾ ਅਤੇ ਨਾ ਹੀ ਕਦੇ ਪਿੰਡ ਦਾਨ ਕਰਾਂਗਾ।

7. ਮੈਂ ਬੁੱਧ ਧਰਮ ਦੇ ਵਿਰੁੱਧ ਕੋਈ ਗੱਲ ਨਹੀਂ ਕਰਾਂਗਾ।

8. ਮੈਂ ਕੋਈ ਵੀ ਕਿਰਿਆ ਕਰਮ ਬ੍ਰਾਹਮਣਾਂ ਦੇ ਹੱਥੋਂ ਨਹੀਂ ਕਰਵਾਵਾਂਗਾ।

9 ਮੈਂ ਇਸ ਸਿਧਾਂਤ ਨੂੰ ਮੰਨਾਗਾ ਕਿ ਸਾਰੇ ਮਨੁੱਖ ਇਕ ਸਮਾਨ ਹਨ।

10. ਮੈਂ ਸਮਾਨਤਾ ਦੀ ਸਥਾਪਨਾ ਲਈ ਯਤਨ ਕਰਾਂਗਾ।

11. ਮੈਂ ਭਗਵਾਨ ਬੁੱਧ ਦੇ ਅਸ਼ਟਾਂਗ ਮਾਰਗ ਦੀ ਪੂਰੀ ਪਾਲਣਾ ਕਰਾਂਗਾ।

12. ਮੈਂ ਭਗਵਾਨ ਬੁੱਧ ਦੁਆਰਾ ਦੱਸੀਆਂ ਦਸ ਪਾਰਮਿਤਾਵਾਂ ਦਾ ਪੂਰਾ ਪਾਲਣ ਕਰਾਂਗਾ।

13. (ਪੰਜ ਸ਼ੀਲ) 1. ਮੈਂ ਜੀਵ ਹੱਤਿਆ ਨਹੀਂ ਕਰਾਂਗਾ।
2. ਮੈਂ ਚੋਰੀ ਨਹੀਂ ਕਰਾਂਗਾ।
3. ਮੈਂ ਝੂਠ ਨਹੀਂ ਬੋਲਾਂਗਾ।
4. ਮੈਂ ਵਿਭਚਾਰ ਨਹੀਂ ਕਰਾਂਗਾ।
5. ਮੈਂ ਸ਼ਰਾਬ ਨਹੀਂ ਪੀਆਂਗਾ (ਭਾਵ ਨਸ਼ੇ ਨਹੀਂ ਕਰਾਂਗਾ)

14. ਮੈਂ ਆਪਣੇ ਜੀਵਨ ਨੂੰ ਬੁੱਧ ਧਰਮ ਦੇ ਤਿੰਨ ਤੱਤਾਂ ਅਰਥਾਤ
ਗਿਆਨ, ਸ਼ੀਲ (ਸਦਾਚਾਰੀ ਜੀਵਨ)
ਅਤੇ ਕਰੁਣਾ (ਦਇਆ) 'ਤੇ ਢਾਲਣ ਦਾ ਯਤਨ ਕਰਾਂਗਾ।

15. ਮੈਂ ਮਨੁੱਖ ਮਾਤਰ ਦੀ ਤਰੱਕੀ ਲਈ ਹਾਨੀਕਰਕ ਅਤੇ ਮਨੁੱਖ ਮਾਤਰ ਨੂੰ ਉਚ ਨੀਚ ਮੰਨਣ ਵਾਲੇ ਆਪਣੇ ਪੁਰਾਣੇ ਹਿੰਦੂ ਧਰਮ ਨੂੰ ਪੂਰੀ ਤਰ੍ਹਾਂ ਤਿਆਗਦਾ ਹਾਂ ਅਤੇ ਬੁੱਧ ਧਰਮ ਨੂੰ ਸਵੀਕਾਰ ਕਰਦਾ ਹਾਂ।

16. ਮੇਰਾ ਇਹ ਪੂਰਨ ਵਿਸ਼ਵਾਸ ਹੈ ਕਿ ਬੁੱਧ ਦਾ ਧਰਮ ਸਹੀ ਧਰਮ ਹੈ।

17. ਮੈਂ ਮੰਨਦਾ ਹਾਂ ਕਿ ਮੇਰਾ ਹੁਣ ਪੁਨਰ-ਜਨਮ ਹੋ ਰਿਹਾ ਹੈ।

18. ਮੈਂ ਇਹ ਪਵਿੱਤਰ ਪ੍ਰਤਗਿਆ ਕਰਦਾ ਹਾਂ ਕਿ ਅੱਜ ਤੋਂ ਮੈਂ ਬੁੱਧ ਦੇ ਧਰਮ ਅਨੁਸਾਰ ਆਚਰਣ ਕਰਾਂਗਾ।

ਤੇ ਇਉਂ ਬਾਬਾ ਸਾਹਿਬ ਨੇ ਹਿੰਦੂ ਧਰਮ ਨੂੰ ਪੂਰੀ ਤਰ੍ਹਾਂ ਤਿਆਗ ਕੇ, ਨਵਾਂ ਧਰਮ ਅਤੇ ਨਵਾਂ ਜੀਵਨ ਉਦੇਸ਼ ਸਥਾਪਤ ਕਰ ਲਿਆ ਤੇ ਉਨ੍ਹਾਂ ਆਪਣਾ ਉਹ ਲਕਸ਼ ਉਹ ਮੰਤਵ ਪੂਰਾ ਕਰ ਵਿਖਾਇਆ ਕਿ ਉਹ ਹਿੰਦੂ ਜਨਮਿਆ ਇਹ ਉਸਦੇ ਵੱਸ ਦੀ ਗੱਲ ਨਹੀਂ ਸੀ ਪ੍ਰੰਤੂ ਉਹ ਹਿੰਦੂ ਰਹਿੰਦਿਆਂ ਮਰੇਗਾ ਨਹੀਂ ਇਹ ਉਸਦੇ ਵੱਸ ਦੀ ਗੱਲ ਹੈ ਤੇ ਅੰਤ ਬਾਬਾ ਸਾਹਿਬ ਹਿੰਦੂ ਨਹੀਂ ਰਹੇ।

ਉਨ੍ਹਾਂ ਦੇ ਤਿੰਨ ਗੁਰੂਆਂ ਦਾ ਸਾਰਾ ਉਪਦੇਸ਼ ਇਨ੍ਹਾਂ 18 ਪ੍ਰਤਗਿਆਵਾਂ ਵਿਚ ਸਮਾਇਆ ਹੋਇਆ ਹੈ। ਇਹ ਪ੍ਰਤਗਿਆਵਾਂ ਧਰਮ ਬਦਲਣ ਦੀਆਂ ਨਹੀਂ ਹਨ, ਸਮਾਜਕ ਅਤੇ ਧਾਰਮਕ ਇਨਕਲਾਬ ਸਥਾਪਤ ਕਰਨ ਦੀਆਂ ਹਨ। ਹਿੰਦੂ ਧਰਮ ਦੀਆਂ ਉਹ ਸਾਰੀਆਂ ਮਾਨਤਾਵਾਂ ਨੂੰ ਰੱਦ ਕਰਨ ਦੀਆਂ ਹਨ, ਜਿਨ੍ਹਾਂ ਦਾ ਜ਼ਿਕਰ ਅਸੀਂ ਪਿਛਲੇ ਸਾਰੇ ਸਫ਼ਿਆਂ ਉੱਤੇ, ਵੱਖ-ਵੱਖ ਮਹਾਂਪੁਰਖਾਂ ਵਲੋਂ ਵਿਸਥਾਰਿਆ ਵੇਖ ਆਏ ਹਾਂ।

ਬੁੱਧ ਦੇ ਸਮਾਜਕ ਇਨਕਲਾਬ, ਸੰਤ ਸਤਿਗੁਰਾਂ ਦੇ ਸਮਾਜਕ ਇਨਕਲਾਬ ਅਤੇ ਮਹਾਤਮਾ ਫੂਲੇ ਦੇ ਸਮਾਜਕ ਇਨਕਲਾਬ ਨੇ ਚੌਥੀ ਵਾਰ ਪੁਨਰ ਸੁਰਜੀਤੀ ਕਰਕੇ 'ਜਾਤ ਪਾਤ ਦੇ ਬੀਜ ਨਾਸ' ਦਾ ਸੰਕਲਪ ਦੁਹਰਾਇਆ ਅਤੇ ਮਨੁੱਖ ਲਈ ਹਾਨੀਕਾਰਕ ਅਤੇ ਨਫ਼ਰਤ ਪੈਦਾ ਕਰਨ ਵਾਲੇ ਧਰਮ ਦਾ ਬਹਿਸ਼ਕਾਰ ਕੀਤਾ।

ਉਹ ਸਭ ਲੋਕ ਜੋ ਇਨ੍ਹਾਂ ਚਾਰ ਧਾਰਮਕ ਤੇ ਸਮਾਜਕ ਪ੍ਰਵਰਤਨਾਂ ਨੂੰ ਅਲੱਗ ਅਲੱਗ ਰੂਪ ਵਿਚ ਬੰਦ ਕਰਕੇ ਦੇਖਦੇ ਹਨ, ਕੋਈ ਲੜੀ ਜੁੜਨ ਨਹੀਂ ਦਿੰਦੇ ਸਗੋਂ ਜੁੜੀਆਂ

ਤੇ ਘਿਉ ਖਿਚੜੀ ਤੰਦਾਂ ਨੂੰ ਤੋੜਨ ਦੇ ਯਤਨ ਕਰਦੇ ਹਨ, ਉਹ ਧਾਰਮਕ ਅੰਧ-ਵਿਸ਼ਵਾਸੀ ਮੰਨੇ ਜਾ ਸਕਦੇ ਹਨ। ਸਮਾਜਕ ਇਨਕਲਾਬੀ ਹੋਣਾ ਉਨ੍ਹਾਂ ਦੇ ਉਦੇਸ਼ਾਂ ਤੋਂ ਬਹੁਤ ਦੂਰ ਦੀ ਗੱਲ ਹੈ।

ਹਰ ਆਦਮੀ ਬਹੁਤ ਘੁਣਤਰਾਂ ਕੱਢ ਸਕਦਾ ਹੈ। ਪੈਦਾ ਕਰ ਸਕਦਾ ਹੈ। ਪੇਸ਼ ਕਰ ਸਕਦਾ ਹੈ। ਘੁਣਤਰਾਂ ਨੂੰ ਦਿਮਾਗੀ ਹਉਮੈਂ ਦੀ ਮਸ਼ਕ ਤਾਂ ਕਿਹਾ ਜਾ ਸਕਦਾ ਹੈ ਪ੍ਰੰਤੂ ਮੂਲ ਧਾਰਨਾ ਤੇ ਮੂਲ ਉਦੇਸ਼ ਨਹੀਂ ਮੰਨਿਆ ਜਾ ਸਕਦਾ।

ਪੰਜਾਬ ਦਾ ਬੋਧੀ, ਪੰਜਾਬ ਦਾ ਸਿੱਖ ਤੇ ਪੰਜਾਬ ਦਾ ਅੰਬੇਡਕਰੀ ਤਿੰਨੇ, ਮੁੱਠੀ ਭਰ ਲੋਕਾਂ ਨੂੰ ਛੱਡ ਕੇ, ਬਾਕੀ ਸਭ ਦੇ ਸਭ ਤਿੰਨਾਂ ਸਮਰੂਪ ਸਮਾਜਕ ਤੇ ਧਾਰਮਕ ਕ੍ਰਾਂਤੀਆਂ ਨੂੰ ਇਕ ਦੂਜੀ ਤੋਂ ਬੁਰੀ ਤਰ੍ਹਾਂ ਨਿਖੇੜ ਕੇ ਵੇਖਦੇ ਹਨ, ਨਿਖੇੜ ਕੇ ਪੇਸ਼ ਕਰਦੇ ਹਨ ਅਤੇ ਨਿਖੇੜਾ ਸਥਾਪਤ ਕਰਨ ਦਾ ਹਰ ਯਤਨ ਕਰਦੇ ਹਨ। ਜਦੋਂ ਕਿ ਬੁੱਧ ਹੋ ਜਾਣਾ, ਸਿੱਖ ਹੋ ਜਾਣਾ ਜਾਂ ਅੰਬੇਡਕਰੀ ਬਣ ਜਾਣਾ ਇਕੋ ਗੱਲ ਹੈ, ਜਦੋਂ ਨਿਸ਼ਾਨ੍ਹਾ ਹੋਵੇ ਜਾਤ ਪਾਤ ਦਾ ਬੀਜ ਨਾਸ।

ਪ੍ਰੰਤੂ ਉਹ ਬਾਬਾ ਸਾਹਿਬ ਦੀ ਇਸ ਮਾਨਤਾ ਤੋਂ ਪਰ੍ਹੇ ਨਿਕਲ ਜਾਂਦੇ ਹਨ ਕਿ ਮੇਰੇ (ਅੰਬੇਡਕਰ ਦੇ) ਤਿੰਨ ਗੁਰੂ ਹਨ :

ਭਗਵਾਨ ਬੁੱਧ,
ਸੰਤ ਕਬੀਰ,
ਅਤੇ ਮਹਾਤਮਾ ਜੋਤੀ ਰਾਓ ਫੂਲੇ।

ਇਹ ਗੱਲ ਬੋਧੀ ਵੀ ਜਾਣਦੇ ਹਨ ਤੇ ਅੰਬੇਡਕਰੀ ਵੀ। ਹਾਂ ਸਿੱਖ ਨਹੀਂ ਜਾਣਦੇ। ਅੱਜ ਦੇ ਸਿੱਖ ਹਿੰਦੂਆਂ ਦੇ ਧਰਮ ਦੇ ਬਹੁਤ ਨੇੜੇ ਹਨ। ਇਨ੍ਹਾਂ ਦੇ ਸਾਧ ਸੰਤ ਤੇ ਪੁਜਾਰੀ ਕਰਮਕਾਂਡੀਆਂ ਤੇ ਅੰਧਵਿਸ਼ਵਾਸੀਆਂ ਵਰਗੇ ਹੀ ਹਨ। ਜੋ ਰੋਜ਼ ਹਿੰਦੂ ਧਰਮ ਦੀਆਂ ਕਥਾਵਾਂ ਕਰਦੇ ਤੇ ਸੁਣਾਉਂਦੇ ਹਨ। ਇਨ੍ਹਾਂ ਨੇ ਬਾਣੀ ਦੇ ਉਪਦੇਸ਼ ਅਤੇ ਉਦੇਸ਼ ਦਾ ਅਨਰਥ ਕਰ ਦਿੱਤਾ ਹੈ।

ਕੋਈ ਸੋਚੇ ਕਿ ਉਸ ਦਾਰਸ਼ਨਿਕ ਨੇ ਤਿੰਨ ਗੁਰੂ ਕਿਉਂ ਸਥਾਪਤ ਕੀਤੇ?

ਅਸੀਂ ਇਸ ਦਾ ਉੱਤਰ ਲੱਭਣ ਲਈ ਤਿੰਨਾਂ ਵਿਚਾਰਧਾਰਾਵਾਂ ਨੂੰ ਬ੍ਰਾਹਮਣੀ ਹਿੰਦੂ ਧਰਮ ਦੇ ਪ੍ਰਸੰਗ ਵਿਚ ਰੱਖ ਕੇ ਉਨ੍ਹਾਂ ਦੇ ਮੂਲ ਰੂਪ ਵਿਚ ਵੇਖਿਆ, ਪੜ੍ਹਿਆ ਤੇ ਵਿਚਾਰਿਆ ਹੈ, ਪਿਛਲੇ ਸਫਿਆਂ ਉੱਤੇ। ਹਰ ਤਰ੍ਹਾਂ ਦੀ ਇਕਸੁਰਤਾ, ਸਮਾਨਤਾ, ਸਮਰੂਪਤਾ, ਵਾਰ-ਵਾਰ ਉੱਭਰਦੀ ਨਜ਼ਰ ਆਉਂਦੀ ਹੈ। ਇਹ ਅਕਲ ਦਾ ਅੰਨ੍ਹਾਪਣ ਹੀ ਹੋ ਸਕਦਾ ਹੈ ਜੋ ਕਿਸੇ ਨੂੰ ਸਾਫ ਲਿਖਿਆ ਸੱਚ ਵੀ ਪੱਲੇ ਨਹੀਂ ਪੈਂਦਾ। ਇਹ ਸਮਾਨਤਾ ਤੇ ਸਮਰੂਪਤਾ ਨੂੰ ਸਮਝਣ ਜਾਂ ਮੰਨਣ ਤੋਂ ਇਨਕਾਰ ਕਰਕੇ ਬੋਧੀਆਂ ਨੇ ਸਿੱਖਾਂ (ਖਾਸ ਕਰਕੇ ਦਲਿਤ ਪਛੜੇ ਲੋਕਾਂ ਅਤੇ ਵਿਦਵਾਨਾਂ ਤੇ ਬਰਾਬਰ ਵਿਚਾਰਵਾਨਾਂ) ਅਤੇ ਅੰਬੇਡਕਰੀਆਂ ਨੇ ਧੋਖਾ ਖਾਧਾ ਹੈ। ਇਨ੍ਹਾਂ ਤਿੰਨਾਂ ਧਾਰਾਵਾਂ ਨੂੰ, ਤਿੰਨਾਂ ਸੰਘਰਸ਼ਾਂ ਨੂੰ ਬਹੁਤੇ ਬੁੱਧੀਮਾਨ ਵੀ ਧੱਕੇ ਨਾਲ ਅਲੱਗ-ਅਲੱਗ ਰੱਖਣ ਦੇ ਯਤਨ ਕਰਦੇ ਦਿਸਦੇ ਹਨ।

ਇਹ ਸਭ ਹਿੰਦੂ ਧਰਮ ਦੀਆਂ ਮਾਨਤਾਵਾਂ ਵੱਲ ਵਿਰੋਧ ਦੀਆਂ ਉਹ ਭਾਵਨਾਵਾਂ ਕਦੀ ਪ੍ਰਗਟ ਨਹੀਂ ਕਰਦੇ, ਜਿਨ੍ਹਾਂ ਇਨ੍ਹਾਂ ਤਿੰਨਾਂ ਸਮਾਜਕ, ਧਾਰਮਕ ਅਤੇ ਨੈਤਕ ਵਿਚਾਰਧਾਰਾਵਾਂ ਦੇ ਆਪਸ ਵਿਚ ਦੂਰੀ ਸਥਾਪਤ ਕਰਨ ਵਿਚ ਕਰਦੇ ਹਨ।

ਪਿਛਲੇ ਕੁਝ ਵਰ੍ਹਿਆਂ ਵਿਚ ਉਹ ਸਿੱਖ, ਜਿਨ੍ਹਾਂ ਦੀ ਸੋਚ ਅਤੇ ਜੀਵਨ ਢੰਗ

ਸਾਰਾ ਹਿੰਦੂ ਧਰਮ ਦੀ ਤਰਜ ਦਾ ਹੈ, ਪਹਿਰਾਵੇ ਤੋਂ ਬਿਨਾਂ, ਉਨ੍ਹਾਂ ਨੇ ਬੁੱਧ ਧਰਮ ਦੇ ਵਿਰੁੱਧ ਜੀਅ ਜਾਨ ਨਾਲ ਵਿਚਾਰ ਪ੍ਰਗਟਾਏ, ਸਮਝ ਜ਼ਹਿਰ ਹੀ ਉਗਲੀ, ਕੁਝ ਸਿਆਣੇ ਬੁੱਧੀਮਾਨਾਂ ਤੋਂ ਇਲਾਵਾ।

ਇਹੀ ਦੁਖਾਂਤ ਹੈ, ਗੁਲਾਮ ਲੋਕਾਂ ਦਾ। ਜਾਂ ਫਿਰ ਕੁਜ ਸਵਾਰਥੀ ਲੋਕਾਂ ਦੀ ਚਲਾਕੀ ਹੈ। ਬੋਧੀਆਂ ਨੇ, ਸਿੱਖਾਂ ਨੇ ਅਤੇ ਅੰਬੇਡਕਰੀਆਂ, ਸਭ ਨੇ ਭਾਰਤ ਦੇ ਇਨ੍ਹਾਂ ਧਰਮਾਂ ਨੂੰ ਸਮਾਜਕ ਇਨਕਲਾਬ ਦੇ ਰੂਪ ਵਿਚ ਪ੍ਰਵਾਨ ਨਹੀਂ ਕੀਤਾ। ਇਸ ਨੂੰ ਪ੍ਰਵਾਨ ਕਰਨ ਨਾਲ ਹੀ ਅੱਧਾ ਇਨਕਲਾਬ ਤੇ ਉਂਜ ਹੀ ਵਾਪਰ ਜਾਵੇਗਾ। ਸਿਰਫ ਧਰਮ ਦੇ ਰੂਪ ਵਿਚ ਪ੍ਰਵਾਨ ਕੀਤਾ, ਜਿਸ ਦਾ ਉਦੇਸ਼ ਪਾਠ ਪੂਜਾ ਜਾਂ ਅੰਧਵਿਸ਼ਵਾਸੀ ਸ਼ਰਧਾ ਰਿਹਾ। ਧਰਮ ਅਗਲੇ ਜਨਮ ਦੀ ਮੁਕਤੀ ਤੇ ਗਤੀ ਲਈ। ਅਗਲਾ ਜਨਮ, ਜੂਨੀ ਚੱਕਰ, ਆਤਮਾ ਪ੍ਰਮਾਤਮਾ, ਮੁਕਤੀ, ਗਤੀ, ਪੂਜਾ ਧਰਮ, ਨਰਕ ਸੁਰਗ ਇਹ ਸਭ ਹਿੰਦੂ ਧਰਮ ਦੀਆਂ ਧਾਰਨਾਵਾਂ ਹਨ। ਇਨ੍ਹਾਂ ਧਾਰਨਾਵਾਂ ਨੂੰ ਸਿੱਖਾਂ ਨੇ ਤਾਂ ਪੱਕੇ ਤੌਰ 'ਤੇ ਪ੍ਰਵਾਨ ਕੀਤਾ ਹੋਇਆ ਹੈ। ਬੋਧੀ ਇਨ੍ਹਾਂ ਨੂੰ ਸਹੀ ਪ੍ਰਸੰਗ ਵਿਚ ਸਮਝਾਉਣ ਤੋਂ ਅਸਮਰਥ ਰਹੇ ਹਨ। ਅੰਬੇਡਕਰੀ ਸਾਰੇ, ਕੋਈ ਬੋਧੀ ਹਨ, ਕੋਈ ਸਿੱਖ ਤੇ ਬਾਕੀ ਸਭ ਹਿੰਦੂ। ਇਹ ਸਾਰਾ ਖੇਮਾਂ ਹਿੰਦੂ ਧਰਮ ਨੂੰ ਵਿੰਗੇ ਟੇਢੇ ਢੰਗ ਨਾਲ ਜਿਉਂਦਾ ਹੈ।

ਵਿਚਾਰਧਾਰਾ ਨੂੰ ਪੜ੍ਹਨਾ, ਸਿੱਖਣਾ, ਸਮਝਣਾ, ਵਿਚਾਰਨਾ ਤਾਂ ਇਨ੍ਹਾਂ ਲੋਕਾਂ ਲਈ ਫਜ਼ੂਲ ਵਕਤ ਗੁਆਉਣਾ ਹੈ। ਝੱਖ ਮਾਰਨਾ। ਨਾਅਰੇ ਅਤੇ ਟਾਅਰਾਂ ਮਾਰਨ ਵਾਲੇ ਲੋਕ, ਸਿਰਫ ਕਿਸੇ ਇਕ ਅੱਧ ਅੱਖਬਾਰ ਦੀਆਂ ਸੁਰਖੀਆਂ ਤੋਂ ਅੱਗੇ ਨਹੀਂ ਜਾਂਦੇ। ਸਿੱਖਣ ਲਈ ਤਾਂ ਭੂਤਕਾਲ ਦੇ ਗਿਆਨ ਦੇ ਸਮੁੰਦਰ ਨੂੰ ਰਿੜਕਣਾ ਪੈਂਦਾ ਹੈ। ਪਾਣੀ ਵਿਰੋਲਣ ਨਾਲ ਤਾਂ ਕੁਝ ਨਹੀਂ ਨਿਕਲਦਾ।

ਇਹ ਵਿਚਾਰ, ਜਿਸ ਨੂੰ ਮੈਂ ਮੂਲ ਧੁਰਾ ਮੰਨ ਕੇ ਲਿਖਣ ਬੈਠਾ ਹਾਂ, ਇਹ ਸਮਾਜਕ ਇਨਕਲਾਬ ਦੀ ਰੂਹ ਹੈ ਤੇ ਇਹ 2500 ਵਰ੍ਹਿਆਂ ਤੋਂ ਲਗਾਤਾਰ ਵਾਪਰ ਰਿਹਾ ਹੈ। ਵਰਤ ਰਿਹਾ ਹੈ। ਵਾਰ-ਵਾਰ ਪੁਨਰ ਸੁਰਜੀਤ ਹੋ ਰਿਹਾ ਹੈ ਪ੍ਰੰਤੂ ਅਸੀਂ ਬਹੁਤਿਆਂ ਸਿਆਣਿਆਂ ਨੇ ਜਾਂ ਸਾਡੇ ਵਰਗੇ ਲਾਲ-ਬੁਝੱਕੜਾਂ ਨੇ, ਲੜੀ ਨੂੰ ਜੁੜਨ ਹੀ ਨਹੀਂ ਦਿੱਤਾ। ਸਿੱਖਾਂ ਨੂੰ ਵੇਖ, ਜਿਨ੍ਹਾਂ ਨੇ ਹਿੰਦੂ ਧਰਮ ਦੀ ਹਰ ਰੀਤ ਨੂੰ ਪੰਡ ਬਣਾ ਕੇ ਸਿਰ 'ਤੇ ਚੁੱਕਿਆ ਹੋਇਆ ਹੈ ਤੇ ਉਹ ਮਰਨ ਤੀਕ ਇਸ ਨੂੰ ਨਹੀਂ ਸੁੱਟਦੇ ਪ੍ਰੰਤੂ ਜਦੋਂ ਹੀ ਬੁੱਧ ਧਰਮ ਦੀ ਗੱਲ ਚੱਲਦੀ ਹੈ ਤਾਂ ਇਨ੍ਹਾਂ ਜਿੰਨੀ ਕਾਵਾਂਰੌਲੀ ਕੋਈ ਨਹੀਂ ਪਾਉਂਦਾ। ਇਹ ਤੜਫ ਉੱਠਦੇ ਹਨ। ਕੋਈ ਹਿੰਦੂ ਬਣਿਆ ਰਹੇ ਇਨ੍ਹਾਂ ਨੂੰ ਕੋਈ ਤਕਲੀਫ ਨਹੀਂ ਹੁੰਦੀ ਪ੍ਰੰਤੂ ਕੋਈ ਸਤਾਇਆ ਬੰਦਾ ਬੋਧੀ, ਮੁਸਲਮਾਨ ਜਾਂ ਇਸਾਈ ਬਣਨ ਲੱਗੇ ਤਾਂ ਇਨ੍ਹਾਂ ਦਾ ਪੂਰਾ ਸਿੰਘਾਸਣ ਡੋਲਣ ਤੇ ਖੋਲਣ ਲਗਦਾ ਹੈ। ਕਿਉਂ ਹਾਲ ਪਾਅਰਿਆ ਮਚਾਉਂਦਾ ਦਿਸਦਾ ਹੈ? ਕਿਉਂਕਿ ਧਰਮਾਂ ਦੀਆਂ ਸਮਾਨਤਾਵਾਂ ਨੂੰ ਨਾ ਸਮਝਦਿਆਂ ਹਰ ਕੋਈ ਰੀਤ ਨਹੀਂ ਬਦਲਦਾ ਸਿਰਫ ਰੱਬ ਅਤੇ ਸ਼ਕਲ ਬਦਲਦਾ ਹੈ। ਸਮਾਜ ਬਦਲਣਾ ਇਸ ਦਾ ਕੋਈ ਉਦੇਸ਼ ਨਹੀਂ। ਪ੍ਰੰਤੂ ਭਾਰਤ ਵਿਚ ਹਿੰਦੂ ਧਰਮ, ਇਕ ਪੂਰੀ ਤਰ੍ਹਾਂ ਛਾਈ ਹੋਈ ਸਮਾਜਕ ਵਿਵਸਥਾ ਹੈ, ਜੋ ਰਾਜਨੀਤਕ, ਆਰਥਕ, ਸਦਾਚਾਰਕ, ਸਭਿਆਚਾਰਕ, ਵਿੱਦਿਅਕ ਸਾਰੇ ਪਹਿਲੂਆਂ ਨੂੰ ਆਪਣੀ ਮਰਜ਼ੀ ਅਨੁਸਾਰ ਚਲਾਉਂਦੀ ਹੈ।

ਇਸੇ ਤਰ੍ਹਾਂ ਬੁੱਧ ਦਾ ਧਰਮ ਤੇ ਸਿੱਖ ਧਰਮ ਜਾਂ ਜੋਤੀ ਰਾਓ ਫੂਲੇ ਦੀਆਂ ਵਿਚਾਰਧਾਰਾਵਾਂ ਵੀ ਮੂਲ ਰੂਪ ਵਿਚ ਸਮਾਜਕ ਵਿਵਸਥਾਵਾਂ ਦਾ ਤਾਣਾ ਬਾਣਾ ਹੈ, ਜਿਸ

ਅੰਦਰ ਵਾਪਰੇ ਧਾਰਮਕ ਸਮਾਜੀ ਇਨਕਲਾਬਾਂ ਨੂੰ ਪ੍ਰਤੱਖ ਤੇ ਸਪੱਸ਼ਟ ਰੂਪ ਵਿਚ ਲੋਕਾਂ ਸਾਹਮਣੇ ਰੱਖ ਸਕੇ ਹਾਂ ਅਤੇ ਇਨ੍ਹਾਂ ਦੀ ਸਮਾਨਤਾ ਦਾ ਨਿੱਗਰ ਦਾਅਵਾ ਕਰ ਸਕੇ ਹਾਂ। ਅਸੀਂ ਇਨ੍ਹਾਂ ਸਾਹਮਣੇ ਪਈਆਂ, ਵਰਤੀਆਂ, ਲਿਖੀਆਂ, ਸਥਾਪਤ, ਸਾਬਤ ਸਬੂਤ ਵਿਰੋਧਤਾਈਆਂ ਦਾ ਮੂੰਹ ਮੁਹਾਂਦਰਾ ਪ੍ਰਗਟ ਕਰਨ ਵਿਚ ਵੀ ਕੋਈ ਕਮੀ ਨਹੀਂ ਛੱਡਾਂਗੇ। ਕੋਈ ਇਸ ਨੂੰ ਪ੍ਰਵਾਨ ਕਰੇ ਜਾਂ ਨਾ, ਸੱਚ ਤਾਂ ਇਹੋ ਹੈ। ਸੱਚ ਇਸੇ ਨੇ ਅੰਤ ਸਾਬਤ ਹੋਣਾ ਹੈ। ਸੁਆਲ ਇਸ ਦੀਆਂ ਨਿਸ਼ਾਨਦੇਹੀਆਂ ਕਰਨ ਦਾ ਸੀ, ਸੋ ਅਸੀਂ ਕਰ ਲਿਆ ਹੈ। ਸਾਨੂੰ ਜ਼ਰਾ ਵੀ ਝੂਠ ਲਿਖਣ ਦੀ ਜ਼ਰੂਰਤ ਨਹੀਂ ਪੈਂਦੀ। ਸੱਚ ਹੀ ਐਨਾ ਹੈ ਕਿ ਇਸ ਨੂੰ ਪ੍ਰਤੱਖ ਕਰਨ ਵਿਚ ਦੇਰ ਹੋ ਜਾਂਦੀ ਹੈ।

ਅੱਜ ਅਸੀਂ ਸਮਝ ਸਕੇ ਹਾਂ ਕਿ ਵਿਸ਼ਵ ਪੱਧਰ ਦੇ ਚਿੰਤਕ ਤੇ ਸਮਾਜਕ ਇਨਕਲਾਬੀ ਮਹਾਂਪੁਰਖ ਨੇ ਆਖਰ ਇਹ ਕਿਉਂ ਕਿਹਾ ਸੀ ਕਿ ਉਸ ਦੇ ਤਿੰਨ ਗੁਰੂ ਹਨ ਮਹਾਤਮਾ ਬੁੱਧ, ਸੰਤ ਕਬੀਰ ਅਤੇ ਮਹਾਤਮਾ ਫੂਲੇ ਤੇ ਇਹ ਐਲਾਨ ਕਿਸ ਆਧਾਰ 'ਤੇ ਕੀਤਾ ਸੀ ਕਿ 'ਮੈਂ ਹਿੰਦੂ ਨਹੀਂ ਮਰੂੰਗਾ'। ਅਸੀਂ ਇਸ ਇਤਿਹਾਸਕ ਕਥਨ ਨੂੰ ਪੂਰੀ ਤਰ੍ਹਾਂ ਜਚਾ ਕੇ ਸਮਝ ਲਿਆ ਹੈ, ਜੋ ਸਾਡੇ ਪਾਠਕਾਂ ਲਈ ਹਾਜ਼ਰ ਹੈ।

□